Digitized by Arya Samaj Foundation Chennai and eGangotri

ਗਾਈ ਦ ਮੋਪਾਸਾਂ

ਪੀਅਰੇ ਤੇ ਜੀਨ

ਅਨੁਵਾਦਕ

ਲਛਮਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਾਈ ਦ ਮੋਪਾਸਾਂ

ਪੀਅਰੇ ਤੇ ਜੀਨ

ਵਾਦਕ

ਲਛਮਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

गुरुकुल कांगड़ी विश्वविद्यालय
कृपया पुस्तक के ऊपर कोई निशान आदि
न लगायें।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri 7006

पुस्तकालय
गुरुकुल कांगड़ी विश्वविद्यालय, हरिद्वार

वर्ग संख्या......... आगत संख्या................

पुस्तक—वितरण की तिथि नीचे अंकित है। इस तिथि सहित २० वें दिन तक यह पुस्तक पुस्तकालय में वापिस आ जानी चाहिए। अन्यथा १० पैसे के हिसाब से विलम्ब—दण्ड लगेगा।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੀਅਰੇ ਤੇ ਜੀਨ

7006

DONATION

पुस्तकालय
पुस्तकालय
गुरुकुल कांगड़ी विश्वविद्यालय

ਲੇਖਕ

ਗਾਈ ਦ ਮੋਪਾਸਾ

(ਫਰਾਂਸੀਸੀ ਜ਼ਬਾਨ ਤੋਂ ਸਿਧਾ ਅਨੁਵਾਦ)

ਅਨੁਵਾਦਕ

ਲਛਮਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"PIERRE ET JEAN"
by
GUY DE MAUPASSANT
Translated by
LACHHMAN SINGH

' ਸਭ ਹੱਕ ਰਾਖਵੇਂ ਹਨ '

ਮੁੱਲ : 35/—

ਪ੍ਰਕਾਸ਼ਕ :
ਪੰਜਾਬੀ ਅਕੈਡਮੀ, ਦਿੱਲੀ ।

ਪ੍ਰਿੰਟਰਜ਼ :
ਓਪਟੀਮਿਸਟ ਪ੍ਰਿੰਟਰਜ਼, ਗਲੀ ਦੁਸ਼ਾਲਾਮਲ, ਸਰਹੰਦੀ ਬਾਜ਼ਾਰ,
ਪਟਿਆਲਾ - 147 001

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Dedicated to the fond memory
of my father late S. Dalel Singh.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨੁਵਾਦਕ ਭਾਰਤ ਸਰਕਾਰ ਵਿਚ ਡਾਇਰੈਕਟਰ ਦੇ ਤੌਰ ਤੇ ਕੰਮ ਕਰ ਰਿਹਾ ਹੈ। ਇਹ ਪੁਸਤਕ ਕਈ ਸਾਲਾਂ ਦੀ ਘੋਰ ਮਿਹਨਤ ਦਾ ਸਿੱਟਾ ਹੈ। ਅਨੁਵਾਦ ਤੋਂ ਪ੍ਰਭਾਵਤ ਹੋਕੇ ਪੰਜਾਬੀ ਅਕੈਡਮੀ, ਦਿੱਲੀ ਨੇ ਇਹ ਪਬਲੀਕੇਸ਼ਨ ਆਪਣੀ ਚਿੱਠੀ No. 5 (33)/PADA/85 ਤਾਰੀਖ 6-1-1986 ਰਾਹੀਂ ਮਨਜ਼ੂਰ ਕੀਤੀ ਹੈ ਤੇ ਵਿੱਤ ਸਹਾਇਤਾ ਪਰਦਾਨ ਕੀਤੀ ਹੈ। ਮੈਂ ਪੰਜਾਬੀ ਅਕੈਡਮੀ ਦਾ ਧੰਨਵਾਦੀ ਹਾਂ।

ਅਨੁਵਾਦਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਸ਼ਬਦ

"ਪੀਅਰੇ ਤੇ ਜ਼ੀਨ" ਮਹਾਨ ਫਰਾਂਸੀਸੀ ਸਾਹਿਤਕਾਰ ਗਾਈ ਦ ਮੋਪਾਸਾਂ (**Guy de Maupassant**) ਦੇ ਕਲਾਸਿਕ ਨਾਵਲ "**Pierre et Jean**" ਦਾ ਅਨੁਵਾਦ ਹੈ। ਕੋਈ ਵੀ ਸਾਹਿਤਕਾਰ ਮੋਪਾਸਾਂ ਦੀਆਂ ਕ੍ਰਿਤੀਆਂ ਤੋ ਜਾਣੂ ਨਾ ਹੋਵੇ, ਇਹ ਗੱਲ ਬਹੁਤ ਹੀ ਅਣੋਖੀ ਹੋਵੇਗੀ।

ਮੋਪਾਸਾਂ ਦੀਆਂ ਕ੍ਰਿਤੀਆਂ ਵਿਚ ਇਨਸਾਨੀ ਜਜ਼ਬੇ ਨੂੰ ਇਹੋ ਜਿਹੇ ਝੰਜੋੜੇ ਦਿੱਤੇ ਹਨ ਕਿ ਪਾਠਕ ਦੀ ਹੈਰਾਨੀ ਦੀ ਕੋਈ ਹਦ ਨਹੀ ਰਹਿ ਜ਼ਾਂਦੀ। ਉਹਨੇ ਰੂਹ ਦੀਆਂ ਉਨ੍ਹਾਂ ਡੂੰਘਾਈਆਂ ਤਕ ਗੋਤੇ ਲਾਏ ਹਨ ਜਿੱਥੇ ਤਕ ਕੋਈ ਵਿਰਲਾ ਹੀ ਪਹੁੰਚ ਸਕਿਆ ਹੋਵੇਗਾ।

ਇਸ ਨਾਵਲ ਵਿਚ ਇਕ ਅਜਿਹੀ ਘਟਨਾ ਦਾ ਜ਼ਿਕਰ ਹੈ ਜੋ ਭਾਰਤ ਦੀ ਸਭਿਅਤਾ ਮੁਤਾਬਿਕ ਭਾਂਵੇ ਅਣੋਖੀ ਲਗੇ, ਪਰ ਮਨੋਵਿਗਿਆਨਿਕ ਢੰਗ ਨਾਲ ਪਰਖਣ ਤੇ ਅਟਲ ਸਚਾਈ ਸਾਬਤ ਹੋ ਸਕਦੀ ਹੈ। ਸੰਸਾਰ ਵਿਚ ਬਹੁਤ ਸਾਰੇ ਅਜਿਹੇ ਜੋੜੇ ਹਨ ਜਿਹੜੇ ਪਤੀ-ਪਤਨੀ ਹੁੰਦਿਆਂ ਹੋਇਆਂ ਵੀ ਬੇਜੋੜ ਹਨ। ਕਦੇ ਕਦਾਈ ਦਿਲ ਦੀ ਉਚਾਟ ਪਤੀ ਜਾਂ ਪਤਨੀ ਨੂੰ ਕਿਸੇ ਅਜਿਹੀ ਦਿਸ਼ਾ ਵਲ ਮਜਬੂਰਨ ਖਿਚ ਲੈ ਜਾਂਦੀ ਹੈ ਜਿਹੜੀ ਦੁਨੀਆਂ ਦੇ ਬਣਾਏ ਸ਼ਿਸ਼ਟਾਚਾਰ ਦੇ ਅਨੁਕੂਲ ਭਾਂਵੇਂ ਨਾ ਹੋਵੇ ਪਰ ਤੜਫਦੀ ਇਨਸਾਨੀ ਰੂਹ ਉਪਰ ਮਲ੍ਹਮ ਦਾ ਕੰਮ ਜ਼ਰੂਰ ਕਰਦੀ ਹੈ। ਨਾਵਲ ਵਿਚ ਲੇਖਕ ਨੇ ਇਹੋ ਜਿਹੀ ਭਟਕੀ ਜ਼ਨਾਨੀ ਦੀ ਕਹਾਣੀ ਨੂੰ ਦਿਲ-ਖਿਚਵੇਂ ਢੰਗ ਨਾਲ ਪੇਸ਼ ਕੀਤਾ ਹੈ ਤੇ ਨਾਲ ਹੀ ਇਸ ਤੋਂ ਉਤਪਨ ਹੋਈਆਂ ਮਨੋਵਿਗਿਆਨਿਕ ਹਾਲਤਾਂ ਨੂੰ ਵੀ ਬਹੁਤ ਹੀ ਸੁਚਜੇ ਢੰਗ ਨਾਲ ਨਿਭਾਇਆ ਹੈ। ਅਨੁਵਾਦ ਵੇਲੇ ਇਹ ਜਤਨ ਖਾਸ ਧਿਆਨ ਵਿਚ ਰਖਿਆ ਗਿਆ ਹੈ ਕਿ ਪੰਜਾਬੀ ਵਰਨਣ ਨਾ ਕੇਵਲ ਅਸਲੀ ਫਰਾਸੀਸੀ ਟੈਕਸਟ ਦੇ ਨੇੜੇ ਰਹੇ, ਬਲਕਿ ਨਾਵਲ ਦੀ ਰੂਹ ਉਪਰ ਪੰਜਾਬੀ ਭਾਸ਼ਾ ਦਾ ਰੰਗ ਚੜ੍ਹਾ ਕੇ ਇਸ ਦੇ ਸਾਹਿਤ ਦਾ ਇਕ ਅਟੁਟ ਅੰਗ ਬਣਾ ਦਿੱਤਾ ਜਾਵੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਂਡ

1	ਪੀਅਰੇ ਤੇ ਜੀਨ	1
2	ਵਿਆਕੁਲ ਪੀਅਰੇ	26
3	ਈਰਖਾ ਦਾ ਭੂਤ	36
4	ਇਕ ਅਚਾਨਕ ਸਵਾਲ	55
5	ਮੂਹੋਂ ਬੋਲਦੀ ਤਸਵੀਰ	73
6	ਕੌੜਾ ਤੇ ਮਿੱਠਾ	93
7	ਪਟਾਕਾ	114
8	ਪੀਅਰੇ ਦਾ ਇਰਾਦਾ	135
9	ਅਲਵਿਦਾ	154

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਤਰ

ਮਿਸਟਰ ਰੋਲੈਂਡ	:	ਇਕ ਜ਼ੌਹਰੀ ਜੋ ਮਲਾਹਪੁਣੇ ਦਾ ਸੌਕ ਪੂਰਾ ਕਰਦਾ ਹੈ
ਸ਼੍ਰੀਮਤੀ ਰੋਲੈਂਡ	:	ਰੋਲੈਂਡ ਦੀ ਪਤਨੀ
ਪੀਅਰੇ	:	ਰੋਲੈਂਡ ਦਾ ਵੱਡਾ ਪੁੱਤਰ (ਡਾਕਟਰ)
ਜੀਨ	:	ਰੋਲੈਂਡ ਦਾ ਛੋਟਾ ਪੁੱਤਰ (ਵਕੀਲ)
ਰੋਜ਼ਮਿੱਲੀ	:	ਜਵਾਨ ਵਿਧਵਾ
ਬੋਜ਼ੀਰ	:	ਰੋਲੈਂਡ ਦਾ ਮਿੱਤਰ
ਲਿਕਾਨੂੰ	:	ਵਕੀਲ
ਮਾਰਸ਼ਲ	:	ਰੋਲੈਂਡ ਦਾ ਪੈਰਿਸ-ਨਿਵਾਸ ਸਮੇਂ ਦਾ ਮਿੱਤਰ
ਪਾਪਾਗ੍ਰਿਸ	:	ਮਲਾਹ
ਮਾਰੋਸਕੋ	:	ਪੋਲੈਂਡ ਦੇਸ਼ ਦਾ ਵਾਸੀ, ਦਵਾਈਫਰੋਸ਼ ਤੇ ਪੀਅਰੇ ਦਾ ਮਿੱਤਰ
ਅਲਫੋਨਸਿਨ	:	ਹੋਟਲ ਦੀ ਮਾਲਕ
ਜੋਜ਼ਫ਼ੀਨ	:	ਰੋਲੈਂਡ ਘਰ ਦੀ ਨੌਕਰਾਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਵਲ ਵਿਚਲੇ ਕੁਝ ਨਾਵਾਂ ਦਾ ਵੇਰਵਾ

ਪਰਲ	:	ਰੋਲੈਂਡ ਦੀ ਕਿਸ਼ਤੀ ਦਾ ਨਾਂ
ਫਰਾਂਕ	:	ਫਰਾਂਸ ਦਾ ਸਿੱਕਾ
ਫਿਗਾਰੋ	:	ਫਰਾਂਸ ਵਿਚ ਛਪਦੇ ਇਕ ਅਖਬਾਰ ਦਾ ਨਾਂ
ਲੋਰੇਨ	:	ਜਹਾਜ਼ ਦਾ ਨਾਂ
ਸੰਟਾ ਲੂਸੀਆਂ	:	ਜਹਾਜ਼ ਦਾ ਨਾਂ
ਪ੍ਰਿੰਸ ਅਲਬਰਟ	:	ਜਹਾਜ਼ ਦਾ ਨਾਂ
ਨੌਰਮੰਡੀ	:	ਜਹਾਜ਼ ਦਾ ਨਾਂ
ਸ਼ਊਥੈਂਪਟਨ	:	ਜਹਾਜ਼ ਦਾ ਨਾਂ
ਹਾਵਰ	:	ਫਰਾਂਸ ਦੀ ਬੰਦਰਗਾਹ
ਪੈਰਿਸ	:	ਫਰਾਂਸ ਦੀ ਰਾਜਧਾਨੀ
ਲਿਵਰਪੂਰ	:	ਇੰਗਲੈਂਗ ਦਾ ਸ਼ਹਿਰ
ਸੇਂਟੇ ਜੂਈਨਾ	:	ਪਿਕਨਿਕ ਦੀ ਜ਼ਗ੍ਹਾਂ
ਲਾ ਹੀਵ	:	ਜਗਾਂ ਦਾ ਨਾਂ
ਰੂਆਂ	:	ਫਰਾਂਸ ਦੀ ਇਕ ਬੰਦਰਗਾਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of Cost, and with
Compliments of the Department
of Education, Govt. of India,
NEW DELHI.

ਪੀਅਰੇ ਤੇ ਜੀਨ

"ਆਹਾ !" ਪੰਦਰਾਂ ਮਿੰਟਾਂ ਦੀ ਚੁਪ ਮਗਰੋਂ ਅਚਾਨਕ ਹੀ ਮਿਸਟਰ ਰੌਲੈਂਡ ਜ਼ੋਰ ਨਾਲ ਚਿਲਾਇਆ। ਇਸ ਸਮੇਂ ਵਿੱਚ ਉਹ ਬਿਲਕੁਲ ਮੌਨ ਰਿਹਾ ਸੀ। ਉਸ ਦੀਆਂ ਨਜ਼ਰਾਂ ਪਾਣੀ ਉਤੇ ਗੱਡੀਆਂ ਹੋਈਆਂ ਸਨ ਅਤੇ ਕਦੇ ਕਦਾਈਂ ਉਹ ਸਮੁੰਦਰ ਵਿੱਚ ਸੁੱਟੇ ਕਾਂਟੇ ਦੀ ਧੜਕਣ ਨੂੰ ਭਾਸਦਿਆਂ ਧੀਰੇ ਜਿਹੇ ਇਹ ਦੇਖਣ ਲਈ ਉਪਰ ਚੁਕਦਾ ਮਤਾਂ ਉਸ ਵਿੱਚ ਕਿਧਰੇ ਚੁਪ-ਚੁਪੀਤੇ ਮੱਛੀ ਹੀ ਫਸ ਗਈ ਹੋਵੇ।

ਸ਼੍ਰੀਮਤੀ ਰੌਲੈਂਡ ਕਿਸ਼ਤੀ ਦੇ ਪਿਛਲੇ ਪਾਸੇ ਸ਼੍ਰੀਮਤੀ ਰੋਜ਼ਮਿੱਲੀ ਦਾ ਸਹਾਰਾ ਲੈ ਕੇ ਊਂਘ ਰਹੀ ਸੀ। ਸ਼੍ਰੀਮਤੀ ਰੋਜ਼ਮਿੱਲੀ ਨੂੰ ਇਸ ਪਾਰਟੀ ਲਈ ਖਾਸ ਕਰਕੇ ਬੁਲਾਇਆ ਗਿਆ ਸੀ। ਆਪਣੇ ਪਤੀ ਦੀ ਅਚਾਨਕ ਚਿਲਾਹਟ ਸੁਣ ਕੇ ਸ਼੍ਰੀਮਤੀ ਰੌਲੈਂਡ ਜਾਗ ਉੱਠੀ ਤੇ ਉਹਦੇ ਵੱਲ ਮੂੰਹ ਭੁਆ ਕੇ ਪੁਛਣ ਲੱਗੀ :

"ਕੀ ਗੱਲ ਹੈ ਜੀ ?"

ਜ਼ਰਾ ਤਲਖੀ ਨਾਲ ਰੌਲੈਂਡ ਨੇ ਅੱਗੋਂ ਜਵਾਬ ਦਿੱਤਾ ;

"ਮੁੜ ਮੱਛੀ ਨਹੀਂ ਆਈ। ਦੁਪਹਿਰ ਤੋਂ ਕੁਝ ਹੱਥ ਨਹੀਂ ਲੱਗਾ। ਤੀਵੀਆਂ ਨਾਲ ਕਦੇ ਕਿਸੇ ਨੂੰ ਮੱਛੀ ਫੜਨ ਨਹੀਂ ਜਾਣਾ ਚਾਹੀਦਾ। ਇਹ ਤਾਂ ਚਲਣ ਵਿੱਚ ਹੀ ਦੇਰ ਕਰ ਦੇਂਦੀਆਂ ਹਨ।"

ਉਸ ਦੇ ਦੋ ਬੇਟੇ ਪੀਅਰੇ ਤੇ ਜੀਨ, ਜਿਹੜੇ ਕਿ ਇਕ ਸੱਜੇ ਪਾਸੇ ਤੇ ਦੂਜਾ ਬੰਦਰਗਾਹ ਵੱਲ, ਆਪਣੇ ਹੱਥਾਂ ਵਿੱਚ ਕਾਂਟੇ ਫੜੀ ਬੈਠੇ ਸਨ, ਝੱਟ ਹੱਸਣ ਲੱਗੇ ਤੇ ਜੀਨ ਨੇ ਜਵਾਬ ਦਿੱਤਾ :

"ਪਾਪਾ, ਤੁਹਾਨੂੰ ਆਪਣੇ ਗੈਸਟ ਦਾ ਵੀ ਕੋਈ ਖਿਆਲ ਨਹੀਂ ?"

ਮਿਸਟਰ ਰੌਲੈਂਡ ਕੁਝ ਝਾਂਵਲੇ ਵਿੱਚ ਪਿਆ ਤੇ ਝੱਬਦੇ ਹੀ ਮੁਆਫੀ ਵਜੋਂ ਕਹਿਣ ਲੱਗਾ :

"ਸ਼੍ਰੀਮਤੀ ਰੋਜ਼ਮਿੱਲੀ, ਖਿਮਾ ਕਰਨਾ, ਮੇਰਾ ਕੋਈ ਬੱਸ ਨਹੀਂ। ਮੈਂ ਜ਼ਨਾਨੀਆਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਲਈ ਨਿਮੰਤਰੰਤ ਕਰਦਾ ਹਾਂ ਕਿ ਉਨ੍ਹਾਂ ਦੀ ਸੰਗਤ ਵਿੱਚ ਮੈਨੂੰ ਆਨੰਦ ਆਉਂਦਾ ਹੈ; ਪਰ ਪਾਣੀ ਦੀ ਛੋਹ ਲਗਦਿਆਂ ਹੀ ਮੈਨੂੰ ਸਵਾਏ ਮੱਛੀਆਂ ਤੋਂ ਹੋਰ ਕੁਝ ਨਹੀਂ ਸੁੱਝਦਾ।"

ਸ੍ਰੀਮਤੀ ਰੋਲੈਂਡ ਹੁਣ ਚੁਕੰਨੀ ਹੋ ਚੁੱਕੀ ਸੀ ਤੇ ਬੜੀ ਨੀਝ ਲਾ ਕੇ ਸਾਗਰ ਦੇ ਪਸਾਰ ਨੂੰ ਅਤੇ ਵਿਚਲੀਆਂ ਚਟਾਨਾਂ ਨੂੰ ਦੇਖ ਰਹੀ ਸੀ। ਬੜੀ ਹੀ ਮੱਧਮ ਆਵਾਜ਼ ਵਿੱਚ ਕਹਿਣ ਲੱਗੀ :

"ਫੇਰ ਵੀ ਤੁਹਾਡਾ ਚੰਗਾ ਦਿਲ-ਪਰਚਾਵਾ ਹੋ ਗਿਆ ਹੈ।"

ਉਸ ਦੇ ਪਤੀ ਨੇ ਸਿਰ ਹਿਲਾ ਕੇ ਨਾ ਕਰਦਿਆਂ, ਉਸ ਟੋਕਰੀ ਵੱਲ ਤਸੱਲੀ-ਬਖਸ਼ ਨਜ਼ਰ ਮਾਰੀ ਜਿਸ ਵਿੱਚ ਤਿੰਨਾਂ ਆਦਮੀਆਂ ਦੀਆਂ ਪਕੜੀਆਂ ਚਿਪ-ਚਿਪੀਆਂ ਮੱਛੀਆਂ ਹਾਲੇ ਵੀ ਸਹਿਕ ਰਹੀਆਂ ਸਨ ਤੇ ਕਦੇ ਕਦੇ ਮਾਰੂ ਹਵਾ ਵਿੱਚ ਵੱਡਾ ਸਾਰਾ ਮੂੰਹ ਅੱਡ ਕੇ ਆਪਣੀਆਂ ਪੂੱਛਾਂ ਤੇ ਖੰਭਾਂ ਨਾਲ ਹਲਕੀ ਜਿਹੀ ਛਪਲ-ਛਪਲ ਦੀ ਆਵਾਜ਼ ਵੀ ਕਰਦਿਆਂ।

ਮਿਸਟਰ ਰੋਲੈਂਡ ਨੇ ਟੋਕਰੀ ਨੂੰ ਗੋਡਿਆਂ ਨਾਲ ਕਿਸ਼ਤੀ ਵਿਚ ਅਗਾਂਹ ਧੱਕ ਦਿੱਤਾ ਤਾਂ ਜੋ ਉਹ ਹੇਠਾਂ ਪਈਆਂ ਮੱਛੀਆਂ ਨੂੰ ਦੇਖ ਸਕੇ। ਮੌਤ ਦੀ ਤਿਲਮਿਲਾਹਟ ਵਿੱਚ ਮੱਛੀਆਂ ਹੌਂਕ ਰਹੀਆਂ ਸਨ ਤੇ ਉਨ੍ਹਾਂ ਦੀ ਸੜਾਂਦ ਅਤੇ ਸਮੁੰਦਰ ਦੀ ਬਦਬੂ ਟੋਕਰੀ ਵਿੱਚੋਂ ਬੁਰੀ ਤਰ੍ਹਾਂ ਉੱਠ ਰਹੀ ਸੀ।

ਬੁੱਢੇ ਮਛੇਰੇ ਨੂੰ ਇਹ ਸੜਾਂਦ ਅਤਰ ਦੀ ਸੁਗੰਧ ਲੱਗਦੀ ਸੀ ਤੇ ਉਹ ਕਹਿਣ ਲੱਗਾ :

"ਹਾਏ ਰੱਬਾ, ਇਹ ਤਾਜ਼ੀਆਂ ਮੱਛੀਆਂ।" ਤੇ ਅੱਗੇ ਕਹਿੰਦਾ ਗਿਆ :

"ਡਾਕਟਰ, ਤੂੰ ਕਿੰਨੀਆਂ ਫੜੀਆਂ ?"

ਬੜੇ ਲੜਕੇ, ਪੀਅਰੇ ਨੇ ਜਿਸ ਦੀ ਆਯੂ ਕੋਈ ਤੀਹਾਂ ਵਰ੍ਹਿਆਂ ਦੀ ਸੀ ਤੇ ਜਿਸ ਦੀਆਂ ਮੁੱਛਾਂ ਛੋਟੀਆਂ ਛੋਟੀਆਂ ਕੱਟੀਆਂ ਹੋਇਆਂ ਸਨ, ਜਵਾਬ ਦਿੱਤਾ :

"ਕੋਈ ਬਹੁਤੀਆਂ ਨਹੀਂ, ਤਿੰਨ ਜਾਂ ਚਾਰ।"

"ਅਤੇ ਤੂੰ, ਜੀਨ ?"

ਜੀਨ, ਜੋ ਲੰਬਾ ਝੰਜਾ, ਹਲਕੇ ਰੰਗੀ ਭਰਮੀ ਦਾੜ੍ਹੀ ਵਾਲਾ ਜਵਾਨ ਸੀ ਤੇ ਜਿਹੜਾ ਆਪਣੇ ਭਰ੍ਹਾ ਨਾਲੋਂ ਉਮਰ ਵਿੱਚ ਕਾਫ਼ੀ ਛੋਟਾ ਸੀ, ਮੁਸਕਰਾਉਣ ਲੱਗਾ ਤੇ ਉੱਤਰ ਦਿੱਤਾ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਪੀਅਰੇ ਜਿੰਨੀਆਂ ਹੀ ਹੋਣਗੀਆਂ, ਚਾਰ ਜਾਂ ਪੰਜ।"

ਉਹ ਸਦਾ ਇਸੇ ਤਰ੍ਹਾਂ ਝੂਠ ਬੋਲ ਕੇ ਆਪਣੇ ਬੁੱਢੇ ਪਿਤਾ ਨੂੰ ਆਨੰਦ ਮਾਨਣ ਦਾ ਮੌਕਾ ਦਿੰਦੇ ਰਹਿੰਦੇ।

ਆਪਣੇ ਕਾਂਟੇ ਨੂੰ ਕਿਸ਼ਤੀ ਦੀ ਕੁੰਡੀ ਵੱਲ ਕਰਦਿਆਂ ਤੇ ਆਪਣੀਆਂ ਬਾਹਵਾਂ ਨੂੰ ਇੱਕਠੇ ਕਰਦਿਆਂ ਰੋਲੈਂਡ ਕਹਿਣ ਲੱਗਾ:

"ਦੁਪਹਿਰੋਂ ਬਾਅਦ ਮੈਂ ਕੱਦੇ ਮੱਛੀਆਂ ਫੜਨ ਦੀ ਚੇਸ਼ਟਾ ਨਹੀਂ ਕਰਾਂਗਾ। ਦੱਸ ਵਜੇ ਤੋਂ ਬਾਅਦ ਕੁਝ ਨਹੀਂ ਮਿਲਦਾ। ਸ਼ੈਤਾਨਾਂ ਕਾਂਟੇ ਨੂੰ ਮੂੰਹ ਨਹੀਂ ਪਾਉਂਦੀਆਂ ਤੇ ਧੁੱਪ ਚੜ੍ਹਦਿਆਂ ਆਰਾਮ ਵਿੱਚ ਮਸਤ ਹੋ ਜਾਂਦੀਆਂ ਹਨ।"

ਨੇਕ ਪੁਰਸ਼ ਨੇ ਆਪਣੇ ਆਲੇ ਦੁਆਲੇ ਸਮੁੰਦਰ ਤੇ ਨਜ਼ਰ ਮਾਰੀ ਜਿਵੇਂ ਉਹ ਇਸ ਦਾ ਮਾਲਿਕ ਹੋਵੇ।

ਪੈਰਿਸ (Paris) ਵਿੱਚ ਉਹ ਇਕ ਜੌਹਰੀ ਸੀ। ਜਦੋਂ ਉਸ ਨੂੰ ਦਰਮਿਆਨੀ ਜਿਹੀ ਮੁਹਾਰਤ ਹਾਸਿਲ ਹੋਈ ਤਾਂ ਸਮੁੰਦਰ ਤੇ ਮੱਛੀਆਂ ਫੜਨ ਦੀ ਖਿੱਚ ਨੇ ਉਸ ਨੂੰ ਆਪਣੇ ਵੱਲ ਧਰੂਹ ਲਿਆ। ਪੈਰਿਸ ਨੂੰ ਅਲਵਿੱਦਾ ਕਹਿ ਕੇ ਉਹ ਹਾਵਰ (Havre) ਚਲਿਆ ਗਿਆ, ਜਿੱਥ ਉਸ ਨੇ ਇਕ ਕਿਸ਼ਤੀ ਖਰੀਦੀ ਤੇ ਮਲਾਹ-ਪੁਣੇ ਦਾ ਸ਼ੌਕ ਪੂਰਾ ਕਰਨ ਲੱਗਾ। ਉਸ ਦੇ ਲੜਕੇ, ਪੀਅਰੇ ਅਤੇ ਜੀਨ, ਪੈਰਿਸ ਹੀ ਆਪਣੀ ਪੜ੍ਹਾਈ ਕਰਦੇ ਰਹੇ ਤੇ ਕਦੇ ਕਦੇ ਛੁੱਟੀਆਂ ਹੋਣ ਤੇ ਆਪਣੈ ਪਿਤਾ ਦੇ ਸ਼ੁਗਲ ਵਿੱਚ ਹਿੱਸਾ ਲੈਣ ਲਈ ਹਾਵਰ ਚਲੇ ਆਉਂਦੇ।

ਵੱਡੇ ਪੁੱਤਰ ਪੀਅਰੇ ਨੇ, ਜਿਹੜਾ ਜੀਨ ਨਾਲੋਂ ਪੰਜ ਸਾਲ ਵੱਡਾ ਸੀ, ਕਾਲਿਜ ਛੱਡਦਿਆਂ ਹੀ ਇਕ ਦੂਜੇ ਬਾਅਦ ਕਈ ਧੰਦਿਆਂ ਦੀ ਕੋਸ਼ਿਸ਼ ਕੀਤੀ। ਇਕ ਇਕ ਕਰਕੇ ਉਸ ਨੇ ਛੇ ਪੇਸ਼ਿਆਂ ਵਿੱਚ ਹੱਥ ਆਜ਼ਮਾਇਆ। ਕਿਉਂਕਿ ਉਹ ਝਬਦੇ ਹੀ ਇਕ ਕਿੱਤੇ ਵੱਲੋਂ ਤੰਗ ਆ ਕੇ ਦੂੱਜੇ ਵੱਲ ਲਗ ਜਾਂਦਾ ਸੀ, ਇਸ ਕਰਕੇ ਉਸ ਨੂੰ ਕਿਤੇ ਵੀ ਸਫਲਤਾ ਪ੍ਰਾਪਤ ਨਾ ਹੋਈ।

ਆਖਰਕਾਰ ਡਾਕਟਰੀ ਵਿੱਚ ਉਸ ਦਾ ਜੀਅ ਲੱਗਾ। ਤੇ ਉਸ ਨੇ ਏਨੀ ਦਿਲ ਲਾ ਕੇ ਮਿਹਨਤ ਕੀਤੀ ਨਿ ਜਲਦੀ ਹੀ ਉਸ ਨੂੰ ਡਾਕਟਰੀਦੀ ਡਿਗਰੀ ਮਿਲ ਗਈ। ਉਹ ਸਮਝਦਾਰ ਤੇ ਮਿਹਨਤੀ ਸੀ। ਪਰ ਕਿਸੇ ਗੱਲ ਤੇ ਅਟੱਲ ਨਹੀਂ ਸੀ ਰਹਿ ਸਕਦਾ। ਉਹ ਦਾਰਸ਼ਨਿਕ ਖਿਆਲਾਂ ਤੇ ਹਵਾਈ ਕਿਲੇ ਬਣਾਉਣ ਵਾਲਾ ਆਦਮੀ ਸੀ।

ਜੀਨ ਉੱਨਾਂ ਹੀ ਸੁੰਦਰ ਸੀ ਜਿੰਨਾਂ ਪੀਅਰੇ, ਕਾਲਾ। ਉੱਨਾਂ ਹੀ ਸ਼ਾਂਤ ਜਿੰਨਾਂ ਪੀਅਰੇ ਚਿੜਚਿੜਾ ਅਤੇ ਉੱਨਾਂ ਹੀ ਮਿੱਠੇ ਸੁਭਾ ਵਾਲਾ ਸੀ ਜਿੰਨਾ ਪੀਅਰੇ ਕੁਰਖਤ ਵਾਲਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਨੇ ਕਾਨੂੰਨ ਦੀ ਵਿਦਿਆ ਹਾਸਲ ਕੀਤੀ ਤੇ ਜਿੰਨੇ ਸਮੇਂ ਵਿੱਚ ਪੀਅਰੇ ਨੇ ਡਾਕਟਰੀ ਪਾਸ ਕੀਤੀ ਉੱਨੇ ਹੀ ਸਮੇਂ ਵਿੱਚ ਉਸ ਨੇ ਕਾਨੂੰਨ ਦੀ ਡਿਗਰੀ ਪ੍ਰਾਪਤ ਕਰ ਲਈ।

ਦੋਵੇਂ ਆਪਣੇ ਟੱਬਰ ਵਿੱਚ ਛੁੱਟੀਆਂ ਮਨਾ ਰਹੇ ਸਨ। ਦੋਹਾਂ ਦੀ ਹਾਵਰ ਵਿੱਚ ਹੀ ਧੰਦਾ ਆਰੰਭ ਕਰਨ ਦੀ ਸਕੀਮ ਸੀ।

ਕੁਦਰਤੀ ਤੌਰ ਤੇ ਭੈਣਾਂ ਭਰਾਂਵਾਂ ਵਿੱਚ ਕੁਝ ਇਹੋ ਜਿਹੀਆਂ ਈਰਖਾਵਾਂ ਪੈਦਾ ਹੋ ਜਾਂਦੀਆਂ ਹਨ ਜੋ ਅਚੇਤ ਮਨ ਵਿੱਚ ਸੁਤੇ ਸੁਧ ਪਲਮਦੀਆਂ ਰਹਿੰਦੀਆਂ ਹਨ। ਇਹ ਈਰਖਾਵਾਂ ਵੱਧ ਫੁਲ ਕੇ ਸ਼ਾਦੀ ਵਿਆਹ ਜਾਂ ਕਿਸੇ ਇਕ ਦੀ ਖੁਸ਼ ਕਿਸਮਤੀ ਵੇਲੇ ਚੇਤ ਹੋ ਜਾਂਦੀਆਂ ਹਨ। ਇਹੋ ਜਿਹੀਆਂ ਈਰਖਾਵਾਂ ਜੀਨ ਤੇ ਪੀਅਰੇ ਦੇ ਮਨਾਂ ਵਿੱਚ ਸਨ ਤੇ ਇਨ੍ਹਾਂ ਨੇ ਦੋਹਾਂ ਨੂੰ ਇਕ ਦੂਜੇ ਦੇ ਖਿਲਾਫ ਚੁਕੰਨੇ ਰਖਿਆ। ਖੂਨ ਦਾ ਸਬੰਧ ਹੋਣ ਕਾਰਣ ਹਾਲੇ ਲੜਾਈ ਤਕ ਨੌਬਤ ਨਹੀਂ ਸੀ ਪਹੁੰਚੀ। ਸੱਚ ਮੁੱਚ ਉਹ ਇਕ ਦੂਜੇ ਨੂੰ ਪਿਆਰ ਕਰਦੇ ਸਨ ਪਰੰਤੂ ਇਕ ਦੂਜੇ ਤੇ ਜਾਸੂਸੀ ਵੀ ਕਰਦੇ ਸਨ। ਪੀਅਰੇ, ਆਪਣੇ ਭਰਾ ਦੇ ਜਨਮ ਸਮੇਂ ਪੰਜਾਂ ਵਰ੍ਹਿਆਂ ਦਾ ਸੀ। ਉਹ ਜੀਨ ਨਾਲ, ਜੋ ਅਚਨਚੇਤ ਹੀ ਆਪਣੇ ਮਾਤਾ ਪਿਤਾ ਦੀ ਗੋਦ ਵਿਚ ਆ ਗਿਆ ਸੀ ਤੇ ਜਿਸ ਨੂੰ ਉਹ ਖੂਬ ਪਿਆਰ ਕਰਦੇ ਤੇ ਲਾਡ ਲਡਾਉਂਦੇ, ਇਕ ਬਿਗੜੇ ਹੋਏ ਪਸੂ ਦੀ ਘਿਰਨਾ ਵਾਲਾ ਬਿਉਹਾਰ ਕਰਦਾ ਸੀ।

ਜੀਨ ਬਚਪਨ ਤੋਂ ਹੀ ਸਾਉਪੁਣੇ, ਨੇਕੀ ਤੇ ਅਛੇ ਸੁਭਾ ਦਾ ਇਕ ਨਮੂਨਾ ਸੀ। ਹੌਲੀ ਹੌਲੀ ਆਪਣੇ ਭਰਾ ਦੀਆ ਸਿਫਤਾਂ ਸੁਣਦਾ ਪੀਅਰੇ ਤੰਗ ਆ ਗਿਆ ਸੀ। ਜੀਨ ਦੀ ਸ਼ਰਾਫਤ ਉਸ ਨੂੰ ਜ਼ਨਾਨਾਪਣ ਲਗਦੀ ਸੀ। ਉਸ ਦੀ ਚੰਗਿਆਈ ਮੂਰਖਤਾ ਤੇ ਕੋਮਲਤਾ ਅੰਧਾਪਣ ਮਹਿਸੂਸ ਹੁੰਦੀ ਸੀ। ਉਸ ਦੇ ਨੇਕ, ਸਾਊ ਮਾਪੇ, ਜਿਹੜੇ ਆਪਣੇ ਬੱਚਿਆਂ ਨੂੰ ਜੀਵਨ ਵਿੱਚ ਸਤਿਕਾਰ ਯੋਗ ਰੁਤਬਾ ਪ੍ਰਾਪਤ ਕਰਾਉਣ ਦੇ ਸੁਪਨੇ ਲੈਂਦੇ ਸਨ. ਪੀਅਰੇ ਦੀ ਅਸਥਿਰਤਾ, ਭਾਵੁਕਤਾ ਅਤੇ ਉਸ ਦੀਆਂ ਅਸਫਲ-ਕੋਸ਼ਿਸ਼ਾਂ ਦੀ ਨਖੇਦੀ ਕਰਦੇ।

ਪੀਅਰੇ ਦੇ ਮੁਨੱਖਤਾ ਵਿੱਚ ਪੈਰ ਰਖਣ ਪਿਛੋਂ ਉਨ੍ਹਾਂ ਇੰਜ ਕਦੇ ਨਹੀਂ ਸੀ ਆਖਿਆ "ਜੀਨ ਵੱਲ ਵੇਖ ਤੇ ਉਹਦੇ ਚਾਲੇ ਚੱਲ।" ਪਰੰਤੂ ਜਦੋਂ ਵੀ ਇਹੋ ਸ਼ਬਦ, "ਜੀਨ ਨੇ ਇਹ ਕੁਝ ਕੀਤਾ, ਜੀਨੇ ਨੇ ਉਹ ਕੁਝ ਕੀਤਾ" ਉਹਦੇ ਕੰਨੀ ਪੈਂਦੇ ਉਹ ਸਪਸ਼ਟ ਸਮਝ ਜਾਂਦਾ ਕਿ ਸੰਕੇਤ ਉਸ ਵੱਲ ਹੀ ਹੈ।

ਉਨ੍ਹਾਂ ਦੀ ਮਾਂ ਜਿਹੜੀ ਚੰਗੀ ਘਰੇਲੂ ਇਸਤਰੀ ਪਰ ਜ਼ਰਾਂ ਜਜ਼ਬਾਤੀ ਸੀ, ਆਪਣੇ ਗਭਰੂ ਪੁਤਰਾਂ ਵਿਚਕਾਰ ਨਿਤ ਜੀਵਨ ਦੇ ਨਿਗੂਣੇ ਝਗੜਿਆਂ ਨੂੰ ਨਿਰੰਤਰ ਮਟਾਉਂਦੀ ਰਹਿੰਦੀ। ਇਸ ਘੜੀ ਉਸ ਦਾ ਸ਼ਾਂਤ ਚਿੱਤ ਇਕ ਸਾਧਾਰਨ ਜਿਹੀ ਘਟਨਾ ਨਾਲ ਬੇਚੈਨ ਹੋ ਗਿਆ ਕਿਉਂਕਿ ਉਸ ਨੂੰ ਡਰ ਸੀ ਕਿ ਇਹ ਘਟਨਾ ਕਿਤੇ ਗੁੰਝਲਦਾਰ ਰੂਪ ਧਾਰਨ ਨਾ ਕਰ ਲਵੇ। ਸਰਦੀਆਂ ਦੀ ਰੁੱਤੇ ਜਦੋਂ ਉਸ ਦੇ ਦੋਵੇਂ ਪੁਤਰ ਆਪਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉੱਚ ਵਿਦਿਆ ਪੂਰੀ ਕਰਨ ਵਿੱਚ ਰੁਝੇ ਸਨ, ਉਸ ਨੇ ਆਪਣੀ ਗੁਆਂਢਣ ਸ਼੍ਰੀਮਤੀ ਰੋਜ਼ਮਿਲੀ ਨਾਲ ਮਿਤਰੱਤਾ ਗੰਢ ਲਈ। ਰੋਜ਼ਮਿਲੀ ਜਹਾਜ਼ ਦੇ ਇਕ ਕਪਤਾਨ ਦੀ ਵਿਧਵਾ ਸੀ ਜਿਹੜਾ ਦੋ ਵਰ੍ਹੇ ਪਹਿਲਾਂ ਸਮੁੰਦਰ ਵਿੱਚ ਡੁੱਬ ਕੇ ਮਰ ਗਿਆ ਸੀ। ਉਹ ਭਰ ਜੁਆਨ, ਕੇਵਲ ਤੇਈਆਂ ਵਰ੍ਹਿਆਂ ਦੀ ਇਕ ਯੋਗ ਔਰਤ ਸੀ ਜਿਹੜੀ ਜੀਵਨ ਨੂੰ ਜੰਗਲੀ ਜਾਨਵਰ ਦੀ ਹੁਸ਼ਿਆਰੀ ਵਾਂਗ ਸੁਭਾਵਿਕ ਹੀ ਪਛਾਣਦੀ। ਇੰਜ ਲਗਦਾ ਸੀ ਜਿਵੇਂ ਉਸ ਨੇ ਸਾਰੀਆਂ ਘਟਨਾਵਾਂ ਨੂੰ ਚੰਗੀ ਤਰ੍ਹਾਂ ਦੇਖ ਕੇ ਅਨੁਭਵ ਕਰਕੇ, ਆਪਣੀ ਪੱਕੀ, ਤਿਖੀ ਤੇ ਪਰਉਪਕਾਰੀ ਸੂਝ ਬੂਝ ਨਾਲ ਸਮਝ ਸੋਚ ਲਿਆ ਹੋਵੇ। ਸੰਝਾਂ ਵੇਲੇ ਕਸੀਦਾ ਲੈ ਕੇ ਗੱਲਾਂ ਕਰਨ ਲਈ ਗੁਆਂਢੀਆਂ ਦੇ ਘਰ ਜਾਣ ਦਾ ਉਸ ਨੂੰ ਝੱਸ ਪੈ ਗਿਆ ਤੇ ਗੁਆਂਢੀ ਸਦਾ ਉਸ ਦਾ ਚਾਹ ਦੇ ਪਿਆਲੇ ਨਾਲ ਸਵਾਗਤ ਕਰਦੇ।

ਮਿਸਟਰ ਰੋਲੈਂਡ ਉੱਤੇ ਮਲਾਹੀ ਜੀਵਨ ਦੀ ਦੀਵਾਨਗੀ ਆਪਣੀ ਪਕੱੜ ਪਕੇਰੀ ਕਰੀ ਜਾਂਦੀ ਸੀ। ਉਸਨੇ ਆਪਣੀ ਨਵੀਂ ਗੁਆਂਢਣ ਸ਼੍ਰੀਮਤੀ ਰਜ਼ਮਿੱਲੀ ਕੋਲੋਂ ਉਸ ਦੇ ਖੋ ਚੁਕੇ ਕਪਤਾਨ ਪਤੀ ਵਾਰੇ ਪੁੱਛ-ਗਿੱਛ ਕੀਤੀ। ਰੋਜ਼ਮਿੱਲੀ ਨੇ ਭਾਣਾ ਮੰਨਣ ਵਾਲੀ ਇਸਤਰੀ ਵਾਂਗ, ਜੋ ਜੀਵਨ ਨੂੰ ਪਿਆਰਦੀ ਤੇ ਮੌਤ ਨੂੰ ਸਤਕਾਰਦੀ ਹੋਵੇ, ਬਿਨਾਂ ਕਿਸੇ ਝਿਜਕ ਤੋਂ ਆਪਣੇ ਪਤੀ, ਉਸ ਦੇ ਸਮੁੰਦਰੀ ਸਫਰਾਂ ਅਤੇ ਪੁਰਾਣੇ ਜਹਾਜ਼ਾਂ ਬਾਰੇ ਗੱਲਬਾਤ ਕੀਤੀ।

ਦੋਹਾਂ ਪੁੱਤਰਾਂ ਨੇ ਘਰ ਪਰਤ ਆਉਣ ਪਿੱਛੋਂ ਇਸ ਸੁੰਦਰ ਤੇ ਜਵਾਨ ਵਿਧਵਾ ਦੀ ਆਪਣੇ ਘਰ ਵਿੱਚ ਆਉਣੀ ਜਾਣੀ ਵੇਖ ਕੇ ਝੱਟ ਉਸ ਵਿੱਚ ਖਿੱਚ ਮਹਿਸੂਸ ਕੀਤੀ। ਇਸ ਦਾ ਮਨੋਰਥ ਰੋਜ਼ਮਿੱਲੀ ਨੂੰ ਰਿਝਾਉਣਾ ਨਹੀਂ ਸੀ ਸਗੋਂ ਆਪਸ ਵਿੱਚ ਇਕ ਦੂਜੇ ਤੋਂ ਬਾਜ਼ੀ ਲੈਣਾ ਸੀ।

ਉਨ੍ਹਾਂ ਦੀ ਮਾਂ ਨੇ ਆਪਣੀ ਸੂਝ ਬੂਝ ਮੁਤਾਬਿਕ ਅੰਦਾਜ਼ਾ ਲਗਾਇਆ ਕਿ ਦੋਹਾਂ ਵਿੱਚੋਂ ਇਕ ਤਾਂ ਸਫਲ ਹੋ ਹੀ ਜਾਵੇਗਾ ਕਿਉਂਕਿ ਜਵਾਨ ਵਿਧਵਾ ਧਨੀ ਸੀ। ਪਰ ਉਹ ਇਹ ਵੀ ਨਹੀਂ ਸੀ ਚਾਹੁੰਦੀ ਕਿ ਇੰਜ ਹੋਣ ਨਾਲ ਦੂਸਰੇ ਭਰਾ ਦੇ ਦਿਲ ਤੇ ਸੱਟ ਵੱਜੇ।

ਰੋਜ਼ਮਿੱਲੀ ਇਕ ਹੁਸੀਨ ਗੋਰੀ ਔਰਤ ਸੀ, ਜਿਸ ਦੀਆਂ ਨੀਲੀਆਂ ਅੱਖਾਂ ਸਨ। ਉਸ ਦੇ ਸਿਰ ਤੇ ਝਿਲਮਿਲ ਕਰਦੇ ਵਾਲਾਂ ਦਾ ਤਾਜ ਹਲਕੀ ਜਿਹੀ ਵਾ ਨਾਲ ਹੀ ਰੁਮਕ ਜਾਂਦਾ। ਪਰ ਉਸ ਦਾ ਰੁਹਬ ਦਬ-ਦਬੇ ਵਾਲਾ ਸੀ ਜੋ ਉਸ ਦੇ ਸਾਊ ਸੁਬਾ ਦੇ ਅਨੁਕੂਲ ਨਹੀਂ ਸੀ।

ਸ਼ੁਰੂ ਤੋਂ ਹੀ ਉਹ ਜੀਨ ਵੱਲ ਖਿੱਚੀ ਗਈ ਕਿਉਂਕਿ ਦੋਹਾਂ ਵਿਚਕਾਰ ਅਚਾਨਕ ਇਕਸਾਰਤਾ ਸੀ। ਇਹ ਤਰਜੀਹ ਉਸ ਨੇ ਕਿਸੇ ਗੱਲਬਾਤ ਜਾਂ ਨਿਗਾਹ ਨਾਲ ਨਹੀਂ ਦਰਸਾਈ ਬਲਕਿ ਆਸਾਧਾਰਨ ਢੰਗ ਨਾਲ ਜਿਵੇਂ ਕਿ ਜੀਨ ਦੀ ਕਦੇ ਕਦੇ ਸਲਾਹ ਮੰਨ ਲੈਣ ਨਾਲ ਪਰਗਟ ਕੀਤੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋਜ਼ਮਿੱਲੀ ਇਹੀ ਸੋਚਦੀ ਕਿ ਜੀਨ ਅਤੇ ਉਸ ਦੇ ਆਪਣੇ ਖਿਆਲਾਂ ਵਿੱਚ ਤਾਲ-ਮੇਲ ਹੋਵੇਗਾ। ਪੀਅਰੇ ਦੇ ਖਿਆਲ ਬਿਲਕੁਲ ਅਡਰੇ ਸਨ। ਜਦੋਂ ਵੀ ਉਹ ਡਾਕਟਰ ਦੇ ਰਾਜਨੀਤੀ, ਕਲਾ, ਦਾਰਸ਼ਨਿਕ ਅਤੇ ਆਚਰਣਕ ਖਿਆਲਾਂ ਵਾਰੇ ਜ਼ਿਕਰ ਕਰਦੀ ਤਾਂ ਵੇਲੇ ਕੁਵੇਲੇ ਕਹਿ ਛਡਦੀ "ਨਿਰਾ ਬਕਵਾਸ"। ਇੰਜ ਪੀਅਰੇ ਉਸ ਵੱਲ ਇਕ ਜੱਜ ਦੀ ਘਿਰਣਾ ਭਰੀ ਨਜ਼ਰ ਨਾਲ ਦੇਖਦਾ ਜਿਹੜਾ ਔਰਤ ਜ਼ਾਤ ਦੇ ਵਿਰੁੱਧ ਕੋਈ ਹੁਕਮਨਾਮਾ ਜਾਰੀ ਕਰਨ ਲੱਗਾ ਹੋਵੇ।

ਪੁੱਤਰਾਂ ਦੇ ਮੁੜ ਘਰ ਪਰਤਨ ਤੋਂ ਪਹਿਲਾਂ ਰੌਲੈਂਡ ਨੇ ਕਦੇ ਰੋਜ਼ਮਿੱਲੀ ਨੂੰ ਮੱਛੀ ਫੜਨ ਲਈ ਬਾਹਰ ਜਾਣ ਵਾਸਤੇ ਆਮਤੰਰਤ ਨਹੀਂ ਸੀ ਕੀਤਾ। ਨਾ ਹੀ ਅਸਲ ਵਿੱਚ ਕਦੇ ਆਪਣੀ ਪਤਨੀ ਨੂੰ ਬਾਹਰ ਲੈ ਕੇ ਗਿਆ ਸੀ। ਦਿਨ ਚੜ੍ਹਦਿਆਂ ਹੀ ਕਪਤਾਨ ਬੋਜ਼ੀਰ ਨਾਲ ਜਿਹੜਾ ਉਨ੍ਹਾਂ ਨੂੰ ਮਮੁੰਦਰ ਕੰਢੇ ਮਿਲ ਗਿਆ ਸੀ ਤੇ ਜਿਸ ਨਾਲ ਉਸਨੇ ਦੋਸਤੀ ਗੰਢ ਲਈ ਸੀ ਅਤੇ ਬੁੱਢੇ ਮਲਾਹ ਪਾਪਾਗ੍ਰਿਸਾ, ਜਿਸ ਨੂੰ ਆਮ ਕਰਕੇ ਜੀਨ-ਬਾਰਟ ਆਖਦੇ ਸਨ, ਰੌਲੈਂਡ ਬਾਹਰ ਜਾਣਾ ਠੀਕ ਸਮਝਦਾ ਸੀ।

ਪਿਛਲੇ ਸਪਤਾਹ ਦੀ ਇਕ ਸ਼ਾਮ ਰੋਜ਼ਮਿੱਲੀ, ਜਿਸਨੇ ਕਿ ਸ਼ਾਮ ਦਾ ਭੋਜਨ ਉਨ੍ਹਾਂ ਦੇ ਨਾਲ ਹੀ ਕੀਤਾ ਸੀ, ਕਹਿਣ ਲੱਗੀ: "ਮੱਛੀ ਫੜਨਾ ਬਹੁਤ ਹੀ ਮਨੋਰੰਜਕ ਹੋਵੇਗਾ, ਠੀਕ ਹੈ ਜਾਂ ਨਹੀਂ ?" ਪੁਰਾਣਾ ਜੌਹਰੀ ਬਹੁਤ ਪ੍ਰਸੰਨ ਹੋਇਆ ਤੇ ਉਨਮਾਦ ਵਿੱਚ ਆਪਣੇ ਚੇਲੇ ਵਧਾਉਣ ਦੀ ਇੱਛਾ ਨਾਲ ਚਿੱਲਾ ਉਠਿਆ: "ਕੀ ਤੂੰ ਸਾਡੇ ਨਾਲ ਚਲੇਂਗੀ ?"

"ਬਿਲਕੁਲ"

"ਅਗਲੇ ਮੰਗਲਵਾਰ ?"

"ਹਾਂ, ਅਗਲੇ ਮੰਗਲਵਾਰ।"

"ਕੀ ਤੂੰ ਸਵੇਰੇ ਪੰਜ ਵਜੇ ਚਲਣ ਦਾ ਹੀਆ ਕਰੇਂਗੀ ?"

"ਊਂ ਹੂੰ। ਬਿਲਕੁਲ ਨਹੀਂ।" ਰੋਜ਼ਮਿੱਲੀ ਹੈਰਾਨੀ ਨਾਲ ਸਿਰ ਨਾਂਹ ਵਜੋਂ ਫੇਰ ਕੇ ਜਰਾ ਜ਼ੋਰ ਨਾਲ ਬੋਲੀ। ਰੌਲੈਂਡ ਜ਼ਰਾ ਮਾਯੂਸ ਹੋ ਕੇ ਢਿੱਲਾ ਪੈ ਗਿਆ ਤੇ ਉਸ ਨੂੰ ਸ਼ੱਕ ਹੋਣ ਲਗਾ ਕਿ ਰੋਜ਼ਮਿੱਲੀ ਦਾ ਜਾਣ ਦਾ ਇਰਾਦਾ ਕੱਚਾ ਸੀ। ਫੇਰ ਵੀ ਉਸ ਨੇ ਪੁਛਿਆ:

"ਤੂੰ ਕਿਸ ਵੇਲੇ ਚੱਲ ਸਕਦੀ ਹੈ ?"

"ਕੋਈ ਨੌ ਵਜੇ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਇਸ ਤੋਂ ਪਹਿਲਾਂ ਨਹੀਂ ?"

"ਨਹੀਂ, ਬਿਲਕੁਲ ਨਹੀਂ। ਸਗੋਂ ਨੌ ਵਜੇ ਵੀ ਮੇਰੇ ਵਾਸਤੇ ਬਹੁਤ ਸਵੇਰਾ ਹੈ।"

ਮਿਸਟਰ ਰੋਲੈਂਡ ਨੇ ਕੁਝ ਜੇ-ਜਿਕ ਕੀਤੀ। ਨਿਸਚੇ ਹੀ ਉਹ ਕੁਝ ਨਹੀਂ ਪਕੜ ਸਕਣਗੇ ਕਿਉਂਕਿ ਸੂਰਜ ਦੀ ਚਮਕ ਸਮੇਂ ਮੱਛੀਆਂ ਕਾਂਟੇ ਦੀ ਬੋਟੀ ਨੂੰ ਮੂੰਹ ਨਹੀਂ ਪਾਉਂਦੀਆਂ। ਪਰ ਦੋਹਾਂ ਭਰਾਵਾਂ ਨੇ ਬੜੇ ਉਤਸ਼ਾਹ ਨਾਲ ਬਾਹਰ ਜਾਣ ਦੀ ਹਰ ਪ੍ਰਕਾਰ ਦੀ ਤਿਆਰੀ ਦਾ ਕੰਮ ਤੁਰੰਤ ਆਰੰਭ ਦਿੱਤਾ।

ਅਗਲੇ ਮੰਗਲਵਾਰ 'ਪਰਲ' ਕਿਸ਼ਤੀ ਨੇ ਹੀਵ (Le Heve) ਦੀਆਂ ਚਿੱਟੀਆਂ ਚਟਾਂਣਾਂ ਹੇਠਾਂ ਆਪਣੇ ਲੰਗਰ ਸੁਟੇ। ਉਨ੍ਹਾਂ ਦੁਪਹਿਰ ਤੱਕ ਬੜੀ ਸਫਲਤਾ ਪੂਰਬਕ ਮੱਛੀ ਪਕੜੀ। ਉਸ ਤੋਂ ਪਿਛੋਂ ਆਰਾਮ ਕੀਤਾ, ਤੇ ਫਿਰ ਕੋਸ਼ਿਸ਼ ਕੀਤੀ। ਪਰ ਅਸ਼ਫਲ। ਦਿਨ ਢਲਦੇ ਨਾਲ ਜਦੋਂ ਰੋਲੈਂਡ ਨੂੰ ਪਤਾ ਲੱਗਾ ਕਿ ਰੋਜ਼ਮਿੱਲੀ ਨੂੰ ਕਿਸ਼ਤੀ ਚਲਾਉਣ ਤੋਂ ਬਿਨਾਂ ਹੋਰ ਕਿਸੇ ਗੱਲ ਦਾ ਖਿਆਲ ਨਹੀਂ ਤੇ ਨਾਲੇ ਜਦੋਂ ਉਸ ਨੇ ਇਹ ਵੀ ਮਹਿਸੂਸ ਕੀਤਾ ਕਿ ਕਿਸੇ ਮੱਛੀ ਨੇ ਵੀ ਉਸ ਦੇ ਕਾਂਟੇ ਨੂੰ ਮੂੰਹ ਨਹੀਂ ਪਾਇਆ ਤਾਂ ਉਹ ਬੇਸਬਰੀ ਤੇ ਜੋਸ਼ੀਲੀ ਜਿਹੀ ਆਵਾਜ਼ ਵਿੱਚ ਕਹਿ ਉਠਿਆ "ਵਾਹ"। ਇਸ ਸ਼ਬਦ ਦਾ ਇਸ਼ਾਰਾ ਜਿੰਨਾ ਨਾ ਪਕੜੀ ਜਾਣ ਵਾਲੀ ਮੱਛਲੀ ਵੱਲ ਸੀ, ਉਨ੍ਹਾਂ ਹੀ ਲਾਪਰਵਾਹ ਵਿਧਵਾ ਰੋਜ਼ਮਿੱਲੀ ਵੱਲ ਵੀ ਸੀ।

ਇਸ ਵੇਲੇ ਉਹ ਇਕ ਕੰਜੂਸ ਦੀ ਕਬੰਦੀ ਖੁਸ਼ੀ ਵਾਂਗ ਫੜੀਆਂ ਮੱਛੀਆਂ ਨੂੰ ਵੇਖਣ ਵਿੱਚ ਰੁੱਝਾ ਹੋਇਆ ਸੀ। ਫੇਰ ਉਸ ਨੇ ਆਕਾਸ਼ ਵੱਲ ਨਜ਼ਰ ਮਾਰੀ ਤੇ ਆਖਿਆ ਕਿ ਸੂਰਜ ਛਿਪ ਰਿਹਾ ਹੈ।

"ਕਿਉਂ ਮੁੰਡਿਓ," ਉਹ ਕਹਿਣ ਲੱਗਾ." ਮੁੜ ਕੰਢੇ ਤੇ ਚਲੀਏ ?"

ਦੋਹਾਂ ਪੁੱਤਰਾਂ ਨੇ ਆਪਣੇ ਆਪਣੇ ਕਾਂਟੇ ਬਾਹਰ ਧਰੂਹ ਕੇ ਕੁੰਡੀਆਂ ਨੂੰ ਸਾਫ ਕੀਤਾ ਤੇ ਡੋਰਾਂ ਨੂੰ ਲਪੇਟ ਕੇ ਬੰਦ ਕਰਨ ਤੋਂ ਬਾਅਦ ਜਾਣ ਲਈ ਤਿਆਰ ਹੋ ਗਏ।

ਮਿਸਟਰ ਰੋਲੈਂਡ ਪੁਲਾੜ ਵੱਲ ਮਲਾਹੀ ਢੰਗ ਨਾਲ ਦੇਖਣ ਲਈ ਖੜਾ ਹੋ ਗਿਆ ਅਤੇ ਆਖਣ ਲੱਗਾ "ਹਵਾ ਤਾਂ ਬਿਲਕੁਲ ਨਹੀਂ, ਮੁੰਡਿਓ, ਸਾਨੂੰ ਚੱਪੂਆਂ ਦੀ ਸਹਾਇਤਾ ਲੈਣੀ ਹੀ ਪਏਗੀ।" ਫੇਰ ਉਸ ਨੇ ਪੱਛੋਂ ਵੱਲ ਇਸ਼ਾਰਾ ਕਰਕੇ ਗੱਲ ਨੂੰ ਜਾਰੀ ਰਖਦਿਆਂ ਕਿਹਾ, "ਔਹ ਦੇਖੋ, ਸਾਊਥਮੰਪਟਨ ਦੀ ਡਾਕ ਕਿਸ਼ਤੀ।"

ਸ਼ਾਂਤ ਸਾਗਰ ਨੀਲੀ ਚੱਦਰ ਵਾਂਗ ਅਤਿਅੰਤ ਫੈਲਿਆ ਹੋਇਆ ਸੀ ਤੇ ਹੁਣ ਭੱਖਦੇ ਕੋਲਿਆਂ ਵਾਂਗ ਸੁਨਹਿਰੀ ਭਾ ਮਾਰ ਰਿਹਾ ਸੀ। ਦੂਰ ਗੁਲਾਬੀ ਆਕਾਸ਼ ਉਪਰ ਇਕ ਕਾਲੀ ਬੱਦਲੀ ਚੜ੍ਹੀ ਸੀ। ਇਸ ਦੇ ਹੇਠਾਂ ਜਹਾਜ਼ ਸੀ ਜੋ ਦੂਰੀ ਦੇ ਕਾਰਨ ਛੋਟਾ ਜਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਪਦਾ ਸੀ। ਦੱਖਣ ਵੱਲ ਧੂਏਂ ਦੇ ਬਹੁਤ ਸਾਰੇ ਬੱਦਲ ਹਾਵਰ ਤੇ ਛਾ ਰਹ ਸਨ ਤੇ ਉਚੇ ਚਾਨਣ ਮੁਨਾਰੇ ਦੇ ਹੁੰਦਿਆਂ ਵੀ ਇਨ੍ਹਾਂ ਬੱਦਲਾਂ ਕਰ ਕੇ ਹਾਵਰ ਸ਼ਹਿਰ ਕਾਫ਼ੀ ਧੁੰਦਲਾ ਨਜ਼ਰ ਆਉਂਦਾ ਸੀ।

ਰੌਲੈਂਡ ਪੁਛਣ ਲੱਗਾ :

"ਕੀ ਅੱਜ ਨੌਰਮੰਡੀ ਜਹਾਜ਼ ਆਉਣ ਵਾਲਾ ਹੈ ?"

ਜੀਨ ਨੇ ਉੱਤਰ ਦਿੱਤਾ :

"ਹਾਂ, ਪਾਪਾ।"

"ਮੇਰੀ ਦੂਰਬੀਨ ਦੇਣੀ, ਉਹ ਜਹਾਜ਼ ਸ਼ਾਇਦ ਉਹੀ ਹੈ।"

ਉਸ ਨੇ ਦੂਰਬੀਨ ਨੂੰ ਸੈਟ ਕਰਕ ਅੱਖਾਂ ਨਾਲ ਲਾਇਆ ਤੇ ਖੁਸ਼ੀ ਵਿੱਚ ਬੋਲਿਆ :

"ਹਾਂ, ਹਾਂ, ਨੌਰਮੰਡੀ ਹੀ ਹੈ। ਉਸ ਦੀਆਂ ਦੋ ਚਿਮਨੀਆਂ ਜਾਣੀਆਂ ਪਛਾਣੀਆਂ ਹਨ। ਰੋਜ਼ਮਿੱਲੀ ਤੂੰ ਦੇਖੇਗੀ ?"

ਰੋਜ਼ਮਿੱਲੀ ਨੇ ਦੂਰਬੀਨ ਪਕੜੀ ਤੇ ਦੂਰ ਅਮਰੀਕਨ ਜਹਾਜ਼ ਵੱਲ ਘੁਮਾ ਕੇ, ਬਿਨਾਂ ਸੈਟ ਕੀਤਿਆਂ ਤੱਕਣ ਲੱਗੀ। ਸਿਵਾਏ ਰੰਗਦਾਰ ਚੱਕਰ, ਰੰਗੀਨ ਪੀਂਘ ਤੇ ਹੋਰ ਅਨੇਕ ਅਜੀਬ ਚੀਜ਼ਾਂ ਤੋਂ ਉਸ ਨੂੰ ਕੁਝ ਨਜ਼ਰ ਨਾ ਆਇਆ। ਉਹ ਜ਼ਰਾ ਤੰਗ ਜਿਹੀ ਆ ਗਈ।

ਦੂਰਬੀਨ ਮੋੜਦੀ ਹੋਈ ਉਹ ਬੋਲੀ :

"ਮੈਂ ਇਸ ਦੂਰਬੀਨ ਦੀ ਕਦੇ ਵੀ ਠੀਕ ਵਰਤੋਂ ਨਾ ਕਰ ਸਕੀ ਤੇ ਮੇਰੇ ਪਤੀ ਵੀ ਖਿੱਝ ਜਾਂਦੇ ਸਨ। ਉਹ ਘੰਟਿਆਂ ਵੱਧੀ ਖਿੜਕੀ ਵਿਚ ਖੜੇ ਲੰਘਦੇ ਜਹਾਜ਼ਾਂ ਵੱਲ ਵੇਖਦੇ ਰਹਿੰਦੇ ਸਨ।"

ਮਿਸਟਰ ਰੋਲੈਂਡ ਨੇ ਜ਼ਰਾ ਤਲਖੀ ਨਾਲ ਉੱਤਰ ਦਿੱਤਾ :

"ਤੇਰੀਆਂ ਨਜ਼ਰਾਂ ਵਿੱਚ ਕੋਈ ਘਾਟ ਹੋਵੇਗੀ ਕਿਉਂਕਿ ਮੇਰੀ ਦੂਰਬੀਨ ਤਾਂ ਬੜੀ ਵਧੀਆ ਹੈ।"

ਉਸ ਨੇ ਦੂਰਬੀਨ ਆਪਣੀ ਪਤਨੀ ਨੂੰ ਫੜਾਈ ਤੇ ਕਿਹਾ :

"ਕੀ ਤੂੰ ਦੇਖੇਗੀ ?"

"ਨਹੀਂ, ਸ਼ੁਕਰੀਆ। ਮੈਨੂੰ ਪਹਿਲਾਂ ਹੀ ਪਤਾ ਹੈ ਕਿ ਮੈਂ ਦੇਖ ਨਹੀਂ ਸਕਾਂਗੀ।"

ਅਠਤਾਲੀ ਵਰ੍ਹਿਆਂ ਦੀ ਸ੍ਰੀਮਤੀ ਰੋਲੈਂਡ ਨੇ ਜਿਹੜੀ ਕਿ ਆਪਣੀ ਆਯੂ ਕਦੇ ਵੀ ਜ਼ਾਹਿਰ ਨਹੀਂ ਸੀ ਕਰਦੀ ਸਮੁੰਦਰੀ-ਸੈਰ ਦਾ ਸਭ ਨਾਲੋਂ ਜ਼ਿਆਦਾ ਰੱਸ ਮਾਣਿਆ ਲਗਦਾ। ਉਸ ਦੇ ਭੂਰੇ ਵਾਲ ਹੁਣ ਚਿੱਟੇ ਹੋਣੇ ਆਰੰਭ ਹੋ ਗਏ ਸਨ। ਉਹ ਬੜੀ ਸ਼ਾਂਤ ਤੇ ਵਿਚਾਰਵਾਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ। ਉਸ ਦੇ ਆਪਣੇ ਪੁੱਤਰ ਪੀਅਰੇ ਦੇ ਕਹਨ ਅਨੁਸਾਰ ਉਹ ਪੈਸੇ ਦੀ ਕਦਰ ਜਾਣਦੀ ਸੀ ਪਰ ਤਾਂ ਵੀ ਉਹ ਅਲਮਸਤੀ ਤੋਂ ਵਾਂਝੀ ਨਹੀਂ ਸੀ। ਰੋਮਾਂਟਕ ਰਚਨਾਵਾਂ ਤੇ ਕਵਿਤਾਵਾਂ ਉਸ ਨੂੰ ਬੜੀਆਂ ਪਸੰਦ ਸਨ। ਇਹ ਪੜ੍ਹਾਈ ਉਹ ਕਲਾ ਦੇ ਪੱਖ ਤੋਂ ਨਹੀਂ ਸੀ ਕਰਦੀ ਬਲਕਿ ਇਸ ਲਈ ਕਿ ਇਹ ਰਚਨਾਵਾਂ ਉਸ ਵਿੱਚ ਕੋਮਲ ਤੇ ਉਦਾਸ ਵਿਸਮਾਦ ਜਾਗ੍ਰਿਤ ਕਰਦੀਆਂ ਸਨ। ਇਕ ਸਾਧਾਰਨ ਜਿਹਾ ਸ਼ਿਅਰ ਵੀ ਉਸ ਵਿੱਚ ਝਰਨਾਟਾ ਛੇੜ ਦੇਂਦਾ ਅਤੇ ਉਸ ਦੇ ਕਹਿਣ ਅਨੁਸਾਰ ਇਹ ਸ਼ਿਅਰ ਉਸ ਦੇ ਦਿਲ ਦੀਆਂ ਡੂੰਘੀਆਂ ਤੇ ਭੇਤ ਭਰਿਆਂ ਇਛਾਵਾਂ ਦੀ ਪੂਰਤੀ ਦਾ ਸਾਧਨ ਸੀ। ਓਹ ਉਪਰੇ ਜਿਹੇ ਵਲਵਲਿਆਂ ਵਿੱਚ ਪ੍ਰਸ਼ੰਨਤਾ ਮਹਿਸੂਸ ਕਰਦੀ ਸੀ ਜਿਹੜੇ ਵਲਵਲੇ ਉਸ ਦੀ ਵਹੀ ਖਾਤੇ ਵਾਂਗ ਸੰਭਾਲੀ ਰੂਹ ਨੂੰ ਕਦੇ ਕਦੇ ਟੁਬੰਦੇ ਸਨ।

ਜਦੋਂ ਤੋਂ ਉਹ ਹਾਵਰ (**Havre**) ਆਈ ਸੀ, ਉਹ ਦੇਖਣ ਵਿੱਚ ਤਕੜੀ ਲਗਣ ਲੱਗੀ। ਇਸ ਕਰਕੇ ਉਸ ਦਾ ਇਸ ਸਮੇਂ ਸੋਹਲ ਤੇ ਲਚਕਦਾਰ ਸ਼ਰੀਰ ਜ਼ਰਾ ਭਾਰਾ ਹੋ ਗਿਆ।

ਸਮੁੰਦਰ ਦੀ ਤਫਰੀਹ ਨੇ ਉਸ ਤੇ ਟੂਣੇ ਦਾ ਅਸਰ ਕੀਤਾ। ਉਸ ਦਾ ਪਤੀ ਚਿੜਚਿੜਾ ਨਾ ਹੋਣ ਤੇ ਵੀ ਉਸ ਉਪਰ ਉਸੇ ਤਰ੍ਹਾਂ ਰੁਹਬ ਰਖਦਾ ਜਿਸ ਤਰ੍ਹਾਂ ਦਫ਼ਤਰਾਂ ਵਿਚ ਅਫ਼ਸਰ ਬਿਨਾ ਗੁੱਸੇ ਤੇ ਨਫ਼ਰਤ ਤੋਂ ਆਪਣੇ ਮਤਹਿਤਾਂ ਉਪਰ ਰਖਦੇ ਹਨ ਤੇ ਜਿਨ੍ਹਾਂ ਨੇ ਰੁਹਬ ਪਾਉਣ ਦੀ ਕਸਮ ਹੀ ਖਾਧੀ ਹੋਈ ਹੁੰਦੀ ਹੈ। ਲੋਕਾਂ ਸਾਹਮਣੇ ਉਹ ਆਪਣੇ ਆਪ ਨੂੰ ਲਗਾਮ ਦੇ ਰਖਦਾ ਪਰ ਆਪਣੇ ਟੱਬਰ ਵਿੱਚ ਇਹ ਖਿਆਲ ਭੁਲ ਜਾਂਦਾ। ਭਾਵੇਂ ਉਹ ਸਭ ਕੋਲੋਂ ਡਰਦਾ ਸੀ, ਫੇਰ ਵੀ ਕਦੇ ਕਦਾਂਈਂ ਭਿਆਨਕ ਰੂਪ ਅਖਤਿਆਰ ਕਰ ਲੈਂਦਾ। ਸ਼੍ਰੀਮਤੀ ਰੋਲੈਂਡ ਪਿਟ ਪਿਟਾਕੇ, ਝਗੜੇ ਤੇ ਬੇਕਾਰ ਗੱਲਾਂ ਤੋਂ ਡਰਦੀ ਆਪਣੇ ਆਪ ਨੂੰ ਅਧੀਨ ਰਖਦੀ ਤੇ ਕਦੇ ਕਿਸੇ ਚੀਜ਼ ਦੀ ਮੰਗ ਨਹੀਂ ਹੀ ਕਰਦੀ। ਇਥੋਂ ਤੱਕ ਕਿ ਉਸ ਨੇ ਬਹੁਤ ਦੇਰ ਤੱਕ ਸਮੰਦਰ-ਸੈਰ ਲਈ ਨਾਲ ਜਾਣ ਦੀ ਮੰਗ ਦਾ ਵੀ ਹੋਂਸਲਾ ਨਹੀਂ ਸੀ ਕੀਤਾ। ਬੜੇ ਸੁਭਾਗ ਨਾਲ ਇਹ ਮੌਕਾ ਉਸ ਦੇ ਹੱਥ ਲੱਗਾ ਸੀ ਤੇ ਉਸ ਨੇ ਇਸ ਦਾ ਨਵਾਂ ਤੇ ਅਨੌਖਾ ਸੁਆਦ ਜੀ-ਭਰ ਕੇ ਮਾਣਿਆ।

ਕੰਢੇ ਤੋਂ ਚਲਣ ਪਿਛੋਂ ਉਸ ਨੂੰ ਆਪਣੇ ਸਰੀਰ ਤੇ ਰੂਹ ਦੀ ਹੋਸ਼ ਭੁਲ ਗਈ ਤੇ ਇੰਜ ਅਨੁਭਵ ਕਰਨ ਲੱਗੀ ਜਿਵੇਂ ਕਿਸ਼ਤੀ ਦੀ ਬਜਾਏ ਆਪ ਹੀ ਪਾਣੀ ਵਿੱਚ ਮਸਤੀ ਨਾਲ ਧੀਰੇ ਧੀਰੇ ਚਲ ਰਹੀ ਹੋਵੇ। ਉਹ ਆਪਣਾ ਆਪ ਭੁਲ ਗਈ ਸੀ ਤੇ ਉਸ ਨੂੰ ਆਪਣੀਆਂ ਯਾਦਾਂ ਤੇ ਆਸ਼ਾਵਾਂ ਦੀ ਕੋਈ ਸੋਝੀ ਨਾ ਰਹੀ। ਉਸ ਨੂੰ ਇੰਜ ਲੱਗ ਰਿਹਾ ਸੀ ਕਿ ਉਹਦੇ ਸਰੀਰ ਦੀ ਥਾਂ ਉਹਦਾ ਦਿਲ ਕਿਸੇ ਨਰਮ ਤੇ ਕੋਮਲ ਚੀਜ਼ ਉਤੇ ਤਰ ਰਿਹਾ ਹੋਵੇ। ਉਹ ਬੇਸੁਧ ਹੋ ਗਈ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦੋਂ ਪਿਤਾ ਨੇ ਆਪਣੇ ਪੁੱਤਰਾਂ ਨੂੰ ਚੱਪੂ ਚਲਾਉਣ ਦੀ ਆਗਿਆ ਦਿਤੀ ਤਾਂ ਉਹ ਆਪਣੇ ਗਭਰੂ ਪੁੱਤਰਾਂ ਨੂੰ ਕਮੀਜ਼ਾਂ ਦੀਆਂ ਬਾਹਾਂ ਉਪਰ ਚੜ੍ਹਾਉਂਦੇ ਵੇਖ ਕੇ ਮੁਸਕਰਾਉਣ ਲੱਗੀ।

ਦੋਹਾਂ ਇਸਤਰੀਆਂ ਦੇ ਬਿਲਕੁਲ ਕੋਲ ਬੈਠੇ ਪੀਅਰੇ ਨੇ ਸੱਜੇ ਪਾਸੇ ਦਾ ਚੱਪੂ ਪਕੜਿਆ ਤੇ ਜੀਨ ਨੇ ਖੱਬੇ ਪਾਸੇ ਦਾ। ਫੇਰ ਉਹ ਕਿਸ਼ਤੀ ਦੇ ਮਾਲਿਕ ਆਪਣੇ ਪਿਤਾ ਦੇ ਹੁਕਮ ਦੀ ਪਾਲਣਾ ਕਰਨ ਲੱਗੇ।

ਸੰਕੇਤ ਮਿਲਦਿਆਂ ਹੀ ਇਕ ਝਟਕੇ ਨਾਲ ਉਨ੍ਹਾਂ ਚਪੂਆਂ ਨੂੰ ਪਾਣੀ ਵਿੱਚ ਡੋਬਿਆ ਤ ਪਿਛਾਂਹ ਹੱਟ ਕੇ ਜ਼ੋਰ ਜ਼ੋਰ ਨਾਲ ਇਕ ਦੂਸਰੇ ਨੂੰ ਮਾਤ ਕਰਨ ਲਈ ਚੱਪੂ ਚਲਾਉਣ ਲੱਗੇ। ਸ਼ਾਂਤ ਵਾਤਾਵਰਨ ਵਿੱਚ ਉਥੋਂ ਉਹ ਚਲੇ ਸਨ ਤੇ ਪਤਵਾਰ ਵੀ ਇੱਕਠੇ ਨਹੀਂ ਸਨ ਕੀਤੇ। ਪਰ ਹੁਣ ਹਵਾ ਰੁਮਕ ਪਈ ਤੇ ਦੋਹਾਂ ਭਰਾਵਾਂ ਵਿਚਕਾਰ ਤੁਰੰਤ ਆਪਣੀ ਆਪਣੀ ਸ਼ਕਤੀ ਦਰਸਾਉਣ ਦਾ ਮਰਦਾਨਾ ਗੌਰਬ ਚੇਤੰਨ ਹੋ ਗਿਆ।

ਜਦੋਂ ਕਦੇ ਉਹ ਆਪਣੇ ਪਿਤਾ ਨਾਲ ਇੱਕਲੇ ਮੱਛੀ ਫੜਨ ਜਾਂਦੇ ਤਾਂ ਉਹ ਮੋਹਰਲੇ ਅਗਵਾਈ ਕਰਨ ਵੇਲੇ ਫੱਟੇ ਤੋਂ ਬਿਨਾਂ ਕਿਸ਼ਤੀ ਚਲਾਉਂਦੇ। ਕਿਸ਼ਤੀ ਦੇ ਚਲਦਿਆਂ ਚਲਦਿਆਂ ਰੋਲੈਂਡ ਆਪਣੇ ਕਾਂਟੇ ਦਰੁਸਤ ਕਰਦਾ ਰਿਹਾ ਅਤੇ ਨਾਲ ਨਾਲ ਕਿਸ਼ਤੀ ਦਾ ਰਾਹ ਵੀ ਤੱਕਦਾ ਰਹਿੰਦਾ। ਕਿਸ਼ਤੀ ਦੀ ਅਗਵਾਈ "ਹੋਲੇ', ਜੀਨ," ਪੀਅਰੇ, ਚੱਪੂ" " ਲਾਓ ਜ਼ੋਰ" ਵਰਗੇ ਛੋਟੇ ਛੋਟੇ ਵਾਕਾਂ ਦੇ ਪ੍ਰਯੋਗ ਨਾਲ ਕਰਦਾ। ਫੇਰ ਢਿੱਲਾ ਮੁੰਡਾ ਜ਼ੋਰ ਨਾਲ ਖਿਚਦਾ ਤੇ ਦੂਜਾ ਹੌਲੀ ਤੇ ਇਸ ਤਰ੍ਹਾਂ ਕਿਸ਼ਤੀ ਸਿੱਧੇ ਰਾਹ ਤੇ ਚਲਦੀ ਰਹਿੰਦੀ।

ਅੱਜ ਉਹ ਆਪਣੀਆਂ ਬਾਹਾਂ ਦਾ ਜ਼ੋਰ ਦਿਖਾਉਣਾ ਚਾਹੁੰਦੇ ਸਨ। ਪੀਅਰੇ ਦੀਆਂ ਵਾਲਾਂ-ਭਰੀਆਂ ਬਾਹਾਂ ਪਤਲੀਆਂ ਤੇ ਸਿਥੱਲ ਸਨ। ਜੀਨ ਦੀਆਂ ਗੋਲ, ਚਿੱਟੀਆਂ ਅਤੇ ਹਲਕੇ ਗੁਲਾਬੀ ਰੰਗੀਆਂ ਬਾਹਾਂ ਤੇ ਮਾਸ ਲਹਿ ਲਹਿ ਕਰਦਾ ਨਜ਼ਰ ਆਉਂਦਾ ਸੀ।

ਪਹਿਲੇ ਪਹਿਲ ਪੀਅਰੇ ਫਾਇਦੇ ਵਿੱਚ ਰਿਹਾ। ਕਚੀਚੀ ਵੱਟੀ, ਮੱਥੇ ਵੱਟ ਪਾ ਕੇ ਅਤੇ ਲੱਤਾਂ ਪਸਾਰ ਕੇ ਉਸ ਨੇ ਚੱਪੂ ਨੂੰ ਆਪਣੇ ਹੱਥਾਂ ਵਿੱਚ ਨਰੜਿਆਂ ਹੋਇਆ ਸੀ ਤੇ ਹਰ ਝਟਕੇ ਨਾਲ ਪਰਲ ਕਿਸ਼ਤੀ ਡੋਲੇ ਖਾਣ ਲੱਗ ਜਾਂਦੀ। ਮਿਸਟਰ ਰੋਲੈਂਡ ਕਿਸ਼ਤੀ ਅੱਗੇ ਬੈਠਾ-ਪਿਛਲਾ ਪਾਸਾ ਦੋਹਾਂ ਤ੍ਰੀਮਤਾਂ ਵਾਸਤੇ ਛੱਡਿਆ ਹੋਇਆ ਸੀ, ਗਰਜ ਉਠਿਆ, "ਇਕ ਨੰਬਰ ਮੁੰਡੇ, ਜ਼ਰਾ ਸਹਿਜੇ। ਦੋ ਨੰਬਰ ਮੁੰਡੇ ਜ਼ੋਰ ਨਾਲ।" ਇਕ ਨੰਬਰ ਮੁੰਡਾ ਹੋਰ ਜ਼ੋਰ ਨਾਲ ਚੱਪੂ ਮਾਰਨ ਲੱਗਾ। ਦੂਜੇ ਨੰਬਰ ਮੁੰਡੇ ਕੋਲ ਇਨ੍ਹਾਂ ਬੇਸੁਰ ਚਪੂਆਂ ਦਾ ਕੋਈ ਉਤਰ ਨਹੀਂ ਸੀ।

ਅੰਤ ਉਨ੍ਹਾਂ ਦੇ ਪਿਤਾ 'ਕਪਤਾਨ' ਨੇ ਹੁਕਮ ਦਿੱਤਾ, "ਰੁਕ ਜਾਓ।" ਦੋਵੇਂ ਚੱਪੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਦੰਮ ਪਾਣੀ' ਚੋਂ ਬਾਹਰ ਆਏ ਤੇ ਜੀਨ ਨੇ ਪਿਤਾ ਦੀ ਆਗਿਆ ਅਨੁਸਾਰ ਕੁਝ ਚੱਪੂ ਕੱਲੇ ਨੇ ਹੀ ਚਲਾਏ। ਉਸ ਘੜੀ ਤੋਂ ਬਾਅਦ ਜੀਨ ਦਾ ਮੌਕਾ ਲੱਗ ਗਿਆ। ਉਹ ਗਰਮ ਹੋਕੇ ਜੋਸ਼ ਵਿੱਚ ਆ ਗਿਆ ਜਦੋਂ ਕਿ ਪਿਅਰੇ ਬੇਤਹਾਸ਼ਾ ਜ਼ੋਰ ਲਾਉਣ ਕਰਕੇ ਸਿੱਥਲ ਹੋ ਗਿਆ ਸੀ। ਚਾਰ ਵਾਰੀ ਮਿਸਟਰ ਰੋਲੈਂਡ ਨੇ ਕਿਸ਼ਤੀ ਰੋਕ ਕੇ ਪੀਅਰੇ ਨੂੰ ਦੰਮ ਦੁਆਇਆ ਤਾਂ ਕਿ ਉਹ ਠੀਕ ਤਰ੍ਹਾਂ ਚੱਪੂ ਖਿੱਚ ਕੇ ਕਿਸ਼ਤੀ ਨੂੰ ਅਸਲੀ ਰਸਤੇ ਤੇ ਲਿਆ ਸਕਣ। ਉਸ ਦੇ ਮੱਥੇ ਤੇ ਪਸੀਨੇ ਦੇ ਮਣਕੇ ਚਮਕਣ ਲੱਗੇ ਤੇ ਗਲ੍ਹਾਂ ਦਾ ਰੰਗ ਪੀਲਾ ਫਕ ਹੋ ਗਿਆ। ਆਖੀਰ ਉਹ ਹੱਫ ਗਿਆ ਤੇ ਥੱਥਲਾ ਕੇ ਬੋਲਿਆ :

"ਪਤਾ ਨਹੀ ਮੈਨੂੰ ਕਿਹੜਾ ਰੋਗ ਲੱਗ ਗਿਆ ਹੈ। ਮੇਰੇ ਦਿੱਲ ਤੇ ਚੋਭਾਂ ਪੈ ਰਹੀਆਂ ਹਨ। ਸ਼ੁਰੂ ਵਿੱਚ ਮੈਂ ਠੀਕ ਸੀ, ਪਰ ਹੁਣ ਮੇਰੀ ਬਾਂਹ ਨੂੰ ਮੋਚ ਆ ਗਈ ਏ।

ਜੀਨ ਨੇ ਪੁਛਿਆ, "ਕੀ ਮੈਂ ਦੋਵੇਂ ਚੱਪੂ ਚਲਾਵਾਂ ?"

"ਨਹੀਂ, ਸ਼ੁਕਰਿਆ। ਮੇਰੀ ਬਾਂਹ ਹੁਣੇ ਠੀਕ ਹੋ ਜਾਵੇਗੀ।

ਸ਼੍ਰੀਮਤੀ ਰੋਲੈਂਡ ਨੇ ਰੋਹ ਜਿਹੇ ਵਿੱਚ ਆ ਕੇ ਕਿਹਾ :

"ਪੀਅਰੇ, ਆਪਣੀ ਇਹੋ ਜਿਹੀ ਹਾਲਤ ਬਣਾਉਣ ਵਿੱਚ ਕੀ ਦਾਨਾਈ ਹੈ ? ਤੂੰ ਹੁਣ ਕੋਈ ਚੂਚਾ ਤਾਂ ਨਹੀਂ।"

ਪੀਅਰੇ ਨੇ ਆਪਣੇ ਮੋਢਿਆਂ ਨੂੰ ਜ਼ਰਾ ਹੇਠਾਂ ਉਪਰ ਹਿਲਾ ਕੇ ਚੱਪੂ ਮਾਰਨੇ ਆਰੰਭ ਦਿੱਤੇ।

ਰੋਜ਼ਮਿੱਲੀ ਨੇ ਬਹਾਨਾ ਕੀਤਾਂ ਜਿਵੇਂ ਉਸ ਨੇ ਕੁਝ ਦੇਖਿਆ ਸੁਣਿਆ ਹੀ ਨਾ ਹੋਵੇ। ਕਿਸ਼ਤੀ ਦੇ ਹਰੇਕ ਹਚਕੋਲੇ ਨਾਲ ਉਸ ਦਾ ਘੁੰਗਰਾਲਾ ਸਿਰ ਪਿੱਛੇ ਨੂੰ ਇਕ ਮਨਮੋਹਣੀ ਜਿਹੀ ਲਚਕ ਮਾਰਦਾ ਤੇ ਇਸ ਨਾਲ ਉਸ ਦੀਆਂ ਪੁੜਪੁੜੀਆਂ ਤੇ ਲਮਕਦੇ ਰੇਸ਼ਮੀ ਮੁਲਾਇਮ ਵਾਲ ਇਕ ਝੂਮਕਾ ਜਿਹਾ ਖਾ ਜਾਂਦੇ।

ਮਿਸਟਰ ਰੋਲੈਂਡ ਉੱਚੀ ਬੋਲਿਆ, "ਉਹ ਦੇਖੋ, ਪ੍ਰਿੰਸ ਅਲਬਰਟ ਜਹਾਜ਼ ਸਾਡਾ ਪਿੱਛਾ ਕਰ ਰਿਹਾ ਹੈ।" ਸਾਰੇ ਉਧਰ ਵੇਖਣ ਲੱਗੇ। ਲੰਬਾ ਦੋ ਚਿਮਨੀਆਂ ਵਾਲਾ ਸਾਊਥੈਮਪਟਨ ਡਾਕ ਜਹਾਜ਼ ਪੂਰੀ ਰਫਤਾਰ ਨਾਲ ਚਲਿਆ ਆ ਰਿਹਾ ਸੀ। ਉਸ ਦੇ ਡੈਕ ਤੇ ਬਹੁਤ ਸਾਰੇ ਮੁਸਾਫਰ ਅਤੇ ਖੁਲ੍ਹੀਆਂ ਛੱਤਰੀਆਂ ਨਜ਼ਰ ਆ ਰਹੀਆਂ ਸਨ। ਉਸ ਦੇ ਪਾਣੀ ਵਿੱਚ ਘੁਮਦੇ ਚੱਕੇ ਸ਼ੋਰ ਕਰਨ ਦੇ ਨਾਲ ਨਾਲ ਝੱਗ ਵੀ ਖੂਬ ਉਗਲ ਰਹੇ ਸਨ। ਇੰਜ ਲਗਦਾ ਸੀ ਜਿਵੇਂ ਇਹ ਜਹਾਜ਼ ਪ੍ਰੇਮ ਪੱਤਰ ਲੈ ਕੇ ਜਾਣ ਵਾਲੇ ਦੂਤ ਵਾਂਗ ਬਹੁਤ ਹੀ ਜਲਦੀ ਵਿੱਚ ਹੋਵੇ। ਜਹਾਜ਼ ਦੀ ਸਾਹਮਣੀ ਨੁਕੱਰ ਪਾਣੀ ਨੂੰ ਕੱਟ ਕੇ ਜਹਾਜ਼ ਦੇ ਦੋਹੀ ਪਾਸੀਂ ਦੋ ਚਮਕਦੀਆਂ ਲਹਿਰਾਂ ਬਣਾ ਰਹੀ ਸੀ। ਜਦੋਂ ਜਹਾਜ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਪਰਲ' ਦੇ ਕੋਲ ਆਇਆ ਤਾਂ ਰੋਲੈਂਡ ਨੇ ਆਪਣੀ ਟੋਪੀ ਹਿਲਾਈ ਤੇ ਦੋਹਾਂ ਤ੍ਰੀਮਤਾਂ ਨੇ ਆਪਣੇ ਰੁਮਾਲ ਹਿਲਾਏ। ਇਸ ਸ਼ੁਭ-ਇੱਛਾ ਦਾ ਉੱਤਰ ਜਹਾਜ਼ ਦੀ ਡੈਕ ਤੋਂ ਕੋਈ ਅੱਧੀ ਕੁ ਦਰਜਨ ਹਿਲਦੀਆਂ ਛਤਰੀਆਂ ਨਾਲ ਦਿੱਤਾ ਗਿਆ ਜਹਾਜ਼ ਲੰਘ ਗਿਆ ਤੇ ਆਪਣੇ ਪਿੱਛੇ ਸ਼ਾਂਤ ਸਾਗਰ ਤੇ ਚਮਕਦੀਆਂ ਹਲਕੀਆਂ ਜਿਹੀਆਂ ਲਹਿਰਾਂ ਛੱਡ ਗਿਆ।

ਹੋਰ ਕਈ ਜਹਾਜ਼ ਨਜ਼ਰ ਆਏ ਜੋ ਸਾਰੇ ਬੰਦਰਗਾਂਹ ਵੱਲ ਜਾ ਰਹੇ ਸਨ ਤੇ ਉੱਥੋਂ ਇਕ ਇਕ ਕਰਕੇ ਅਖੋਂ ਉਹਲੇ ਹੁੰਦੇ ਗਏ। ਮੱਛੀ-ਫੜਨੀਆਂ ਕਿਸ਼ਤੀਆਂ ਅਤੇ ਹੋਰ ਵੱਡੇ ਜਹਾਜ਼ ਵੀ ਸਨ ਜਿਨ੍ਹਾਂ ਦੇ ਧੁੰਦਲੇ ਪੜਦੇ ਰੱਸਿਆਂ ਨਾਲ ਬਨ੍ਹੇ ਬਾਦਬਾਨ ਆਕਾਸ਼ ਦੇ ਪੜਦੇ ਤੇ ਤਰਦੇ ਨਜ਼ਰ ਆਉਂਦੇ ਸਨ। ਇਹ ਸਾਰੇ ਕਿਸ਼ਤੀਆਂ ਤੇ ਜਹਾਜ਼, ਕੋਈ ਹੌਲੀ ਤੇ ਕੋਈ ਤੇਜ਼ੀ ਨਾਲ ਬੰਦਰਗਾਹ ਵਲ ਜਾ ਰਹੇ ਸਨ! ਅੱਗੋਂ ਬੰਦਰਗਾਹ ਵੀ ਵੱਡਾ ਮੂੰਹ ਅੱਡ ਕੇ ਸਾਰਿਆਂ ਦੇ ਸਾਰੇ ਜਹਾਜ਼ਾਂ ਨੂੰ ਨਿਗਲਦੀ ਜਾ ਰਹੀ ਸੀ। ਕਦੇ ਕਦੇ ਰੱਜ ਕੇ ਉਸ ਦਾ ਪੇਟ ਫੁਲਦਾ ਨਜ਼ਰ ਆਉਂਦਾ ਸੀ ਤੇ ਉਹ ਕੁਝ ਜਹਾਜ਼ ਉਗੱਲ ਦੇਂਦੀ ਜੋ ਉਥੋਂ ਆਪਣੇ ਹਰ ਪ੍ਰਕਾਰ ਦੇ ਗੋਰਖ ਧੰਦਿਆਂ ਸਮੇਤ ਤੁਰ ਪੈਂਦੇ। ਛੋਟੇ ਜਹਾਜ਼ ਸਮੁੰਦਰ ਦੀ ਮੁਲਾਇਮ ਛਾਤੀ ਤੇ ਸੱਜੇ ਖੱਬੇ ਦੌੜ ਰਹੇ ਸਨ। ਵੱਡੇ ਜਹਾਜ਼ ਲੰਗਰ ਸੁੱਟੀ ਅਡੋਲ ਖੜੇ ਸਨ। ਉਨ੍ਹਾਂ ਦੇ ਚਿੱਟੇ ਤੇ ਖਾਖੀ ਪਤਵਾਰ ਢਲਦੇ ਸੂਰਜ ਦੀ ਲੋਅ ਵਿੱਚ ਲਾਲ ਭਾਅ ਮਾਰ ਰਹੇ ਸਨ।

ਜਾਗੋਮੀਟੀ ਵਿੱਚ ਸ੍ਰੀਮਤੀ ਰੋਲੈਂਡ ਬੁੜਬੁੜਾਈ : "ਸਾਗਰ ਕਿੰਨਾ ਹੁਸੀਨ ਹੈ।"

ਰੋਜ਼ਮਿੱਲੀ ਨੇ ਹੌਕਾ ਮਾਰਿਆ ਜਿਸ ਵਿੱਚ ਕੋਈ ਬਹੁਤੀ ਉਦਾਸੀਨਤਾ ਨਹੀਂ ਸੀ। ਉੱਤਰ ਵੱਜੋਂ ਉਸ ਨੇ ਆਖਿਆ :

"ਹਾਂ, ਪਰ ਕਦੇ ਕਦਾਂਈਂ ਇਹ ਬੜਾ ਭਿਆਨਕ ਰੂਪ ਧਾਰ ਜਾਂਦਾ ਹੈ।"

ਮਿਸਟਰ ਰੋਲੈਂਡ ਖੁਸ਼ ਹੋ ਕੇ ਕਹਿਣ ਲੱਗਾ :

"ਉਹ ਨੌਰਮੰਡੀ ਜਹਾਜ਼ ਬੰਦਰਗਾਹ ਵਿੱਚ ਜਾ ਰਿਹਾ ਹੈ। ਕਿੰਨਾ ਵੱਡਾ ਹੈ।"

ਫੇਰ ਉਹ ਦੂਜੇ ਕੰਢੇ ਬਾਰੇ ਦੱਸਣ ਲੱਗ ਪਿਆ ਕਿ ਕਿਵੇਂ ਉਧਰ ਚੱਟਾਨਾਂ ਹਨ ਤੇ ਨਾਲੇ ਰੇਤਲੇ ਕਿਨਾਰੇ ਜਿਸ ਕਰਕੇ ਮਲਾਹਾਂ ਨੂੰ ਬਹੁਤ ਚੁਕੰਨੇ ਰਹਿਣਾ ਪੈਂਦਾ ਹੈ। ਦੋਵੇਂ ਇਸਤ੍ਰੀਆਂ ਮੂੰਦ ਜਿਹੇ ਸਵਾਦ ਵਿੱਚ ਕੁਝ ਸੁਣ ਨਹੀਂ ਸੀ ਰਹੀਆਂ। ਉਹ ਚੁੱਪ ਸਨ ਕਿਉਂਕਿ ਸੂਰਜ ਅਸਤ ਦੀ ਅਡੋਲ ਸੁੰਦਰਤਾ ਅਤੇ ਪਾਣੀਆਂ ਦੇ ਪਸਾਰ ਨੇ ਉਨ੍ਹਾਂ ਉਪਰ ਜਾਦੂ ਕਰ ਰੱਖਿਆ ਸੀ। ਰੋਲੈਂਡ ਇੱਕਲਾ ਹੀ ਬੋਲਦਾ ਗਿਆ। ਉਸ ਦੀ ਗਿਣਤੀ ਉਨ੍ਹਾਂ ਆਦਮੀਆਂ ਵਿੱਚ ਕੀਤੀ ਜਾ ਸਕਦੀ ਹੈ ਜੋ ਕਿਸੇ ਹੀਲੇ ਵੀ ਪ੍ਰਭਾਵਿਤ ਨਹੀਂ ਹੁੰਦੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਔਰਤਾਂ ਜ਼ਿਆਦਾ ਸੋਹਲ ਹੋਣ ਕਰਕੇ ਕਦੇ ਕਦੇ ਮਹਿਸੂਸ ਕਰਨ ਲੱਗ ਜਾਂਦੀਆਂ ਹਨ ਕਿ ਬੇਕਾਰ ਗਲਬਾਤ ਵੀ ਗੁਸਤਾਖੀ ਵਾਂਗ ਖਰ੍ਹਵੀ ਤੇ ਰੁਖੀ ਲਗਦੀ ਹੈ।

ਪੀਅਰੇ ਅਤੇ ਜੀਨ ਹੁਣ ਢਿੱਲੇ ਪੈ ਕੇ ਬੇੜੀ ਠਰਮ੍ਹੇ ਨਾਲ ਚਲਾਉਂਦੇ ਸਨ। 'ਪਰਲ' ਬੰਦਰਗਾਹ ਵੱਲ ਵੱਧ ਰਹੀ ਸੀ ਤੇ ਵੱਡੇ ਜਹਾਜ਼ਾਂ ਦੇ ਮੁਕਾਬਲੇ ਉਹ ਬਿਲਕੁਲ ਬੱਚਾ-ਕਿਸ਼ਤੀ ਲੱਗਣ ਲੱਗੀ।

ਜਦੋਂ 'ਪਰਲ' ਕੰਢੇ ਤੇ ਆ ਕੇ ਉਤਰਨ ਵਾਲੀ ਥਾਂ ਨਾਲ ਲੱਗੀ ਤਾਂ ਇੰਤਜ਼ਾਰ ਵਿੱਚ ਬੈਠੇ ਪਾਪਾਗ੍ਰਿਸ ਮਲਾਹ ਨੇ ਤ੍ਰੀਮਤਾਂ ਨੂੰ ਉਤਰਨ ਵਿੱਚ ਸਹਾਇਤਾ ਦਿੱਤੀ ਅਤੇ ਇਹ ਸਾਰੀ ਟੋਲੀ ਸ਼ਹਿਰ ਵੱਲ ਹੋ ਤੁਰੀ। ਲੋਕਾਂ ਦੀ ਇਕ ਵੱਡੀ ਭੀੜ ਜਿਹੜੀ ਹਰ ਰੋਜ਼ ਪਾਣੀਆਂ ਨੂੰ ਤੱਕਣ ਲਈ ਬੰਦਰਗਾਹ ਤੇ ਆਉਂਦੀ, ਹੁਣ ਸ਼ਾਂਤੀ ਪੂਰਬਕ ਸ਼ਹਿਰ ਵੱਲ ਮੋੜੇ ਪਾ ਰਹੀ ਸੀ।

ਸ੍ਰੀਮਤੀ ਰੌਲੈਂਡ ਅਤੇ ਰੋਜ਼ਮਿੱਲੀ ਅੱਗੇ ਅੱਗੇ ਜਾ ਰਹੀਆਂ ਸਨ ਤੇ ਤਿੰਨੇ ਆਦਮੀ ਪਿਛੇ ਪਿਛੇ। ਬਾਜ਼ਾਰ ਪਹੁੰਚ ਕੇ ਉਹ ਕੋਈ ਟੋਪੀ ਲੈਣ ਲਈ ਜਾਂ ਕੋਈ ਮਾਮੂਲੀ ਜਿਹਾਂ ਗਹਿਣਾ ਖਰੀਦਣ ਲਈ ਦੁਕਾਨਾਂ ਤੇ ਰੁਕਦੀਆਂ ਅਤੇ ਥੋੜੀ ਜਿਹੀ ਗੱਲਬਾਤ ਕਰਨ ਪਿਛੋਂ ਅੱਗੇ ਚੱਲ ਪੈਂਦੀਆਂ।

ਇਕ ਥਾਂਹ ਪਹੁੰਚ ਕੇ ਮਿਸਟਰ ਰੌਲੈਂਡ ਰੁਕਿਆ ਤੇ ਹਰ ਰੋਜ਼ ਦੀ ਤਰ੍ਹਾਂ ਡੌਕ ਵੱਲ ਤੱਕਣ ਲੱਗਾ। ਡੌਕ ਜਹਾਜ਼ਾਂ ਨਾਲ ਮੂੰਹੋ ਮੂੰਹ ਭਰੀ ਹੋਈ ਸੀ। ਉਸ ਤੋਂ ਅੱਗੇ ਮੀਲਾਂ ਵੱਧੇ ਕੰਢੇ ਦੇ ਨਾਲ ਨਾਲ ਬਣ ਰਹੇ ਜਹਾਜ਼ਾਂ ਦੇ ਢਾਂਚਿਆਂ ਦੀਆਂ ਤਿੰਨ ਚਾਰ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਅਣਗਣਿਤ ਜਹਾਜ਼ਾਂ ਦੇ ਅਨੇਕ ਬਾਦਬਾਨ, ਪੋਲ, ਹਵਾ ਦਾ ਰੁੱਖ ਜਾਚਣ ਵਾਲੇ ਜੰਤਰ ਅਤੇ ਰੱਸਿਆਂ ਦੇ ਤਾਣੇ ਬਾਣੇ ਇਸ ਥਾਂ ਤੋਂ ਇਕ ਸੁੱਕੇ ਹੋਏ ਜੰਗਲ ਦਾ ਦ੍ਰਿਸ਼ ਲੱਗਦੇ ਸਨ। ਇਹ ਬਣ ਰਹੇ ਜਹਾਜ਼, ਸਮੁੰਦਰ ਵਿੱਚ ਸੁਟਿਆ ਜਾਂਦਾ ਕੂੜਾ ਕਿਰਕਟ ਦੇਖ ਰਹੇ ਸਨ ਜਿਹੜਾ ਪੱਥਰਾਂ ਵਾਂਗ ਹੇਠਾਂ ਡਿੱਗ ਰਿਹਾ ਸੀ। ਇਕ ਮੁੰਡਾ ਜਿਹੜਾ ਪੁੱਲੀ ਕਸਣ ਲਈ ਉਪਰ ਚੜ੍ਹਿਆ ਹੋਇਆ ਸੀ, ਇੰਜ ਲਗਦਾ ਸੀ ਜਿਵੇਂ ਉਹ ਆਲੱਣੇ ਵਿੱਚੋਂ ਬੱਚੇ ਫੜਨ ਲਈ ਕਿਸੇ ਬਿਰਛ ਉਪਰ ਚੜ੍ਹਿਆ ਹੋਇਆ ਹੋਵੇ।

ਸ੍ਰੀਮਤੀ ਰੌਲੈਂਡ ਨੇ ਰੋਜ਼ਮਿੱਲੀ ਨੂੰ ਮੁਖ਼ਾਤਿਬ ਕਰਕੇ ਕਿਹਾ ; "ਇਹ ਦਿਨ ਸਾਡੇ ਨਾਲ ਪੂਰਾ ਕਰਨ ਲਈ, ਤੂੰ ਸ਼ਾਮ ਦਾ ਖਾਣਾ ਸਾਡੇ ਵੱਲ ਕਿਉਂ ਨਹੀਂ ਖਾ ਲੈਂਦੀ ?"

"ਬਿਲਕੁਲ, ਬੜੀ ਖੁਸ਼ੀ ਦੀ ਗੱਲ ਹੈ। ਮੈਂ ਬਿਨਾਂ ਤੱਕੱਲਫ ਤੁਹਾਡੇ ਨਾਲ ਚਲਾਂਗੀ। ਅੱਜ ਸ਼ਾਮ ਇੱਕਲੀ ਜਾ ਕੇ ਮੈਂ ਉਦਾਸ ਹੋ ਜਾਵਾਂਗੀ।" ਪੀਅਰੇ ਵੱਲ ਰੋਜ਼ਮਿੱਲੀ ਦੀ ਕੋਈ ਰੁਚੀ ਨਾ ਹੋਣ ਕਰਕੇ ਉਸ ਨੂੰ ਰੋਜ਼ਮਿੱਲੀ ਨਾਲ ਚਿੜ ਹੋ ਗਈ ਸੀ। ਜਦੋਂ ਉਸਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋਜ਼ਮਿੱਲੀ ਦੀ ਆਵਾਜ਼ ਸੁਣੀ ਤਾਂ ਹੌਲੀ ਜਿਹੇ ਬੁੜਬੁੜਾਇਆ, "ਹੂੰ, ਰੰਡੀ ਵੀ ਹੁਣ ਮੜਕ ਫੜਨ ਲੱਗ ਪਈ ਏ।" ਕੁਝ ਦਿਨਾਂ ਤੋਂ ਉਹ ਉਸ ਨੂੰ ਮਨ ਵਿੱਚ 'ਰੰਡੀ' ਕਹਿਣ ਲੱਗਾ ਸੀ। ਇਸ ਸ਼ਬਦ ਦੇ ਭਾਵੇਂ ਕੁਝ ਐਸੇ ਵੈਸੇ ਅਰਥ ਨਹੀਂ ਸਨ, ਪਰ ਜਿਸ ਲਹਿਜ਼ੇ ਵਿੱਚ ਇਹ ਦੁਹਰਾਇਆ ਜਾਂਦਾ ਸੀ, ਪੀਅਰੇ ਨੂੰ ਉਹ ਊਂਜ ਦਾ ਪ੍ਰਤੀਕ ਲੱਗਣ ਲੱਗਾ।

ਤਿੰਨੇ ਮਨੁੱਖ ਘਰ ਪਹੁੰਚਣ ਤੱਕ ਕੁਝ ਨਾ ਬੋਲੇ। ਨੌਰਮੰਡੀ ਬਾਜ਼ਾਰ ਵਿੱਚ ਉਨ੍ਹਾਂ ਦਾ ਤੰਗ ਦੋ-ਮੰਜ਼ਲਾ ਮਕਾਨ ਸੀ। ਨੌਕਰਾਣੀ ਜ਼ੋਜਫੀਨ ਨੇ ਦਰਵਾਜ਼ਾ ਖੋਲ੍ਹਿਆ। ਜ਼ੋਜਫੀਨ ਕੋਈ ਉਨ੍ਹੀ ਵਰ੍ਹਿਆਂ ਦੀ ਇਕ ਪੇਂਡੂ ਕੁੜੀ ਸੀ ਤੇ ਥੋੜ੍ਹੀ ਤਨਖਾਹ ਤੇ ਉੱਥੇ ਕੰਮ ਕਰਦੀ ਸੀ। ਉਹਦੇ ਭੈ-ਭੀਤ ਚਿਹਰੇ ਉਪਰ ਪੇਂਡੂਆਂ ਦੀ ਹੈਵਾਨੀ-ਝਲਕ ਉਤੇਜਿਤ ਹੋ ਗਈ। ਦਰਵਾਜ਼ਾ ਖੋਲ੍ਹਦਿਆਂ ਹੀ ਉਹ ਮਿਸਟਰ ਰੌਲੈਂਡ ਦੇ ਪਿਛੇ ਪਿਛੇ ਪਹਲੀ ਮੰਜਿਲ ਤੇ ਗਈ ਤੇ ਕਹਿਣ ਲੱਗੀ :

"ਇਕ ਭਲਾ ਪੁਰਸ਼ ਤਿੰਨ ਬਾਰ ਪੁਛਗਿੱਛ ਕਰਨ ਆਇਆ ਸੀ।" ਮਿਸਟਰ ਰੌਲੈਂਡ ਜੋਜ਼ਫ਼ੀਨ ਨਾਲ ਸਦਾ ਸਖਤੀ ਤੇ ਬੇਇਜ਼ਤੀ ਨਾਲ ਪੇਸ਼ ਆਉਂਦਾ ਸੀ। ਉਹ ਕੜਕਿਆ :

"ਕੌਣ ਆਇਆ ਸੀ ਇਥੇ ? ਦੌੜ ਜਾ।" ਘਰ ਦੇ ਮਾਲਿਕ ਦੀਆਂ ਇਸ ਤਰ੍ਹਾਂ ਦੀਆਂ ਝਿੜਕਾਂ ਨੂੰ ਉਹ ਕਦੇ ਦਿਲ ਵਿੱਚ ਨਾਂ ਲਿਆਉਂਦੀ। ਨੌਕਰਾਣੀ ਕਹਿੰਦੀ ਗਈ ;

"ਉਹ ਨੌਟਰੀ ਕੋਲੋਂ ਆਇਆ ਸੀ।"

"ਕਿਹੜੇ ਨੌਟਰੀ ਕੋਲੋਂ ?"

"ਮਿਸਟਰ ਕਾਨੂੰ ਵੱਲੋਂ।"

"ਕੀ ਕਹਿੰਦਾ ਸੀ ਉਹ ?"

"ਕਿ ਮਿਸਟਰ ਕਾਨੂੰ ਅੱਜ ਸ਼ਾਮ ਖੁਦ ਆਉਣਗੇ।"

ਮਿਸਟਰ ਲਿਕਾਨੂੰ ਵਕੀਲ ਸਨ ਤੇ ਮਿਸਟਰ ਰੌਲੈਂਡ ਦਾ ਕੰਮ ਕਰਦਿਆਂ ਉਹਦੇ ਢਿੱਲੈ-ਮੱਸੇ ਮਿੱਤਰ ਵੀ ਸਨ। ਵਕੀਲ ਦੇ ਸ਼ਾਮ ਨੂੰ ਜ਼ਰੂਰੀ ਆਉਣ ਦੀ ਖਬਰ ਦਾ ਭਾਵ ਕੋਈ ਖਾਸ ਕੰਮ ਸਮਝਿਆ ਗਿਆ। ਇਹ ਸਮਾਚਾਰ ਮਿਲਣ ਤੇ ਸਾਰਾ ਟੱਬਰ ਇਕ ਦੂਜੇ ਵੱਲ ਹੈਰਾਨ ਹੋ ਕੇ ਇਸ ਤਰ੍ਹਾਂ ਦੇਖਣ ਲੱਗਾ ਜਿਵੇਂ ਥੋੜ੍ਹੀ ਪੂੰਜੀ ਵਾਲੇ ਲੋਕ ਕਿਸੇ ਵਕੀਲ ਦੀ ਮੁਦਾਖਲਿਤ ਤੋਂ ਘਬਰਾ ਜਾਂਦੇ ਹਨ। ਵਕੀਲਾਂ ਦੀ ਮੁਦਾਖਲਿਤ ਲੋਕਾਂ ਦੇ ਮਨਾਂ ਵਿੱਚ ਠੇਕਿਆਂ, ਵਸੀਅਤਾਂ, ਮੁਕਦਮਿਆਂ ਤੇ ਹੋਰ ਕਈ ਪਸੰਦ ਨਾ-ਪਸੰਦ ਗੱਲਾਂ ਬਾਰੇ ਅਨੇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚਾਰ ਉਤਪਨ ਕਰਦੀ ਹੈ। ਕੁਝ ਸਮੇਂ ਪਿਛੋਂ ਰੌਲੈਂਡ ਬੁੜਬੁੜਾਂਇਆ :

"ਇਸ ਦਾ ਕੀ ਭਾਵ ਹੋ ਸਕਦਾ ਹੈ ?"

ਰੋਜ਼ਮਿੱਲੀ ਨੇ ਹੱਸਣਾ ਸ਼ੁਰੂ ਕਰ ਦਿੱਤਾ ਤੇ ਬੋਲੀ, "ਇਹ ਤਾਂ ਕੋਈ ਵਸੀਅਤ ਦਾ ਮਾਮਲਾ ਲਗਦਾ ਹੈ, ਮੈਨੂੰ ਇਹ ਪੱਕਾ ਯਕੀਨ ਹੈ। ਮੈਂ ਤੁਹਾਡੇ ਵਾਸਤੇ ਖੁਸ਼ਕਿਸਮਤੀ ਲਿਆਈ ਹਾਂ।"

ਪਰ ਉਨ੍ਹਾਂ ਨੂੰ ਕਿਸੇ ਕੋਈ ਐਸੇ ਆਦਮੀ ਦੀ ਮੌਤ ਦੀ ਉਮੀਦ ਨਹੀਂ ਸੀ ਜਿਹੜਾ ਉਨ੍ਹਾਂ ਵਾਸਤੇ ਵਸੀਅਤ ਛੱਡ ਜਾਵੇ।

ਸ਼੍ਰੀਮਤੀ ਰੋਲੈਂਡ ਨੂੰ ਕੁਦਰਤ ਨੇ ਵੰਸਾਵਲੀ ਯਾਦ ਰੱਖਣ ਦੀ ਖੂਬ ਸ਼ਕਤੀ ਪ੍ਰਦਾਨ ਕੀਤੀ ਸੀ। ਉਸਨੇ ਤੁਰੰਤ ਆਪਣੇ ਪੇਕੇ ਅਤੇ ਸੁਹਰੇ ਘਰ ਦੀਆਂ ਸ਼ਾਦੀਆਂ ਤੇ ਰਿਸ਼ਤਿਆਂ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਕਿ ਕੋਈ ਉਘ-ਸੁਘ ਮਿਲ ਸਕੇ।

ਆਪਣੀ ਟੋਪੀ ਉਤਾਰਨ ਤੋਂ ਪਹਿਲਾਂ ਉਸਨੇ ਪੁਛਿਆ :

ਪਾਪਾ, (ਉਹ ਘਰ ਵਿੱਚ ਆਪਣੇ ਪਤੀ ਨੂੰ 'ਪਾਪਾ' ਅਤੇ ਦੂਜਿਆਂ ਅੱਗੇ ਕਦੇ ਕਦੇ ਮਿਸਟਰ ਰੋਲੈਂਡ ਕਹਿ ਕੇ ਗੱਲ ਕਰਦੀ ਸੀ) ਕੀ ਤੁਹਾਨੂੰ ਕੁਝ ਯਾਦ ਹੈ ਕਿ ਜੋਜ਼ਿਫ ਲੇਬਰੂ ਨੇ ਦੂਜੀ ਵਾਰ ਸ਼ਾਦੀ ਕਿਹਦੇ ਨਾਲ ਕਰਾਈ ਸੀ।"

"ਹਾਂ, ਕਾਗਜ਼ ਦੇ ਇਕ ਕਾਰਖਾਨੇਦਾਰ ਦੀ ਕੁੜੀ ਨਾਲ।"

"ਉਹਦੇ ਕਿੰਨੇ ਨਿਆਣੇ ਹਨ ?"

"ਮੇਰੇ ਖਿਆਲ ਵਿੱਚ, ਘੱਟੋ-ਘੱਟ ਚਾਰ ਜਾਂ ਪੰਜ।"

"ਹੂੰ, ਫੇਰ ਉਸ ਪਾਸਿਉਂ ਤਾਂ ਕੋਈ ਆਸ ਨਹੀਂ।"

ਇਸ ਪੁਛ-ਗਿੱਛ ਵਿੱਚ ਉਹ ਉਤਸੁਕ ਹੁੰਦੀ ਗਈ ਤੇ ਛੱਤ ਫੱਟ ਕੇ ਕੁਝ ਮਿਲਣ ਦੀ ਉਹਦੀ ਚਾਹਨਾ ਤੀਬਰ ਹੁੰਦੀ ਗਈ। ਪੀਅਰੇ ਨੂੰ ਆਪਣੀ ਮਾਂ ਨਾਲ ਅਤਿਅੰਤ ਸਨੇਹ ਸੀ ਤੇ ਉਹ ਜਾਣਦਾ ਸੀ ਕਿ ਉਹਦੀ ਮਾਂ ਇਸ ਕਿਸਮ ਦੇ ਸੁਪਨੇ ਲੈਣ ਦੀ ਆਦੀ ਹੈ। ਉਹਨੂੰ ਭੈ ਹੋ ਗਿਆ ਕਿ ਇਹ ਸੁਪਨਾ ਕੋਈ ਖੁਸ਼ਖਬਰੀ ਲਿਆਉਣ ਦੀ ਥਾਂਹ ਜੇ ਕਦੇ ਭੈੜੀ ਸੋਅ ਵਿੱਚ ਬਦਲ ਗਿਆ ਤਾਂ ਉਸ ਦੀ ਮਾਂ ਨੂੰ ਭਾਰਾ ਹੋਕਾ ਲਗੇਗਾ। ਇਸ ਨੌਬਤ ਤੋਂ ਬਚਣ ਲਈ ਉਹ ਬੋਲਿਆ :

"ਮੱਮਾਂ, ਤੂੰ ਇਹੋ ਜਿਹੇ ਸੁਨਹਿਰੀ ਸੁਪਨਿਆਂ ਵਿੱਚ ਕਿਉਂ ਗ੍ਰਸਤ ਹੋ ਗਈ ਏਂ। ਕੋਈ ਅਮੀਰ ਅਮਰੀਕਨ ਚਾਚੇ ਮਰਨ ਵਾਲੇ ਨਹੀਂ। ਜਿਥੋਂ ਤੱਕ ਮੈਂ ਸੋਚ ਸਕਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਂ ਇਹ ਕੋਈ ਜੀਨ ਦੇ ਵਿਆਹ ਵਾਰੇ ਗੱਲ ਹੋਵੇਗੀ।"

ਇਸ ਗੱਲ ਤੇ ਸਾਰੇ ਹੈਰਾਨ ਜਿਹੇ ਹੋ ਗਏ। ਜੀਨ ਕੁਝ ਗਟਮ ਹੋ ਗਿਆ ਕਿ ਰੋਜ਼ਮਿੱਲੀ ਦੀ ਉਪਸਥਿਤੀ ਵਿੱਚ ਉਹਦਾ ਭਰਾ ਇਹੋ ਜਿਹੇ ਵਿਚਾਰ ਪਰਗਟ ਕਰੇ।

"ਮੇਰਾ ਕਿਉਂ ? ਤੇਰਾ ਕਿਉਂ ਨਹੀਂ ? ਤੇਰੀ ਗੱਲ ਮੰਨਣ ਯੋਗ ਨਹੀਂ। ਤੂੰ ਵੱਡਾ ਏਂ ਅਤੇ ਤੇਰੇ ਬਾਰੇ ਪਹਿਲਾਂ ਸੋਚਿਆ ਜਾਣਾ ਚਾਹੀਦਾ ਹੈ। ਮੈਂ ਤਾਂ ਅਜੇ ਸ਼ਾਦੀ ਦੇ ਹੱਕ ਵਿੱਚ ਹੀ ਨਹੀਂ ਹਾਂ।"

ਪੀਅਰੇ ਨੇ ਛਿੱਥਾ ਹੋ ਕੇ ਹੱਸਣ ਦਾ ਯਤਨ ਕੀਤਾ ਤੇ ਕਿਹਾ :

"ਤਾਂ ਤੈਨੂੰ ਜ਼ਰੂਰ ਕਿਸੇ ਨਾਲ ਮਹਬੱਤ ਹੋ ਗਈ ਹੋਵੇਗੀ।"

ਅੱਗੋਂ ਖਿੱਝ ਕੇ ਜੀਨ ਨੇ ਉੱਤਰ ਦਿੱਤਾ :

"ਅਗਰ ਕੋਈ ਅਜੇ ਸ਼ਾਦੀ ਨਾਂ ਕਰਵਾਉਣਾ ਚਾਹੇ ਤਾਂ ਕੀ ਇਸ ਦਾ ਇਹ ਭਾਵ ਹੋਇਆ ਕਿ ਉਹ ਕਿਸੇ ਨਾਲ ਮਹਬੱਤ ਕਰਦਾ ਹੈ ?"

"ਠੀਕ, 'ਅਜੇ' ਸ਼ਬਦ ਤੋਂ ਸਭ ਕੁਝ ਪਤਾ ਲੱਗ ਜਾਂਦਾ ਹੈ ਕਿ ਤੂੰ ਸ਼ਾਦੀ ਦੇ ਇੰਤਜਾਰ ਵਿੱਚ ਹੈਂ।"

"ਚਲੋ, ਜੇ ਤੂੰ ਖੁਸ਼ ਹੈਂ ਤਾਂ ਮੈਂ ਮੰਨ ਜਾਂਦਾ ਹਾਂ ਕਿ ਮੈਂ ਕਿਸੇ ਦੇ ਇੰਤਜ਼ਾਰ ਵਿੱਚ ਹਾਂ।"

ਰੋਲੈਂਡ ਜੋ ਡੂੰਘੀ ਸੋਚ ਵਿੱਚ ਡੁਬਿਆ ਹੋਇਆ ਸੀ ਝਬਦੇ ਜਿਹੇ ਇੰਜ ਬੋਲਿਆ ਜਿਵੇਂ ਇਸ ਬੁਝਾਰਤਾ ਦਾ ਉਹਨੂੰ ਕੋਈ ਹੱਲ ਮਿਲ ਗਿਆ ਹੋਵੇ :

"ਸੌਂਹ ਰੱਬ ਦੀ, ਅਸੀਂ ਸਾਰੇ ਪਾਗਲ ਹੋ ਗਏ ਹਾਂ। ਮਿਸਟਰ ਲਿਕਾਨੂੰ ਸਾਡਾ ਮਿੱਤਰ ਹੈ। ਉਸ ਨੂੰ ਪਤਾ ਹੈ ਕਿ ਪੀਅਰੇ ਨੂੰ ਡਾਕਟਰ ਦੀ ਜਗ੍ਹਾ ਅਤੇ ਜੀਨ ਨੂੰ ਇਕ ਵਕੀਲ ਦੀ ਜਗ੍ਹਾ ਦੀ ਲੋੜ ਹੈ। ਉਸ ਨੇ ਸ਼ਾਇਦ ਕਿਸੇ ਵਾਸਤੇ ਕੋਈ ਪ੍ਰਬੰਧ ਕਰ ਲਿਆ ਹੋਵੇ।"

ਇਸ ਸਾਧਾਰਨ ਵਿਚਾਰ ਨੂੰ ਸਾਰਿਆਂ ਨੇ ਸੰਭਵ ਸਮਝਿਆ ਤੇ ਇਹਦੇ ਨਾਲ ਝੱਟ ਸਾਰੇ ਸਹਿਮਤ ਹੋ ਗਏ।

ਨੌਕਰਾਣੀ ਨੇ ਆਵਾਜ਼ ਦਿੱਤੀ, "ਖਾਣਾ ਤਿਆਰ ਹੈ।" ਟੇਬਲ ਤੇ ਬੈਠਣ ਤੋਂ ਪਹਿਲਾਂ ਸਾਰੇ ਆਪਣਿਆਂ ਆਪਣਿਆਂ ਕਮਰਿਆਂ ਵਿੱਚ ਹੱਥ ਮੂੰਹ ਧੋਣ ਲਈ ਚਲੇ ਗਏ।

ਦੱਸ ਮਿੰਟ ਬਾਅਦ ਉਹ ਸਭ ਹੇਠਲੀ ਮੰਜਿਲ ਦੇ ਛੋਟੇ ਜਿਹੇ ਡਾਈਨਿੰਗ ਰੂਮ ਵਿੱਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆ ਜੁੜੇ ।

ਪਹਿਲਾਂ ਪਹਿਲਾਂ ਤਾਂ ਕੋਈ ਬਹੁਤੀ ਗਲਬਾਤ ਨਾ ਹੋਈ । ਪਰ ਕੁਝ ਮਿੰਟਾਂ ਪਿਛੋਂ ਰੌਲੈਂਡ ਨੇ ਫੇਰ ਨੌਟਰੀ ਦੇ ਮਿਲਣ ਬਾਰੇ ਹੈਰਾਨੀ ਪ੍ਰਗਟ ਕੀਤੀ ।

''ਮੈਂ ਸੰਖੇਪ ਵਿੱਚ ਕਹਿੰਦਾ ਹਾਂ ਕਿ ਉਸ ਨੇ ਚਿੱਠੀ ਕਿਉਂ ਨਹੀਂ ਭੇਜੀ ? ਆਪਣੇ ਬਾਬੂ ਨੂੰ ਉਹਨੇ ਤਿੰਨ ਵਾਰੀ ਕਿਉਂ ਭੇਜਿਆ ਅਤੇ ਆਪ ਕਿਉਂ ਆ ਰਿਹਾ ਹੈ ?''

ਪੀਅਰੇ ਨੂੰ ਸਭ ਕੁਝ ਨਿਰਸੰਦੇਹ ਸੁਭਾਵਿਕ ਹੀ ਲੱਗਾ ਤੇ ਉਹ ਕਹਿਣ ਲੱਗਾ :

"ਉਸ ਨੂੰ ਜਲਦੀ ਉੱਤਰ ਦੀ ਲੋੜ ਹੋਵੇਗੀ । ਸ਼ਾਇਦ ਉਸ ਨੇ ਕਿਸੇ ਗੁਪਤ ਮਾਮਲੇ ਤੇ ਗੱਲ ਕਰਨੀ ਹੋਵੇ ਜਿਸ ਨੂੰ ਉਹ ਲਿਖਤ ਰੂਪ ਨਾ ਦੇਣਾ ਚਾਹੁੰਦਾ ਹੋਵੇ ।''

ਭਾਵੇਂ ਉਹ ਇਸ ਵਿਚਾਰ ਵਿੱਚ ਗ੍ਰਸ਼ਤ ਰਹੇ ਪਰ ਰੋਜ਼ਮਿੱਲੀ ਦੀ ਮੌਜੂਦਗੀ ਕਾਰਣ ਉਹ ਬੰਦਸ਼ ਜਿਹੀ ਅਨੁਭਵ ਕਰਦੇ ਸਨ ਕਿਉਂਕਿ ਉਸ ਦੀ ਹਾਜ਼ਰੀ ਵਿੱਚ ਉਹ ਮੁਆਮਲੇ ਤੇ ਖੁਲ੍ਹ ਕੇ ਵਿਚਾਰ ਨਹੀਂ ਸਨ ਕਰ ਸਕਦੇ ਤੇ ਨਾ ਹੀ ਕਿਸੇ ਸਿੱਟੇ ਤੇ ਪਹੁੰਚ ਸਕਦੇ ਸਨ ।

ਬੈਠਣ ਵਾਲੇ ਕਮਰੇ ਵਿੱਚ ਉਹ ਹਾਲੇ ਉਪਰ ਗਏ ਹੀ ਸਨ ਕਿ ਵਕੀਲ ਦੇ ਆਉਣ ਦੀ ਖਬਰ ਮਿਲੀ ।

ਮਿਸਟਰ ਰੌਲੈਂਡ ਭੱਜ ਕੇ ਅੱਗੇ ਮਿਲਣ ਲਈ ਗਏ :

''ਵਕੀਲ ਸਾਹਿਬ ਆਈਏ, ਸ਼ੁਭ ਦਿਨ ।''

ਰੋਜ਼ਮਿੱਲੀ ਕੁਰਸੀ ਤੋਂ ਉਠੀ ਤੇ ਕਹਿਣ ਲੱਗੀ :

''ਮੈਂ ਹੁਣ ਘਰ ਚਲਾਂ, ਬਹੁਤ ਥੱਕ ਗਈ ਹ ।''

ਉਸ ਨੂੰ ਅਟਕਾਉਣ ਲਈ ਉਨ੍ਹਾਂ ਓਪਰੀ ਜਿਹੀ ਕੋਸ਼ਿਸ਼ ਕੀਤੀ । ਉਹ ਨਾਹ ਕਰਦੀ ਚੱਲ ਪਈ । ਤਿੰਨਾਂ ਆਦਮਿਆਂ ਵਿਚੋਂ ਮਰਯਾਦਾ ਅਨੁਸਾਰ ਕੋਈ ਵੀ ਉਸਦੇ ਨਾਲ ਦਰਵਾਜ਼ੇ ਤੱਕ ਨਾ ਆਇਆ ਤੇ ਉਹ ਇੱਕਲੀ ਹੀ ਚਲੀ ਗਈ ।

ਸ਼੍ਰੀਮਤੀ ਰੌਲੈਂਡ ਨੇ ਘਰ ਆਏ ਵਕੀਲ ਦੀ ਆਉਭਗਤ ਦਾ ਧਿਆਨ ਰਖਿਆ :

"ਮਿਸਟਰ ਲਿਕਾਨੂੰ, ਕਾਫ਼ੀ ਪੀਓਗੇ ?"

"ਨਹੀਂ ਸ਼ੁਕਰੀਆ, ਮੈਂ ਹੁਣੇ ਹੀ ਰੋਟੀ ਖਾ ਕੇ ਆ ਰਿਹਾ ਹਾਂ ।"

"ਫੇਰ ਚਾਹ ਦਾ ਪਿਆਲਾ ।"

"ਮੈਂ ਨਾਂਹ ਤੇ ਨਹੀਂ ਕਰਦਾ, ਪਰ ਕੁਝ ਦੇਰ ਪਿਛੋਂ । ਪਹਿਲਾਂ ਅਸੀਂ ਮਤਲਬ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੱਲ ਕਰ ਲਈਏ।"

ਵਕੀਲ ਦੀ ਇਸ ਗੱਲ ਤੋਂ ਬਾਅਦ ਇਕ ਦੰਮ ਸਨਾਟਾ ਛਾ ਗਿਆ। ਸਿਰਫ ਕਲੌਕ ਦੀ ਟਿਕ ਟਿਕ ਅਤੇ ਹੇਠਲੀ ਮੰਜ਼ਿਲ ਤੇ ਨੌਕਰਾਣੀ ਦੇ ਪਲੇਟਾਂ ਧੋਣ ਦੀ ਆਵਾਜ਼ ਇਸ ਸਨਾਟੇ ਵਿੱਚ ਸੁਣਾਈ ਦੇ ਰਹੀ ਸੀ।

ਵਕੀਲ ਨੇ ਕਹਿਣਾ ਸ਼ੁਰੂ ਕੀਤਾ ;

"ਕੀ ਤੁਸੀਂ ਪੈਰਿਸ ਦੇ ਕਿਸੇ ਮਿਸਟਰ ਮਾਰਸ਼ਲ ਨਾਂ ਦੇ ਆਦਮੀ ਨੂੰ ਜਾਣਦੇ ਹੋ ?"

ਮਿਸਟਰ ਰੌਲੈਂਡ ਅਤੇ ਉਹਦੀ ਪਤਨੀ ਨੇ ਇਕੋ ਸਾਹ ਵਿੱਚ ਜਵਾਬ ਦਿੱਤਾ, "ਹਾਂ ਬਿਲਕੁਲ ਚੰਗੀ ਤਰ੍ਹਾਂ ਜਾਣਦੇ ਹਾਂ।"

"ਕੀ ਉਹ ਤੁਹਾਡੇ ਮਿੱਤਰਾਂ ਵਿਚੋਂ ਸੀ ?

ਮਿਸਟਰ ਰੌਲੈਂਡ ਬੋਲਿਆ :

"ਹਾਂ ਜਨਾਬ, ਮਾਰਸ਼ਲ ਸਾਡਾ ਗੂੜ੍ਹਾ ਮਿੱਤਰ ਸੀ। ਉਹ ਬੜਾ ਮਤਵਾਲਾ ਪੈਰਿਸ-ਨਿਵਾਸੀ ਸੀ। ਆਪਣੀ ਗਲੀ 'ਚੋਂ ਬਾਹਰ ਕਦੇ ਨਹੀਂ ਸੀ ਜਾਂਦਾ। ਖਜ਼ਾਨੇ ਦੇ ਦਫ਼ਤਰ ਵਿੱਚ ਉਹ ਬੜਾ ਬਾਬੂ ਸੀ। ਰਾਜਧਾਨੀ ਛੱਡਣ ਤੋਂ ਬਾਅਦ ਉਹ ਮੈਨੂੰ ਕਦੇ ਨਹੀਂ ਮਿਲਿਆ। ਇਸ ਪਿਛੋਂ ਸਾਡਾ ਚਿੱਠੀ-ਪੱਤਰ ਵੀ ਬੰਦ ਹੋ ਗਿਆ। ਤੁਸੀਂ ਜਾਣਦੇ ਹੋ ਕਿ ਜਦੋਂ ਬੰਦਾ ਅੱਖਾਂ ਤੋਂ ਦੂਰ ਰਹਿੰਦਾ ਹੋਵੇ..............।"

ਗੰਭੀਰ ਭਾਵ ਵਿੱਚ ਵਕੀਲ ਨੇ ਗੱਲ ਨੂੰ ਜਾਰੀ ਰੱਖਿਆ ;

"ਮਿਸਟਰ ਮਾਰਸ਼ਲ ਇਸ ਦੁਨੀਆਂ ਤੋਂ ਚੱਲ ਵੱਸਿਆ ਹੈ।"

ਤੀਵੀਂ ਆਦਮੀ ਦੋਹਾਂ ਨੇ ਕੁਝ ਇਹੋ ਜਿਹਾ ਅਫਸੋਸ ਪ੍ਰਗਟ ਕੀਤਾ ਜਿਹੜਾ ਇਹੋ ਜਿਹੇ ਮੌਕੇ ਤੇ ਸਚਿਉਂ ਝੂਠਿਉਂ ਕੀਤਾ ਹੀ ਜਾਂਦਾ ਹੈ।

ਵਕੀਲ ਨੇ ਕਹਿਣਾ ਜਾਰੀ ਰੱਖਿਆ ;

"ਪੈਰਿਸ ਤੋਂ ਮੇਰੇ ਮਿੱਤਰ ਵਕੀਲ ਨੇ ਹੁਣੇ ਹੀ ਮਾਰਸ਼ਲ ਦੇ ਵਸੀਅਤਨਾਮੇ ਦੀ ਮੁਖ ਧਾਰਾ ਬਾਰੇ ਸੂਚਨਾ ਘੱਲੀ ਹੈ, ਜਿਹਦੇ ਮੁਤਾਬਿਕ ਮਿਸਟਰ ਜੀਨ ਮੁਤਬੰਨਾ ਕਰਾਰ ਦਿੱਤਾ ਗਿਆ ਹੈ।"

ਇਸ ਖਬਰ ਨਾਲ ਸਭ ਨੂੰ ਏਨੀ ਹੈਰਾਨੀ ਹੋਈ ਕਿ ਉਨ੍ਹਾਂ ਦੇ ਮੂੰਹ ਸੀਤੇ ਗਏ।

ਸ਼੍ਰੀਮਤੀ ਰੌਲੈਂਡ ਨੇ ਸਭ ਤੋਂ ਪਹਿਲਾਂ ਆਪਣੇ ਆਪ ਤੇ ਕਾਬੂ ਪਾਇਆ ਤੇ ਥਥਲਾ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੋਲੀ :

"ਵਿਚਾਰਾ ਮਾਰਸ਼ਲ ਸਾਡਾ ਮਿੱਤਰ, ਚਲ ਵਸਿਆ !"

ਉਸ ਦੀਆਂ ਅੱਖਾਂ ਵਿੱਚ ਅੱਥਰੂ ਭਰ ਆਏ ਤੇ ਇਹ ਉਹ ਅੱਥਰੂ ਸਨ ਜਿਹੜੇ ਚੁਪ-ਚਾਪ ਦਿਲ ਦੀਆਂ ਗਹਿਰਾਈਆਂ ਵਿਚੋਂ ਆਪਣੇ ਆਂਪ ਗੱਲ੍ਹਾਂ ਤੋ ਡਲੱਕ ਜਾਂਦੇ ਹਨ ਅਤੇ ਚਮਕੀਲੇ ਹੋਣ ਕਾਰਨ ਸ਼ੋਕਮਈ ਜਾਪਦੇ ਹਨ।

ਪਰ ਮਿਸਟਰ ਰੌਲੈਂਡ ਨੂੰ ਇਸ ਮੌਤ ਨਾਲ ਉਨੇ ਸ਼ੋਕ ਤੇ ਦਰਦ ਦਾ ਖਿਆਲ ਨਾਂ ਹੋਇਆ ਜਿੰਨੀ ਇਸ ਤੋਂ ਉਮੀਦ ਬੱਝ ਗਈ ਸੀ। ਫੇਰ ਵੀ ਉਹ ਵਸੀਅਤ ਦੀਆਂ ਧਾਰਾਵਾਂ ਅਤੇ ਰਕਮ ਬਾਰੇ ਤੁਰੰਤ ਗੱਲਬਾਤ ਦਾ ਹੌਸਲਾ ਨਾ ਕਰ ਸਕਿਆ। ਵਲਾ ਕਰਕੇ ਉਸ ਨੇ ਮਤਲਬ ਦੇ ਪ੍ਰਸ਼ਨ ਤੇ ਆਉਣ ਲਈ ਪੁਛਿਆ :

"ਵਿਚਾਰੇ ਮਾਰਸ਼ਲ ਦੀ ਮੌਤ ਕਿਵੇਂ ਹੋ ਗਈ ?"

ਮਿਸਟਰ ਲਿਕਾਨੂੰ ਨੂੰ ਇਸ ਦਾ ਕੋਈ ਇਲਮ ਨਹੀਂ ਸੀ। ਉਸ ਨੇ ਕਿਹਾ, "ਮੈਂ ਤਾਂ ਇਹ ਜਾਣਦਾ ਹਾਂ, ਉਹ ਲਾਵਾਰਸ ਹੋਣ ਕਾਰਨ ਆਪਣੀ ਸਾਰੀ ਪੂੰਜੀ ਵੀਹ ਹਜ਼ਾਰ ਫਰਾਂਕ ਜਿਹੜੀ ਤਿੰਨ ਫੀ ਸਦੀ ਵਿਆਜ ਤੇ ਲੱਗੀ ਹੋਈ ਹੈ ਤੁਹਾਡੇ ਦੂਸਰੇ ਪੁੱਤਰ ਲਈ ਛੱਡ ਗਿਆ ਹੈ, ਜਿਸ ਨੂੰ ਉਸ ਨੇ ਜੰਮਦਿਆਂ ਪਲਦਿਆਂ ਵੇਖਿਆ ਤੇ ਇਸ ਦੇ ਯੋਗ ਸਮਝਿਆ। ਜੇਕਰ ਮਿਸਟਰ ਜੀਨ ਨੂੰ ਇਹ ਵਿਰਾਸਤ ਪ੍ਰਵਾਨ ਨਾ ਹੋਵੇ ਤਾਂ ਸਾਰੀ ਜਾਇਦਾਦ ਯਤੀਮਖਾਨੇ ਨੂੰ ਚਲੀ ਜਾਏਗੀ।"

"ਬੜਾ ਹਮਦਰਦੀ ਭਰਿਆ ਖਿਆਲ ਹੈ। ਜੇ ਮੇਰਾ ਵੀ ਕੋਈ ਬੱਚਾ ਨਾਂ ਹੁੰਦਾ ਤਾਂ ਮੈਂ ਵੀ ਉਸ ਨੂੰ ਹੀ ਖਿਆਲ ਵਿੱਚ ਰਖਦਾ, ਆਪਣੇ ਪਿਆਰੇ ਦੋਸਤ ਨੂੰ।"

ਮਿਸਟਰ ਰੌਲੈਂਡ ਦੀ ਗੱਲ ਤੇ ਵਕੀਲ ਮੁਸਕਰਾਉਣ ਲੱਗਾ :

"ਮੈਨੂੰ ਬੜੀ ਪ੍ਰਸ਼ੰਨਤਾ ਹੈ ਕਿ ਮੈਂ ਖੁਦ ਇਸ ਮੁਆਮਲੇ ਦੀ ਖਬਰ ਕੀਤੀ ਹੈ। ਲੋਕਾਂ ਨੂੰ ਖੁਸ਼ਖਬਰੀ ਦਸਣੀ ਸਦਾ ਹੀ ਖੁਸ਼ੀ ਦੀ ਗੱਲ ਹੈ।"

ਵਕੀਲ ਨੇ ਇਸ ਗੱਲ ਨੂੰ ਜ਼ਰਾ ਨਾ ਗੌਲਿਆ ਕਿ ਇਹ ਸੁਖਾਵੀਂ ਖਬਰ ਇਕ ਮਿੱਤਰ ਦੀ ਮੌਤ ਬਾਰੇ ਸੀ ਤੇ ਮਿਸਟਰ ਰੌਲੈਂਡ ਦੇ ਉਸ ਗੂੜ੍ਹੇ ਮਿੱਤਰ ਦੀ ਜਿਸ ਦੀ ਮਹੁੱਬਤ ਤੇ ਉਨ੍ਹਾਂ ਨੂੰ ਅਟੁੱਟ ਵਿਸਵਾਸ਼ ਸੀ ਤੇ ਪਰ ਜਿਸ ਨੂੰ ਮਿਸਟਰ ਰੌਲੈਂਡ ਹੁਣ ਭੁਲ ਚੁਕੇ ਸਨ।

ਕੇਵਲ ਸ਼੍ਰੀਮਤੀ ਰੌਲੈਂਡ ਤੇ ਉਸ ਦੇ ਦੋਹਾਂ ਪੁੱਤਰਾਂ ਨੇ ਚਿਹਰਿਆਂ ਤੇ ਉਦਾਸੀਨਤਾ ਕਾਇਮ ਰੱਖੀ। ਸ਼੍ਰੀਮਤੀ ਰੌਲੈਂਡ ਚੁਪ ਚੁਪੀਤੀ ਅੱਥਰੂ ਕੇਰਦੀ ਗਈ ਤੇ ਆਪਣੇ ਰੁਮਾਲ ਨਾਲ ਅੱਖਾਂ ਪੂੰਝਦੀ ਰਹੀ। ਕਦੇ ਕਦੇ ਉੱਚੀਆਂ ਸਿਸਕੀਆਂ ਨੂੰ ਰੋਕਣ ਲਈ ਰੁਮਾਲ ਨਾਲ ਉਹ ਆਪਣੇ ਬੁੱਲ੍ਹ ਘੁੱਟ ਲੈਂਦੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੱਠੀ ਆਵਾਜ਼ ਵਿੱਚ ਡਾਕਟਰ ਬੋਲਿਆ :

"ਉਹ ਬੜਾ ਚੰਗਾ ਹੁੰਦਾ ਸੀ ਤੇ ਸੁਭਾ ਵੀ ਉਸਦਾ ਬਹੁਤ ਠੰਡਾ ਸੀ। ਅਕਸਰ ਉਹ ਸਾਨੂੰ ਦੋਹਾਂ ਭਰਾਵਾਂ ਨੂੰ ਖਾਣੇ ਤੇ ਬੁਲਾਇਆ ਕਰਦਾ ਸੀ।"

ਵੱਡੀਆਂ ਚਮਕਦੀਆਂ ਅੱਖਾਂ ਵਾਲੇ ਜੀਨ ਨੇ ਸੁਭਾਵਿਕ ਹੀ ਆਪਣੀ ਮਨਮੋਹਣੀ ਦਾਹੜੀ ਨੂੰ ਸੱਜੇ ਹੱਥ ਨਾਲ ਘੁਟਿਆ ਤੇ ਉਸ ਵਿੱਚ ਉਂਗਲਾਂ ਫੇਰ ਕੇ ਛੱਡ ਦਿੱਤੀ।

ਉਹਨੇ ਵਾਤਾਵਰਨ ਦੇ ਅਨੁਕੂਲ ਬੋਲਣ ਲਈ ਦੋ ਬਾਰੀ ਬੁਲ੍ਹ ਤੋਂ ਬੁਲ੍ਹ ਚੁਕਿਆ ਪਰ ਕਿਸੇ ਮੁਨਾਸਿਬ ਸੋਝੀ ਦੀ ਅਣਹੋਂਦ ਕਰਕੇ ਉਸਨੇ ਗੱਲ ਮੁਕਾਈ :

"ਮੇਰੇ ਨਾਲ ਮਾਰਸ਼ਲ ਦਾ ਬਹੁਤ ਪ੍ਰੇਮ ਸੀ ਤੇ ਜਦੋਂ ਵੀ ਮੈਂ ਉਹਨੂੰ ਮਿਲਣ ਜਾਂਦਾ ਸੀ ਤਾਂ ਉਹ ਸਦਾ ਮੈਨੂੰ ਚੁੰਮ ਚੁੰਮ ਪਿਆਰ ਕਰਦਾ।"

ਪਰ ਪਿਤਾ ਦੇ ਖਿਆਲ ਹੁਣੇ ਹੁਣੇ ਸੁਣਾਈ ਗਈ ਜਾਇਦਾਦ ਦੁਆਲੇ ਘੋੜੇ ਬਣ ਕੇ ਤੇਜ਼ ਦੌੜ ਦੌੜ ਰਹ ਸਨ ਇਹ ਜਾਇਦਾਦ। ਕੇਵਲ ਇਹ ਚਾਰ੍ਹਸ਼ਬਦ "ਮੈਂ ਪ੍ਰਵਾਨ ਕਰਦਾ ਹਾਂ" ਕਹਿਣ ਪਿਛੋਂ ਇਕ ਦੰਮ ਅਗਲੇ ਦਿਨ ਉਨ੍ਹਾਂ ਦੀ ਆਪਣੀ ਹੋ ਜਾਵੇਗੀ।

ਉਸ ਨੇ ਪੁੱਛਿਆ :

"ਇਸ ਵਿੱਚ ਕੋਈ ਝਗੜਾ ਵਗੈਰਾ ਤਾਂ ਨਹੀਂ ? ਕੋਈਮੁਕੱਦਮਾਂ ਜਾਂ ਦਾਅਵੇਦਾਰ।"

ਮਿਸਟਰ ਲਿਕਾਨੂੰ ਨੇ ਠਰਮ੍ਹੇ ਨਾਲ ਉੱਤਰ ਦਿੱਤਾ :

"ਪੈਰਿਸ ਤੋਂ ਮੇਰੇ ਸਾਥੀ ਵਕੀਲ ਨੇ ਦਸਿਆ ਹੈ ਕਿ ਮਾਮਲਾ ਬਿਲਕੁਲ ਗੁੰਝਲਦਾਰ ਨਹੀਂ। ਕੇਵਲ ਮਿਸਟਰ ਜੀਨ ਦੀ 'ਹਾਂ' ਦੀ ਲੋੜ ਹੈ।"

"ਤਾਂ ਤੇ ਅੱਛਾ ਹੈ। ਭਾਗ ਖੁਲ੍ਹ ਗਏ ਨਾ ?"

"ਬਿਲਕੁਲ"।

"ਸਭ ਕਾਰਵਾਇਆਂ ਪੂਰੀਆਂ ਹੋ ਗਈਆਂ ਹਨ ?"

"ਸਭ।"

ਅਚਾਣਕ ਹੀ ਬੁੱਢੇ ਜੌਹਰੀ ਨੇ ਸ਼ਰਮ ਜਿਹੀ ਦੀ ਛੁਹ ਮਹਿਸੂਸ ਕੀਤੀ, ਉਹ ਅਸਥਿਰ ਤੇ ਸੁਭਾਵਿਕ ਸ਼ਰਮ ਜਿਹੜੀ ਉਸ ਨੂੰ ਹਰ ਗੱਲ ਦੀ ਕਾਹਲੀ ਵਿੱਚ ਪਕਿਆਈ ਕਰਦਿਆਂ ਅਨੁਭਵ ਹੁੰਦੀ ਸੀ। ਗੱਲਬਾਤ ਦੇ ਸਿਲਸਿਲੇ ਨੂੰ ਜਾਰੀ ਰਖਦਾ ਹੋਇਆ ਰੌਲੈਂਡ ਬੋਲਿਆ :

"ਤੁਸੀਂ ਤਾਂ ਸਮਝਦੇ ਹੀ ਹੋ ਕਿ ਇਹ ਸਭ ਕੁਝ ਮੈਂ ਇਸ ਲਈ ਪੁੱਛ ਰਿਹਾ ਹਾਂ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਛੋਂ ਕਿਤੇ ਮੇਰੇ ਪੁੱਤਰ ਨੂੰ ਕਿਸੇ ਐਸੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਜਿਸ ਦਾ ਹੁਣ ਉਹ ਕਿਆਮ ਨਾ ਕਰ ਸਕੇ। ਅਜਿਹੇ ਮਾਮਲਿਆਂ ਵਿੱਚ ਕਈ ਪਰੇਸ਼ਾਨੀਆਂ, ਕਰਜ਼ੇ, ਉਧਾਰ ਵਗੈਰਾ ਹੁੰਦੇ ਹਨ ਤੇ ਬੰਦਾ ਮਸੀਬਤਾਂ ਵਿੱਚ ਫੱਸ ਜਾਂਦਾ ਹੈ। ਭਾਵੇਂ ਵਸੀਅਤ ਦਾ ਮੇਰੇ ਨਾਲ ਕੋਈ ਮਤਲਬ ਨਹੀਂ ਤਾਂ ਵੀ 'ਛੋਟੇ' ਵਾਰੇ ਮੈਂ ਹਰ ਪਖੋਂ ਸਾਵਧਾਨੀ ਵਰਤਣੀ ਹੈ।"

ਜੀਨ ਭਾਵੇਂ ਪੀਅਰੇ ਨਾਲੋਂ ਕਿਤੇ ਉੱਚਾ ਸੀ, ਫਿਰ ਵੀ ਘਰ ਵਿੱਚ ਉਸ ਨੂੰ ਸਦਾ 'ਛੋਟਾ' ਕਹਿ ਕੇ ਹੀ ਬੁਲਾਇਆ ਜਾਂਦਾ।

ਸ਼੍ਰੀਮਤੀ ਰੌਲੈਂਡ ਜਿਵੇਂ ਸੁਤੇ ਸੁਧ ਹੀ ਸੁਪਨੇ ਵਿੱਚੋਂ ਉਬੜ ਕੇ ਜਾਗੀ ਹੋਵੇ ਤੇ ਕਿਸੇ ਭੁਲੀ, ਪੁਰਾਣੀ ਘਟਨਾ ਨੂੰ ਯਾਦ ਕਰਦੀ ਹੋਈ ਥੱਥਲਾਉਣ ਲੱਗੀ:

"ਕੀ ਤੁਸੀਂ ਕਹਿ ਰਹੇ ਹੋ ਕਿ ਸਾਡਾ ਬਦਨਸੀਬ ਮਿੱਤਰ ਮਾਰਸ਼ਲ ਆਪਣੀ ਪੂਰੀ ਜਾਇਦਾਦ ਮੇਰੇ ਨਿੱਕੇ ਜੀਨ ਲਈ ਛੱਡ ਗਿਆ ਹੈ?"

CC 7006

"ਹਾਂ, ਸ਼੍ਰੀਮਤੀ ਜੀ।"

ਸ਼੍ਰੀਮਤੀ ਰੌਲੈਂਡ ਨੇ ਉੱਤਰ ਵਜੋਂ ਕਿਹਾ:

"ਮੈਨੂੰ ਬੇਅੰਤ ਖੁਸ਼ੀ ਹੈ ਕਿਉਂਕਿ ਇਹ ਉਸਦੇ ਪਿਆਰ ਦਾ ਸਬੂਤ ਹੈ।"

ਮਿਸਟਰ ਰੌਲੈਂਡ ਉੱਠ ਕੇ ਖੜਾ ਹੋ ਗਿਆ।

"ਹਾਂ ਜਨਾਬ, ਕੀ ਤੁਹਾਡੀ ਇੱਛਾ ਹੈ ਕਿ ਮੇਰਾ ਪੁੱਤਰ ਪ੍ਰਵਾਨਗੀ ਵਜੋਂ ਹੁਣੇ ਹੀ ਕਾਗਜ਼ਾਂ ਤੇ ਦਸਖਤ ਕਰੇ?"

ਨਹੀਂ, ਨਹੀਂ ਮਿਸਟਰ ਰੌਲੈਂਡ। ਕੱਲ-ਕੱਲ ਦੋ ਬਜੇ ਮੇਰੇ ਦਫ਼ਤਰ ਵਿੱਚ। ਉਮੀਦ, ਹੈ ਇਹ ਵੇਲਾ ਤੁਹਾਨੂੰ ਸੁਵਿਧਾ-ਜਨਕ ਹੋਵੇਗਾ।

"ਹਾਂ, ਹਾਂ-ਪੱਕਾ।"

ਸ਼੍ਰੀਮਤੀ ਰੌਲੈਂਡ ਹੁਣ ਉੱਠ ਕੇ ਖਲੋ ਗਈ। ਹੰਝੂ ਕੇਰਨ ਪਿਛੋਂ ਉਹ ਮੁਸਕਰਾ ਰਹੀ ਸੀ। ਦੋ ਕਦਮ ਵਕੀਲ ਵਲ ਮੁੜੀ ਤੇ ਉਸ ਦੀ ਕੁਰਸੀ ਤੇ ਹੱਥ ਧਰ ਦਿੱਤਾ। ਸੁਕਰਗੁਜ਼ਾਰ ਮਾਂ ਦੀ ਕੋਮਲ ਤਕੱਣੀ ਨਾਲ ਵਕੀਲ ਤੇ ਨਜ਼ਰ ਸੁਟਦੀ ਨੇ ਪੁਛਿਆ:

"ਮਿਸਟਰ ਲਿਕਾਨੂੰ, ਉਹ ਚਾਹ ਦਾ ਪਿਆਲਾ ਯਾਦ ਹੈ?"

"ਹਾਂ, ਮੈਂ ਹੁਣ ਪੀਵਾਂਗਾ, ਬੜੀ ਖੁਸ਼ੀ ਨਾਲ।"

ਨੌਕਰਾਣੀ ਨੂੰ ਬੁਲਾਇਆ ਤੇ ਸਭ ਤੋਂ ਪਹਿਲਾਂ ਉਹ ਟੀਨ ਦੇ ਡੱਬਿਆਂ ਵਿਚੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੇਸੁਆਦੇ ਬਿਸਕੁਟ ਲਿਆਈ। ਇਹ ਬਿਸਕੁਟ ਏਨੇ ਸਖ਼ਤ ਸਨ, ਜਿਵੇਂ ਇਹ ਤੋਤੇ ਦੀ ਤੇਜ਼ ਚੁੰਜ ਵਾਸਤੇ ਬਣਾਏ ਹੋਣ। ਇਸ ਤੋਂ ਬਾਅਦ ਉਹ ਰੰਗ ਬਰੰਗੇ ਚੋਫਲੀ ਤਹਿ ਕੀਤੇ ਹੋਏ ਨੈਪਕਿਨ ਲਿਆਈ। ਸਰਫਾ ਕਰਨ ਵਾਲੇ ਟੱਬਰਾਂ ਵਿੱਚ ਇਹੋ ਜਿਹੇ ਨੈਪਕਿਨ ਘੱਟ ਵੱਧ ਹੀ ਧੋਤੇ ਜਾਂਦੇ ਹਨ। ਤੀਜੀ ਬਾਰੀ ਖੰਡ ਦਾ ਡੱਬਾ ਅਤੇ ਕੱਪ ਛੱਡ ਗਈ। ਫੇਰ ਬਾਹਰ ਜਾ ਕੇ ਉਹਨੇ ਪਾਣੀ ਉਬਲਾਣਾ ਸ਼ੁਰੂ ਕਰ ਦਿੱਤਾ।

ਸਾਰੇ ਲੋਕ ਇਸ ਸਮੇਂ ਇੰਤਜ਼ਾਰ ਵਿੱਚ ਬੈਠੇ ਰਹੇ।

ਕੋਈ ਬੋਲ ਵੀ ਨਹੀਂ ਸਕਿਆ ਕਿਉਂਕਿ ਸਭ ਕੋਲ ਸੋਚਣ ਵਾਸਤੇ ਬਹੁਤ ਕੁਝ ਸੀ ਤੇ ਬੋਲਣ ਲਈ ਘੱਟ। ਕੇਵਲ ਸ਼੍ਰੀਮਤੀ ਰੌਲੈਂਡ ਹੀ ਸਾਧਾਰਨ ਜਿਹੀਆਂ ਗੱਲਾਂ ਕਰਦੀ ਰਹੀ। ਉਸ ਨੇ ਅੱਜ ਦੀ ਪਿਕਨਿਕ ਦਾ ਜ਼ਿਕਰ ਕੀਤਾ। 'ਪਰਲ' ਜਹਾਜ਼ ਅਤੇ ਰੋਜ਼ਮਿੱਲੀ ਦੀ ਵੀ ਤਾਰੀਫ ਕੀਤੀ।

"ਬਹੁਤ ਮਨਮੋਹਨੀ ਔਰਤ ਹੈ।" ਵਕੀਲ ਨੇ ਪੁਸ਼ਟੀ ਕੀਤੀ।

ਮਿਸਟਰ ਰੌਲੈਂਡ ਸੰਗੇਮਰਮਰ ਦੀ ਅੰਗੀਠੀ ਦੇ ਸਹਾਰੇ ਢੋਹ ਲਾਕੇ ਟੇਢਾ ਲਿਟਿਆ ਹੋਇਆ ਸੀ ਜਿਵੇਂ ਸਿਆਲਾਂ ਵਿੱਚ ਅੱਗ ਸੇਕੀਦੀ ਹੈ। ਹੱਥ ਉਸ ਨੇ ਜੇਬਾਂ ਵਿੱਚ ਪਾ ਰਖੇ ਸਨ ਤੇ ਬੁਲ੍ਹ ਉਪਰ ਚੜ੍ਹਾਏ ਹੋਏ ਜਿਵੇਂ ਉਹ ਸੀਟੀ ਬਜਾਉਣ ਲੱਗਾ ਹੋਵੇ। ਖੁਸ਼ੀ ਵਿੱਚ ਉਹ ਮਿਉਂਦਾ ਨਹੀਂ ਸੀ। ਇਹੋ ਜਿਹੀ ਖੁਸ਼ੀ ਨੂੰ ਢਿਡ ਵਿੱਚ ਲਪੇਟੀ ਰਖਣਾ ਉਹਦੇ ਵਾਸਤੇ ਅਸਹਿ ਹੋ ਰਿਹਾ ਸ ।।

ਦੋਵੇਂ ਭਰਾ ਇਕੋ ਜਿਹੀਆਂ ਕੁਰਸੀਆਂ ਤੇ ਲੱਤਾ ਉਪਰ ਲੱਤ ਚੜ੍ਹਾ ਕੇ ਵਿਚਕਾਰਲੇ ਗੋਲ ਮੇਜ਼ ਦੇ ਸੱਜੇ ਖੱਬੇ ਬੈਠੇ ਸਾਹਮਣੇ ਤੱਕ ਰਹੇ ਸਨ। ਪਰ ਉਨ੍ਹਾਂ ਦੇ ਚੇਹਰਿਆਂ ਉਪਰ ਵੱਖਰੇ ਵੱਖਰੇ ਭਾਵ ਸਨ।

ਅਖੀਰ ਚਾਹ ਆਈ। ਵਕੀਲ ਨੇ ਚਾਹ ਲਈ ਤੇ ਉਸ ਵਿੱਚ ਖੰਡ ਮਿਲਾ ਕੇ ਪੀਣੀ ਸ਼ੁਰੂ ਕੀਤੀ। ਨਾਲ ਹੀ ਚਾਹ ਵਿੱਚ ਡੋਬ ਕੇ ਦੋ ਸਖ਼ਤ ਜਿਹੇ ਬਿਸਕੁਟ ਵੀ ਚੱਬੇ। ਇਸ ਤੋਂ ਪਿਛੋਂ ਵਕੀਲ ਨੇ ਉਠ ਕੇ ਸਭ ਨਾਲ ਹੱਥ ਮਿਲਾਇਆ ਤੇ ਚਲਾ ਗਿਆ।

"ਤਾਂ ਫੈਸਲਾ ਇਹ ਹੋਇਆ ਕਿ ਕੱਲ ਤੁਹਾਡੇ ਦਫ਼ਤਰ ਵਿੱਚ ਦੋ ਵਜੇ," ਮਿਸਟਰ ਰੌਲੈਂਡ ਨੇ ਪਕਿਆਈ ਵਜੋਂ ਦੁਹਰਾਇਆ।

"ਬਿਲਕੁਲ ਠੀਕ, ਕੱਲ ਦੋ ਵਜੇ।" ਵਕੀਲ ਨੇ ਜਾਂਦਿਆਂ ਜਾਂਦਿਆਂ ਆਖਿਆ।
ਜੀਨ ਨੇ ਕੁਝ ਵੀ ਗੱਲ ਨਹੀਂ ਸੀ ਕੀਤੀ।

ਵਕੀਲ ਦੇ ਟੁਰ ਜਾਣ ਤੋਂ ਬਾਅਦ ਵੀ ਕੁਝ ਚਿਰ ਕੋਈ ਹਿਲਜੁਲ ਨਾ ਹੋਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਖਰ ਰੌਲੈਂਡ ਨੇ ਆਪਣੇ ਛੋਟੇ ਪੁੱਤਰ ਦੇ ਮੋਢਿਆਂ ਤੇ ਦੋਵੇਂ ਹੱਥ ਧਰਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ :

"ਓਏ ਬਦਮਾਸ਼, ਖੁਸ਼ਕਿਸਮਤ ਕਤੂਰੇ, ਆਪਣੇ ਪਿਉ ਨੂੰ ਜੱਫੀ ਕਿਉਂ ਨਹੀਂ ਪਾਉਂਦਾ ?"

ਜੀਨ ਮੁਸਕਰਾਇਆ ਤੇ ਪਿਤਾ ਨੂੰ ਚੁੰਮਦਾ ਹੋਇਆ ਬੋਲਿਆ :

"ਇਹ ਕੋਈ ਜ਼ਰੂਰੀ ਨਹੀਂ ।"

ਪਰ ਪਿਤਾ ਦੀ ਪ੍ਰਸੰਨਤਾ ਦਾ ਕੋਈ ਅੰਤ ਨਹੀਂ ਸੀ। ਉਸ ਦੇ ਪੈਰ ਭੁੰਜੇ ਨਹੀ ਧਨ ਲਗਦੇ। ਇਧਰ ਉੱਧਰ ਘੁੰਮਦਾ ਉਹ ਫਰਨੀਚਰ ਤੇ ਆਪਣੀਆਂ ਬੇਢਬੀਆਂ ਉਂਗਲਾਂ ਨਾਲ ਢੋਲਕੀ ਬਜਾ ਰਿਹਾ ਸੀ ਤੇ ਅੱਡੀਆਂ ਤੇ ਉੱਛਲ ਉੱਛਲ ਕੇ ਘੁੰਮ ਰਿਹਾ ਸੀ। ਸਰੂਰ ਵਿੱਚ ਉਹ ਕਹਿ ਉਠਿਆ :

"ਭਾਗ ਜਾਗ ਪਏ, ਸੱਚ ਮੁੱਚ ਭਾਗ ਜਾਗ ਪਏ ।"

ਪੀਅਰੇ ਨੇ ਪਿਤਾ ਨੂੰ ਸੰਬੋਧਨ ਕਰਕੇ ਪੁਛਿਆ :

"ਤਾਂ, ਉਸ ਸਮੇਂ ਤੁਸੀਂ ਮਾਰਸ਼ਲ ਨੂੰ ਚੰਗੀ ਤਰ੍ਹਾਂ ਜਾਣਦੇ ਸੀ ?"

ਪਿਤਾ ਨੇ ਉੱਤਰ ਦਿੱਤਾ :

"ਵਾਹ, ਸ਼ਾਮ ਵੇਲੇ ਤਾਂ ਉਹ ਸਦਾ ਸਾਡੇ ਹੀ ਘਰ ਰਹਿੰਦਾ ਸੀ। ਕੀ ਤੈਨੂੰ ਚੇਤਾ ਨਹੀਂ ਹੈ ਕਿ ਛੁੱਟੀਆਂ ਸਮੇਂ ਉਹ ਕਾਲਿਜ ਤੋਂ ਤੈਨੂੰ ਲੈਣ ਵਾਸਤੇ ਜਾਂਦਾ ਹੁੰਦਾ ਸੀ ਤੇ ਆਮ ਕਰਕੇ ਖਾਣੇ ਤੋਂ ਬਾਦ ਤੈਨੂੰ ਵਾਪਸ ਲੈ ਜਾਂਦਾ ਸੀ ? ਜਿਸ ਦਿਨ ਜੀਨ ਦਾ ਜਨਮ ਹੋਇਆ, ਉਹੀ ਤਾਂ ਡਾਕਟਰ ਨੂੰ ਬੁਲਾ ਕੇ ਲਿਆਇਆ ਸੀ। ਉਹ ਸਾਡੇ ਘਰ ਬ੍ਰੇਕਫਾਸਟ ਕਰ ਰਿਹਾ ਸੀ ਜਦੋਂ ਤੇਰੀ ਮਾਂ ਨੇ ਤਕਲੀਫ ਮਹਿਸੂਸ ਕੀਤੀ। ਅਸੀਂ ਝੱਟ ਭਾਂਪ ਗਏ ਕਿ ਕੀ ਗੱਲ ਹੈ ਤੇ ਬੱਸ ਉਹ ਭਜ ਗਿਆ। ਕਾਹਲੀ ਵਿੱਚ ਉਹ ਆਪਣੀ ਟੋਪੀ ਦੀ ਬਜਾਏ ਮੇਰੀ ਟੋਪੀ ਲੈ ਗਿਆ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਇਸ ਗੱਲ ਨੂੰ ਦੁਹਰਾ ਕੇ ਅਸੀਂ ਪਿਛੋਂ ਕਈ ਬਾਰੀ ਹਸਿਆ ਕਰਦੇ ਸੀ। ਹੋ ਸਕਦਾ ਹੈ ਕਿ ਮਰਨ ਸਮੇਂ ਇਹ ਘਟਨਾ ਉਹਦੀਆਂ ਅੱਖਾਂ ਅੱਗੇ ਹੋਵੇ ਕਿਉਂਕਿ ਉਹਦਾ ਆਪਣਾ ਕੋਈ ਬੱਚਾ ਨਹੀਂ ਸੀ ਤੇ ਹੋ ਸਕਦਾ ਹੈ ਕਿ ਆਖਰੀ ਸਮੇਂ ਉਸ ਨੇ ਆਪਣੇ ਆਪ ਨੂੰ ਆਖਿਆ ਹੋਵੇ, 'ਛੋਟੇ' ਦੇ ਜਨਮ ਵਿੱਚ ਮੈਂ ਆਪਣੀ ਸਹਾਇਤਾ ਪ੍ਰਦਾਨ ਕੀਤੀ ਸੀ ਅਤੇ ਹੁਣ ਮੈਂ ਆਪਣੀ ਜਾਇਦਾਦ ਵੀ ਉਸ ਨੂੰ ਹੀ ਲਿਖ ਜਾਵਾਂ ।"

ਸ਼੍ਰੀਮਤੀ ਰੌਲੈਂਡ ਯਾਦਾਂ ਵਿੱਚ ਡੁਬੀ ਆਰਾਮ ਕੁਰਸੀ ਤੇ ਬੈਠੀ ਸੀ। ਮਦਹੋਸ਼ੀ ਵਿੱਚ ਜਿਵੇਂ ਬੋਲ ਬੋਲ ਕੇ ਸੋਚ ਰਹੀ ਹੋਵੇ, ਉਹ ਧੀਰੇ ਜਿਹੇ ਬੋਲੀ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਹਾਏ, ਬੜਾ ਨੇਕ ਮਿੱਤਰ ਸੀ ਜਿਹੜਾ ਵਫ਼ਾ ਦੀ ਕੀਮਤ ਜਾਣਦਾ ਸੀ। ਦੁਰਲੱਭ ਵੇਲਿਆਂ ਵਾਂਗ ਦੁਰਲੱਭ ਆਦਮੀ ਸੀ।"

ਜੀਨ ਉਠ ਕੇ ਬੋਲਿਆ :

"ਮੈਂ ਤਾਂ ਥੋੜ੍ਹੀ ਸੈਰ ਵਾਸਤੇ ਜਾਵਾਗਾਂ।"

ਉਹਦੇ ਪਿਤਾ ਨੂੰ ਇਸ ਗੱਲ ਤੇ ਬੜਾ ਅਚੰਭਾ ਹੋਇਆ ਤੇ ਉਹ ਜੀਨ ਨੂੰ ਰੋਕਣਾ ਚਾਹੁੰਦਾ ਸੀ ਕਿਉਂਕਿ ਉਨ੍ਹਾਂ ਇਸ ਮਾਮਲੇ ਤੇ ਵਿਚਾਰ ਕਰਕੇ ਕੋਈ ਫੈਸਲਾ ਕਰਨਾ ਸੀ। ਪਰ ਨੌਜੁਆਨ ਨੇ ਹੱਠ ਕੀਤਾ ਤੇ ਇਹ ਵੀ ਬਹਾਨਾ ਕੀਤਾ ਕਿ ਉਹਨੇ ਕਿਸੇ ਨੂੰ ਮਿਲਣ ਵਾਸਤੇ ਕਿਹਾ ਹੋਇਆ ਹੈ। ਨਾਲੇ ਵਸੀਅਤ ਕਬਜ਼ੇ ਵਿੱਚ ਆਉਣ ਤੋਂ ਪਹਿਲਾਂ ਕਿਸੇ ਫੈਸਲੇ ਤੇ ਪਹੁੰਚਣ ਲਈ ਉਨ੍ਹਾਂ ਕੋਲ ਚੋਖਾ ਸਮਾਂ ਬਾਕੀ ਸੀ।

ਜੀਨ ਨੇ ਜ਼ਿੱਦ ਕੀਤੀ ਕਿ ਉਸ ਨੇ ਕਿਸੇ ਨੂੰ ਮਿਲਣਾ ਹੈ। ਉਹ ਬਹਾਨਾ ਬਣਾ ਕੇ ਇਸ ਖਿਆਲ ਨਾਲ ਬਾਹਰ ਚਲਾ ਗਿਆ ਕਿ ਇਕਾਂਤ ਵਿੱਚ ਉਹ ਕੁਝ ਵਿਚਾਰ ਕਰੇਗਾ। ਪੀਅਰੇ ਵੀ ਕਹਿਣ ਲੱਗਾ ਕਿ ਉਹ ਬਾਹਿਰ ਜਾਏਗਾ ਤੇ ਕੁਝ ਮਿੰਟਾਂ ਪਿਛੋਂ ਆਪਣੇ ਭਰਾ ਦੇ ਪਿਛੇ ਪਿਛੇ ਚਲਾ ਗਿਆ।

ਹੁਣ ਜਦੋਂ ਰੌਲੈਂਡ ਤੇ ਉਹਦੀ ਪਤਨੀ ਘਰ ਇੱਕਲੇ ਸਨ, ਰੌਲੈਂਡ ਨੇ ਉਸ ਨੂੰ ਆਪਣੀਆਂ ਬਾਹਾਂ ਵਿੱਚ ਲੈ ਕੇ ਕੋਈ ਦਸ ਕੁ ਬਾਰੀ ਕੱਲੀ ਕੱਲੀ ਗੱਲ੍ਹ ਤੇ ਚੁੰਮਿਆ। ਸ਼੍ਰੀਮਤੀ ਰੌਲੈਂਡ ਇਹੋ ਜਿਹੇ ਸਮੇਂ ਉਪਰੋਂ ਉਪਰੋਂ ਗਿਲਾ ਕਰਦੀ ਹੁੰਦੀ ਸੀ। ਗਿਲੇ ਦੇ ਉੱਤਰ ਵਿੱਚ ਰੌਲੈਂਡ ਕਹਿਣ ਲੱਗਾ :

"ਵੇਖਿਆ ਡਾਰਲਿੰਗ, ਆਪਣੀ ਸਿਹਤ ਨੂੰ ਕਾਇਮ ਰੱਖਣ ਵਾਸਤੇ ਸਾਡੇ ਏਥੇ ਆਉਣ ਦੀ ਬਜਾਏ ਜੇ ਅਸੀਂ ਪੈਰਿਸ ਵਿੱਚ ਹੀ ਬੱਚਿਆਂ ਦੀ ਖਾਤਰ ਮਰਦੇ ਸਮੇਂ ਤੱਕ ਕੰਮ ਕਰਦੇ ਰਹਿੰਦੇ ਤਾਂ ਵੀ ਕੋਈ ਲਾਭ ਨਹੀਂ ਸੀ ਹੋਣਾ। ਰੱਬ ਨੇ ਸਾਨੂੰ ਛੱਤ ਪਾੜ ਕੇ ਦੇ ਦਿੱਤਾ ਹੈ।"

ਉਹ ਜਰਾ ਗੰਭੀਰ ਹੋ ਕੇ ਕਹਿਣ ਲੱਗੀ :

"ਜੀਨ ਦੀ ਕਿਸਮਤ ਤਾਂ ਖੁਲ ਗਈ, ਪਰ ਪੀਅਰੇ.....................?"

"ਕਿਉਂ ? ਪੀਅਰੇ ਡਾਕਟਰ ਹੈ। ਉਹ ਪੈਸਾ ਕਮਾ ਲਵੇਗਾ। ਨਾਲੇ ਉਸ ਦਾ ਭਰਾ ਵੀ ਤੇ ਉਹਦੇ ਵਾਸਤੇ ਕੁਝ ਕਰੇਗਾ।" ਰੌਲੈਂਡ ਨੇ ਉੱਤਰ ਦਿੱਤਾ।

ਉਹ ਫੇਰ ਕਹਿਣ ਲੱਗੀ :

"ਨਹੀਂ, ਪੀਅਰੇ ਕੁਝ ਵੀ ਨਹੀਂ ਕਬੂਲ ਕਰੇਗਾ ਤੇ ਨਾਲੇ ਵਸੀਅਤ ਤਾਂ ਜੀਨ ਦੇ ਨਾਂ ਦੀ ਹੈ, ਕੇਵਲ ਜੀਨ ਦੇ। ਇਸ ਕਰਕੇ ਪੀਅਰੇ ਆਪਣੇ ਆਪ ਨੂੰ ਘਾਟੇ ਵਿੱਚ ਮਹਿਸੂਸ ਕਰੇਗਾ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚਾਰਾ ਰੌਲੈਂਡ ਛਛੋਪੰਜ ਵਿੱਚ ਪੈ ਗਿਆ ।

"ਤਾਂ ਅਸੀਂ ਆਪਣੀ ਵਸੀਅਤ ਵਿੱਚ ਉਹਦੇ ਵਾਸਤੇ ਬਹੁਤਾ ਲਿਖ ਜਾਵਾਂਗੇ ।"

"ਉਹ ਵੀ ਨਿਆਂ ਨਹੀਂ ਹੋਵੇਗਾ ।" ਉਹ ਚੀਖ ਉੱਠੀ ।

"ਹਾਂ, ਤੇ ਫੇਰ ਤੇਰੇ ਖਿਆਲ ਵਿੱਚ ਮੈਂ ਕੀ ਕਰਾਂ ? ਤੂੰ ਸਦਾ ਹਰ ਗੱਲ ਵਿੱਚ ਬੇਸੁਆਦੀ ਕਰਦੀ ਹੈਂ । ਮੇਰੀ ਖੁਸ਼ੀ ਦਾ ਤੂੰ ਗੱਲ ਘੁੱਟ ਛਡਿਆ ਹੈ । ਮੈਂ ਸੌਣ ਲੱਗਾ ਹਾਂ । ਸ਼ੁਭ ਰਾਤਰੀ । ਪਰ ਫੇਰ ਵੀ ਇਹ ਸਾਡੇ ਬੂਹੇ ਤੇ ਲਕਸ਼ਮੀ ਆਪ ਚਲ ਕੇ ਆਈ ਹੈ ।" ਇਹ ਕਹਿੰਦਾ ਹੋਇਆ ਉਹ ਚਲਾ ਗਿਆ । ਇਹ ਗੱਲ ਕਹਿਣ ਵਿੱਚ ਉਸ ਨੂੰ ਅਪਣੇ ਮਿੱਤਰ ਦਾ ਰੱਤਾ ਖਿਆਲ ਨਾ ਰਿਹਾ ਜਿਹੜਾ ਮਰਨ ਸਮੇਂ ਵੀ ਮਖੀ-ਸੁਭਾ ਪ੍ਰਗਟਾ ਗਿਆ ।

ਸ਼੍ਰੀਮਤੀ ਰੌਲੈਂਡ ਧੂਆਂ ਛੱਡਦੀ ਬੱਤੀ ਕੋਲ ਬੈਠੀ ਫੇਰ ਸੁਪਨੇ ਵੇਖਣ ਲੱਗ ਪਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਆਕੁਲ ਪੀਅਰੇ

ਘਰੋਂ ਬਾਹਰ ਨਿਕਲਦਾ ਹੀ ਪੀਅਰੇ ਹਾਵਰ ਦੀ ਮੁੱਖ ਸੜਕ ਵੱਲ ਮੁੜਿਆ ਜਿਥੇ ਬੜੀ ਰੋਸ਼ਨੀ ਅਤੇ ਖ਼ੂਬ ਰੌਣਕ ਸੀ। ਸਮੁੰਦਰ ਦੀ ਤਾਜ਼ੀ ਹਲਕੀ ਹਵਾ ਰੁਮਕ ਰੁਮਕ ਉਸ ਦੇ ਚਿਹਰੇ ਨੂੰ ਛੇੜ ਰਹੀ ਸੀ। ਆਪਣੀ ਸੋਟੀ ਨੂੰ ਕੱਛ ਵਿਚ ਦਬਾਕੇ ਹੱਥ ਕਮਰ ਪਿੱਛੇ ਜੰਭਲੀ ਮਾਰ ਕੇ ਹੌਲੀ ਹੌਲੀ ਸੋਚਾਂ ਵਿੱਚ ਗੁੰਮ ਉਹ ਤੁਰਿਆ ਜਾ ਰਿਹਾ ਸੀ।

ਉਹ ਕੁਝ ਵਿਆਕੁਲ ਵੀ ਹੁੰਦਾ ਗਿਆ। ਉਸ ਦੀ ਮਾਯੂਸੀ ਵੱਧਦੀ ਗਈ ਜਿਵੇਂ ਉਸ ਨੇ ਕੋਈ ਭੈੜੀ ਖ਼ਬਰ ਸੁਣੀ ਹੋਵੇ। ਇਸ ਬੇਸੁਆਦ ਅਨੁਭਵ ਨੇ ਹਾਲੇ ਕਿਸੇ ਸੋਚ ਦਾ ਰੂਪ ਧਾਰਨ ਨਹੀਂ ਸੀ ਕੀਤਾ। ਜੇਕਰ ਕੋਈ ਉਸ ਨੂੰ ਨਿਰਾਸ਼ਾ ਅਤੇ ਬੇਚੈਨੀ ਦਾ ਅਚਾਨਕ ਹੀ ਕਾਰਣ ਪੁੱਛ ਬੈਠੇ ਤਾਂ ਉਹਦੇ ਕੋਲ ਇਹਦਾ ਕੋਈ ਉੱਤਰ ਨਹੀਂ ਸੀ। ਉਸ ਦਾ ਰੰਗ ਬਦਲ ਗਿਆ। ਬੇਚੈਨੀ ਉਸਤੇ ਕਾਬੂ ਪਾਉਣ ਲੱਗੀ। ਉਹ ਆਪਣੇ ਕੋਮਲ ਹਿਰਦੇ ਵਿੱਚ ਕਿਤੇ ਇਕ ਦੁਖਾਂਵੀਂ ਜਿਹੀ ਥਾਂ ਜਾਂ ਹਲਕਾ ਜਿਹਾ ਸਦਾਚਾਰਕ ਜ਼ਖਮ ਮਹਿਸੂਸ ਕਰ ਰਿਹਾ ਸੀ ਜਿਸ ਨੂੰ ਸਮਝਣਾ ਭਾਵੇਂ ਉਸ ਲਈ ਮੁਸ਼ਕਿਲ ਸੀ, ਪਰ ਇਹਦਾ ਅਨੁਭਵ ਉਸ ਨੂੰ ਤੰਗ ਕਰ ਰਿਹਾ ਸੀ, ਗਲਤਾਨ ਕਰ ਰਿਹਾ ਸ਼ੀ, ਗੁੱਸਾ ਚੜ੍ਹਾ ਰਿਹਾ ਸੀ ਤੇ ਸਿਥਲ ਕਰ ਰਿਹਾ ਸੀ। ਇਹ ਇਕ ਗੁਮਨਾਮ ਚੋਭ ਸੀ ਜੋ ਉਹਦੀ ਉਦਾਸੀ ਦਾ ਕਾਰਨ ਬਣੀ।

ਥੀਏਟਰ ਕੋਲ ਪਹੁੰਚ ਕੇ ਪੀਅਰੇ ਇਕ ਹੋਟਲ ਦੀਆਂ ਬੱਤੀਆਂ ਵੱਲ ਖਿਚਿਆ ਗਿਆ ਅਤੇ ਸੁਤੇ ਸਿੱਧ ਹੀ ਇਸ ਦੀ ਲਿਸ਼ਕਦੀ ਬਿਲਡਿੰਗ ਵੱਲ ਹੋ ਟੁਰਿਆ। ਉਹ ਅੰਦਰ ਵੜਨ ਹੀ ਲੱਗਾ ਸੀ ਕਿ ਉਸ ਨੂੰ ਖਿਆਲ ਆਇਆ, ਕਿ ਜੇ ਹੋਟਲ ਵਿੱਚ ਆਪਣੇ ਮਿੱਤਰਾਂ ਜਾਂ ਜਾਣੇ-ਪਛਾਣੇ ਆਦਮੀਆਂ ਨਾਲ ਮੁਲਾਕਾਤ ਹੋ ਗਈ ਤਾਂ ਉਹਨੂੰ ਮਜਬੂਰਨ ਗਲਬਾਤ ਕਰਨੀ ਪੈ ਜਾਵੇਗੀ। ਇਸ ਖਿਆਲ ਨੇ ਬੋਤਲ ਦੇ ਯਾਰਾਂ ਦੀ ਦੋਸਤੀ ਨੂੰ ਇਕ ਦਮ ਨਫਰਤ ਵਿੱਚ ਬਦਲ ਦਿੱਤਾ। ਉਨ੍ਹੀਂ ਪੈਰੀਂ ਉਸ ਨੇ ਮੋੜੇ ਪਾਏ ਤੇ ਮੁੱਖ ਸੜਕ ਤੇ ਪਹੁੰਚ ਕੇ ਬੰਦਰਗਾਹ ਵੱਲ ਹੋ ਤੁਰਿਆ।

ਅਜਿਹੀ ਮਾਨਸਿਕ ਦਸ਼ਾ ਵਿੱਚ ਪੀਅਰੇ ਨੂੰ ਕਿਹੜੀ ਨਵੀਂ ਜਗ੍ਹਾ ਮੁਆਫਿਕ ਲਗੇਗੀ, ਇਸ ਗੱਲ ਤੇ ਵਿਚਾਰ ਕਰਦਿਆਂ ਉਸ ਨੇ ਆਪਣੇ ਆਪ ਨੂੰ ਹੀ ਪੁਛਿਆ, "ਮੈ ਕਿਥੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਵਾਂ ।" ਉਸ ਨੂੰ ਕੋਈ ਅਜਿਹੀ ਯੋਗ ਥਾਂ ਨਾ ਮਿਲੀ ਕਿਉਂਕਿ ਇੱਕਲਾ ਹੋਣ ਕਰਕੇ ਉਸ ਨੂੰ ਕਰੋਧ ਆ ਰਿਹਾ ਸੀ, ਪਰ ਇਸ ਵੇਲੇ ਕਿਸੇ ਨੂੰ ਮਿਲਣ ਦੀ ਪ੍ਰਬਲ ਇੱਛਾ ਵੀ ਉਹਦੇ ਮਨ ਵਿੱਚ ਨਹੀਂ ਸੀ ।

ਬੰਦਰਗਾਹ ਤੇ ਪਹੁੰਚ ਕੇ ਪੀਅਰੇ ਇਕ ਪੱਲ ਝਿਜਕਿਆ, ਫਿਰ ਇਕ ਬੈਠਣ ਵਾਲੀ ਥਾਂ ਵੱਲ ਮੁੜਿਆ । ਛੇਕੜ ਆਪਣੇ ਮਨ ਵਿੱਚ ਉਹਨੇ ਇਹ ਨਿਰਣਾ ਕੀਤਾ ਕਿ ਉਹ ਇਕਾਂਤ ਵਿੱਚ ਹੀ ਬੈਠੇਗਾ ।

ਇਕ ਬੈਂਚ ਪਾਸੋਂ ਲੰਘਣ ਲੱਗਿਆਂ, ਉਹ ਰੁਕ ਗਿਆ । ਸੈਰ ਕਰਨ ਤੋਂ ਉਕਤਾਇਆ ਹੋਇਆ ਅਤੇ ਥਕਾਵਟ ਦਾ ਭੰਨਿਆ ਹੋਇਆ ਪੀਅਰੇ ਉੱਥੇ ਹੀ ਬੈਠ ਗਿਆ ।

ਦੁਬਾਰਾ ਉਸ ਨੇ ਆਪਣੇ ਆਪ ਨੂੰ ਪੁਛਿਆ, "ਅੱਜ ਸ਼ਾਮ ਮੇਰਾ ਚਿਹਰਾ ਕਿਉਂ ਉਤਰ ਗਿਆ ਹੈ ?"

ਬੈਠਾ ਬੈਠਾ ਉਹ ਆਪਣੀ ਮਾਯੂਸੀ ਦਾ ਕਾਰਨ ਇਸ ਤਰ੍ਹਾਂ ਸੋਚਣ ਲੱਗਾ ਜਿਵੇਂ ਕੋਈ ਡਾਕਟਰ ਆਪਣੇ ਬੀਮਾਰ ਪਾਸੋਂ ਹੀ ਬੀਮਾਰੀ ਦਾ ਸਬੱਬ ਲਭਣ ਲਈ ਸੁਆਲ ਪੁਛਦਾ ਹੋਵੇ ।

ਝੱਟ ਹੀ ਗੁੱਸੇ ਵਿੱਚ ਪੀਅਰੇ ਕਪੜਿਉਂ ਬਾਹਰ ਹੋ ਜਾਂਦਾ ਤੇ ਦੂਜੇ ਪੱਲ ਉਹ ਵਿਚਾਰਵਾਨ ਤੇ ਗੰਭੀਰ ਹੋ ਜਾਂਦਾ । ਕਿਸੇ ਵੇਲੇ ਉਹ ਭੰਵਲਭੂਸਿਆਂ ਵਿੱਚ ਪੈ ਜਾਂਦਾ, ਪਰ ਦੂਜੇ ਪੱਲ ਹੀ ਆਪਣੇ ਤੇ ਕਾਬੂ ਪਾ ਕੇ ਆਪਣੇ ਪ੍ਰਬਲ ਭਾਵਾਂ ਦੀ ਪ੍ਰੋੜਤਾ ਕਰਦਾ ਜਾਂ ਨਿੰਦਿਆ । ਐਤ ਵਿੱਚ ਉਸ ਦੇ ਅਸਲੀ ਸੁਭਾ ਦੀ ਹੀ ਸਦਾ ਵਿਜੇ ਹੁੰਦੀ-ਮਤਲਬ, ਉਸ ਵਿੱਚਲਾ ਜਜ਼ਬਾਤੀ ਆਦਮੀ ਸੂਝਵਾਨ ਆਦਮੀ ਉਪਰ ਹੁਮੇਸ਼ਾਂ ਗਲਬਾ ਪਾ ਲੈਂਦਾ ।

ਹੁਣ ਉਹਨੇ ਇਸ ਕਾਰਣ ਦੀ ਤਲਾਸ਼ ਸ਼ੁਰੂ ਕੀਤੀ ਕਿ ਉਹ ਛਿਨ ਪਲ ਲਈ ਸਿੱਥਲ ਕਿਉਂ ਹੋ ਗਿਆ । ਬਿਨਾਂ ਮਤਲਬ ਉਸ ਨੂੰ ਏਧਰ ਉਧਰ ਘੁੰਮਣ ਦੀ ਕੀ ਆਵੱਸ਼ਕਤਾ ਹੈ ? ਭਾਵੇਂ ਇਹ ਇਕ ਅਸਲੀਅਤ ਹੈ ਕਿ ਇਸ ਸਮੇਂ ਨਾ ਤਾ ਉਹਦੀ ਰੁਚੀ ਕਿਸੇ ਨੂੰ ਮਿਲਣ ਦੀ ਸੀ ਤੇ ਨਾ ਕਿਸੇ ਦੇ ਸਵਾਲਾਂ ਦਾ ਜਵਾਬ ਦੇਣ ਦੀ, ਪਰ ਫੇਰ ਵੀ ਉਹਦੇ ਅੰਦਰ ਕਿਸੇ ਨੂੰ ਮਿਲਣ ਦੀ ਸਿੱਕ ਸੀ ਭਾਵੇਂ ਕੋਈ ਉਹਦੇ ਵਿਚਾਰਾਂ ਨਾਲ ਸਹਿਮਤ ਹੋਵੇ ਜਾਂ ਨਾ ।

ਆਖਰਕਾਰ ਉਹਨੇ ਆਪਣੇ ਆਪ ਨੂੰ ਇਹ ਸਵਾਲ ਪਾਇਆ ;

"ਕੀ ਇਸ ਬੇਚੈਨੀ ਦਾ ਕਾਰਣ ਜੀਨ ਨੂੰ ਵਿਰਸੇ ਵਿੱਚ ਮਿਲੀ ਦੌਲਤ ਤਾਂ ਨਹੀਂ?"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਹਾਂ, ਸ਼ਾਇਦ ਉਸ ਦੀ ਬੇਚੈਨੀ ਦਾ ਇਹੋ ਹੀ ਕਾਰਣ ਹੋਵੇ।" ਜਦੋਂ ਵਕੀਲ ਨੇ ਉਹ ਖਬਰ ਸੁਣਾਈ ਸੀ ਤਾਂ ਉਹਦੇ ਦਿਲ ਦੀ ਧੜਕਣ ਤੇਜ਼ ਹੋ ਗਈ ਸੀ। ਵਾਸਤਵ ਵਿੱਚ ਆਪਣੇ ਆਪ ਤੇ ਸਾਡਾ ਕੋਈ ਕਾਬੂ ਨਹੀਂ ਹੁੰਦਾ। ਆਪ ਮੁਹਾਰੇ ਜ਼ਜਬਾਤ ਸਾਡੇ ਤੇ ਹਾਵੀ ਹੋ ਜਾਂਦੇ ਹਨ ਅਤੇ ਅਸੀਂ ਉਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਅਸਫਲ ਘੋਲ ਕਰਦੇ ਰਹਿੰਦੇ ਹਾਂ।

ਪੀਅਰੇ ਮਾਨਸਿਕ ਤੇ ਸਰੀਰਕ ਵਿਗਿਆਨ ਦੀਆਂ ਗੁੰਝਲਾਂ ਤੇ ਡੂੰਘੀ ਵਿਚਾਰ ਕਰਨ ਲੱਗਾ।

ਉਹਨੇ ਇਕ ਅਜਿਹੇ ਪੁੱਤਰ ਦੀ ਹੀ ਮਾਨਸਿਕ ਹਾਲਤ ਦਾ ਤੱਸਵੱਰ ਕੀਤਾ ਜੋ ਵਿਰਸੇ ਵਿੱਚ ਬਹੁਤ ਸਾਰਾ ਧਨ ਹਾਸਿਲ ਕਰਕੇ ਆਪਣੀਆਂ ਉਨ੍ਹਾਂ ਰੀਝਾਂ ਦਾ ਸੁਆਦ ਵੇਖਣ ਲੱਗਾ ਹੋਵੇ ਜਿਹੜੀਆਂ ਉਸ ਦੇ ਤਰਸਯੋਗ ਪਰ ਪਿਆਰੇ ਪਿਤਾ ਨੇ ਹੁਣ ਤੱਕ ਆਪਣੀ ਲਾਲਸਾ ਕਾਰਣ ਦਬਾ ਛੱਡੀਆਂ ਹੋਣ।

ਉਠ ਕੇ ਉਹ ਪਟੜੀ ਦੇ ਦੂਸਰੇ ਸਿਰੇ ਵੱਲ ਟੁਰ ਪਿਆ। ਪਹਿਲਾਂ ਨਾਲੋਂ ਹੁਣ ਉਹ ਆਪਣੇ ਆਪ ਨੂੰ ਹੌਲਾ ਮਹਿਸੂਸ ਕਰ ਰਿਹਾ ਸੀ। ਅੰਤਰਆਤਮਾ ਵਿੱਚ ਸਾਡੀ ਸ਼ਖਸੀਅਤ ਦਾ ਦੂਜਾ ਪਾਸਾ ਵੀ ਮੌਜੂਦ ਹੁੰਦਾ ਹੈ, ਇਸ ਸੋਝੀ ਨੇ ਉਸ ਨੂੰ ਪ੍ਰਸੰਨ ਵੀ ਕੀਤਾ ਤੇ ਕੁਝ ਹੈਰਾਨ ਵੀ। ਉਸ ਨੇ ਸੋਚਿਆ :

"ਸੋ ਇਹ ਜੀਨ ਨਾਲ ਈਰਖਾ ਸੀ ਜੋ ਅਯੋਗ ਵਲਵਲਾ ਹੈ। ਇਹ ਮੇਰਾ ਪੱਕਾ ਵਿਸਵਾਸ਼ ਹੈ। ਪਹਿਲਾਂ ਮੈਂ ਇਹ ਸਮਝਦਾ ਸੀ ਕਿ ਮੇਰੀ ਬੇਚੈਨੀ ਦਾ ਕਾਰਣ ਜੀਨ ਅਤੇ ਰੋਜ਼ਮਿੱਲੀ ਦੀ ਸ਼ਾਦੀ ਨਾਲ ਸਬੰਧ ਰਖਦਾ ਸੀ। ਮੈ ਉਸ ਕਬੂਤਰੀ ਦੀ ਕੋਈ ਕਲਪਨਾ ਵੀ ਨਹੀਂ ਕਰ ਸਕਦਾ ਜਿਹੜੀ ਆਪਣੀ ਸਿਆਣਪ ਤੇ ਨੇਕ-ਦਿਲੀ ਨਾਲ ਦੂਜੇ ਦਾ ਨੱਕ ਵਿਚ ਦੰਮ ਕਰ ਛੱਡਦੀ ਹੈ। ਇਹ ਬੇਅਰਥ ਈਰਖਾ ਹੈ ਤੇ ਮੈਨੂੰ ਇਸ ਤੋਂ ਬਚਣ ਦੀ ਲੋੜ ਹੈ।"

ਉਹ ਬੰਦਰਗਾਹ ਵਿੱਚ ਪਾਣੀ ਦੀ ਗਹਿਰਾਈ ਨੂੰ ਦਰਸਾਉਣ ਵਾਲੇ ਸਿਗਨਲ ਥੰਮ੍ਹ ਕੋਲ ਪਹੁੰਚ ਗਿਆ ਸੀ ਤੇ ਤੀਲੀ ਜਗਾ ਕੇ ਬੰਦਰਗਾਹ ਦੇ ਬਾਹਰ ਖੜੇ ਇੰਤਜ਼ਾਰ ਕਰਨ ਵਾਲਿਆਂ ਜਹਾਜ਼ਾਂ ਦੀ ਸੂਚੀ ਪੜ੍ਹਨ ਲੱਗਾ। ਬਰਾਜ਼ੀਲ, ਚਿੱਲੀ, ਜਾਪਾਨ, ਡੈਨਮਾਰਕ, ਸਵੀਡਨ ਤੇ ਤੁਰਕੀ ਦੇਸ਼ਾਂ ਤੋਂ ਜਹਾਜ਼ ਆਉਣ ਵਾਲੇ ਸਨ। ਤੁਰਕੀ ਤੋਂ ਜਹਾਜ਼ ਆਉਣ ਦਾ ਐਲਾਨ ਪੀਅਰੇ ਨੂੰ ਇਤਨਾ ਹੀ ਅਜੀਬ ਲੱਗਾ ਜਿੰਨਾ ਕਿ ਸਵਿਟਜ਼ਰਲੈਂਡ ਤੋਂ ਜਹਾਜ਼ ਆਉਣ ਦੀ ਸੰਭਾਵਨਾ ਹੋਵੇ। ਪਗੜੀਆਂ ਵਾਲੇ ਆਦਮੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਨੱਕੋਨੱਕ ਭਰੇ ਵਿਸ਼ਾਲ ਜਹਾਜ਼ ਦਾ ਉਹ ਤਸੱਵਰ ਕਰਨ ਲੱਗਾ ।

ਉਸ ਨੇ ਸੋਚਿਆ, "ਮੈਂ ਵੀ ਮੂਰਖ ਹੀ ਹਾਂ, ਤੁਰਕ ਲੋਕ ਤਾਂ ਸਮੁੰਦਰ ਦੇ ਸੌਦਾਈ ਹਨ ।"

ਚਾਰ ਕਦਮ ਅੱਗੇ ਚੱਲ ਕੇ ਉਹ ਖਲੋ ਗਿਆ ਤੇ ਖਾੜੀ ਵੱਲ ਨਜ਼ਰ ਮਾਰੀ । ਉਹਦੇ ਸੱਜੇ ਪਾਸੇ ਚਾਨਣ ਮੁਨਾਰੇ ਪਾਣੀ ਤੇ ਇਸ ਪ੍ਰਕਾਰ ਰੋਸ਼ਨੀ ਵਰਸਾ ਰਹੇ ਸਨ ਜਿਵੇਂ ਕਿ ਇਹ ਦੋ ਕਾਣੇ ਦੈਂਤਾਂ ਦੀਆਂ ਅੱਖਾਂ ਦੀ ਬੇਤਾਬ ਝਲਕ ਹੋਵੇ । ਰੋਸ਼ਨੀ ਦੀਆਂ ਦੋ ਬਰਾਬਰ ਜਾ ਰਹੀਆਂ ਲੀਹਾਂ ਬੋਦੀ ਵਾਲੇ ਤਾਰਿਆਂ ਦੀਆਂ ਲੰਮੀਆਂ ਬੋਦੀਆਂ ਵਾਂਗ ਦੂਰ ਦੁਮੇਲ ਤੱਕ ਪਹੁੰਚੀਆਂ ਲਗਦੀਆਂ ਸਨ। ਦੂਜੇ ਬੰਨੇ ਇਨ੍ਹਾਂ ਕਾਣੇ ਦੈਂਤਾਂ ਦੀਆਂ ਧੀਆਂ ਬੱਤੀਆਂ ਬੰਦਰਗਾਹ ਅੰਦਰ ਆਉਣ ਦਾ ਰਾਹ ਵਿਖਾ ਰਹੀਆਂ ਸਨ । ਸੈਨ ਦਰਿਆ ਤੋਂ ਪਰ੍ਹਾ ਕੁਝ ਚਮਕਦੀਆਂ, ਲਾਲ, ਹਰੀਆਂ, ਪੀਲੀਆਂ, ਬੱਤੀਆਂ ਬੰਦਰਗਾਹ ਦੀਆਂ ਅੱਖਾਂ ਬਣ ਕੇ ਜਗਮਗਾ ਰਹੀਆਂ ਸਨ ਤੇ ਜਹਾਜ਼ਾਂ ਨਾਲ ਭਰੇ, ਹਨੇਰੇ ਸਮੁੰਦਰ ਤੇ ਝਾਕ ਰਹੀਆਂ ਸਨ ।

ਹਨੇਰੀ ਰਾਤ ਦੇ ਕਾਲੇ ਆਕਾਸ਼ ਤੋਂ ਵੀ ਵੱਧ ਕਾਲੇ, ਡੂੰਘੇ ਅਤੇ ਅਥਾਹ ਸਾਗਰ ਉਪਰ ਟਾਮੇ ਟਾਮੇ ਤਾਰੇ ਨਜ਼ਰੀ ਆ ਰਹੇ ਸਨ । ਰਾਤ ਦੀ ਧੁੰਦ ਵਿੱਚ ਇਹ ਨਿਕੇ-ਵੱਡੇ, ਦੂਰ-ਨੇੜੇ, ਰੰਗ-ਬਰੰਗੇ ਤਾਰੇ ਕੰਬਦੇ ਕੰਬਦੇ ਲਗਦੇ ਸਨ । ਬਹੁਤ ਕਰਕੇ ਤਾਂ ਇਹ ਅਡੋਲ ਹੀ ਸਨ ਪਰ ਕਦੇ ਕਦਾਈ ਥੋੜੀ ਜਿਹੀ ਹਿਲ ਜੁਲ ਵੀ ਕਰਦੇ ਸਨ । ਇਹ ਬੱਤੀਆਂ ਸਨ ਉਨ੍ਹਾਂ ਜਹਾਜ਼ਾਂ ਦੀਆਂ ਜੋ ਲੰਗਰ ਸੁੱਟੀ ਖੜੇ ਸਨ ਜਾਂ ਚਲਣ ਦੀ ਇੰਤਜ਼ਾਰ ਕਰ ਰਹੇ ਸਨ, ਜਾਂ ਉਨ੍ਹਾਂ ਜਹਾਜ਼ਾਂ ਦੀਆ ਜਿਹੜੇ ਲੰਗਰ ਸੁਟਣ ਲਗੇ ਏਧਰ ਉਧਰ ਘੁੰਮਦੇ ਸਨ ।

ਉਸ ਸਮੇਂ ਸਹਿਰ ਦੇ ਪਿਛਲੇ ਬੰਨਿਓ ਚੰਨ ਚੜਿਆ । ਇਹ ਇਕ ਅਰਸ਼ੀ ਚਾਨਣ ਮੁਨਾਰਾ ਸੀ ਜੋ ਅਣਗਿਣਤ ਤਾਰਿਆਂ ਰੂਪੀ ਜਹਾਜ਼ਾਂ ਦੇ ਬੇੜੇ ਦੀ ਅਗਵਾਈ ਕਰਨ ਲਈ ਉਥੇ ਸਜਾਇਆ ਗਿਆ ਲਗਦਾ ਸੀ ।

ਪੀਅਰੇ ਨੇ ਮਦਹੋਸ਼ੀ ਵਿੱਚ ਆਪਣੇ ਆਪ ਨੂੰ ਆਖਿਆ ;

"ਨਿਗੂਣੀਆਂ ਗੱਲਾਂ ਪਿੱਛੇ ਅਸੀਂ ਆਪਣੇ ਆਪ ਨੂੰ ਕਰੋਧ ਵਿੱਚ ਲੈ ਹੀ ਆਉਂਦੇ ਹਾਂ ।"

ਅਚਣਚੇਤ ਇਕ ਬਹੁਤ ਵੱਡਾ, ਭੂਤ ਵਰਗਾ ਪਰਛਾਵਾਂ, ਬਿਲਕੁਲ ਉਹਦੇ ਕੋਲੋਂ ਦੋ ਪੀਲ ਪਾਇਆ ਦੇ ਮੋਘੇ ਵਿੱਚੋਂ ਤਰਦਾ ਲੰਘਿਆ । ਪਟੜੀ ਤੋਂ ਝੁਕ ਕੇ ਪੀਅਰੇ ਨੇ ਦੇਖਿਆ ਕਿ ਇਕ ਮੱਛੀ ਫੜਨੀ ਕਿਸ਼ਤੀ, ਚੁਪ ਚਾਪ ਚਪੂਆਂ ਦੀ ਛਪਲ ਛਪਲ ਤੋਂ ਬਿਨਾ ਚਲੀ ਆ ਰਹੀ ਸੀ । ਇਸ ਦਾ ਭੂਸਲਾ ਪਤਵਾਰ ਸਮੁੰਦਰ ਦੀ ਹਲਕੀ ਹਵਾ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਰਿਆ ਹੋਇਆ ਸੀ।

ਉਸ ਨੇ ਸੋਚਿਆ "ਸ਼ਾਇਦ ਇਹੋ ਜਿਹੀ ਕਿਸ਼ਤੀ ਵਿੱਚ ਬੈਠਕੇ ਭਾਵੇਂ ਮਨ ਨੂੰ ਸ਼ਾਂਤੀ ਆ ਸਕੇ।"

ਚਾਰ ਕਦਮ ਅੱਗੇ ਹੋ ਕੇ ਉਸ ਨੇ ਤੱਕਿਆਂ। ਇਕ ਮਨੁੱਖ ਵੱਡੇ ਪੱਥਰ ਦੇ ਦੂਸਰੇ ਪਾਸੇ ਬੈਠਾ ਸੀ।

ਕੀ ਇਹ ਕੋਈ ਸੁਪਨੇ ਵੇਖਣ ਵਾਲਾ ਹੈ? ਜਾਂ ਕੋਈ ਆਸ਼ਿਕ, ਸਾਧੂ-ਸੰਤ, ਪ੍ਰਸੰਨਚਿਤ-ਜਾਂ ਚਿੰਤਾਤੁਰ ਮਾਨਿਸ ਹੈ ? ਇਹ ਕੌਣ ਹੋਇਆ ? ਇਕਾਂਤ-ਪਸੰਦ ਆਦਮੀ ਦੇ ਚਿਹਰੇ ਨੂੰ ਦੇਖਣ ਲਈ ਉਤਸੁਕ ਹੋ ਕੇ ਪੀਅਰੇ ਅੱਗੇ ਵਧਿਆ। ਇਕ ਪਲ ਵਿੱਚ ਹੀ ਉਸ ਨੇ ਆਪਣੇ ਭਰਾ ਨੂੰ ਪਛਾਣ ਲਿਆਂ।

"ਕੀ, ਤੂੰ ਹੈਂ ਜੀਨ ?"

"ਓਹ, ਪੀਅਰੇ ? ਤੂੰ ਏਥੇ ਕੀ ਕਰਦਾ ਪਿਆ ?"

"ਤਾਜ਼ੀ ਹਵਾ ਖਾ ਰਿਹਾ ਹਾਂ। ਪਰ ਤੂੰ ?"

ਜੀਨ ਮੁਸਕੁਰਾਇਆ ;

"ਤੇਰੇ ਉਦਾਹਰਣ ਤੇ ਹੀ ਮੈਂ ਚੱਲ ਰਿਹਾ ਹਾਂ।"

ਪੀਅਰੇ ਆਪਣੇ ਭਰਾ ਦੇ ਕੋਲ ਹੀ ਬੈਠ ਗਿਆ।

"ਕਿੰਨਾ ਸੁਖਾਂਤ ਵਾਤਾਵਰਣ ਹੈ !,"

"ਹਾਂ !"ਜੀਨ ਨੇ ਪੁਸ਼ਟੀ ਵਜੋਂ ਆਖਿਆ।

ਜੀਨ ਦੇ ਲਹਿਜ਼ੇ ਤੋਂ ਪੀਅਰੇ ਨੇ ਅਨੁਮਾਨ ਲਗਾ ਲਿਆ ਕਿ ਉਹ ਆਪਣੇ ਚੁਗਿਰਦੇ ਵੱਲ ਨਹੀਂ ਸੀ ਵੇਖ ਰਿਹਾ। ਪੀਅਰੇ ਨੇ ਗੱਲ ਜਾਰੀ ਰਖੀ ;

"ਜਦੋਂ ਮੈਂ ਏਥੇ ਆਉਂਦਾ ਹਾਂ ਤਾਂ ਮੇਰੇ ਦਿਲ ਵਿਚ ਸੱਧਰ ਉਮੰਗ ਆਉਂਦੀ ਹੈ ਕਿ ਮੈਂ ਇਨ੍ਹਾਂ ਜਹਾਜ਼ਾਂ ਵਿੱਚ ਕਿਤੇ ਦੂਰ, ਬੜੀ ਦੂਰ, ਦਖਣ ਜਾਂ ਪਛੋਂ ਵੱਲ ਚਲਾ ਜਾਵਾਂ। ਜ਼ਰਾ ਸੋਚ ਇਹ ਬੱਤੀਆਂ ਧਰਤੀ ਦੇ ਕੋਨੇ ਕੋਨੇ ਤੋਂ ਆਈਆਂ ਹਨ। ਉਨ੍ਹਾਂ ਦੇਸ਼ਾਂ ਵਿਚੋਂ ਆਈਆਂ ਹਨ ਜਿਥੇ ਵੱਡੇ ਵੱਡੇ ਫੂਲ ਹਨ, ਹੁਸਨਾ-ਭਰਿਆਂ ਪੀਲੇ ਜਾਂ ਤਾਂਬੇ ਰੰਗ ਦੀਆਂ ਮੁਟਿਆਰਾਂ ਹਨ, ਜਿਥੇ ਪੰਛੀ ਰਾਗ ਅਲਾਪਦੇ ਹਨ, ਹਾਥੀ ਦਹਾੜਦੇ ਹਨ, ਬੱਬਰ ਸ਼ੇਰ ਗਰਜਦੇ ਹਨ ਤੇ ਹਬਸ਼ੀ ਰਾਜੇ ਹਨ। ਉਨ੍ਹਾਂ ਦੇਸ਼ਾਂ ਤੋਂ ਇਹ ਜਹਾਜ਼ ਆਏ ਹਨ ਜਿਥੋਂ ਸਾਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰੀਆਂ ਦੀਆਂ ਕਹਾਣੀਆਂ ਪ੍ਰਦਾਨ ਹੁੰਦੀਆਂ ਹਨ। ਇਹੋ ਜਿਹੇ ਦੇਸ਼ਾਂ ਦੇ ਸਫ਼ਰ ਦਾ ਸੁਭਾਗ ਜੇ ਕਿਸੇ ਨੂੰ ਪ੍ਰਾਪਤ ਹੋਵੇ ਤਾਂ ਕਿੰਨਾ ਵਧੀਆ ਹੋਵੇ। ਪਰ ਇਹ ਤਾਂ ਸਭ ਪੈਸੇ ਦਾ ਖੇਲ੍ਹ ਹੈ, ਬਹੁਤ ਸਾਰੇ ਪੈਸੇ............"

ਗੱਲ ਕਰਦਿਆਂ ਏਥੇ ਆ ਕੇ ਪੀਅਰੇ ਝਟ ਰੁਕ ਗਿਆ। ਪਲ ਵਿੱਚ ਹੀ ਉਸ ਨੂੰ ਯਾਦ ਆਇਆ ਕਿ ਉਸ ਦੇ ਭਰਾ ਕੋਲ ਹੁਣ ਇਹੋ ਜਿਹੇ ਸਫ਼ਰਾਂ ਲਈ ਸਾਧਨ ਮੌਜੂਦ ਹਨ। ਹਰ ਪ੍ਰਕਾਰ ਦੇ ਝੰਜਟਾਂ ਤੋਂ ਛੁਟਕਾਰਾ ਪਾ ਕੇ, ਬੰਧਨਾਂ ਤੋਂ ਆਜ਼ਾਦ, ਖੁਸ਼ੀ ਖੁਸ਼ੀ ਉਹ ਜਿਥੇ ਦਿਲ ਕਰੇ ਜਾ ਸਕਦਾ ਹੈ। ਉਹ ਖਾਕੀ ਵਾਲਾਂ ਵਾਲੀਆਂ ਸੁੰਦਰੀਆਂ ਦੇ ਦੇਸ਼ ਸਵੀਡਨ ਤੇ ਕਾਲੀਆਂ ਘਟਾਵਾਂ ਜਿਹੇ ਕੇਸਾਂ ਵਾਲੀਆਂ ਹੂਰਾਂ ਦੇ ਦੇਸ਼ ਹਵਾਨਾ ਵੱਲ ਜਾ ਸਕਦਾ ਹੈ।

ਉਸ ਦੇ ਦਿਮਾਗ ਵਿੱਚ ਬਿਜਲੀ ਦੀ ਤੇਜ਼ੀ ਨਾਲ ਤੇ ਰਵਾਂ ਰਵੀਂ ਖਿਆਲ ਆਉਣੇ ਸਧਾਰਨ ਗੱਲ ਸੀ। ਇਨ੍ਹਾਂ ਖਿਆਲਾਂ ਦਾ ਕਿਆਸ ਕਰਨਾ ਜਾਂ ਰੋਕਣਾ ਜਾਂ ਉਨ੍ਹਾਂ ਨੂੰ ਸੋਧਣਾ, ਉਸ ਦੇ ਬਸ ਦੀ ਗੱਲ ਨਹੀਂ ਸੀ। ਝੱਟਪਟ ਹੀ ਉਸ ਨੂੰ ਆਪਣੀ ਦੂਸਰੀ ਸੁਤੰਤਰ ਅਤੇ ਪ੍ਰਬਲ ਸ਼ਖਸ਼ੀਅਤ ਵਿਚੋਂ ਅਜਿਹਾ ਹੀ ਖਿਆਲ ਆਇਆ :

"ਵਾਹ, ਉਹ ਤਾਂ ਬੁੱਧੂ ਹੈ, ਉਹ ਰਜ਼ ਮਿੱਲੀ ਨਾਲ ਸ਼ਾਦੀ ਕਰੇਗਾ।"

ਉਹ ਉਠ ਕੇ ਖੜਾ ਹੋ ਗਿਆ।

"ਮੈਂ ਚਲਦਾ ਹਾਂ। ਤੂੰ ਆਪਣੇ ਭਵਿਖ ਦੇ ਸੁਪਨੇ ਲੈ। ਮੈਨੂੰ ਥੋੜੀ ਜਿਹੀ ਸੈਰ ਦੀ ਲੋੜ ਮਹਿਸੂਸ ਹੁੰਦੀ ਹੈ।"

ਉਸ ਨੇ ਆਪਣੇ ਭਰਾ ਦੀ ਬਾਂਹ ਨੂੰ ਦਬਾਇਆ ਤੇ ਸਨੇਹ ਭਰੀ ਆਵਾਜ਼ ਵਿੱਚ ਬੋਲਦਾ ਗਿਆ ;

"ਹਾਂ, ਛੋਟੇ ਜੀਨ, ਤੂੰ ਹੁਣ ਅਮੀਰ ਬਣ ਗਿਆ ਏਂ। ਮੈਂ ਬਹੁਤ ਪ੍ਰਸੰਨ ਹਾਂ ਕਿ ਤੈਨੂੰ ਤਹਿ ਦਿਲ ਤੋਂ ਵਧਾਈ ਦੇਣ ਦਾ ਅੱਜ ਰਾਤ ਮੈਨੂੰ ਇਕਾਂਤ ਵਿੱਚ ਮੌਕਾ ਨਸੀਬ ਹੋ ਗਿਆ ਹੈ। ਮੈਂ ਸੱਚ ਆਖਦਾ ਹਾਂ ਕਿ ਮੈਂ ਬਹੁਤ ਪ੍ਰਸੰਨ ਹਾਂ ਅਤੇ ਤੇਰੇ ਨਾਲ ਮੈਨੂੰ ਅਥਾਹ ਪਿਆਰ ਹੈ।"

"ਧੰਨਵਾਦ, ਧੰਨਵਾਦ, ਮੇਰੇ ਅੱਛੇ ਪੀਅਰੇ ਧੰਨਵਾਦ, "ਜੀਨ ਨੇ ਥੱਥਲਾ ਕੇ ਅੱਗੋਂ ਆਖਿਆ। ਜੀਨ ਦਾ ਕੋਮਲ ਤੇ ਹਮਦਰਦੀ ਭਰਿਆ ਹਿਰਦਾ ਝੱਟ ਪਸੀਜ ਜਾਂਦਾ।

ਪੀਅਰੇ ਹੌਲੀ ਹੌਲੀ ਪੈਰ ਧਰਦਾ ਆਪਣੀ ਸੋਟੀ ਕੱਛ ਵਿਚ ਲੈ ਕੇ ਹੱਥ ਪਿਛੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੰਝਲੀ ਮਾਰ ਕੇ ਪਿਛਾਂਹ ਪਰਤ ਗਿਆ । ਸ਼ਹਿਰ ਵਾਪਿਸ ਪਹੁੰਚ ਕੇ ਉਸ ਫੇਰ ਆਪਣੇ ਆਪ ਨੂੰ ਪੁਛਿਆ ਕਿ ਉਹ ਕੀ ਕਰੇ । ਸਮੁੰਦਰ ਕੰਢੇ ਭਰਾ ਨੂੰ ਦੇਖ ਕੇ ਵਾਪਿਸ ਮੁੜਨ ਦੀ ਮਜਬੂਰੀ ਅਤੇ ਅਧੂਰੀ ਸੈਰ ਕਾਰਣ ਉਹਦਾ ਮਨ ਗੁੱਸੇ ਨਾਲ ਭਰ ਗਿਆ ।

ਝੱਟ ਉਸ ਨੂੰ ਇਕ ਫੁਰਨਾ ਫੁਰਿਆ ;

"ਮੈਂ ਮਾਰੋਸਕੋ ਪਾਸ ਜਾ ਕੇ ਵਿਸਕੀ ਪੀਆਂਗਾ ।" ਉਹ ਉਹਦੀ ਦੁਕਾਨ ਵਲੇ ਹੋ ਟੁਰਿਆ ।

ਪੈਰਿਸ ਦੇ ਹਸਪਤਾਲਾਂ ਵਿੱਚ ਮਾਰੋਸਕੋ ਨਾਲ ਉਸ ਦੀ ਜਾਣ-ਪਛਾਣ ਹੋ ਗਈ ਸੀ । ਉਹ ਬੁੱਢਾ ਪੋਲੈਂਡ ਵਾਸੀ ਸੀ । ਕਈਆ ਲੋਕਾਂ ਦੇ ਵਿਚਾਰ ਅਨੁਸਾਰ ਉਹ ਇਕ ਰਾਜਸੀ ਪਨਾਹਗੁਜੀਨ ਸੀ, ਜਿਸ ਨੇ ਪੋਲੈਂਡ ਵਿੱਚ ਭਿਆਨਕ ਦਿਨ ਵੇਖੇ ਸਨ । ਫੇਰ ਕੋਈ ਨਵੇਂ ਸਿਰਿਉਂ ਪ੍ਰੀਖਿਆ ਪਾਸ ਕਰਕੇ ਦਵਾਈਆਂ ਦਾ ਕਾਰੋਬਾਰ ਕਰਨ ਲਈ ਉਹ ਫਰਾਂਸ ਆ ਗਿਆ ਸੀ । ਉਸ ਦੇ ਪਿਛਲੇ ਜੀਵਨ ਬਾਰੇ ਕਿਸੇ ਨੂੰ ਕੋਈ ਬਹੁਤਾ ਇਲਾਮ ਨਹੀਂ ਸੀ ਭਾਵੇਂ ਹਸਪਤਾਲਾਂ ਵਿੱਚ ਆਉਣ ਜਾਣ ਵਾਲਿਆਂ ਨੇ ਅਤੇ ਪਿਛੋਂ ਉਹਦੇ ਗੁਆਂਢੀਆਂ ਨੇ ਉਹਦੇ ਬਾਰੇ ਕਈ ਪ੍ਰਕਾਰ ਦੀਆਂ ਕਹਾਣੀਆਂ ਪ੍ਰਚੱਲਤ ਕਰ ਛੱਡੀਆਂ ਸਨ । ਇਕ ਬਹੁਤ ਬੜੇ ਸਾਜਸ਼ੀ, ਪ੍ਰਚੱਲਤ ਕੀਮਤਾਂ ਤੋਂ ਨਾਬਰ, ਬਾਦਸ਼ਾਹਾਂ ਦੇ ਖੂਨੀ ਤੇ ਹਰ ਸਮੇਂ ਕੁਰਬਾਨੀ ਦੇਣ ਵਾਲਾ ਦੇਸ਼ ਭਗਤ ਹੋਣ ਦੇ ਨਾਤੇ ਉਸ ਦੀ ਸ਼ੁਹਰਤ ਨੇ ਪੀਅਰੇ ਤੇ ਜਾਦੂ ਕਰ ਦਿੱਤਾ ਸੀ । ਪੀਅਰੇ ਆਪ-ਮੁਹਾਰੇ ਉਹਦੇ ਵੱਲ ਖਿਚਿਆ ਗਿਆ ਤੇ ਉਸ ਦੇ ਪਿਛਲੇ ਜੀਵਨ ਬਾਰੇ ਕੁਝ ਪੁਛੇ ਬਿਨਾ ਉਹਦਾ ਮਿੱਤਰ ਬਣ ਗਿਆ ਸੀ । ਬੁੱਢਾ ਪੋਲੈਂਡ-ਨਿਵਾਸੀ ਇਸ ਨੌਜਵਾਨ ਡਾਕਟਰ ਦੇ ਭਰੋਸੇ ਹੀ ਹਾਵਰ ਸ਼ਹਿਰ ਕਾਰੋਬਾਰ ਲਈ ਆਇਆ ਸੀ, ਕਿਉਂਕਿ ਡਾਕਟਰ ਨੇ ਉਹਦੀ ਮੱਦਦ ਕਰਨ ਦਾ ਬਚਨ ਦਿੱਤਾ ਸੀ ।

ਇਸ ਸਮੇਂ ਤਕ ਮਾਰੋਸਕੋ ਨੇ ਹੱਥ ਘੁੱਟ ਕੇ ਆਪਣਾ ਗੁਜ਼ਾਰਾ ਕੀਤਾ ਸੀ ਕਿਉਂਕਿ ਉਹਦੀ ਦਵਾਈਆਂ ਦੀ ਵਿਕਰੀ ਛੋਟੇ ਛੋਟੇ ਦੁਕਾਨਦਾਰਾਂ ਅਤੇ ਗੁਆਂਢ ਵੱਸਦੇ ਮਜ਼ਦੂਰ ਲੋਕਾਂ ਤੱਕ ਹੀ ਸੀਮਤ ਰਹੀ ਸੀ । ਪੀਅਰੇ ਅਕਸਰ ਸ਼ਾਮ ਨੂੰ ਖਾਣ ਪੀਣ ਤੋਂ ਵਿਹਲਾ ਹੋ ਕੇ ਘੰਟਾ ਅੱਧਾ-ਘੰਟਾ ਗੱਲਬਾਤ ਵਾਸਤੇ ਆ ਧਮਕਦਾ, ਕਿਉਂਕਿ ਮਾਰੋਸਕੋ ਦੇ ਭੋਲੇ ਜਿਹੇ ਚਿਹਰੇ ਨਾਲ ਉਸ ਨੂੰ ਪਿਆਰ ਹੋ ਗਿਆ ਸੀ । ਮਾਰੋਸਕੋ ਦੀ ਭੁਲ ਭੁਲੇਖੇ ਕਿਸੇ ਵਿਸੇ ਤੇ ਗੱਲਬਾਤ ਛੇੜ ਬੈਠਣ ਦੀ ਆਦਤ ਪੀਅਰੇ ਨੂੰ ਬੜੀ ਭਾਉਂਦੀ ਸੀ । ਉਸ ਨੂੰ ਯਕੀਨ ਹੋ ਗਿਆ ਸੀ ਕਿ ਮਾਰੋਸਕੋ ਦੀ ਚੁਪ ਬਹੁਤ ਡੂੰਘੀਆਂ ਸੋਚਾਂ ਦੀ ਪ੍ਰਤੀਬਿੰਬ ਹੈ ।

ਬੋਤਲਾਂ ਨਾਲ ਭਰੇ ਕਾਉਂਟਰ ਉਪਰ ਕੇਵਲ ਇਕੋ ਹੀ ਲੈਂਪ ਜਲ ਰਿਹਾ ਸੀ । ਖਿੜਕੀ ਵਿਚਲੇ ਦੂਜੇ ਲੈਂਪ ਬਚੱਤ ਦੇ ਖਿਆਲ ਨਾਲ ਹਾਲੇ ਨਹੀਂ ਸਨ ਜਲਾਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਂਉਟਰ ਦੇ ਪਿਛੇ ਗੰਜਾ ਬੁੱਢਾ ਇਕ ਕੁਰਸੀ ਉਪਰ ਬੈਠ ਕੇ ਤੇ ਦੂਜੀ ਉਪਰ ਪੈਰ ਟਿਕਾਈ, ਠੋਡੀ ਛਾਤੀ ਤੇ ਸੁੱਟ ਕੇ ਘੂਕ ਸੁੱਤਾ ਪਿਆ ਸੀ। ਮੱਥੇ ਦੀ ਲਾਇਨ ਤੋਂ ਢਾਲੂ ਲੰਮਾ ਤੇ ਚੁੰਜ ਵਰਗਾ ਨੱਕ ਉਸ ਨੂੰ ਤੋਤੇ ਦੀ ਸ਼ਕਲ ਪਰਦਾਨ ਕਰਦਾ ਸੀ।

ਘੰਟੀ ਦੀ ਆਵਾਜ਼ ਸੁਣਦਿਆਂ ਹੀ ਮਾਰੋਸਕੋ ਜਾਗਿਆ ਤੇ ਉਠ ਕੇ ਡਾਕਟਰ ਨੂੰ ਪਛਾਣਦਿਆਂ ਹੀ ਦੋਵੇਂ ਹੱਥ ਫੈਲਾ ਕੇ ਉਸ ਵੱਲ ਸਵਾਗਤ ਲਈ ਵਧਿਆ।

ਤੇਜ਼ਾਬ ਤੇ ਸ਼ਰਬੱਤ ਦੇ ਧੱਬਿਆਂ ਨਾਲ ਲੱਥ ਪਲੱਥ ਕਾਲਾ ਕੋਟ, ਉਸ ਦੇ ਮਧਰੇ ਪਰ ਪਤਲੇ ਸ਼ਰੀਰ ਲਈ ਬਹੁਤ ਵੱਡਾ ਸੀ। ਇਸ ਕੋਟ ਵਿੱਚ ਮਾਰੋਸਕੋ ਇੰਜ ਲਗਦਾ ਸੀ ਜਿਵੇਂ ਪਾਦਰੀ ਹੋਵੇ। ਮਾਰੋਸਕੋ ਆਪਣੇ ਦੇਸ਼ ਦੇ ਰਵਾਇਤੀ ਢੰਗ ਨਾਲ ਗੱਲ ਕਰਦਾ। ਇਸ ਕਰਕੇ ਉਸ ਦੀ ਕਮਜ਼ੋਰ ਆਵਾਜ਼ ਨਵੇਂ ਬੋਲਣ ਲੱਗੇ ਬੱਚੇ ਵਾਂਗ ਲਗਦੀ ਸੀ।

ਪੀਅਰੇ ਬੈਠ ਗਿਆ।

"ਕੀ ਖਬਰ ਹੈ, ਪਿਆਰੇ ਡਾਕਟਰ।" ਮਾਰੋਸਕੋ ਨੇ ਪੁਛਿਆ।

"ਕੁੱਝ ਨਹੀਂ ; ਉਹੀ ਪੁਰਾਣੀ ਕਹਾਣੀ।"

"ਤੂੰ ਅੱਜ ਖੁਸ਼ ਨਹੀਂ ਜਾਪਦਾ।"

"ਨਹੀਂ, ਰੋਜ਼ ਤਾਂ ਮੈਂ ਇਸ ਤਰ੍ਹਾਂ ਨਹੀਂ ਹੁੰਦਾ।"

"ਆਓ ਆਓ, ਜ਼ਰਾ ਗਰਮ ਹੋ ਲਈਏ, ਇਕ ਪੈਗ ਵਿਸਕੀ ਬਾਰੇ ਕੀ ਖਿਆਲ ਹੈ ?"

"ਸ਼ੁਕਰੀਆਂ, ਮੈਂ ਇਕ ਪੈਗ ਲਵਾਂਗਾ।"

"ਲੈ ਫੇਰ ਮੈਂ ਤੈਨੂੰ ਇਕ ਨਵੀਂ ਤਿਆਰ ਕੀਤੀ ਚੀਜ਼ ਦਾ ਸੁਆਦ ਦਿਖਾਉਂਦਾ ਹਾਂ। ਮੈਂ ਦੋ ਮਹੀਨਿਆਂ ਤੋਂ ਕਿਸ਼ਮਿਸ਼ ਦੀ ਕੋਈ ਚੀਜ਼ ਤਿਆਰ ਕਰਨ ਦੀ ਕੋਸ਼ਿਸ਼ ਵਿੱਚ ਜੁਟਿਆ ਹੋਇਆ ਸਾਂ। ਕਿਸ਼ਮਿਸ਼ ਤੋਂ ਅੱਜ ਤੱਕ ਕੇਵਲ ਸ਼ਰਬੱਤ ਹੀ ਬਣਾਇਆ ਜਾਂਦਾ ਰਿਹਾ ਹੈ। ਪਰ ਮੈਂ ਅੱਜ ਇਸ ਵਿਚੋਂ ਬਹੁਤ ਹੀ ਵਧੀਆ ਸ਼ਰਾਬ ਬਣਾਉਣੇ ਵਿੱਚ ਸਫਲ ਹੋ ਗਿਆ ਹਾਂ।"

ਮੁਸਕਰਾਉਂਦਾ ਹੋਇਆ ਉਹ ਇਕ ਅਲਮਾਰੀ ਕੋਲ ਗਿਆ ਤੇ ਉਹ ਖੋਲ੍ਹ ਕੇ ਉਸ ਨੇ ਇਕ ਸ਼ੀਸ਼ੀ ਕੱਢੀ। ਮਾਰੋਸਕੋ ਅਚੇਤੇ ਹੀ ਨਿੱਕੀਆਂ ਅਧੂਰੀਆਂ ਹਰਕਤਾਂ ਕਰਦਾ ਫਿਰਦਾ ਰਿਹਾ। ਉਹ ਆਪਣੀਆਂ ਲੱਤਾਂ, ਬਾਹਾਂ ਤੇ ਹੋਰ ਅੰਗਾ ਨੂੰ ਪੂਰੀ ਤਰ੍ਹਾਂ ਨਹੀਂ ਸੀ ਪਸਾਰਦਾ ਤੇ ਨਾ ਹੀ ਉਸ ਨੇ ਪੂਰੀ ਤਰ੍ਹਾਂ ਹਿਲਜੁਲ ਕੀਤੀ। ਉਸ ਦੇ ਵਿਚਾਰ ਵੀ ਉਹਦੀ ਹਿਲਜੁਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਂਗ ਢਿੱਲੇ ਹੀ ਸਨ। ਆਪਣੇ ਖਿਆਲਾਂ ਨੂੰ ਉਹ ਕੇਵਲ ਅੰਕਿਤ ਕਰਦਾ ਤੇ ਇਸ਼ਾਰਿਆ ਨਾਲ ਸਮਝਾਉਂਦਾ, ਪਰ ਕਦੇ ਵੀ ਉਨ੍ਹਾਂ ਨੂੰ ਮੂੰਹ ਤਕ ਲਿਆਉਣ ਦਾ ਜਤਨ ਨਾ ਕਰਦਾ।

ਮਾਰੋਸਕੋ ਦੇ ਜੀਵਨ ਦਾ ਮੁੱਖ ਕਰਤੱਬ ਨਸ਼ੇ ਜਾਂ ਸ਼ਰਬਤ ਤਿਆਰ ਕਰਨਾ ਹੀ ਜਾਪਦਾ ਸੀ। ਉਹ ਅਕਸਰ ਕਹਿੰਦਾ ਹੁੰਦਾ ਸੀ "ਬਹੁਤ ਚੰਗੀ ਸ਼ਰਾਬ ਜਾਂ ਚੰਗੇ ਸ਼ਰਬਤ ਨਾਲ ਬੰਦਾ ਧਨ ਦੀਆਂ ਕੋਠੜੀਆਂ ਭਰ ਸਕਦਾ ਹੈ।" ਉਸ ਨੇ ਕਈ ਪ੍ਰਕਾਰ ਦੇ ਮਿੱਠੇ ਸ਼ਰਬਤਾਂ ਦੀ ਕਾਢ ਕੱਢੀ ਸੀ ਪਰ ਮਾਰਕੀਟ ਵਿੱਚ ਕੋਈ ਵੀ ਨਹੀਂ ਸੀ ਚਲ ਸਕਿਆ। ਪੀਅਰੇ ਆਖਿਆ ਕਰਦਾ ਸੀ ਕਿ ਮਾਰੋਸਕੋ ਨੂੰ ਵੇਖ ਕੇ ਉਸ ਨੂੰ ਫਰਾਂਸ ਦੇ ਇਨਕਲਾਬੀ ਨੇਤਾ **Marat** (ਮਾਰਾਟ) ਦਾ ਖਿਆਲ ਆ ਜਾਂਦਾ ਹੈ।

ਪਿਛਲੇ ਕਮਰੇ ਵਿਚੋਂ ਦੋ ਗਲਾਸ ਲਿਆ ਕੇ ਕਾਊਂਟਰ ਤੇ ਰੱਖ ਦਿੱਤੇ ਗਏ। ਦੋਹਾਂ ਆਦਮੀਆਂ ਨੇ ਗਲਾਸਾਂ ਨੂੰ ਬੱਤੀ ਸਾਹਮਣੇ ਕਰਕੇ ਸ਼ਰਾਬ ਦਾ ਰੰਗ ਪਰਖਿਆ।

"ਬਹੁਤ ਸੁੰਦਰ, ਲਾਲ ਸੁਰਖ" ਪੀਅਰੇ ਨੇ ਨਿਰਣਾ ਦਿੱਤਾ।
"ਹੈ ਕਿ ਨਹੀਂ ?"

ਤੇ ਫੇਰ ਤੋਤੇ-ਸ਼ਕਲ ਬੁੱਢੇ ਚਿਹਰੇ ਤੇ ਮੁਸਕਰਾਹਟਾਂ ਦੀਆਂ ਸਲੀਆਂ ਪੈ ਗਈਆਂ।

ਡਾਕਟਰ ਨੇ ਮਿੱਠੀ ਸ਼ਰਾਬ ਦਾ ਘੁੱਟ ਭਰਿਆ ਤੇ ਇਸ ਨੂੰ ਮੂੰਹ ਵਿੱਚ ਹੀ ਰੱਖ ਕੇ ਕੁੱਝ ਸੋਚਿਆ। ਫੇਰ ਸੁਆਦ ਚਖਿਆ ਤੇ ਵਿਚਾਰਿਆ ਤੇ ਅਖੀਰ ਬੋਲਿਆ :

"ਬਹੁਤ ਖੂਬ, ਬਿਲਕੁਲ ਮੌਲਿਕ ਸੁਆਦ। ਅਣੋਖੀ ਚੀਜ਼ ਹੈ ਦੋਸਤ।"
"ਹਾਂ ਮੈਨੂੰ ਵੀ ਤਸੱਲੀਬਖਸ਼ ਲਗਦੀ ਹੈ।"

ਇਸ ਤੋਂ ਪਿਛੋਂ ਬੁੱਢੇ ਨੇ ਆਪਣੇ ਮੁਲਾਕਾਤੀ ਪਾਸੋਂ ਨਵੀਂ ਬਣਾਈ ਸ਼ਰਾਬ ਦਾ ਨਾਂ ਰੱਖਣ ਬਾਰੇ ਪੁੱਛ ਗਿਛ ਕੀਤੀ। ਮਾਰੋਸਕੋ ਨੇ ਆਪਣੇ ਵਿਚਾਰ ਮੁਤਾਬਿਕ ਕਈ ਨਾਂਵਾਂ ਦੀ ਪੇਸ਼ਕਸ਼ ਕੀਤੀ ਪਰ ਪੀਅਰੇ ਨੂੰ ਇਨ੍ਹਾਂ ਵਿਚੋਂ ਕੋਈ ਵੀ ਨਾ ਚੰਗਾ ਨਾ ਲੱਗਾ। ਝੱਟ ਮਾਰੋ-ਸਕੋ ਨੂੰ ਇਕ ਹੋਰ ਫੁਰਨਾ ਫੁਰਿਆ।

"ਹੁਣੇ ਹੁਣੇ ਜੋ ਕੁੱਝ ਤੂੰ ਆਖਿਆ ਸੀ, "ਬਿਊਟੀਫੁਲ ਰੂਬੀ" ਇਹ ਨਾਂ ਬਿਲਕੁਲ ਢੁਕਵਾਂ ਰਹੇਗਾ।

ਇਹ ਨਾਂ ਭਾਵੇਂ ਡਾਕਟਰ ਦੀ ਆਪਣੀ ਕਾਢ ਸੀ, ਪਰ ਤਾਂ ਵੀ ਉਸ ਨੇ ਇਸ ਨੂੰ ਢੁਕਵਾਂ ਕਰਾਰ ਦੇਣ ਦੀ ਵਿਰੋਧਤਾ ਕੀਤੀ। ਉਸ ਨੇ ਗੁੱਜ਼ੀਲੈਟ ਨਾਂ ਦਾ ਸੁਝਾਉ ਦਿੱਤਾ ਤੇ ਇਹ ਨਾਂ ਮਾਰੋਸਕੋ ਦੇ ਦਿੱਲ ਨੂੰ ਵੀ ਭਾ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਪਿਛੋਂ ਪੀਅਰੇ ਡੂਘੀ ਖਾਮੋਸ਼ੀ ਵਿੱਚ ਡੁੱਬ ਗਿਆ ਅਤੇ ਲੈਂਪ ਦੀ ਲੋਅ ਵਿੱਚ ਕਈ ਮਿੰਟ ਬਿਨਾਂ ਕੁਝ ਕਹੇ ਸੁਣੇ ਚੁੱਪ ਬੈਠਾ ਰਿਹਾ।

ਛੇਕੜ ਆਪਣੇ ਆਪ ਨੂੰ ਮਜ਼ਬੂਰ ਕਰਕੇ ਪੀਅਰੇ ਨੇ ਬੁੱਲ ਤੋਂ ਬੁੱਲ ਚੁਕਿਆ, "ਅੱਜ ਸ਼ਾਮ ਸਾਡੇ ਘਰ ਇਕ ਬੜੀ ਅਚੰਭੇ ਵਾਲੀ ਘਟਨਾ ਬੀਤੀ। ਮੇਰੇ ਪਿਤਾ ਦਾ ਇਕ ਮਿੱਤਰ ਮਰ ਗਿਆ ਤੇ ਉਹ ਆਪਣੀ ਸਾਰੀ ਜਾਇਦਾਦ ਮੇਰੇ ਭਰਾ ਜੀਨ ਲਈ ਲਿਖ ਗਿਆ।"

ਮਾਰੋਸਕੋ ਨੂੰ ਪਹਿਲਾਂ ਤਾਂ ਕੁਝ ਸਮਝ ਨਾ ਪਈ ਪਰ ਪਲ ਕੁ ਸੋਚਣ ਪਿਛੋਂ ਉਹ ਸਮਝਿਆ ਕਿ ਡਾਕਟਰ ਨੂੰ ਵੀ ਤੇ ਅੱਧ ਮਿਲੇਗਾ। ਜਦੋਂ ਉਸਨੂੰ ਮਾਮਲਾ ਪੂਰੀ ਤਰ੍ਹਾਂ ਖੋਲ੍ਹ ਕੇ ਸੁਣਾਇਆ ਗਿਆ ਤਾਂ ਉਸ ਨੂੰ ਹੈਰਾਨੀ ਵੀ ਹੋਈ ਤੇ ਦੁੱਖ ਵੀ। ਆਪਣੇ ਮਿੱਤਰ ਨੂੰ ਵਾਂਝਿਆ ਦੇਖ ਕੇ ਆਪਣੀ ਅਸੰਤੁਸ਼ਟਤਾ ਦੇ ਭਾਵ ਪ੍ਰਗਟ ਕਰਦਾ ਹੋਇਆ ਉਹ ਬਾਰ ਬਾਰ ਕਹਿਣ ਲੱਗਾ :

"ਇਹ ਅੱਛਾ ਨਹੀਂ ਹੋਵੇਗਾ।"

ਪੀਅਰੇ ਦੀ ਸਿਥੱਲਤਾ ਦੁਬਾਰਾ ਉਸ ਤੇ ਹਾਵੀ ਹੋ ਰਹੀ ਸੀ। ਉਹ ਬੁਢੇ ਆਦਮੀ ਦੇ ਇਸ ਵਾਕ ਦੇ ਭਾਵ ਤੋਂ ਜਾਣੂ ਹੋਣਾ ਚਾਹੁੰਦਾ ਸੀ। ਆਪਣੇ ਟੱਬਰ ਦੇ ਇਕ ਮਿੱਤਰ ਦੀ ਜਾਇਦਾਦ ਉਸ ਦੇ ਭਰਾ ਨੂੰ ਵਿਰਸੇ ਵਿੱਚ ਮਿਲਣ ਕਾਰਣ ਕੀ ਤੌਖਲਾ ਸੀ? ਪਰ ਬਜ਼ੁਰਗ ਆਦਮੀ ਕੋਲ ਇਸ ਦਾ ਕੋਈ ਉੱਤਰ ਨਹੀਂ ਸੀ।

"ਅਜਿਹੇ ਹਾਲਾਤ ਵਿਚ ਰੀਤ ਮੁਤਾਬਿਕ ਇਹ ਜ਼ਰੂਰੀ ਹੈ ਕਿ ਧਨ ਸੰਪਤੀ ਨੂੰ ਦੋਹਾਂ ਭਰਾਵਾਂ ਵਿੱਚ ਬਰਾਬਰ ਬਰਾਬਰ ਵੰਡਿਆ ਜਾਵੇ। ਮੈਂ ਬਾਰ ਬਾਰ ਕਹਿੰਦਾ ਹਾਂ ਕਿ ਇਹ ਅੱਛਾ ਨਹੀਂ ਲਗੇਗਾ।"

ਇਸ ਬੇਚੈਨੀ ਦੀ ਹਾਲਤ ਵਿੱਚ ਡਾਕਟਰ ਉਥੋਂ ਆਪਣੇ ਘਰ ਵਾਪਿਸ ਮੁੜ ਆਇਆ ਤੇ ਸੌਣ ਵਾਸਤੇ ਆਪਣੇ ਕਮਰੇ ਵਿੱਚ ਚਲਾ ਗਿਆ। ਕੁਝ ਚਿਰ ਲਈ ਨਾਲ ਵਾਲੇ ਕਮਰੇ ਵਿੱਚੋਂ ਜੀਨ ਦੇ ਇਧਰ ਉਧਰ ਟਹਿਲਣ ਦੀ ਆਵਾਜ਼ ਉਹਦੇ ਕੰਨੀ ਪੈਂਦੀ ਗਈ। ਇਸ ਤੋਂ ਬਾਅਦ ਪਤਾ ਨਹੀਂ ਨੀਂਦ ਨੇ ਕਿਹੜੇ ਵੇਲੇ ਉਸ ਨੂੰ ਆਪਣੀ ਗੋਦ ਵਿੱਚ ਘੂਕ ਸੁਲਾ ਲਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਈਰਖਾ ਦਾ ਭੂਤ

ਅਗਲੇ ਦਿਨ ਡਾਕਟਰ ਪੱਕਾ ਨਿਸਚਾ ਕਰਕੇ ਜਾਗਿਆ ਕਿ ਉਹ ਵੀ ਹੁਣ ਦੌਲਤ ਕਮਾਏਗਾ। ਇਹੋ ਜਿਹੇ ਫੈਸਲੇ ਉਸ ਨੇ ਪਹਿਲਾਂ ਵੀ ਕਈ ਬਾਰ ਕੀਤੇ ਸਨ ਪਰ ਉਨ੍ਹਾਂ ਨੂੰ ਅਮਲੀ ਰੂਪ ਕਦੇ ਨਹੀਂ ਸੀ ਦਿੱਤਾ ਗਿਆ। ਕਿਸੇ ਕਿੱਤੇ ਵਿੱਚ ਕਦਮ ਰੱਖਣ ਦੇ ਸ਼ੁਰੂ ਵਿੱਚ ਹੀ ਉਸ ਵਿੱਚ ਝੱਟ ਪੱਟ ਅਮੀਰ ਬਣ ਜਾਣ ਦੀ ਆਸ ਉਗਮ ਪੈਂਦੀ ਤੇ ਉਹ ਹੌਸਲਾ ਕਰਕੇ ਕੇਵਲ ਉਸ ਵੇਲੇ ਤਕ ਜੁਟਿਆ ਰਹਿੰਦਾ ਜੱਦ ਪਹਿਲੀ ਅੜਚਨ ਉਸ ਦਾ ਹੌਸਲਾ ਢਹਿ-ਢੇਰੀ ਕਰ ਦਿੰਦੀ। ਇਸ ਤੋਂ ਮੂੰਹ ਮੋੜ ਕੇ ਪੀਅਰੇ ਫੇਰ ਕਿਸੇ ਹੋਰ ਪਾਸੇ ਵੱਲ ਵੇਖਣ ਲੱਗ ਜਾਂਦਾ।

ਨਿਘੇ ਬਿਸਤਰੇ ਵਿੱਚ ਆਰਾਮ ਨਾਲ ਲੇਟਿਆ ਪੀਅਰੇ ਡੂੰਘੇ ਵਿਚਾਰ ਵਿੱਚ ਡੁੱਬਿਆ ਪਿਆ ਸੀ। ਕਿੰਨੇ ਹੀ ਡਾਕਟਰ ਥੋੜ੍ਹੇ ਜਿਹੇ ਸਮੇਂ ਵਿੱਚ ਲੱਖਪਤੀ ਬਣ ਗਏ ਸਨ। ਬੱਸ ਜੇ ਕਿਸੇ ਚੀਜ਼ ਦੀ ਲੋੜ ਹੈ ਤਾਂ ਸਿਰਫ ਥੋੜੇ ਜਿਹੇ ਹੁਨਰ ਜਾਂ ਕਾਬਲੀਅਤ ਦੀ ਹੈ ਕਿਉਂਕਿ ਉਸ ਨੇ ਆਪਣੀ ਪੜ੍ਹਾਈ ਸਮੇਂ ਕਈ ਪ੍ਰਸਿੱਧ ਡਾਕਟਰ ਪ੍ਰੋਫੈਸਰਾਂ ਨੂੰ ਵੇਖਿਆ ਸੀ ਜੋ ਉਸ ਦੀ ਜਾਚੇ ਬੁੱਧੂ ਹੀ ਸਨ। ਯਕੀਨਨ ਉਹ ਜੇ ਬਹੁਤੀ ਨਹੀਂ ਤਾਂ ਉਨ੍ਹਾਂ ਦੇ ਬਰਾਬਰ ਦੀ ਲਿਆ-ਕਤ ਦਾ ਮਾਲਿਕ ਤਾਂ ਜ਼ਰੂਰ ਸੀ। ਜੇਕਰ ਉਹ ਹਾਵਰ ਦੇ ਅਮੀਰ ਅਤੇ ਸੁਚੱਜੇ ਲੋਕਾਂ ਦੀ ਸਰਪਰਸਤੀ ਕਿਸੇ ਜੁਗਤ ਪ੍ਰਾਪਤ ਕਰ ਸਕੇ ਤਾਂ ਸਹਿਜੇ ਹੀ ਉਸ ਨੂੰ ਇਕ ਲੱਖ ਫਰਾਂਕ ਸਲਾਨਾ ਆਮਦਨੀ ਹੋ ਸਕਦੀ ਹੈ। ਅਤੇ ਫਿਰ ਉਹ ਇਸ ਪ੍ਰਭਾਵਸ਼ਾਲੀ ਆਮਦਨੀ ਦੇ ਵੱਖਰੇ ਵੱਖਰੇ ਭਾਗਾਂ ਨੂੰ ਗਿਣਨ ਲੱਗਾ। ਸਵੇਰ ਸਾਰ ਉਹ ਮਰੀਜ਼ ਵੇਖਣ ਜਾਇਆ ਕਰੇਗਾ। ਵੀਹ ਫਰਾਂਕ ਫੀਸ ਦੇ ਹਿਸਾਬ ਨਾਲ ਜੇ ਉਹ ਦਸ ਮਰੀਜ ਵੀ ਹਰ ਰੋਜ਼ ਵੇਖੇ ਤਾਂ ਘੱਟੋ ਘੱਟ ਔਸਤ ਵੀ ਉਸ ਨੂੰ ਬਹਤਰ ਤੋਂ ਪਝਤਰ ਹਜ਼ਾਰ ਫਰਾਂਕ ਸਲਾਨਾ ਮਿਲਣਗੇ, ਕਿਉਂਕਿ ਉਹ ਨਿਸਚੇ ਹੀ ਦਸ ਤੋਂ ਵੱਧ ਮਰੀਜ਼ ਹਰ ਰੋਜ ਵੇਖੇਗਾ। ਦੁਪਹਿਰੋਂ ਬਾਅਦ ਉਹ ਆਪਣੇ ਕਲਿਨਿਕ ਤੇ ਪ੍ਰੈਕਟਿਸ ਕਰੇਗਾ। ਜੇ ਉਸ ਕੋਲ ਦਸ ਮਰੀਜ਼ ਵੀ ਰੋਜ਼ ਆਏ ਅਤੇ ਫੀ ਮਰੀਜ਼ ਦਸ ਫਰਾਂਕ ਚਾਰਜ ਕਰੇ ਤਾਂ ਸਾਲ ਪਿਛੋਂ ਉਸ ਕੋਲ ਛੱਤੀ ਹਜ਼ਾਰ ਫਰਾਂਕ ਹੋ ਜਾਣਗੇ। ਸਮਝੋ ਉਸ ਦੀ ਆਮਦਨੀ ਕੁਲ ਮਿਲਾ ਕੇ ਇਕ ਲਖ ਵੀਹ ਹਜ਼ਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਟਾੱਕ ਹੋ ਜਾਵੇਗੀ। ਹੋ ਸਕਦਾ ਹੈ ਕਿ ਉਸ ਦੇ ਪਹਿਲੇ ਸਰਪਰਸਤਾਂ ਜਾਂ ਦੋਸਤਾਂ ਨੂੰ ਜਿਨ੍ਹਾਂ ਨੂੰ ਪਹਿਲਾਂ ਦਸ ਫਰਾਂਕ ਫੀ ਮਰੀਜ਼ ਨਾਲ ਵੇਖਿਆ ਹੋਵੇ ਦੁਬਾਰਾ ਡਿਸਪੈਂਸਰੀ ਵਿੱਚ ਪੰਜ ਫਰਾਂਕ ਫੀ ਮਰੀਜ਼ ਦੇ ਹਿਸਾਬ ਨਾਲ ਦੇਖਣਾ ਪੈ ਜਾਵੇ ਤੇ ਸ਼ਾਇਦ ਇਸ ਨਾਲ ਉਸ ਦੀ ਕੁਲ ਆਮਦਨੀ ਵਿੱਚ ਕੁਝ ਥੁੜ ਹੋ ਜਾਵੇ। ਪਰ ਇਹ ਘਾਟਾ ਦੂਜੇ ਡਾਕਟਰਾਂ ਨਾਲ ਮਿਲ ਕੇ ਕੁਝ ਪ੍ਰੈਕਟਿਸ ਕਰਨ ਨਾਲ ਤੇ ਇਸ ਕਿੱਤੇ ਸਬੰਧੀ ਕੁਝ ਉਪਰੀ ਆਮਦਨੀ ਮਿਲਾ ਕੇ ਪੂਰਾ ਕੀਤਾ ਜਾ ਸਕਦਾ ਹੈ।

ਇਸ ਮੰਜ਼ਲ ਤੇ ਪਹੁੰਚਣ ਲਈ ਉਸ ਨੂੰ ਯੋਗ ਢੰਗ ਨਾਲ ਇਸ਼ਤਿਹਾਰਬਾਜ਼ੀ ਕਰਨੀ ਪਵੇਗੀ। ਫਿਗਾਰੋ ਅਖਬਾਰ ਵਿੱਚ ਇਸ਼ਤਿਹਾਰ ਭੇਜ ਕੇ ਉਹ ਜੰਤਾ ਦਾ ਧਿਆਨ ਇਸ ਨੁਕਤੇ ਵੱਲ ਆਕਰਸ਼ਿਤ ਕਰੇਗਾ ਕਿ ਪੈਰਿਸ ਦੇ ਸਭ ਪ੍ਰਸਿੱਧ ਵਿਦਵਾਨਾਂ ਦੀਆਂ ਨਜ਼ਰਾਂ ਉਸ ਉਪਰ ਗੱਡੀਆਂ ਹੋਈਆਂ ਹਨ ਤੇ ਉਹ ਹਾਵਰ ਦੇ ਨੌਜੁਆਨ ਪਰ ਲਹੀਮ ਡਾਕਟਰ ਦੇ ਅਦਭੁਤ ਇਲਾਜਾਂ ਤੋਂ ਬਹੁਤ ਪ੍ਰਭਾਵਤ ਹੋਏ ਹਨ। ਇਸ ਪ੍ਰਕਾਰ ਉਹ ਆਪਣੇ ਭਰਾ ਨਾਲੋਂ ਵੀ ਅਮੀਰ ਬਣ ਜਾਵੇਗਾ। ਧਨੀ ਹੋਣ ਦੇ ਨਾਲ ਨਾਲ ਪ੍ਰਸਿੱਧ ਵੀ ਹੋ ਜਾਵੇਗਾ। ਇਸ ਤਰ੍ਹਾਂ ਉਸ ਦੇ ਮਨ ਦੀ ਸੰਤੁਸ਼ਟੀ ਵੀ ਹੋ ਜਾਵੇਗੀ ਕਿਉਂਕਿ ਆਪਣੀ ਕਿਸਮਤ ਦਾ ਮਾਲਕ ਉਹ ਆਪ ਹੀ ਹੋਵੇਗਾ। ਆਪਣੇ ਮਾਤਾ ਪਿਤਾ ਵੱਲ ਉਹ ਦਰਿਆ-ਦਿਲੀ ਅਪਣਾਏਗਾ। ਉਨ੍ਹਾਂ ਨੂੰ ਆਪਣੇ ਪੁੱਤਰ ਦੀ ਸ਼ੁਹਰਤ ਤੇ ਨਾਜ਼ ਹੋਵੇਗਾ। ਉਹ ਸ਼ਾਦੀ ਨਹੀਂ ਕਰੇਗਾ ਕਿਉਂਕਿ ਇਸ ਤਰ੍ਹਾਂ ਉਹ ਕੇਵਲ ਇਕ ਮੂਹਜ਼ੋਰ ਔਰਤ ਨਾਲ ਬੱਝ ਜਾਵੇਗਾ। ਉਹ ਤਾਂ ਆਪਣੀਆਂ ਮਰੀਜ਼ ਸਰਪਰਸਤ ਔਰਤਾਂ ਵਿਚੋਂ ਸੁਹਣੀਆਂ ਸੁਹਣੀਆਂ ਨਾਲ ਯਰਾਨੇ ਗੰਢਣ ਦੇ ਆਸ਼ੇ ਦਿੱਲ ਵਿੱਚ ਲਿਆ ਰਿਹਾਂ ਸੀ।

ਇਸ ਬਾਰੀ ਉਸਨੂੰ ਆਪਣੀ ਸਫ਼ਲਤਾ ਦਾ ਬਹੁਤ ਯਕੀਨ ਬੱਝ ਗਿਆ ਸੀ। ਉਹ ਹੱਲਾ ਦੇ ਕੇ ਬਿਸਤਰੇ ਤੋਂ ਇਸ ਤਰ੍ਹਾਂ ਉਠਿਆ ਜਿਵੇਂ ਕੋਲ ਖੜੀ ਸਫ਼ਲਤਾ ਨੂੰ ਉਹ ਜੱਫੀ ਪਾ ਕੇ ਆਪਣੀਆਂ ਬਾਹਵਾਂ ਵਿੱਚ ਹੁਣੇ ਕਾਬੂ ਕਰ ਲਵੇ। ਸ਼ਹਿਰ ਵਿੱਚ ਘੁੰਮ ਫਿਰ ਕੇ ਆਪਣੇ ਮਤਲਬ ਦੇ ਦੋ ਚਾਰ ਕਮਰਿਆਂ ਦਾ ਸੈਟ ਤਲਾਸ਼ ਕਰਨ ਲਈ ਉਸ ਨੇ ਕਪੜੇ ਪਹਿਨਣੇ ਸ਼ੁਰੂ ਕੀਤੇ। ਗਲੀਆਂ ਵਿੱਚ ਭੌਂਦਾ ਉਹ ਵਿਚਾਰਨ ਲੱਗਾ ਕਿ ਕਿਵੇਂ ਨਿਗੂਣੀਆਂ ਗੱਲਾਂ ਵੀ ਕਦੇ ਕਦੇ ਬੜੇ ਬੜੇ ਟੀਚਿਆਂ ਨੂੰ ਸਿਰੇ ਚੜ੍ਹਾਉਣ ਵਿੱਚ ਮਹੱਤਵਪੂਰਨ ਬਣ ਜਾਂਦੀਆਂ ਹਨ। ਪਿਛਲੇ ਤਿੰਨ ਹਫਤਿਆਂ ਤੋਂ ਉਹ ਕੋਈ ਠੋਸ ਕਦਮ ਚੁਕਣ ਬਾਰੇ ਚਿਚਲਾ ਰਿਹਾ ਸੀ ਜਦੋਂ ਕਿ ਇਹ ਵਿਚਾਰ ਹੁਣ ਆਪ-ਮੁਹਾਰਾ ਹੀ ਉਸ ਦੇ ਮਨ ਵਿੱਚ ਆ ਗਿਆ। ਨਿਸਚੇ ਹੀ ਇਹ ਵਿਚਾਰ ਭਰਾ ਨੂੰ ਵਿਰਸੇ ਵਿੱਚ ਮਿਲੀ ਦੌਲਤ ਦੇ ਫਲਸਰੂਪ ਉਸ ਨੂੰ ਫੁਰਿਆ ਸੀ।

ਉਹ ਉਨ੍ਹਾਂ ਦਰਵਾਜ਼ਿਆਂ ਅੱਗੇ ਰੁਕਦਾ ਜਿੱਥੇ 'ਸੁੰਦਰ ਅਤੇ ਆਲੀ-ਸ਼ਾਨ ਕਮਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਾਏ ਵਾਸਤੇ ਖਾਲੀ' ਜਾਂ 'ਸਾਦਾ ਤੇ ਸਧਾਰਨ ਕਮਰੇ ਕਰਾਏ ਵਾਸਤੇ ਖਾਲੀ' ਦੇ ਬੋਰਡ ਲਟਕਦੇ ਸਨ। ਸਾਦਾ ਤੇ ਸਧਾਰਨ ਵੱਲ ਤਾਂ ਉਸ ਦੀ ਨਿਗਾਹ ਟਿਕਦੀ ਹੀ ਨਹੀਂ ਸੀ। ਉੱਚੀਆਂ ਹਵਾਵਾਂ ਵਿੱਚ ਉਡਦੇ ਨੇ ਕਈ ਥਾਵਾਂ ਦੀ ਜਾਂਚ ਕੀਤੀ ਤੇ ਛੱਤਾਂ ਵਗੈਰਾ ਦੀ ਮਿਣਤੀ ਵੀ ਕੀਤੀ। ਆਪਣੀ ਡਾਇਰੀ ਵਿੱਚ ਕਮਰਿਆਂ ਦੀ ਪਲੈਨ ਦਾ ਨਕਸ਼ਾ ਵੀ ਲਾਇਆ ਜਿਸ ਤੋਂ ਪਤਾ ਲਗਦਾ ਸੀ ਕਿ ਮਰੀਜ਼ਾਂ ਦੇ ਬੈਠਣ ਲਈ ਹਾਲ ਕਮਰੇ ਦਾ ਰਸਤਾ ਤੇ ਦਰਵਾਜ਼ਾ ਕਿਧਰ ਹੈ। ਉਸ ਦੇ ਖਿਆਲ ਮੁਤਾਬਿਕ ਪੌੜੀ ਕਾਫ਼ੀ ਵੱਡੀ ਤੇ ਚੌੜੀ ਹੋਣੀ ਲਾਜ਼ਮੀ ਸੀ ਤੇ ਉਸ ਨੂੰ ਦੋ ਮੰਜਲਾਂ ਤੋਂ ਉੱਪਰ ਜਾਣਾ ਕਤਈ ਪਸੰਦ ਨਹੀਂ ਸੀ। ਸੱਤਾਂ ਅੱਠਾਂ ਥਾਂਵਾਂ ਦੇ ਪਤੇ ਲੈ ਕੇ ਤੇ ਆਪਣੀ ਡਾਇਰੀ ਵਿੱਚ ਹੋਰ ਕਈ ਪ੍ਰਕਾਰ ਦਾ ਬਿਊਰਾ ਇਕਤਰ ਕਰਕੇ ਉਹ ਨਾਸ਼ਤੇ ਵਾਸਤੇ ਘਰ ਪਰਤਿਆ। ਉਹ ਪੰਦਰਾਂ ਕੁ ਮਿੰਟ ਲੇਟ ਹੋ ਗਿਆ ਸੀ।

ਡਿਉਢੀ ਵਿੱਚ ਪੈਰ ਪਾਂਦਿਆਂ ਹੀ ਉਸ ਨੂੰ ਪਲੇਟਾਂ ਦੀ ਟੰਨ ਟੰਨ ਸੁਣਾਈ ਦਿੱਤੀ। ਕੀ ਉਸ ਦੀ ਗੈਰਹਾਜ਼ਰੀ ਵਿੱਚ ਹੀ ਉਨ੍ਹਾਂ ਨਾਸ਼ਤਾ ਸ਼ੁਰੂ ਕਰ ਦਿੱਤਾ ? ਇਹ ਕਿਉਂ ? ਇਸ ਘਰ ਵਿੱਚ ਖਾਣੇ ਦਾ ਕੋਈ ਨਿਸਚਤ ਵਕਤ ਤਾਂ ਹੈ ਨਹੀਂ ਸੀ। ਕੋਮਲ ਹਿਰਦੇ ਵਾਲਾ ਆਦਮੀ ਹੋਣ ਕਰਕੇ ਉਸ ਨੂੰ ਕੁਝ ਠੇਸ ਵੀ ਪਹੁੰਚੀ ਕਿ ਉਹਦਾ ਇੰਤਜ਼ਾਰ ਨਹੀਂ ਕੀਤਾ ਗਿਆ। ਕਮਰੇ ਵਿੱਚ ਪੈਰ ਧਰਦਿਆਂ ਹੀ ਪਿਤਾ ਨੇ ਉਸ ਨੂੰ ਘੁਰਕਿਆ:

"ਜਲਦੀ ਕਰੋ ਪੀਅਰੇ। ਤੈਨੂੰ ਚੰਗਾ ਭੱਲਾ ਪਤਾ ਹੈ ਕਿ ਦੋ ਵਜੇ ਅਸੀਂ ਵਕੀਲ ਕੋਲ ਜਾ ਰਹੇ ਹਾਂ। ਅੱਜ ਕੋਈ ਟਹਿਲਣ ਵਾਲਾ ਦਿਨ ਨਹੀਂ ਹੈ।"

ਡਾਕਟਰ ਨੇ ਪਿਤਾ ਤੇ ਭਰਾ ਦਾ ਹੱਥ ਦਬਾਇਆ ਤੇ ਮਾਂ ਦਾ ਬੋਸਾ ਲੈ ਕੇ ਬੈਠ ਗਿਆ ਪਰ ਮੂਹੋਂ ਕੁਝ ਨਾ ਬੋਲਿਆ। ਮੇਜ਼ ਦੇ ਵਿਚਕਾਰ ਰੱਖੀ ਪਲੇਟ ਵਿਚੋਂ ਉਸ ਨੇ ਕਟਲਟ ਚੁਕਿਆ ਜੋ ਉਸ ਵਾਸਤੇ ਰਖਿਆ ਗਿਆ ਸੀ। ਇਹ ਬਿਲਕੁਲ ਠੰਢਾ ਤੇ ਸਖਤ ਹੋ ਗਿਆ ਸੀ। ਮੁਮਕਿਨ ਹੈ ਕਿ ਇਹ ਸੀ ਵੀ ਸਭ ਤੋਂ ਖਰਾਬ। ਉਹਨੇ ਸੋਚਿਆ ਕਿ ਹੋ ਸਕਦਾ ਹੈ ਕਿ ਇਹ ਕਟਲਟ ਉਸ ਦੇ ਆਉਣ ਸਮੇਂ ਤਕ ਅੰਗੀਠੀ ਤੇ ਹੀ ਰੱਖ ਛਡਿਆ ਹੋਵੇ ਤੇ ਇਸ ਤਰ੍ਹਾਂ ਉਸ ਦੇ ਮਾਤਾ ਪਿਤਾ ਦੀ ਆਪਣੇ ਵੱਡੇ ਪੁੱਤਰ ਵੱਲ ਅਣਗਹਿਲੀ ਬਿਲਕੁਲ ਨਾਜਾਇਜ਼ ਸੀ। ਉਸ ਦੇ ਆਉਣ ਨਾਲ ਟੁੱਟੀ ਵਾਰਤਾਲਾਪ ਦੀ ਲੜੀ ਫੇਰ ਜਾਰੀ ਹੋ ਗਈ।

ਸ੍ਰੀਮਤੀ ਰੋਲੈਂਡ ਜੀਨ ਨੂੰ ਆਖਣ ਲੱਗੀ, "ਮੇਰੇ ਵਾਸਤੇ ਜ਼ਰੂਰੀ ਹੈ ਕਿ ਮੈਂ ਇਹ ਕੁੱਝ ਕਰਾਂ ਤੇ ਝੱਟ ਪੱਟ। ਮੈਂ ਕੁਝ ਆਦਰਸ਼ਕ ਕਮਰੇ ਕਿਰਾਏ ਤੇ ਲਵਾਂ, ਅਜਿਹੇ ਕਮਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਹੜੇ ਕਲਪਨਾ ਨੂੰ ਟੁਬੰਣ । ਮੈਂ ਸੋਸਾਇਟੀ ਵਿੱਚ ਦਾਖਲ ਹੋਵਾਂਗੀ, ਇਕ ਘੋੜਾ ਖਰੀਦਾਂਗੀ, ਵਕਾਲਤ ਵਾਸਤੇ ਇਕ ਦੋ ਰੋਚਕ ਮੁਕੱਦਮੇ ਚੁਣ ਕੇ ਲਿਆਂਵਾਗੀ ਤੇ ਉੱਚ-ਅਦਾਲਤਾਂ ਵਿੱਚ ਵੀ ਪੈਰ ਜਮਾਉਣ ਦੀ ਕੋਸ਼ਿਸ਼ ਕਰਾਂਗੀ । ਮੈਂ ਇਕ ਉਭਰ ਰਹੇ ਵਕੀਲ ਵਾਸਤੇ ਮੁਕੱਦਮੇ ਤਲਾਸ਼ ਕਰਾਂਗੀ । ਸ਼ੁਕਰ ਏ ਰੱਬ ਦਾ, ਤੂੰ ਜ਼ਰੂਰਤ ਦਾ ਮੁਹਤਾਜ ਨਹੀਂ । ਕੋਈ ਧੰਦਾ ਕਰਨ ਦਾ ਮਤਲਬ ਹੈ ਕਿ ਤੂੰ ਆਪਣੀ ਪੜ੍ਹਾਈ ਲਿਖਾਈ ਨੂੰ ਅਜਾਂਈ ਜਾਣ ਤੋਂ ਬਚਾ ਸਕਦਾ ਹੈ ਤੇ ਉਂਝ ਵੀ ਕਿਸੇ ਆਦਮੀ ਨੂੰ ਵਿਹਲਾ ਨਹੀ ਰਹਿਣਾ ਚਾਹੀਦਾ ।"

ਨਾਸ਼ਪਾਤੀ ਛਿਲਦਾ ਹੋਇਆ, ਰੋਲੈਂਡ ਵਿਚੋ ਹੀ ਬੋਲ ਪਿਆ :

"ਕ੍ਰਿਸ਼ਟੀ, ਤੇਰੀ ਥਾਂ ਜੇ ਮੈਂ ਹੋਵਾਂ ਤਾਂ ਮੈਂ ਪਾਈਲਟ ਕਿਸ਼ਤੀਆਂ ਦੇ ਨਮੂਨੇ ਤੇ ਬਣਿਆ ਇਕ ਵਧੀਆ ਜਹਾਜ਼ ਖਰੀਦਾਂ ਤੇ ਉਸ ਵਿੱਚ ਦੂਰ ਦੁਰਾਡੇ ਤੱਕ ਸਮੁੰਦਰ ਗਾਹ ਸੁੱਟਾਂ"

ਪੀਅਰੇ ਨੇ ਆਪਣੀ ਹੀ ਸ਼ਲਾਹ ਪ੍ਰਗਟ ਕੀਤੀ ਜਿਸ ਦਾ ਭਾਵ ਸੀ ਕਿ ਕਿਸੇ ਮਨੁੱਖ ਦੀ ਮਾਨਸਿਕ ਅਤੇ ਸਦਾਚਾਰਕ ਬੁਲੰਦੀ ਉਸ ਦੀ ਦੌਲਤ ਤੇ ਨਿਰਭਰ ਨਹੀਂ ਹੁੰਦੀ । ਸਾਧਾਰਨ ਲਿਆਕਤ ਦੇ ਲੋਕਾਂ ਲਈ ਪੈਸਾ ਉਨ੍ਹਾਂ ਦੀ ਗਿਰਾਵਟ ਦਾ ਕਾਰਣ ਬਣ ਜਾਂਦਾ ਹੈ । ਅਮੀਰ ਆਦਮੀਆਂ ਦੇ ਹੱਥਾਂ ਵਿੱਚ ਦੌਲਤ ਇਕ ਜ਼ਬਰਦਸਤ ਹਥਿਆਰ ਹੋ ਜਾਂਦੀ ਹੈ, ਭਾਵੇਂ ਇਸ ਤਰ੍ਹਾਂ ਦੇ ਲੋਕ ਨਾਮ-ਮਾਤਰ ਹੀ ਹੋਣ । ਜੇਕਰ ਸੱਚ ਮੁੱਚ ਹੀ ਜੀਨ ਸਾਧਾਰਨ ਨਾਲੋਂ ਉੱਚੀ ਲਿਆਕਤ ਦਾ ਮਾਲਕ ਹੈ ਤਾਂ ਹੁਣ ਉਹ ਇਸ ਦਾ ਪਰਤਾਵਾ ਦੇਣ ਦੇ ਕਾਬਲ ਹੈ ਕਿਉਂਕਿ ਉਹ ਹੁਣ ਜ਼ਰੂਰਤ ਦਾ ਮੁਹਤਾਜ ਨਹੀਂ ਰਿਹਾ । ਅੱਗੇ ਨਾਲੋ ਹੁਣ ਉਸ ਨੂੰ ਸੌ ਗੁਣਾਂ ਜ਼ਿਆਦਾ ਸਖ਼ਤ ਮਿਹਨਤ ਕਰਨੀ ਪਏਗੀ । ਸਵਾਲ ਇਹ ਬਿਲਕੁਲ ਨਹੀਂ ਰਿਹਾ ਕਿ ਮੁਕੱਦਮੇ ਦੇ ਹੱਕ ਜਾਂ ਵਿਰੁੱਧ ਲੜਿਆਂ ਜਾਵੇ ਤੇ ਕੁਝ ਪੈਸੇ ਕਮਾਏ ਜਾਣ, ਜਾਂ ਮੁਕੱਦਮੇ ਵਿੱਚ ਜਿੱਤ ਪ੍ਰਾਪਤ ਹੁੰਦੀ ਹੈ ਕਿ ਹਾਰ । ਸਵਾਲ ਤਾਂ ਹੁਣ ਮੰਨਿਆਂ ਦੰਨਿਆਂ ਕਾਨੂੰਨਦਾਨ ਬਣਨ ਦਾ ਹੈ ਜਾਂ ਵਕਾਲਤ ਦੀ ਚਮਕਦੀ ਹੋਈ ਜੋਤ ਜਗਾਉਣ ਦਾ ।

ਗੱਲ ਮੁਕਾਉਂਦਿਆਂ ਪੀਅਰੇ ਨੇ ਅੱਗੇ ਆਖਿਆ, "ਜੇਕਰ ਮੇਰੇ ਕੋਲ ਪੈਸਾ ਹੋਵੇ ਤਾਂ ਮੈਂ ਲਾਸ਼ਾ ਦੀ ਚੀਰ ਫਾੜ ਅਤੇ ਖੋਜ ਵਿਚ ਜੁਟ ਜਾਂਵਾਂ ।"

ਰੋਲੈਂਡ ਨੇ ਮੋਢੇ ਛੰਡ ਕੇ ਆਖਿਆ : "ਵਾਹ, ਸਭ ਤੋਂ ਵੱਡੀ ਅਕਲਮੰਦੀ ਹੈ ਜੀਵਨ ਵਿੱਚ ਅਰਾਮ-ਤਲਬੀ । ਗਰੀਬ ਘਰ ਜੰਮੇ ਲਈ ਕੰਮ ਕਰਨਾ ਜ਼ਰੂਰੀ ਹੈ, ਪਰ ਜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਮਦਨੀ ਹੁੰਦਿਆਂ ਹੋਇਆਂ ਵੀ ਕੋਈ ਟੁੱਟ ਟੁੱਟ ਮਰੇ ਤਾਂ ਉਹਦੇ ਵਰਗਾ ਝੱਲਾ ਕੌਣ ਹੋਵੇਗਾ ।"

ਬੜੇ ਸਵੈਮਾਨ ਭਰੇ ਢੰਗ ਨਾਲ ਅੱਗੋਂ ਪੀਅਰੇ ਨੇ ਉੱਤਰ ਦਿੱਤਾ, "ਮੈਂ ਤੁਹਾਡੇ ਨਾਲ ਸਹਿਮਤ ਨਹੀਂ ਹਾਂ ।" ਜੇ ਮੈਥੋਂ ਪੁਛਿਆ ਜਾਵੇ ਤਾਂ ਮੈਂ ਦੁਨਿਆਂ ਵਿੱਚ ਕੇਵਲ ਗਿਆਨ ਤੇ ਬੁੱਧੀ ਦੀ ਹੀ ਕਦਰ ਕਰਦਾ ਹਾਂ, ਬਾਕੀ ਸਭ ਕੁਝ ਕੌਡੀਓ ਖੋਟਾ ਹੈ ।"

ਪਿਤਾ ਪੁੱਤਰ ਵਿਚਕਾਰ ਨਿਤਪ੍ਰਤੀ ਝਗੜਿਆਂ ਨੂੰ ਰੋਕਣ ਲਈ ਸ੍ਰੀਮਤੀ ਰੋਲੈਂਡ ਸਦਾ ਕੋਸ਼ਿਸ਼ ਕਰਦੀ । ਇਸ ਮੌਕੇ ਤੇ ਵਾਰਤਾਲਾਪ ਨੂੰ ਮੋੜਾ ਦੇਣ ਲਈ ਉਸ ਨੇ ਪਿਛਲੇ ਹਫ਼ਤੇ ਕਿਸੇ ਸ਼ਹਿਰ ਵਿਚ ਹੋਏ ਕਤਲ ਦਾ ਜ਼ਿਕਰ ਸ਼ੁਰੂ ਕਰ ਦਿੱਤਾ । ਛੇਤੀ ਹੀ ਸ ਰੇ ਟੱਬਰ ਦਾ ਧਿਆਨ ਉਸ ਦੁਖਾਂਤ ਤੇ ਜ਼ੁਲਮ ਵੱਲ ਖਿੱਚਿਆ ਗਿਆ, ਉਸ ਮਨਮੋਹਣੇ ਭੇਤ ਵੱਲ ਜਿਸ ਨੂੰ ਕਿ ਉਜੱਡ, ਕਲੰਕਿਤ ਤੇ ਹੀਣੇ ਜੁਰਮਾਂ ਤੋਂ ਨਿਖੇੜਿਆਂ ਨਹੀਂ ਜਾ ਸਕਦਾ ਕਿਉਂਕਿ ਅਜਿਹੇ ਰਹੱਸ ਸਾਡੀ ਕਲਪਣਾ ਤੇ ਬੜਾ ਹੀ ਅਜੀਬ ਤੇ ਸੁਆਦਲਾ ਜਿਹਾ ਪ੍ਰਭਾਵ ਅੰਕਿਤ ਕਰਦੇ ਹਨ ।

ਮਿਸਟਰ ਰੋਲੈਂਡ ਘੜੀ ਮੁੜੀ ਵਕਤ ਦੇਖਦਾ ਰਿਹਾ । ਉਹ ਕਹਿਣ ਲੱਗਾ ਚਲੋ ਚਲੀਏ, ਜਾਣ ਦਾ ਸਮਾਂ ਹੋ ਗਿਆ ਹੈ ।"

"ਹਾਲੇ ਤਾਂ ਇਕ ਵੀ ਨਹੀਂ ਵੱਜਾ, ਸਮੇਂ ਦੀ ਕਾਫੀ ਗੁੰਜਾਇਸ਼ ਹੈ । ਮੈਂ ਠੰਡਾ ਕਟਲਟ ਨਹੀਂ ਖਾਣਾ ।," ਪੀਅਰੇ ਨੇ ਵਿਅੰਗ ਨਾਲ ਟਿੱਪਣੀ ਕੀਤੀ ।

"ਵਕੀਲ ਕੋਲ ਜਾਣ ਵਾਸਤੇ ਤੂੰ ਵੀ ਸਾਡੇ ਨਾਲ ਚਲੇਗਾ ?" ਉਸ ਦੀ ਮਾ ਨ ਪੁਛਿਆ

"ਮੈਂ ਉਥੇ ਕੀ ਕਰਾਂਗਾ ? ਮੇਰਾ ਜਾਣਾ ਤਾਂ ਬਿਲਕੁਲ ਫਜ਼ੂਲ ਹੋਵੇਗਾ ।"

ਜੀਨ ਨੇ ਚੁਪ ਸਾਧ ਰੱਖੀ ਸੀ ਜਿਵੇਂ ਇਸ ਮਾਮਲੇ ਨਾਲ ਉਹਦਾ ਕੋਈ ਸਬੰਧ ਹੀ ਨਾ ਹੋਵੇ । ਸਿਰਫ ਕਤਲ ਬਾਰੇ ਬਹਿਸ ਵਿੱਚ ਉਸ ਨੇ ਕਾਨੂੰਨ ਦੇ ਅਸੂਲਾਂ ਦਾਂ ਵੇਰਵਾ ਦੱਸ ਕੇ ਜ਼ੁਰਮਾਂ ਤੇ ਦੋਸ਼ੀਆਂ ਸਬੰਧੀ ਕੁਝ ਗੱਲ ਬਾਤ ਕੀਤੀ ਸੀ । ਇਸ ਵੇਲੇ ਉਹ ਬਿਲਕੁਲ ਮੋਨ ਸੀ । ਪਰ ਉਸ ਦੀਆਂ ਅੱਖਾਂ ਦੀ ਚਮਕ, ਭਖਦੀਆਂ ਗਲ੍ਹਾਂ ਤੇ ਦਾੜ੍ਹੀ ਦੀ ਦਮਕ ਤੋਂ ਉਹਦਾ ਹੁਲਾਸ ਡੁਲ ਡੁਲ ਪੈਂਦਾ ਸੀ ।

ਟੱਬਰ ਦੇ ਚਲੇ ਜਾਣ ਪਿਛੋਂ ਪੀਅਰੇ ਦਾ ਘਰ ਵਿੱਚ ਇੱਕਲਾ ਹੋਣ ਕਰਕੇ ਜੀਅ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ ਲੱਗਾ। ਇਸ ਕਰਕੇ ਉਹ ਮੁੜ ਸਵੇਰ ਵਾਂਗ ਆਪਣੀ ਪ੍ਰੈਕਟਿਸ ਵਾਸਤੇ ਕਿਸੇ ਯੋਗ ਥਾਂ ਦੀ ਭਾਲ ਵਿੱਚ ਨਿਕਲ ਟੁਰਿਆ। ਦੋ ਤਿੰਨ ਘੰਟਿਆਂ ਦੀ ਖੱਜਲ-ਖੁਆਰੀ ਪਿਛੋਂ ਇਕ ਨੰਬਰ ਗਲੀ ਵਿੱਚ ਸਚਮੁਚ ਹੀ ਉਸ ਦੇ ਪਸੰਦ ਦੀ ਜਗ੍ਹਾਂ ਮਿਲ ਗਈ। ਪਹਿਲੀ ਮੰਜ਼ਿਲ ਤੇ ਇਕ ਬਹੁਤ ਵੱਡਾ ਮਕਾਨ ਜਿਸ ਦੇ ਬੂਹੇ ਦੋ ਵੱਖਰੀਆਂ ਵੱਖਰੀਆਂ ਗਲੀਆਂ ਵੱਲ ਖੁਲਦੇ ਸਨ। ਇਸ ਵਿਚ ਦੋ ਸਵਾਗਤੀ ਕਮਰੇ ਸਨ ਤੇ ਇਕ ਸ਼ੀਸ਼ੇ ਦੀ ਗੈਲਰੀ ਜਿਥੇ ਇੰਤਜ਼ਾਰੀ ਵਿੱਚ ਬੈਠੇ ਮਰੀਜ਼ ਕੁਝ ਚਿਰ ਫੁੱਲਾਂ ਵਿੱਚ ਟਹਿਲ ਸਕਦੇ ਸਨ। ਨਾਲ ਲਗਦਾ ਇਕ ਵਡਾ ਸਾਰਾ ਸੁੰਦਰ ਡਾਈਨਿੰਗ ਰੂਮ ਸੀ ਜਿਸ ਦੀਆ ਖਿੜਕੀਆਂ ਸਮੁੰਦਰ ਵੱਲ ਖੁਲ੍ਹਦੀਆਂ ਸਨ।

ਇਸ ਮਕਾਨ ਬਾਰੇ ਗੱਲ ਤੈ ਹੋਣ ਵਾਲੀ ਸੀ ਕਿ ਤਿੰਨ ਹਜ਼ਾਰ ਫਰਾਂਕ ਪੇਸ਼ਗੀ ਕਿਰਾਇਆ ਅੜਚਣ ਬਣ ਗਿਆ ਕਿਉਂਕਿ ਉਸ ਕੋਲ ਤਾਂ ਫੁੱਟੀ ਕੌਡੀ ਵੀ ਨਹੀਂ ਸੀ।

ਥੋੜ੍ਹੀ ਬਹੁਤੀ ਕਮਾਈ ਜੋ ਉਸ ਦੇ ਪਿਤਾ ਨੇ ਜੋੜ ਕੇ ਕਿਸੇ ਕੰਮ ਤੇ ਲਾਈ ਸੀ, ਉਸ ਤੋਂ ਅੱਠ ਹਜ਼ਾਰ ਫਰਾਂਕ ਵ. ਸਾਲ ਦੀ ਆਮਦਨੀ ਨਹੀਂ ਸੀ। ਪੀਅਰੇ ਬਹੁਤ ਵਾਰੀ ਆਪਣੇ ਆਪ ਨੂੰ ਕੋਸਦਾ ਕਿ ਆਪਣੇ ਮਾਤਾ ਪਿਤਾ ਦੀਆਂ ਮੁਸੀਬਤਾਂ ਦਾ ਵੱਡਾ ਕਾਰਣ ਊਹ ਆਪ ਹੈ ਕਿਉਂਕਿ ਕਿਸੇ ਵੀ ਧੰਦੇ ਵਿੱਚ ਉਹ ਜੰਮ ਕੇ ਨਾ ਲਗਦਾ, ਹਮੇਸ਼ਾਂ ਦੋਚਿੱਤੀ ਵਿੱਚ ਰਹਿੰਦਾ ਤੇ ਬਹੁਤ ਵਾਰੀ ਇਕ ਕੰਮ ਛੱਡ ਕੇ ਦੂਜੇ ਨੂੰ ਜਾ ਹੱਥ ਪਾਉਂਦਾ। ਉਸ ਨੇ ਸੋਚਿਆ ਕਿ ਇਸ ਮਾਮਲੇ ਨੂੰ ਅੱਜੇ ਇਥੇ ਹੀ ਰਹਿਣ ਦਿੱਤਾ ਜਾਵੇ, ਪਰ ਦੋ ਦਿਨਾਂ ਦੇ ਵਿੱਚ ਵਿੱਚ ਹੀ ਕਿਸੇ ਅੰਤਮ ਫੈਸਲੇ ਤੇ ਪਹੁੰਚਣ ਦਾ ਉਸ ਨੇ ਪ੍ਰਣ ਕਰ ਲਿਆ। ਠੀਕ ਏਸੇ ਵੇਲੇ ਉਸ ਨੂੰ ਖਿਆਲ ਆਇਆ ਕਿ ਵਿਰਾਸਤ ਤੇ ਕਬਜ਼ਾ ਹੁੰਦਿਆਂ ਹੀ ਉਹ ਜੀਨ ਕੋਲੋਂ ਪਹਿਲੇ ਤਿੰਨਾਂ ਜਾਂ ਛਿਆਂ ਮਹੀਨਿਆਂ ਦਾ ਕਰਾਇਆ, ਤਕਰੀਬਨ ਡੇਢ ਹਜ਼ਾਰ ਫਰਾਂਕ ਉਧਾਰ ਮੰਗ ਸਕਦਾ ਹੈ। ਆਪਣੇ ਆਪ ਨਾਲ ਉਸ ਨੇ ਵਿਚਾਰ ਕੀਤੀ ; "ਵੱਧ ਤੋਂ ਵੱਧ ਇਹ ਕੁਝ ਮਹੀਨਿਆਂ ਦਾ ਕਰਜ਼ਾ ਹੀ ਤਾਂ ਹੋ ਸਕਦਾ ਹੈ। ਹੋ ਸਕਦਾ ਹੈ ਕਿ ਇਸ ਨੂੰ ਮੋੜਨ ਵਾਸਤੇ ਮੈਂ ਸਾਲ ਵੀ ਨਾ ਪੈਣ ਦਿਆਂ। ਸੁਭਾਵਿਕ ਹੀ ਜੀਨ ਮੇਰੀ ਗਰਜ਼ ਸਾਰ ਦੇਵੇਗਾ।"

ਚਾਹ ਦਾ ਵਕਤ ਵੀ ਅਜੇ ਨਹੀਂ ਸੀ ਹੋਇਆ। ਪੀਅਰੇ ਕੋਲ, ਕਰਨ ਨੂੰ ਤਾਂ ਉੱਕਾ ਹੀ ਕੋਈ ਕੰਮ ਨਹੀਂ ਸੀ। ਉਹ ਪਾਰਕ ਵਿੱਚ ਟਹਿਲਣ ਲੱਗਾ ਤੇ ਕੁਝ ਚਿਰ ਪਿਛੋਂ ਬੈਠ ਗਿਆ। ਬੈਂਚ ਤੇ ਚੁਪ ਚਾਪ ਬੈਠਾ ਉਹ ਸੋਚ ਵੀ ਕੁਝ ਨਹੀਂ ਸੀ ਰਿਹਾ ਤੇ ਉਸ ਦੀ ਸੱਖਣੀ ਨਿਗਾਹ ਜ਼ਮੀਨ ਤੇ ਗੱਡੀ ਹੋਈ ਸੀ। ਸਿਥੱਲਤਾ ਉਸ ਤੇ ਕਾਬੂ ਪਾ ਕੇ ਬੇਚੈਨੀ ਦਾ ਰੂਪ ਧਾਰ ਰਹੀ ਸੀ।

ਜਿਸ ਦਿਨ ਦਾ ਪੀਅਰੇ ਘਰ ਪਰਤਿਆ ਸੀ, ਇੰਜ ਹੀ ਉਸ ਨੇ ਆਪਣੇ ਦਿਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੰਘਾਏ ਸਨ । ਪਰ ਸੁੰਨੇ ਜੀਵਨ ਕਾਰਣ ਜਾਂ ਨਿਕਮਿਆਂ ਹੋਣ ਕਾਰਣ ਅੱਜ ਜੇੜੇ ਕਸ਼ਟ ਨੇ ਉਸ ਨੂੰ ਪਹਿਲਾਂ ਕਦੇ ਨਹੀਂ ਸਤਾਇਆ ਸੀ । ਸਵੇਰੇ ਉੱਠਣ ਸਮੇਂ ਤੋਂ ਸ਼ਾਮੀ ਸੌਣ ਵੇਲੇ ਤਕ ਉਹ ਕਿੰਨਾਂ ਖਜੱਲ-ਖੁਆਰ ਹੁੰਦਾ ਰਿਹਾ ।

ਜਵਾਰਭਾਟਾ ਆਉਣ ਸਮੇਂ ਤਕ ਉਸ ਨੇ ਬੰਦਰਗਾਹ ਤੇ ਆਵਾਰਾ ਗਰਦੀ ਕੀਤੀ, ਗਲੀਆਂ ਵਿੱਚ ਲੱਤਾਂ ਤੁੜਾਈਆਂ, ਹੋਟਲਾਂ ਵਿੱਚ ਘੁੰਮਿਆ, ਮਾਰੋਸਕੋ ਵੱਲ ਤੇ ਹੋਰ ਕਈ ਥਾਂ ਗਿਆ । ਇਸ ਤਰ੍ਹਾਂ ਦੇ ਜੀਵਨ ਨੂੰ ਹਾਲੇ ਤਕ ਉਸ ਨੇ ਕੋਈ ਬੋਝ ਨਹੀਂ ਸੀ ਮੰਨਿਆਂ । ਇਹੀ ਜੀਵਨ ਅੱਜ ਉਸ ਨੂੰ ਜ਼ਹਿਰ ਮਾਲੂਮ ਹੋਣ ਲੱਗਾ । ਜੇ ਉਸ ਕੋਲ ਪੈਸਾ ਹੁੰਦਾ ਤਾਂ ਬੱਘੀ ਖਰੀਦ ਕੇ ਉਹ ਲੰਮੀ ਸੈਰ ਵਾਸਤੇ ਠੰਢੀ ਸੜਕ ਦੇ ਨਾਲ ਨਾਲ ਦੂਰ ਪਿੰਡਾਂ ਵੱਲ ਨਿਕਲ ਜਾਂਦਾ । ਪਰ ਹਾਲਤ ਇਹ ਸੀ ਕਿ ਬੱਘੀ ਜ਼ੇਹੀ ਫਜ਼ੂਲ ਖਰਚੀ ਤਾਂ ਇਕ ਪਾਸੇ ਰਹੀ, ਉਸ ਨੂੰ ਬੀਅਰ ਦਾ ਇਕ ਗਲਾਸ ਜਾਂ ਲਫਾਫਾ ਖਰੀਦਣ ਵਾਸਤੇ ਪੈਸੇ ਤੱਕ ਦੇ ਸੰਸੇ ਪਏ ਹੋਏ ਸਨ । ਪੀਅਰੇ ਨੇ ਮਹਿਸੂਸ ਕੀਤਾ ਕਿ ਤੀਹ ਸਾਲ ਟੱਪ ਚੁਕੇ ਆਦਮੀ ਵਾਸਤੇ ਆਪਣੀ ਮਾਂ ਪਾਸੋਂ ਪੈਸਾ ਮੰਗਣਾ ਕਿੰਨੀ ਸ਼ਰਮਿੰਦਗੀ ਵਾਲੀ ਗੱਲ ਹੈ। ਆਪਣੀ ਸੋਟੀ ਨਾਲ ਰੇਤ ਨੂੰ ਖੁਰਚਦਿਆਂ ਉਹ ਬੁੜਬੁੜਾਉਣ ਲੱਗਾ :

"ਕਾਸ਼, ਮੇਰੇ ਕੋਲ ਵੀ ਦੌਲਤ ਹੁੰਦੀ"।

ਭਰਾ ਦੀ ਵਿਰਾਸਤ ਦਾ ਖਿਆਲ ਮੁੜ ਉਸ਼ ਨੂੰ ਮਧੋੜੀ ਵਾਂਗ ਆ ਲੜਿਆ । ਪਰ ਇਸ ਵਿਚਾਰ ਨੂੰ ਉਹਨੇ ਬੇਰਹਿਮੀ ਨਾਲ ਕੁਚਲਣ ਦੀ ਕੋਸ਼ਿਸ਼ ਕੀਤੀ ਕਿਉਂਕਿ ਉਹ ਰਸ਼ਕ ਦਾ ਸ਼ਿਕਾਰ ਨਹੀਂ ਸੀ ਹੋਣਾ ਚਾਹੁੰਦਾ ।

ਉਸ ਦੇ ਆਲੇ ਦੁਆਲੇ ਰਸਤੇ ਦੀ ਧੂੜ ਵਿਚ ਹਲਕੇ ਰੰਗ ਦੇ ਵਾਲਾਂ ਵਾਲ ਗੋਰੇ ਗੋਰੇ ਬੱਚੇ ਖੇਡ ਰਹੇ ਸਨ । ਬੜੇ ਧਿਆਨ ਨਾਲ ਉਹ ਰੇਤ ਦੀਆਂ ਪਹਾੜੀਆਂ ਬਣਾ ਰਹੇ ਸਨ । ਜਦੋਂ ਇਹ ਸਿਰੇ ਚੜ੍ਹ ਜਾਂਦੀਆਂ ਤਾਂ ਕੇਵਲ ਇਕ ਹੀ ਕਿੱਕ ਨਾਲ ਬੱਚੇ ਇਨ੍ਹਾਂ ਪਹਾੜੀਆਂ ਦਾ ਕੰਮ ਤਮਾਮ ਕਰ ਛੱਡਦੇ । ਪੀਅਰੇ ਵਾਸਤੇ ਇਹ ਅਜਿਹਾ ਦਿਨ ਸੀ ਜਿਸ ਵਿੱਚ ਉਸ ਨੇ ਆਪਣੇ ਮਨ ਦੀਆਂ ਸੱਭੇ ਨੁਕਰਾਂ ਗਾਹ ਮਾਰੀਆਂ ਪਰ ਹੱਥ ਪੱਲੇ ਕੁਝ ਨਾ ਪਿਆ ।

ਉਹ ਸੋਚਣ ਲੱਗਾ, "ਸਾਡੇ ਵੀ ਸਾਰੇ ਕੰਮ ਇਨ੍ਹਾਂ ਬੱਚਿਆਂ ਦੇ ਕੰਮਾਂ ਨਾਲ ਹੂ-ਬਹੂ ਮਿਲਦੇ ਹਨ ।" ਫੇਰ ਉਸ ਨੇ ਆਪਣੇ ਆਪ ਨੂੰ ਪ੍ਰਸ਼ਨ ਕੀਤਾ ਕੀ ਇਹ ਅੱਕਲਮੰਦੀ ਨਹੀਂ ਹੈ ਕਿ ਜੀਵਨ ਵਿੱਚ ਇਹੋ ਜਿਹੇ ਦੋ ਤਿੰਨ ਜੀਆਂ ਦਾ ਸੁਭਾਗ ਪ੍ਰਾਪਤ ਕੀਤਾ ਜਾਵੇ ਤੇ ਇਨ੍ਹਾਂ ਨੂੰ ਵੱਧਦਿਆਂ ਫੁਲਦਿਆਂ ਦੇਖ ਕੇ ਪ੍ਰਸੰਨਤਾ ਹਾਸਿਲ ਕੀਤੀ ਜਾਵੇ ? ਉਸ ਵਿੱਚ ਸ਼ਾਦੀ ਦੀ ਇੱਛਾ ਨੇ ਜਨਮ ਲਿਆ । ਘੱਟ ਤੋਂ ਘੱਟ ਉਦਾਸੀ ਤੇ ਹਨ੍ਹੇਰੇ ਸਮਿਆਂ ਵਿੱਚ ਕਿਸੇ ਦਿਲਬਰੀ ਦੀ ਆਸ ਤਾਂ ਰਹੇਗੀ ? ਮਾਯੂਸ ਹਾਲਤਾਂ ਸਮੇਂ ਔਰਤ ਦੀ ਹਮਦਰਦੀ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਆਰ-ਭਰਿਆ ਸਹਾਰਾ ਅਰਥ ਰਖਦਾ ਹੈ ।

ਫੇਰ ਉਸ ਦਾ ਖਿਆਲ ਔਰਤਾਂ ਦੁਆਲੇ ਘੁੰਮਣ ਲੱਗਾ । ਉਹ ਔਰਤਾਂ ਨੂੰ ਸਮਝਦਾ ਸੀ ਪਰ ਇਨ੍ਹਾਂ ਬਾਰੇ ਉਸ ਦਾ ਗਿਆਨ ਖੋਖਲਾ ਸੀ । ਪੜ੍ਹਾਈ ਸਮੇਂ ਔਰਤਾਂ ਨਾਲ ਉਸ ਦੀ ਕੰਪਨੀ ਪੰਦਰਾਂ ਦਿਨ ਤੋਂ ਜ਼ਿਆਦਾ ਸ਼ਾਇਦ ਹੀ ਕਦੇ ਕਾਇਮ ਰਹਿੰਦੀ ਸੀ । ਇਹ ਕੰਪਨੀ ਏਨੇ ਸਮੇਂ ਵਿੱਚ ਜਾਂ ਤੇ ਖਤਮ ਹੋ ਜਾਂਦੀ ਜਾਂ ਘਰੋਂ ਅਗਲਾ ਮਨੀਆਰਡਰ ਆਉਣ ਨਾਲ ਕਿਸੇ ਦੂਸਰੀ ਔਰਤ ਵੱਲ ਪਲਟ ਜਾਂਦੀ। ਦੁਨੀਆਂ ਵਿੱਚ ਹਮਦਰਦਾਂ ਦੀ ਹੋਂਦ ਬਹੁਤ ਜ਼ਰੂਰੀ ਹੈ । ਕੀ ਉਹਦੀ ਆਪਣੀ ਮਾਂ ਉਹਦੇ ਪਿਤਾ ਵਾਸਤੇ ਇਕ ਚੁੰਬਕ ਨਹੀਂ ਸੀ ? ਉਹਦਾ ਦਿਲ ਕਾਹਲਾ ਪੈ ਗਿਆ ਸੀ ਕਿ ਉਹ ਕਿਸੇ ਅਜਿਹੀ ਔਰਤ ਨੂੰ ਮਿਲੇ ਜਿਹੜੀ ਅਸਲੀ ਅਰਥਾਂ ਵਿੱਚ ਔਰਤ ਹੋਵੇ ।

ਆਪ-ਮੁਹਾਰਾ ਹੀ ਉਹ ਰੋਜ਼ਮਿੱਲੀ ਨੂੰ ਮਿਲਣ ਦਾ ਇਰਾਦਾ ਕਰਕੇ ਕਾਹਲੀ ਕਾਹਲੀ ਉਠਿਆ । ਫੇਰ ਉਂਨੀ ਛੇਤੀ ਹੀ ਉਹ ਬੈਠ ਗਿਆ । ਰੋਜ਼ਮਿੱਲੀ ਉਸ ਨੂੰ ਜਚੀ ਕੋਈ ਨਾ । ਕਿਉਂ ? ਉਹ ਗਵਾਰ ਉਜੱਡ ਲੋਕਾਂ ਵਾਂਗ ਸਿੱ। ਪੱਧਰੀਆਂ ਗੱਲਾਂ ਕਰਦੀ ਸੀ । ਨਾਲੇ ਉਹ ਜੀਨ ਤੇ ਵੀ ਤਾਂ ਡੁਲ੍ਹੀ ਹੋਈ ਸੀ । ਉਹਦੀ ਜਾਚੇ ਬੇਅਕਲ ਰੰਡੀ (ਰੋਜ਼ ਮਿੱਲੀ) ਦਾ ਜੀਨ ਵੱਲ ਝੁਕਾ ਵੀ ਸੋਚਣ ਵਾਲੀ ਗੱਲ ਸੀ । ਪੀਅਰੇ ਆਪਣੇ ਭਰਾ ਨੂੰ ਹੱਦੋਂ ਵੱਧ ਪਿਆਰ ਕਰਦਾ ਸੀ । ਪਰ ਦਿਮਾਗੀ ਤੌਰ ਤੇ ਜੀਨ ਨੂੰ ਉਹ ਸਦਾ ਹੌਲਾ ਤੇ ਉਂਜ ਵੀ ਘਟੀਆ ਖਿਆਲ ਕਰਦਾ ਸੀ ।

ਰਾਤ ਪੈਣ ਤਕ ਇਸ ਮਾਨਸਿਕ ਹਾਲਤ ਵਿੱਚ ਵਿਗੁਤ ਰਹਿਣਾ ਵੀ ਮੁਸ਼ਕਿਲ ਹੋ ਰਿਹਾ ਸੀ । ਪਿਛਲੀ ਸ਼ਾਮ ਵਾਂਗ ਪੀਅਰੇ ਨੇ ਆਪਣੇ ਆਪ ਨੂੰ ਫੇਰ ਇਹ ਸਵਾਲ ਕੀਤਾ : "ਮੈਂ ਕੀ ਕਰਾਂ ?"

ਹੁਣ ਉਹਦੇ ਦੁੱਖੀ ਦਿਲ ਨੇ ਚਾਹਿਆ ਕਿ ਕੋਈ ਉਸ ਨੂੰ ਪਿਆਰੇ, ਪੁਚਕਾਰੇ ਗਲ ਨਾਲ ਲਾਵੇ ਅਤੇ ਦਿਲਾਸਾ ਦੇਵੇ । ਪਰ ਕਿਹੜੀ ਗਲੋਂ ਦਿਲਬਰੀ ਦੇਵੇ, ਇਹਦੀ ਉਹਨੂੰ ਕੋਈ ਸਮਝ ਨਾ ਪਈ । ਪਰ ਇਸ ਵੇਲੇ ਪੀਅਰੇ ਉਨ੍ਹਾਂ ਨਾਜ਼ੁਕ ਤੇ ਕਮਜ਼ੋਰ ਹਾਲਤਾਂ ਵਿਚੋਂ ਲੰਘ ਰਿਹਾ ਸੀ ਜਦੋਂ ਕਿਸੇ ਔਰਤ ਦੀ ਨਜ਼ਦੀਕੀ, ਉਹਦੀਆਂ ਪਿਆਰ ਭਰੀਆਂ ਥਪਕੀਆਂ, ਉਹਦੇ ਹੱਥਾਂ ਦੀ ਛੋਹ ਜਾਂ ਅੱਖਾਂ ਦੀ ਤਕਣੀ ਦਿਲਾਂ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੋ ਜਾਂਦੀ ਹੈ ।

ਪੀਅਰੇ ਨੂੰ ਸ਼ਰਾਬ ਦੀ ਦੁਕਾਨ ਵਾਲੀ ਵੇਟਰ ਕੁੜੀ ਦਾ ਖਿਆਲ ਆਇਆ ਜਿਹਨੂੰ ਇਕ ਸ਼ਾਮ ਉਹ ਆਪਣੇ ਘਰ ਵੀ ਲੈ ਗਿਆ ਸੀ । ਪਿਛੋਂ ਉਹ ਕਦੇ ਕਦੇ ਉਹਦੇ ਕੋਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਇਆ ਕਰਦਾ ਸੀ। ਇਸ ਕੁੜੀ ਕੋਲ ਜਾ ਕੇ ਸ਼ਰਾਬ ਪੀਣ ਦੇ ਖਿਆਲ ਨਾਲ ਉਹ ਫੇਰ ਉਠਿਆ। ਉਹਨੂੰ ਕੀ ਆਖੇਗਾ ? ਕੁੜੀ ਉਹਨੂੰ ਕੀ ਕਹੇਗੀ ? ਕੁਝ ਵੀ ਤਾਂ ਨਹੀਂ। ਪਰ ਇਸ ਦੀ ਕੋਈ ਚਿੰਤਾ ਨਹੀਂ। ਪਲ ਭਰ ਲਈ ਉਹ ਕੁੜੀ ਦਾ ਹੱਥ ਪਕੜੇਗਾ। ਸ਼ਾਇਦ ਕੁੜੀ ਵੀ ਪੀਅਰੇ ਦੀ ਚਾਹਵਾਨ ਹੋ ਗਈ ਸੀ ਪਰ ਫ਼ੇਰ ਵੀ ਉਹ ਉਹਦੇ ਕੋਲ ਬਹੁਤੀ ਬਾਰੀ ਨਹੀਂ ਸੀ ਜਾਂਦਾ।

ਪੀਅਰੇ ਨੇ ਦੇਖਿਆ ਕਿ ਦੁਕਾਨ ਤਕਰੀਬਨ ਖਾਲੀ ਹੈ ਤੇ ਕੁੜੀ ਕੁਰਸੀ ਤੇ ਬੈਠੀ ਉਂਘ ਰਹੀ ਹੈ। ਮੇਜ਼ਾਂ ਤੇ ਕੂਹਣੀਆਂ ਟਿਕਾ ਕੇ ਤਿੰਨ ਗਾਹਕ ਪਾਈਪ ਦੇ ਕੱਸ਼ ਲਗਾ ਰਹੇ ਹਨ। ਖਜ਼ਾਨਚੀ ਨਾਵਲ ਪੜ੍ਹ ਰਿਹਾ ਸੀ। ਦੁਕਾਨ ਦਾ ਮਾਲਿਕ ਇਕ ਬੈਂਚ ਤੇ ਸੁੱਤਾ ਪਿਆ ਸੀ।

ਉਸ ਨੂੰ ਵੇਖਦਿਆਂ ਹੀ ਕੁੜੀ ਝੱਟ ਉੱਠੀ ਅਤੇ ਅੱਗੇ ਆ ਕੇ ਕਹਿਣ ਲੱਗੀ : "ਸ਼ੁਭ ਦਿਨ, ਦੋਸਤ ਕੀ ਹਾਲ ਹੈ ?"

"ਬਿਲਕੁਲ ਠੀਕ, ਤੂੰ ਕਿੱਦਾਂ"।

"ਠੀਕ ਹਾਂ, ਪਰ ਤੂੰ ਤੇ ਅੱਜ ਬੜਾ ਓਪਰਾ ਜਿਹਾ ਲਗਦਾ ਹੈਂ।"

"ਹਾਂ, ਹਾਂ, ਤੈਨੂੰ ਪਤਾ ਹੈ ਕਿ ਮੈਂ ਡਾਕਟਰ ਹਾਂ ਤੇ ਡਾਕਟਰਾਂ ਦਾ ਵਕਤ ਆਪਣਾ ਨਹੀਂ ਹੁੰਦਾ।"

"ਮੈਨੂੰ ਇਹ ਪਹਿਲਾਂ ਕਿਉਂ ਨਹੀਂ ਦਸਿਆ ? ਜੇ ਮੈਨੂੰ ਪਤਾ ਹੁੰਦਾ ਤਾਂ ਪਿਛਲੇ ਹਫਤੇ ਜਦੋਂ ਮੈਂ ਬੀਮਾਰ ਪਈ ਸੀ ਤਾਂ ਦਵਾ-ਦਾਰੂ ਵਾਸਤੇ ਤੇਰੇ ਕੋਲ ਨਾ ਆਉਂਦੀ ? ਕੀ ਲਵੇਂਗਾ ?"

"ਬੀਅਰ, ਤੇ ਤੂੰ ਕੀ ਲਵੇਂਗੀ ?"

"ਮੈਂ ਵੀ ਬੀਅਰ ਦਾ ਹੀ ਇਕ ਗਲਾਸ ਲਵਾਂਗੀ। ਪੈਸੇ ਤਾਂ ਤੂੰ ਹੀ ਦੇਣੇ ਹਨ।"

ਉਹ ਦੋ ਗਲਾਸ ਲੈ ਆਈ ਤੇ ਦੋਵੇਂ ਜਣੇ ਆਮੋ-ਸਾਹਮਣੇ ਬੈਠ ਕੇ ਗੱਲਾਂ ਕਰਨ ਲੱਗ ਪਏ। ਆਪਣੀ ਸ਼੍ਰੇਣੀ ਦੀਆਂ ਔਰਤਾ ਦੇ ਸੁਭਾ ਅਨੁਸਾਰ ਘੜੀ ਮੁੜੀ ਉਹ ਕੁੜੀ ਉਹਦੇ ਹੱਥਾਂ ਨੂੰ ਪਲੋਸਦੀ। ਮਾਸੂਮ ਨਜ਼ਰਾਂ ਨਾਲ ਪੀਅਰੇ ਵੱਲ ਦੇਖਦੀ ਨੇ ਕਿਹਾ :

"ਤੂੰ ਜਲਦੀ ਜਲਦੀ ਕਿਉਂ ਨਹੀਂ ਫੇਰਾ ਪਾਉਂਦਾ ? ਤੈਨੂੰ ਪਤਾ ਹੈ ਮੇਰੇ ਦਿਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿੱਚ ਤੇਰੇ ਵਾਸਤੇ ਨਿੱਘੀ ਥਾਂ ਹੈ ।"

ਪਰ ਪੀਅਰੇ ਦਾ ਮਨ ਉਸ ਵੱਲੋਂ ਭਰ ਚੁੱਕਾ ਸੀ । ਕੁੜੀ ਦੀਆਂ ਅੱਖਾਂ ਵਿੱਚ ਉਹਦੀ ਅਸਲੀਅਤ ਝਲਕ ਰਹੀ ਸੀ ਕਿਉਂਕਿ ਸੱਚਮੁੱਚ ਹੀ ਉਹ ਇਕ ਸਾਧਾਰਨ, ਉਜੱਡ ਅਤੇ ਬੁਧੂ ਕੁੜੀ ਸੀ ।

ਉਹ ਆਪਣੇ ਆਪਨੂੰ ਆਖਣ ਲੱਗਾ, "ਇਸਤਰੀਆਂ ਨੂੰ ਸਾਡੇ ਕੋਲ ਸੁਪਨਿਆਂ ਵਿੱਚ ਹੀ ਆਉਣਾ ਚਾਹੀਦਾ ਹੈ । ਜਾਂ ਉਹ ਧਨ ਦੌਲਤ ਨਾਲ ਮਾਲਾ ਮਾਲ ਹੋਣ ਕਿਉਂਕਿ ਦੋਲਤ ਸਾਧਾਰਣਤਾ ਨੂੰ ਵੀ ਆਦਰਸ਼ ਵਿੱਚ ਬਦਲ ਦਿੰਦੀ ਹੈ ।"

ਕੁੜੀ ਨੇ ਉਹਨੂੰ ਸਵਾਲ ਕੀਤਾ ; "ਕੱਲ ਸਵੇਰੇ, ਤੂੰ ਹੀ ਇਕ ਸੁੰਦਰ, ਤੇ ਲੰਮੀ ਦਾੜ੍ਹੀ ਵਾਲੇ ਨੌਜੁਆਨ ਨਾਲ ਇਧਰੋਂ ਲੰਘਿਆ ਸੀ ? ਕੀ ਉਹ ਤੇਰਾ ਭਰਾ ਸੀ ?"

"ਹਾਂ, ਉਹ ਮੇਰਾ ਭਰਾ ਸੀ ।"

"ਉਹ ਤਾਂ ਬੜਾ ਸੋਹਣਾ ਹੈ ।"

"ਕੀ ਤੈਨੂੰ ਉਹ ਸਹੁਣਾ ਲੱਗਦਾ ਹੈ ?"

"ਸੱਚ ਮੁੱਚ । ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਨਾਜ਼-ਨਿਹਮਤ ਵਿੱਚ ਪਲਿਆ ਹੋਵੇ ।" ਪੀਅਰੇ ਅੰਦਰ ਬੇਲਗਾਮ ਜਜ਼ਬਾ ਉਸ ਨੂੰ ਮਜ਼ਬੂਰ ਕਰ ਰਿਹਾ ਸੀ ਕਿ ਉਹ ਜੀਨ ਨੂੰ ਵਿਰਸੇ ਵਿੱਚ ਮਿਲਣ ਵਾਲੀ ਦੌਲਤ ਬਾਰੇ ਕੁੜੀ ਨੂੰ ਸਭ ਕੁਝ ਦੱਸ ਦੇਵੇ । ਇਹ ਕਹਾਣੀ, ਜਿਹੜੀ ਉਹ ਇਕਲਿੱਆਂ ਆਪਣੇ ਤੇ ਕਦੇ ਹਾਵੀ ਨਾ ਹੋਣ ਦਿੰਦਾ, ਕਿਉਂ ਉਸ ਵੇਲੇ ਉਹਦੇ ਬੁਲ੍ਹਾਂ ਤੇ ਆਈ । ਕਿਉਂ ਉਹਨੇ ਇਸ ਕਹਾਣੀ ਨੂੰ ਆਪਣੇ ਬੁਲ੍ਹਾਂ ਨਾਲ ਦੁਹਰਾਇਆ ? ਸ਼ਾਇਦ ਉਹ ਕਿਸੇ ਸਾਹਮਣੇ ਇਸ ਗੱਲ ਦਾ ਜ਼ਿਕਰ ਕਰਕੇ ਆਪਣੇ ਟੁੱਟੇ ਦਿਲ ਤੇ ਮਲ੍ਹੱਮ ਲਾਉਣੀ ਚਾਹੁੰਦਾ ਸੀ ।

ਲੱਤ ਤੇ ਲੱਤ ਧਰ ਕੇ ਪੀਅਰੇ ਨੇ ਆਖਿਆ, "ਮੇਰਾ ਭਰਾ ਬੜਾ ਭਾਗਾਂ ਵਾਲਾ ਹੈ । ਹੁਣੇ ਹੁਣੇ ਉਹ ਵੀਹ ਹਜ਼ਾਰ ਫਰਾਂਕ ਦੀ ਆਮਦਨੀ ਦਾ ਵਾਰਿਸ ਬਣਿਆ ਹੈ । "ਕੁੜੀ ਨੇ ਆਪਣੀਆਂ ਨੀਲੀਆਂ ਤੇ ਲਾਲਚੀ ਅੱਖਾਂ ਟਡੀਆਂ ਤੇ ਸਵਾਲ ਕੀਤਾ, "ਇਹ ਵਿਰਸਾ ਜੀਨ ਵਾਸਤੇ ਕੌਣ ਛੱਡ ਗਿਆ ? ਉਹਦਾ ਬਾਬਾ ਜਾਂ ਕੋਈ ਚਾਚੀ ?"

"ਨਹੀਂ, ਮੇਰੇ ਮਾਤਾ ਪਿਤਾ ਦਾ ਇਕ ਪੁਰਾਣਾ ਮਿੱਤਰ ।"

ਕੁੜੀ ਨੇ ਆਖਿਆ, "ਕੇਵਲ ਮਿੱਤਰ ? ਅਸੰਭਵ । ਤੈਨੂੰ ਕੁਝ ਨਹੀਂ ਮਿਲਿਆ ?"

"ਨਹੀਂ, ਮੈਂ ਤਾਂ ਉਸ ਨੂੰ ਘੱਟ ਵੱਧ ਹੀ ਜਾਣਦਾ ਸੀ ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁੜੀ ਨੇ ਇਕ ਪਲ ਸੋਚਿਆ ਤੇ ਫੇਰ ਸ਼ਰਾਰਤੀ ਢੰਗ ਨਾਲ ਮੁਸਕਰਾ ਕੇ ਆਖਿਆ "ਠੀਕ ਹੈ, ਇਹੋ ਜਿਹੇ ਮਿੱਤਰਾਂ ਦੇ ਸਦਕੇ ਤੇਰਾ ਭਰਾ ਕਰਮਾਂ ਵਾਲਾ ਹੋ ਗਿਆ ਹੈ। ਕੋਈ ਅਨੋਖੀ ਗੱਲ ਨਹੀਂ ਜੇ ਉਹਦੀ ਸ਼ਕਲ ਵੀ ਤੇਰੇ ਨਾਲ ਮਿਲਦੀ ਜੁਲਦੀ ਨਹੀਂ।"

ਪੀਅਰੇ ਦੇ ਦਿਲ ਵਿੱਚ ਹੂਕ ਉੱਠੀ ਕਿ ਉਹ ਸੋਚੇ ਸਮਝੇ ਬਿਨਾਂ ਹੀ ਇਸ ਕੁੜੀ ਦੇ ਮੂੰਹ ਤੇ ਥੱਪੜ ਕੱਢ ਮਾਰੇ। ਪਰ ਉਸ ਨੇ ਆਪਣੇ ਗੁੱਸੇ ਨੂੰ ਰੋਕ ਕੇ ਰੋਣ-ਹਾਕੀ ਆਵਾਜ਼ ਵਿੱਚ ਕੁੜੀ ਨੂੰ ਸੰਬੋਧਨ ਕੀਤਾ :

"ਕੀ ਮਤਲਬ ?" "ਉਹ। ਮੇਰਾ ਮਤਲਬ ਕੁਝ ਨਹੀਂ, ਬੱਸ ਉਹ ਤੇਰੇ ਨਾਲੋਂ ਜ਼ਿਆਦਾ ਕਰਮਾਂ ਵਾਲਾ ਹੈ।" ਪੀਅਰੇ ਨੇ ਕੁਝ ਪੈਸੇ ਟੇਬਲ ਤੇ ਵਗਾਹ ਮਾਰੇ ਤੇ ਉੱਠ ਕੇ ਕਾਹਲੇ ਪੈਰ ਪੁਟਦਾ ਉਥੋਂ ਚਲਾ ਗਿਆ।

ਕੁੜੀ ਦੇ ਚਿਤਾਰੇ ਲਫ਼ਜ਼, "ਕੋਈ ਅਨੋਖੀ ਗੱਲ ਨਹੀਂ ਕਿ ਉਸ ਦੀ ਸ਼ਕਲ ਤੇਰੇ ਨਾਲ ਮਿਲਦੀ ਜੁਲਦੀ ਨਹੀਂ" ਉਸ ਦੇ ਮਨ ਵਿੱਚ ਬਾਰ ਬਾਰ ਘੁੰਮਣ ਲਗੇ। ਉਹ ਕੀ ਸੋਚ ਰਹੀ ਸੀ। ਇਨ੍ਹਾਂ ਲਫ਼ਜ਼ਾਂ ਪਿੱਛੇ ਕੀ ਗੁੱਝਾ ਭੇਤ ਛੁਪਿਆ ਸੀ ? ਨਿਰਸੰਦੇਹ ਇਹ ਸ਼ਬਦ ਈਰਖਾ ਤੇ ਨਫ਼ਰਤ ਨਾਲ ਕਹੇ ਗਏ ਸਨ। ਇਹ ਬੜੇ ਅਪਮਾਨ-ਜਨਕ ਸਨ। ਹਾਂ, ਉਹ ਕੁੜੀ ਜ਼ਰੂਰ ਸੋਚਦੀ ਹੋਵੇਗੀ ਕਿ ਜੀਨ ਮਾਰਸ਼ਲ ਦਾ ਪੁੱਤਰ ਹੋਵੇਗਾ।

ਉਸਦੀ ਮਾਂ ਤੇ ਲਾਈ ਊਜ ਨੇ ਪੀਅਰੇ ਦੇ ਦਿਲ ਵਿੱਚ ਤੂਫ਼ਾਨ ਲੈ ਆਂਦਾ ਤੇ ਉਹ ਬੈਠਣ ਲਈ ਕਿਸੇ ਨਵੇਕਲੀ ਜਗ੍ਹਾਂ ਦੀ ਤਲਾਸ਼ ਕਰਨ ਲੱਗਾ। ਉਸ ਨੇ ਇਕ ਕੈਫ਼ੀਟੇਰੀਆ ਦੇਖਿਆ ਤੇ ਉਥ ਜਾ ਕੇ ਬਹਿ ਗਿਆ। ਲਗਦੇ ਹੱਥ ਬੀਅਰ ਦਾ ਆਰਡਰ ਵੀ ਦੇ ਦਿੱਤਾ। ਉਸ ਦਾ ਦਿਲ ਧੱਕ ਧੱਕ ਕਰ ਰਿਹਾ ਸੀ। ਉਹਨੂੰ ਕਚੀਆਂ ਤ੍ਰੇਲੀਆਂ ਆ ਰਹੀਆਂ ਸਨ। ਅਚਨਚੇਤ ਹੀ ਉਸ ਦੇ ਦਿਮਾਗ ਵਿੱਚ ਮਾਰੋਸਕੋ ਦੇ ਕਹੇ ਇਹ ਸ਼ਬਦ ਘੁੰਮਣ ਲੱਗੇ, "ਇਹ ਅੱਛਾ ਨਹੀਂ ਲਗੇਗਾ।" ਕੀ ਉਹੀ ਖਿਆਲ, ਉਹੀ ਸ਼ੱਕ ਮਾਰੋਸਕੋ ਦੇ ਮਨ ਵਿੱਚ ਵੀ ਆਇਆ ਸੀ ਜੋ ਕੁੜੀ ਨੇ ਚਿਤਾਰਿਆ ?

ਮੂੰਹ ਝੁਕਾ ਕੇ ਬੀਅਰ ਦੇ ਗਲਾਸ ਵਿੱਚ ਉਠਦੀ ਘੁਲਦੀ ਝੱਗ ਨੂੰ ਤਕਦਿਆਂ ਪੀਅਰੇ ਨੇ ਮਨ ਵਿੱਚ ਸਵਾਲ ਕੀਤਾ, "ਕੀ ਲੋਕ ਇਸ ਗੱਲ ਤੇ ਸੱਚ ਮੁੱਚ ਹੀ ਯਕੀਨ ਕਰ ਲੈਣਗੇ ?" ਲੋਕਾਂ ਦੇ ਦਿਲ ਵਿੱਚ ਇਸ ਮਨਹੂਸ ਸ਼ੱਕ ਪੈਦਾ ਹੋਣ ਦੇ ਕਾਰਣ ਹੁਣ ਉਸ ਨੂੰ ਕੋਈ ਠੋਸ ਸ਼ਕਲ ਧਾਰਦੇ ਸਾਫ਼ ਦਿੱਸਣ ਲੱਗੇ। ਇਕ ਬੁਢਾ ਲਾਵਾਰਿਸ ਛੜਾ ਆਪਣੀ ਸਾਰੀ ਜਾਇਦਾਦ ਆਪਣੇ ਮਿੱਤਰ ਦੇ ਦੋ ਬੱਚਿਆਂ ਦੇ ਨਾਂ ਲਿਖ ਜਾਵੇ ਇਹ ਸਪਸ਼ਟ ਸੁਭਾਵਿਕ ਗੱਲ ਸੀ ਪਰ ਜਦੋਂ ਸਾਰੀ ਦੀ ਸਾਰੀ ਜਾਇਦਾਦ ਇਕ ਦੇ ਨਾਂ ਲਿਖ ਗਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਵੇ, ਬਿਨਾਂ ਸ਼ੱਕ ਦੁਨੀਆਂ ਪਹਿਲਾਂ ਹੈਰਾਨ ਰਹਿ ਜਾਵੇਗੀ, ਫੇਰ ਦੱਬੀ ਜ਼ਬਾਨ ਵਿੱਚ ਗੱਲਾਂ ਕਰੇਗੀ ਤੇ ਅੰਤ ਹਾਸਾ ਉਡਾਏਗੀ। ਉਸ ਨੂੰ ਪਹਿਲਾਂ ਇਹ ਵਿਚਾਰ ਕਿਉਂ ਨਹੀਂ ਆਇਆ ? ਉਸ ਦੇ ਪਿਤਾ ਨੂੰ ਇਸ ਗੱਲ ਦੀ ਸੋਝੀ ਕਿਉਂ ਨਹੀਂ ਆਈ ? ਉਸ ਦੀ ਮਾਂ ਨੂੰ ਇਹ ਸ਼ੱਕ ਕਿਉਂ ਨਹੀਂ ਪਈ ? ਸ਼ੱਕ ਕਿਉਂ ਪਏ, ਉਹ ਤਾਂ ਕਿਸਮਤ ਦੇ ਕੜਛੇ ਤੇ ਅਤਿਅੰਤ ਪਰਸੰਨ ਸਨ। ਅਜਿਹਾ ਵਿਚਾਰ ਉਨ੍ਹਾਂ ਦੇ ਮਨ ਵਿੱਚ ਕਤਈ ਨਹੀਂ ਆ ਸਕਦਾ। ਨਾਲੇ ਇਹ ਭਲੇ ਲੋਕ ਇਹੋ ਜਿਹਾ ਨਿਗੂਣਾ ਸ਼ੱਕ ਕਿਸ ਤਰ੍ਹਾਂ ਮਨ ਵਿੱਚ ਲਿਆ ਸਕਦੇ ਹਨ ?

ਪਰ ਆਮ ਲੋਕ, ਗੁਆਂਢੀ ਤੇ ਵਿਉਪਾਰੀ ਜੋ ਉਨਾ ਨੂੰ ਜਾਣਦੇ ਸਨ ਕੀ ਇਹ ਸਭ ਇਸ ਮਨਹੂਸ ਤੁਹਮਤ ਨੂੰ ਦੁਹਰਾਉਣਗੇ ਨਹੀਂ ? ਹੱਸਣਗੇ ਨਹੀਂ ਤੇ ਖਿੱਲੀ ਨਹੀਂ ਉਡਾਉਣਗੇ ? ਉਸ ਦੇ ਪਿਤਾ ਦਾ ਮਖੌਲ ਉਡਾਉਣਗੇ, ਉਹਦੀ ਮਾਂ ਨੂੰ ਨਫਰਤ ਦੀ ਨਿਗਾਹ ਨਾਲ ਤਕਿਆ ਜਾਵੇਗਾ। ਕੈਫ਼ੀਟੇਰੀਏ ਵਾਲੀ ਕੁੜੀ ਦੀ ਗੱਲ, ਜੀਨ ਦਾ ਗੋਰਾ ਰੰਗ ਤੇ ਆਪਣਾ ਕਾਲਾ, ਉਨ੍ਹਾਂ ਦੋਹਾਂ ਦੇ ਚਿਹਰਿਆਂ ਦਾ ਮੁਹਾਂਦਰਾ, ਜਿਮਸਾਨੀ ਤੇ ਦਿਮਾਗੀ ਤੌਰ ਤੇ ਫਰਕ ਲੋਕਾਂ ਦੇ ਮਨਾਂ ਵਿੱਚ ਸੁੱਤੇ ਸਿੱਧ ਆਉਣਗੇ। ਲੋਕ ਅੱਗੋਂ ਵਾਸਤੇ ਜਦੋਂ ਰੋਲੈਂਡ ਦੇ ਬੇਟਿਆਂ ਦਾ ਜ਼ਿਕਰ ਕਰਨਗੇ ਤਾਂ ਪੁਛਿਆ ਕਰਨਗੇ "ਕਿਹੜਾ ? ਅਸਲੀ ਕਿ ਨਕਲੀ।"

ਪੀਅਰੇ ਉਠ ਖਲੋਇਆ ਤੇ ਆਪਣੇ ਮਨ ਵਿੱਚ ਇਹ ਫੈਸਲਾ ਕੀਤਾ ਕਿ ਉਹ ਮਾਂ ਦੀ ਇੱਜ਼ਤ ਉੱਤੇ ਆਉਣ ਵਾਲੇ ਭਿਆਨਕ ਖਤਰੇ ਵੱਲੋਂ ਆਪਣੇ ਭਰਾ ਨੂੰ ਖਬਰਦਾਰ ਕਰੇਗਾ। ਪਰ ਜੀਨ ਕੀ ਕਹੇਗਾ ? ਇਸ ਮੁਸ਼ਕਿਲ ਤੋਂ ਛੁਟਕਾਰਾ ਪਾਉਣ ਦਾ ਸਭ ਤੋਂ ਆਸਾਨ ਢੰਗ ਇਹੋ ਹੀ ਸੀ ਕਿ ਜੀਨ ਵਿਰਾਸਤ ਨੂੰ ਕਬੂਲ ਕਰਨੋ ਇਨਕਾਰ ਕਰ ਦੇਵੇ। ਫੇਰ ਇਹ ਜਾਇਦਾਦ ਗਰੀਬਾਂ ਨੂੰ ਜਾਂ ਉਨ੍ਹਾਂ ਦੋਸਤਾਂ ਨੂੰ ਮਿਲ ਜਾਵੇਗੀ ਜਿਨ੍ਹਾਂ ਨੇ ਇਸ ਵਿਰਾਸਤ ਬਾਰੇ ਸੁਣਿਆ ਸੀ ਤੇ ਜਿਨ੍ਹਾਂ ਨੂੰ ਇਹ ਪਤਾ ਸੀ ਕਿ ਇਸ ਵਿਚ ਕੁਝ ਅਜਿਹੀਆਂ ਸ਼ਰਤਾਂ ਹਨ ਜਿਨ੍ਹਾਂ ਦੇ ਮੁਤਾਬਿਕ ਜੀਨ ਇਸ ਦਾ ਕਾਨੂੰਨੀ ਤੌਰ ਤੇ ਹਕਦਾਰ ਨਹੀਂ ਸੀ ਬਣ ਸਕਦਾ।

ਘਰ ਪਰਤਣ ਲਗਿਆਂ ਉਸ ਨੇ ਇਹ ਫੈਸਲਾ ਕੀਤਾ ਕਿ ਉਹ ਆਪਣੇ ਭਰਾ ਨਾਲ ਇਕਾਂਤ ਵਿੱਚ ਵਿਚਾਰ ਕਰੇਗਾ ਕਿਉਂਕਿ ਇਸ ਵਿਸ਼ੇ ਤੇ ਮਾਂ-ਬਾਪ ਸਾਹਮਣੇ ਗਲਬਾਤ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਜਦੋਂ ਉਹ ਘਰ ਪਹੁੰਚਾ ਤਾਂ ਉਸ ਨੂੰ ਬੈਠਕ ਵਿੱਚ ਕੁਝ ਆਵਾਜ਼ਾਂ ਤੇ ਹਾਸਾ ਸੁਣਾਈ ਦਿੱਤਾ। ਅੰਦਰ ਵੜਦਿਆਂ ਸਾਰ ਉਸ ਨੂੰ ਇਹ ਪਤਾ ਲੱਗਾ ਕਿ ਏਸ ਖੁਸ਼ੀ ਦੇ ਮੌਕੇ ਤੇ ਉਹਦੇ ਪਿਤਾ ਨੇ ਸ਼੍ਰੀਮਤੀ ਰੋਜ਼ਮਿੱਲੀ ਅਤੇ ਕਪਤਾਨ ਬੋਜ਼ੀਰ ਨੂੰ ਸ਼ਾਮ ਦੇ ਖਾਣੇ ਵਾਸਤੇ ਬੁਲਾਇਆ ਹੋਇਆ ਹੈ। ਭੁੱਖ ਨੂੰ ਚਮਕਾਉਣ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਆਲੇ ਦਾ ਦੌਰ ਚਲ ਰਿਹਾ ਸੀ। ਪਧਾਰੇ ਸੱਜਨ ਮਸਤ ਹੋ ਚੁੱਕੇ ਸਨ। ਕਪਤਾਨ ਬੋਜ਼ੀਰ ਮੱਧਰੇ ਕੱਦ ਦਾ ਗੋਲ-ਮਟੋਲ ਮਨੁੱਖ ਸੀ ਜਿਸ ਦੇ ਉਭਾਰ ਸਮੁੰਦਰ ਦੀ ਆਵਾਜਾਈ ਨਾਲ ਘਿਸ ਕੇ ਖੰਡੇ ਹੋ ਗਏ ਜਾਪਦੇ ਸਨ। ਉਸ ਦੇ ਵਿਚਾਰ ਵੀ ਉਸਦੇ ਸਰੀਰ ਵਾਂਗ ਸਿੱਧੇ ਪਧਰੇ ਤੇ ਖੁਲ੍ਹੇ ਲਗਦੇ ਸਨ। ਉਹ ਦਿਲ ਭਰ ਕੇ ਹਸਦਾ। ਇਹ ਖਿਆਲ ਉਸ ਵਿੱਚ ਪ੍ਰਬਲ ਸੀ ਕਿ ਜੀਵਨ ਦੀ ਹਰ ਗੱਲ ਵਿੱਚ ਅਛਾਈ ਹੈ। ਉਸ ਨੇ ਪੀਅਰੇ ਨਾਲ ਆਪਣਾ ਗਲਾਸ ਛੁਹਿਆ। ਜੀਨ ਇਸਤਰੀਆਂ ਦੇ ਗਲਾਸਾਂ ਵਿੱਚ ਦੁਬਾਰਾ ਸ਼ਰਾਬ ਪਾ ਰਿਹਾ ਸੀ। ਰੋਜ਼ਮਿੱਲੀ ਨੇ ਜਦੋਂ ਹੋਰ ਲੈਣ ਤੋਂ ਇਨਕਾਰ ਕੀਤਾ ਤਾਂ ਕਪਤਾਨ ਬੋਜ਼ੀਰ ਨੇ ਜਿਹੜਾ ਉਸ ਦੇ ਮ੍ਰਿਤ ਪਤੀ ਨੂੰ ਜਾਣਦਾ ਸੀ, ਚੀਕ ਕੇ ਖੁਸ਼ੀ ਵਿੱਚ ਕਿਹਾ, "ਚਲੋ ਹੋਰ ਲਓ, ਦੋ ਪੈਗ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾ ਸਕਦੇ। ਜਿਥੋਂ ਤੱਕ ਮੇਰਾ ਸਬੰਧ ਹੈ ਕਿਉਂਕਿ ਮੈਂ ਹੁਣ ਸਮੁੰਦਰ ਤੇ ਨਹੀਂ ਜਾਂਦਾ, ਮੈਂ ਹਰ ਸ਼ਾਮ ਖਾਣੇ ਤੋਂ ਪਹਿਲਾਂ ਦੋ ਜਾਂ ਤਿੰਨ ਪੈਗ ਲੈ ਕੇ ਆਪਣ ਆਪ ਨੂੰ ਇਕ ਮਸਨੂਈ ਹਿਚਕੋਲਾ ਦੇ ਲੈਂਦਾ ਹਾਂ। ਫੇਰ ਮੈਂ ਹੋਰ ਪੀ ਕੇ ਜ਼ਰਾ ਰੰਗ ਵਿੱਚ ਆਉਂਦਾ ਹਾਂ। ਪਰ ਫੇਰ ਵੀ ਮੈਂ ਬਹੁਤੀ ਪੀ ਕੇ ਤੂਫਾਨ ਨਹੀਂ ਲਿਆਉਂਦਾ ਕਿਉਂਕਿ ਇਸ ਨਾਲ 'ਜਹਾਜ਼ ਦੀ ਤਬਾਹੀ' ਦਾ ਡਰ ਰਹਿੰਦਾ ਹੈ।

ਰੋਲੈਂਡ ਦਾ ਸਮੁੰਦਰੀ ਜਜ਼ਬਾ, ਪੁਰਾਣੇ ਮਲਾਹ ਦੀਆਂ ਗੱਲਾਂ ਨਾਲ ਉਮ੍ਹ ਲ ਉਠਿਆ। ਉਹ ਜ਼ੋਰ ਨਾਲ ਹੱਸਿਆ ਜਿਸ ਕਰਕੇ ਉਹਦਾ ਚਿਹਰਾ ਦਗਮਗਾ ਉਠਿਆ। ਉਸ ਦੀਆਂ ਅੱਖਾਂ ਪਹਿਲਾਂ ਹੀ ਸ਼ਰਾਬ ਨਾਲ ਅਲਮਸਤ ਸਨ। ਕਈ ਬੰਦੇ ਕੋਈ ਹਿਲਜੁਲ ਨਹੀਂ ਕਰਦੇ ਅਤੇ ਬੈਠੇ ਬੈਠੇ ਗੋਗੜਾਂ ਫੁਲਾ ਲੈਂਦੇ ਹਨ। ਗੋਗੜ ਵਾਲੇ ਲੋਕ ਜਦੋਂ ਕੁਰਸੀ ਤੇ ਬੈਠਦੇ ਹਨ ਤਾਂ ਉਨ੍ਹਾਂ ਦੇ ਪਟ, ਛਾਤੀ, ਬਾਹਾਂ, ਧੌਣ ਅਤੇ ਹੋਰ ਸਭ ਕੁਝ ਢਿਡ ਵਿੱਚ ਹੀ ਸਮੋਏ ਲਗਦੇ ਹਨ ਤੇ ਗੋਗੜ ਤੋਂ ਬਿਨ੍ਹਾਂ ਹੋਰ ਕੁਝ ਨਜ਼ਰ ਨਹੀਂ ਆਉਂਦਾ। ਇਸੇ ਤਰ੍ਹਾਂ ਰੋਲੈਂਡ ਵੀ ਆਪਣੀਫੁਲੀ ਗੋਗੜ ਵਿੱਚ ਸਮੋਇਆ ਲਗਦਾ। ਉਹਦੇ ਮੁਕਾਬਲੇ ਵਿੱਚ ਬੋਜ਼ੀਰ ਛੋਟਾ ਪਰ ਕਸਿਆ ਹੋਇਆ ਸੀ। ਉਹ ਅੰਡੇ ਵਾਂਗ ਭਰਿਆ ਤੇ ਟਾਇਟ ਫੁਟਬਾਲ ਵਰਗਾ ਸਖਤ ਸ਼ੀ। ਸ਼੍ਰੀਮਤੀ ਰੋਲੈਂਡ ਨੇ ਹਾਲੇ ਪਹਿਲਾ ਗਲਾਸ ਵੀ ਨਹੀਂ ਸੀ ਮੁਕਾਇਆ। ਉਹ ਆਪਣੇ ਬੇਟੇ ਜੀਨ ਬਾਰੇ ਕਈ ਕਿਸਮ ਦੀਆਂ ਸੋਚਾਂ ਵਿੱਚ ਗੁੰਮ ਸੀ। ਉਹਦੀਆਂ ਅੱਖਾਂ ਵਿੱਚ ਚਮਕ, ਚਿਹਰੇ ਉਪਰ ਖੁਸ਼ੀ ਤੇ ਜਿੱਤ ਦੀ ਲਾਲੀ ਭਖ ਰਹੀ ਸੀ। ਜੀਨ ਦੀਆਂ ਖੁਸ਼ੀਆਂ ਦਾ ਪਿਆਲਾ ਆਖਰਕਾਰ ਭਰ ਕੇ ਛਲਕ ਗਿਆ। ਸਾਰੀ ਕਾਰਵਾਈ ਪੂਰੀ ਹੋ ਗਈ। ਕਾਗਜ਼ਾਂ ਉਪਰ ਦਸਤਖਤ ਹੋ ਗਏ ਤੇ ਹੁਣ ਉਹ ਵੀਹ ਹਜ਼ਾਰ ਫਰਾਂਕ ਸਾਲਾਨਾ ਦੀ ਆਮਦਨੀ ਦਾ ਮਾਲਕ ਹੋ ਗਿਆ ਸੀ। ਉਹਦੇ ਹੱਸਣ ਢੰਗ, ਮਾਮੂਲ ਤੋਂ ਉਲਟ ਤਕਣੀ ਅਤੇ ਭਰੋਸੇ ਵਾਲੀ ਆਵਾਜ਼, ਅੰਦਾਜ਼ ਅਤੇ ਆਤਮ-ਵਿਸਵਾਸ਼ ਤੋਂ ਸਾਫ਼ ਨਜ਼ਰ ਆਉਂਦਾ ਸੀ ਕਿ ਉਸ ਵਿੱਚ ਠਰਮ੍ਹਾ ਪਹਿਲਾਂ ਹੀ ਆ ਗਿਆ ਜਿਹੜਾ ਦੋਲਤਮੰਦ ਆਦਮੀਆਂ ਵਿੱਚ ਆਮ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇੰਨੇ ਚਿਰ ਵਿੱਚ ਖਾਣੇ ਦਾ ਸੰਕੇਤ ਹੋ ਗਿਆ। ਬੁੱਢਾ ਰੋਲੈਂਡ ਸ੍ਰੀਮਤੀ ਰੋਜ਼ਮਿੱਲੀ ਦਾ ਹੱਥ ਪਕੜਨ ਵਾਲਾ ਹੀ ਸੀ ਕਿ ਉਸ ਦੀ ਪਤਨੀ ਨੇ ਮਨ੍ਹਾਂ ਕਰਦਿਆਂ ਕਿਹਾ, "ਨਹੀਂ, ਨਹੀਂ, ਅੱਜ ਸਭ ਕੁਝ ਜੀਨ ਵਾਸਤੇ ਹੈ।" ਮੇਜ਼ ਅਣਗਿਣਤ ਪਦਾਰਥਾਂ ਦੇ ਭਾਰ ਥੱਲੇ ਦਬਿਆ ਪਿਆ ਸੀ। ਜੀਨ ਨੇ ਆਪਣੇ ਪਿਤਾ ਵਾਲੀ ਸੀਟ ਮੱਲੀ। ਉਸ ਦੀ ਪਲੇਟ ਸਾਹਮਣੇ ਚਮਕਦੇ ਰਿਬਨ ਨਾਲ ਬਨ੍ਹਿਆ ਫੁੱਲਾਂ ਦਾ ਬੜਾ ਸਾਰਾ ਗੁਲਦਸਤਾ ਪਿਆ ਸੀ ਜਿਹੜਾ ਖਾਸ ਮੌਕਿਆਂ ਤੇ ਹੀ ਸਜਾਇਆ ਜਾਂਦਾ ਹੈ। ਇਹ ਗੁਲਦਸਤਾ ਗੁੰਬਦ ਦੇ ਸਜਾਏ ਮੱਠ ਵਾਂਗ ਉਪਰ ਨੂੰ ਉਭਾਰਿਆ ਹੋਇਆ ਸੀ। ਇਸ ਦੇ ਪਾਸਿਆਂ ਤੇ ਸ਼ੀਸ਼ੇ ਦੀਆਂ ਚਾਰ ਲੱਦੀਆਂ ਪਲੇਟਾਂ ਸਨ। ਇਕ ਵਿੱਚ ਆੜੂਆਂ ਦੀ ਕੁਤਬ-ਮੀਨਾਰ ਬਣੀ ਸੀ, ਦੂਜੀ ਵਿੱਚ ਮਲਾਈ ਨਾਲ ਭਰਿਆ ਕੇਕ ਉੱਛਲ ਰਿਹਾ ਸੀ, ਤੀਜੀ ਵਿੱਚ ਅਨਾਨਾਸ ਦੀਆਂ ਚਿਟੇ ਸ਼ਰਬਤ ਵਿੱਚ ਕਤਲੀਆਂ ਅਤੇ ਚੌਥੀ ਪਲੇਟ ਵਿੱਚ ਗਰਮ ਦੇਸ਼ਾਂ ਤੋਂ ਮੰਗਵਾਏ ਕਾਲੇ ਅੰਗੂਰ ਇਕ ਅੱਤਿ ਮਹਿੰਗੀ ਸ਼ੈ।

ਪੀਅਰੇ ਨੇ ਬੈਠਦਿਆਂ ਕਿਹਾ, "ਵਾਹ, ਅੱਜ ਤਾਂ ਜੀਨ ਦੀ ਅਮੀਰੀ ਦਾ ਜਸ਼ਨ ਮਨਾਇਆ ਜਾ ਰਿਹਾ ਹੈ।" ਸੂਪ ਪੀਣ ਤੋਂ ਪਿਛੋਂ ਬੋਜੀਰ ਨੇ ਉਸ ਖਾਣੇ ਦਾ ਜ਼ਿਕਰ ਕੀਤਾ ਜੋ ਉਸ ਨੇ ਇਕ ਨੀਗਰੋ ਜਰਨੈਲ ਦੇ ਘਰ ਖਾਧਾ ਸੀ। ਮਿਸਟਰ ਰੋਲੈਂਡ ਉਸ ਨੂੰ ਸੁਣਦਾ ਰਿਹਾ, ਪਰ ਵਿੱਚ ਵਿਚਾਲੇ ਉਹਨੇ ਆਪਣੇ ਦੋਸਤ ਦੇ ਘਰ ਪਾਰਟੀ ਦਾ ਜ਼ਿਕਰ ਕਰਨ ਦੀ ਚੇਸ਼ਟਾ ਕੀਤੀ ਜਿਸ ਦਾ ਮੁਆਵਜ਼ਾ ਸਭ ਦੋਸਤਾਂ ਨੂੰ ਪੰਦਰਾਂ ਦਿਨਾਂ ਦੀ ਬੀਮਾਰੀ ਨਾਲ ਦੇਣਾ ਪਿਆ ਸੀ। ਰੋਜ਼ਮਿੱਲੀ, ਜੀਨ ਅਤੇ ਉਸ ਦੀ ਮਾਂ ਪ੍ਰਸਤਾਵਿਤ ਪਿਕਨਿਕ ਬਾਰੇ ਵਿਚਾਰ-ਵਟਾਂਦਰਾ ਕਰ ਰਹੇ ਸਨ। ਉਹ ਸੋਚ ਰਹੇ ਸਨ ਕਿ ਜੇ ਪਿਕਨਿਕ ਵਾਲੀ ਥਾਂ ਤੇ ਹੀ ਨਾਸ਼ਤਾ ਕੀਤਾ ਜਾਵੇ ਤਾਂ ਉਨ੍ਹਾਂ ਨੂੰ ਕਿੰਨੀ ਖੁਸ਼ੀ ਪ੍ਰਾਪਤ ਹੋਵਗੀ। ਇਸ ਵਿਚਕਾਰ ਪੀਅਰੇ ਮਨ ਹੀ ਮਨ ਕੁੜ੍ਹਦਾ ਰਿਹਾ ਤੇ ਉਸ ਨੂੰ ਅਫਸੋਸ ਸੀ ਕਿ ਉਹ ਸਮੁੰਦਰ ਕੰਢੇ ਕਿਸੇ ਸਸਤੇ ਜਿਹੇ ਹੋਟਲ ਵਿੱਚ ਰੋਟੀ ਖਾਣ ਕਿਉਂ ਨਾ ਚਲਿਆ ਗਿਆ ਜਿਥੇ ਉਹ ਇਸ ਸ਼ੋਰ-ਸ਼ਰਾਬੇ ਅਤੇ ਹਾਸੇ-ਮਖੌਲ ਤੋਂ ਬੱਚ ਜਾਂਦਾ ਜਿਹੜਾ ਕਿ ਉਸ ਨੂੰ ਪਾਗਲ ਕਰੀ ਜਾ ਰਿਹਾ ਸੀ।

ਪੀਅਰੇ ਮਨ ਵਿੱਚ ਸੋਚਦਾ ਕਿ ਉਹ ਕਿਸ ਢੰਗ ਨਾਲ ਆਪਣਾ ਡਰ ਭਰਾ ਤੱਕ ਪਹੁੰਚਾਏ, ਕਿਸ ਜੁਗਤ ਨਾਲ ਕਬੂਲੀ ਗਈ ਵਿਰਾਸਤ ਨੂੰ ਠੁਕਰਾਉਣ ਲਈ ਕਹੇ ਜਿਸ ਨੂੰ ਜੀਨ ਮਾਣ ਰਿਹਾ ਸੀ ਅਤੇ ਜਿਸ ਦਾ ਨਸ਼ਾ ਉਹਨੂੰ ਆ ਚੁੱਕਾ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੀਨ ਵਾਸਤੇ ਵਿਰਸਾ ਠੁਕਰਾਉਣਾ ਮੁਸ਼ਕਿਲ ਸੀ, ਪਰ ਆਪਣੀ ਮਾਂ ਦੇ ਪਵਿੱਤਰ ਨਾਂ ਖਾਤਰ ਇੰਜ ਕਰਨਾ ਜ਼ਰੂਰੀ ਹੋ ਗਿਆ ਸੀ।

ਵੱਡੀ ਰਾਉਟ ਮੱਛੀ ਵੇਖਦਿਆਂ ਹੀ ਰੋਲੈਂਡ ਨੇ ਮੱਛੀ ਪਕੜਨ ਦੀਆਂ ਕਹਾਣੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਸਿਲਸਿਲਾ ਸ਼ੁਰੂ ਕਰ ਦਿੱਤਾ। ਬੇਜ਼ੀਰ ਵੀ ਘੱਟ ਨਹੀਂ ਸੀ। ਉਸ ਨੇ ਗਬੋਨ ਮੈਡਗਾਸਕਰ, ਚੀਨ, ਜਾਪਾਨ ਦੇਸ਼ਾਂ ਦੇ ਅਜੀਬ ਮਾਰੂਕੇ ਸੁਣਾਏ। ਉਸ ਨੇ ਦਸਿਆ ਕਿ ਇਨ੍ਹਾਂ ਦੇਸ਼ਾ ਵਿੱਚ ਮੱਛੀਆਂ ਦੇ ਚਿਹਰੇ ਵੀ ਇੰਨੇ ਹੀ ਹਸਾਉਣੇ ਹਨ ਜਿੰਨੇ ਉਥੋਂ ਦੇ ਵਸਨੀਕਾਂ ਦੇ। ਮੱਛੀਆਂ ਦਾ ਵਰਨਣ ਉਸ ਨੇ ਇਸ ਰੌਚਕ ਢੰਗ ਨਾਲ ਕੀਤਾ। ਜਿਵੇਂ ਉਨ੍ਹਾਂ ਦੀਆਂ ਵੱਡੀਆਂ ਵੱਡੀਆਂ ਸੁਨਹਿਰੀ ਅੱਖਾਂ; ਨੀਲੇ ਤੇ ਲਾਲ ਪੇਟ, ਪੱਖੀਆਂ ਵਰਗੇ ਉਨ੍ਹਾਂ ਦੇ ਕੰਡੇ ਅਤੇ ਅੱਧੇ-ਗੋਲ ਚੰਦ ਵਰਗੀਆਂ ਪੂਛਾਂ ਦਾ ਵੀ ਉਹਨੇ ਜ਼ਿਕਰ ਕੀਤਾ। ਹੱਸ ਹੱਸ ਕੇ ਸਰੋਤਿਆਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਕੇਵਲ ਪੀਅਰੇ ਹੀ ਸੋਚੀਂ ਪਿਆ ਰਿਹਾ।

ਮੱਛੀ ਤੋਂ ਬਾਅਦ ਖਾਣ ਵਾਲੀਆਂ ਹੋਰ ਕਈ ਚੀਜ਼ਾਂ ਆਈਆਂ, ਜਿਵੇਂ ਤੰਦੂਰੀ ਮੁਰਗਾ, ਸਲਾਦ, ਭੁੱਜੇ ਗੁਰਦੇ ਆਦਿ। ਰੋਜ਼ਮਿੱਲੀ ਦੀ ਨੌਕਰਾਣੀ ਨੇ ਵੀ ਖਾਣਾ ਪਰੋਸਣ ਵਿੱਚ ਸਹਾਇਤਾ ਕੀਤੀ। ਹਰ ਅਗਲੇ ਸ਼ਰਾਬ ਦੇ ਦੌਰ ਨਾਲ ਹਾਸਾ ਮਖੌਲ ਵਧਦਾ ਰਿਹਾ। ਜਦੋਂ ਸ਼ਰਾਬ ਦੀ ਪਹਿਲੀ ਬੋਤਲ ਦਾ ਡੱਟ ਠੱਕ ਕਰਕੇ ਖੁਲ੍ਹਿਆ ਤਾਂ ਮਿਸਟਰ ਰੋਲੈਂਡ ਨੇ ਜੋਸ਼ ਵਿੱਚ ਆ ਕੇ ਆਪਣੇ ਬੁਲ੍ਹਾਂ ਨਾਲ ਡੱਟ ਖੁਲਣ ਦੀ ਆਵਾਜ਼ ਦੀ ਨਕਲ ਕੀਤੀ ਤੇ ਚੀਖ ਉਠਿਆ, "ਮੈਨੂੰ ਤਾਂ ਇਹ ਆਵਾਜ਼ ਪਿਸਤੌਲ ਦੇ ਖੜਾਕੇ ਨਾਲੋਂ ਵੀ ਚੰਗੀ ਲਗਦੀ ਹੈ।" ਕਰਿਝਦੇ ਪੀਅਰੇ ਨੇ ਓਪਰੀ ਜਿਹੀ ਨਫਰਤ ਨਾਲ ਉੱਤਰ ਦਿੱਤਾ "ਇਹ ਤੁਹਾਡੇ ਵਾਸਤੇ ਅਧਿਕ ਖਤਰੇ ਦਾ ਕਾਰਣ ਬਣ ਸਕਦੀ ਹੈ।" ਰੋਲੈਂਡ ਸ਼ਰਾਬ ਨੂੰ ਮੂੰਹ ਲਾਉਣ ਲੱਗਾ ਹੀ ਸੀ ਕਿ ਉਸ ਨੇ ਗਲਾਸ ਟੇਬਲ ਤੇ ਰੱਖ ਦਿੱਤਾ ਅਤੇ ਪੁੱਛਿਆ :

"ਕਿਵੇਂ ?" ਕੁਝ ਸਮੇਂ ਤੋਂ ਰੋਲੈਂਡ ਨੂੰ ਸਿਰ ਦਰਦ, ਕੱਚਾ-ਚਿੱਤ ਤੇ ਹੋਰ ਛੋਟੀਆਂ ਛੋਟੀਆਂ ਬੀਮਾਰੀਆਂ ਦੀ ਸ਼ਿਕਾਇਤ ਸੀ। ਪੀਅਰੇ ਨੇ ਜਵਾਬ ਦਿੱਤਾ, "ਕਿਉਂਕਿ ਪਿਸਤੌਲ ਦੇ ਨਿਸ਼ਾਨੇ ਤੋਂ ਤਾਂ ਤੁਸੀਂ ਬੱਚ ਸਕਦੇ ਹੋ ਪਰ ਸ਼ਰਾਬ ਤਾਂ ਸਿੱਧੀ ਚੀਰਦੀ ਮਿਹਦੇ ਵਿੱਚ ਜਾਂਦੀ ਹੈ।" "ਫੇਰ ?" ਰੋਲੈਂਡ ਨੇ ਪੁਛਿਆ। "ਅਤੇ ਫੇਰ ਇਹ ਮਿਹਦੇ ਨੂੰ ਜਲਾਂਦੀ ਹੈ, ਦਿਮਾਗੀ ਸਿਸਟਮ ਨੂੰ ਉਥੱਲ ਪੁਥੱਲ ਕਰਦੀ ਹੈ, ਖੂਨ ਦੀ ਰਵਾਨੀ ਨੂੰ ਮੱਠਾ ਕਰਦੀ ਹੈ ਤੇ ਇਸ਼ ਤਰ੍ਹਾਂ ਅਧਰੰਗ ਵਰਗੀ ਬੀਸਾਰੀ ਲਈ ਰਸਤਾ ਬਣਾਉਂਦੀ ਹੈ ਜਿਸ ਬੀਮਾਰੀ ਦਾ ਤੁਹਾਡੀ ਤਬੀਅਤ ਵਾਲੇ ਆਦਮੀਆਂ ਨੂੰ ਖਾਸ ਡਰ ਰਹਿੰਦਾ ਹੈ।" ਤੇਜ਼ ਹੋ ਰਿਹਾ ਨਸ਼ਾ ਜੋ ਪੁਰਾਣੇ ਜੌਹਰੀ ਤੇ ਗਲਬਾ ਪਾ ਰਿਹਾ ਸੀ, ਝੱਟ ਉਡ ਗਿਆ ਜਿਵੇਂ ਹਵਾਂ ਦੇ ਇਕ ਝੋਕੇ ਨਾਲ ਬੱਦਲ ਖਿੰਡ ਜਾਂਦੇ ਹਨ ਤੇ ਉਸ ਨੇ ਆਪਣੇ ਪੁੱਤਰ ਵੱਲ ਉਤਸੁਕ ਅਤੇ ਫਿਕਰਮੰਦ ਨਜ਼ਰਾਂ ਨਾਲ ਤਕਿਆ। ਉਹ ਇਹ ਜਾਨਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਕਿਤੇ ਉਸਦਾ ਪੁੱਤਰ ਮਖੌਲ ਤਾਂ ਨਹੀਂ ਕਰ ਰਿਹਾ। ਬੇਜ਼ੀਰ ਲਾਗਿਉਂ ਬੋਲ ਉਠਿਆ "ਇਹ ਕੰਮਬਖਤ ਡਾਕਟਰ, ਸਾਰੇ ਹੀ ਇਕੋ ਥੈਲੀ ਦੇ ਚਿੱਟੇ ਬੱਟੇ ਹਨ। ਤੁਹਾਨੂੰ ਖਾਣਾ ਨਹੀਂ ਚਾਹੀਦਾ, ਤੁਹਾਨੂੰ ਪੀਣਾ ਨਹੀਂ ਚਾਹੀਦਾ, ਪਿਆਰ ਨਾ ਕਰੋ, ਡਾਂਸ ਨਾ ਕਰੋ। ਇਹ ਸਭ ਕੁਝ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਹਾਡੀ ਕੀਮਤੀ ਸਿਹਤ ਵਾਸਤੇ ਹਾਨੀਕਾਰਕ ਹੈ । ਸਭ ਬਕਵਾਸ, ਜੋ ਕੁਝ ਵੀ ਇਹ ਦੁਨੀਆਂ ਵਿਚ ਮਨ੍ਹਾਂ ਕਰਦੇ ਹਨ, ਮੈਂ ਸਭ ਕੁਝ ਕੀਤਾ, ਹਰ ਥਾਂ ਅਤੇ ਸਭ ਕੁਝ, ਪਰ ਮੇਰੇ ਉਤੇ ਇਸ ਦਾ ਕੋਈ ਭੈੜਾ ਅਸਰ ਨਹੀਂ ਹੋਇਆ ।"

ਵਿਅੰਗਮਈ ਛੋਹ ਨਾਲ ਪੀਅਰੇ ਨੇ ਉਤਰ ਦਿੱਤਾ, "ਪਹਿਲੀ ਗੱਲ ਤਾਂ ਕਪਤਾਨ ਸਾਹਿਬ ਇਹ ਹੈ ਕਿ ਤੁਸੀਂ ਮੇਰੇ ਪਿਤਾ ਨਾਲੋਂ ਸਿਹਤ ਵਿੱਚ ਤਕੜੇ ਹੋ । ਅਤੇ ਸਿਹਤਮੰਦ ਜਿਗਰ ਵਾਲੇ ਮਨੁੱਖ ਉਦੋਂ ਤਕ ਤੁਹਾਡੀ ਤਰ੍ਹਾਂ ਹੀ ਗੱਲਾਂ ਕਰਦੇ ਹਨ ਜਦੋਂ ਤਕ ਉਨ੍ਹਾਂ ਦਾ ਜਿਗਰ ਸੜ ਨਹੀਂ ਜਾਂਦਾ ਤੇ ਫੇਰ ਉਹ ਕਦੇ ਡਾਕਟਰ ਕੋਲ ਇਹ ਕਹਿਣ ਲਈ ਨਹੀਂ ਮੁੜਦੇ, "ਡਾਕਟਰ ਸਾਹਿਬ ਤੁਸੀਂ ਠੀਕ ਫਰਮਾਉਂਦੇ ਸੀ ।" ਦੂਜੇ ਜਦੋਂ ਮੇਰੇ ਪਿਤਾ ਉਹ ਕੰਮ ਕਰਦੇ ਹਨ ਜੋ ਉਨ੍ਹਾਂ ਨੂੰ ਬਿਲਕੁਲ ਨਹੀਂ ਕਰਨਾ ਚਾਹੀਦਾ ਅਤੇ ਜਿਹੜਾ ਉਨ੍ਹਾਂ ਲਈ ਬਹੁਤ ਖਤਰਨਾਕ ਹੈ ਤਾਂ ਇਹ ਸੁਭਾਵਿਕ ਹੈ ਕਿ ਮੈਂ ਉਨ੍ਹਾਂ ਨੂੰ ਖਬਰਦਾਰ ਕਰਾਂ । ਹਾਂ, ਪਰ ਜੇ ਮੈਂ ਇੰਜ ਨਾ ਕਰਾਂ, ਤਾਂ ਸ਼ਾਇਦ ਚੰਗਾ ਸਮਝਿਆ ਜਾਂਵਾ ।"

ਪੀਅਰੇ ਦੀ ਮਾਂ ਨੇ ਖਿਝ ਕੇ ਟੋਕਿਆ, "ਪੀਅਰੇ, ਕੀ ਗੱਲ ਹੈ ? ਇਕ ਬਾਰ ਪੀਣ ਨਾਲ ਸ਼ਰਾਬ ਇਨ੍ਹਾਂ ਨੂੰ ਕੀ ਨੁਕਸਾਨ ਪਹੁੰਚਾ ਸਕਦੀ ਹੈ ? ਜ਼ਰਾ ਸੋਚ ਤਾਂ ਸਹੀਂ ਇਨ੍ਹਾਂ ਵਾਸਤੇ— —ਸਾਡੇ ਸਾਰਿਆਂ ਵਾਸਤੇ ਮੌਕਾ ਕਿਹੋ ਜਿਹਾ ਹੈ । ਤੂੰ ਇਨ੍ਹਾਂ ਦੀ ਤੇ ਸਾਡੇ ਸਾਰਿਆਂ ਦੀ ਖੁਸ਼ੀ ਤੇ ਪਾਣੀ ਫੇਰ ਦੇਵੇਂਗਾ । ਬੜੀ ਭੈੜੀ ਆਦਤ ਹੈ ਤੇਰੀ ।" ਪੀਅਰੇ ਬੁੜਬੁੜਾਇਆ, "ਇਹ ਕਰਨ ਜਿਸ ਤਰ੍ਹਾਂ ਇਨ੍ਹਾਂ ਦਾ ਦਿਲ ਮੰਨਦਾ, ਮੈਂ ਚੇਤਾਵਨੀ ਦੇ ਦਿੱਤੀ ਹੈ ।" ਪਰ ਮਿਸਟਰ ਰੋਲੈਂਡ ਨੇ ਸ਼ਰਾਬ ਨਾ ਪੀਤੀ । ਉਹ ਆਪਣੇ ਭਰੇ ਹੋਏ ਗਲਾਸ ਵੱਲ ਉਂਜ ਹੀ ਤਕਦਾ ਰਿਹਾ । ਸ਼ਰਾਬ ਦੀ ਮਦਹੋਸ਼ ਕਰਨ ਵਾਲੀ ਖੁਸ਼ਬੂ ਨਿਕੇ ਨਿਕੇ ਬੁਲਬੁਲਿਆਂ ਦੀ ਸ਼ਕਲ ਵਿੱਚ ਗਲਾਸ ਦੀ ਤਹਿ ਤੋਂ ਉਪਰ ਉਠ ਰਹੀ ਸੀ ਤੇ ਬੁਲਬੁਲੇ ਉਪਰ ਆਉਂਦਿਆਂ ਹੀ ਫਟ ਜਾਂਦੇ । ਰੋਲੈਂਡ ਗਲਾਸ ਵੱਲ ਉਸ ਬੇਯਕੀਨੀ ਨਾਲ ਦੇਖ ਰਿਹਾ ਸੀ ਜਿਵੇਂ ਕੋਈ ਲੂੰਬੜੀ ਮਰੇ ਹੋਏ ਜਾਨਵਰ ਨੂੰ ਦੇਖ ਕੇ ਖਾਣਾ ਤਾਂ ਚਾਹੇ ਪਰ ਦਿਲ ਵਿੱਚ ਸ਼ੱਕ ਇਹ ਕਰੇ ਕਿ ਇਹ ਮੁਰਦਾਰ ਕਿਸੇ ਸ਼ਿਕਾਰੀ ਨੇ ਉਸਨੂੰ ਫਸਾਉਣ ਲਈ ਤਾਂ ਇਥੇ ਨਹੀਂ ਰਖਿਆ ।"

ਝਿੜਕ ਕੇ ਉਸ ਨੇ ਪੀਅਰੇ ਨੂੰ ਪੁਛਿਆ, "ਤੇਰਾ ਮਤਲਬ, ਇਹ ਮੈਨੂੰ ਬਹੁਤ ਹਾਨੀਕਾਰਕ ਸਿੱਧ ਹੋਵੇਗੀ ?" ਪੀਅਰੇ ਨੇ ਮਹਿਸੂਸ ਕੀਤਾ ਕਿ ਉਸ ਨੇ ਰੰਗ ਵਿੱਚ ਭੰਗ ਪਾ ਦਿੱਤਾ ਹੈ । ਉਹਨੇ ਆਪਣੇ ਆਪ ਨੂੰ ਕੋਸਿਆ ਕਿ ਹਾਸੋ ਹੀਣੀਆਂ ਗੱਲਾਂ ਕਰਕੇ ਉਸ ਨੇ ਦੂਜਿਆ ਨੂੰ ਦੁਖੀ ਕੀਤਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਨਹੀਂ ਨਹੀਂ, ਪੀਓ। ਇਸ ਵਾਰੀ ਤੁਸੀਂ ਪੀ ਸਕਦੇ ਹੋ, ਪਰ ਇਸ ਖੁਲ੍ਹ ਦਾ ਨਾਜਾਇਜ਼ ਫਾਇਦਾ ਨਹੀਂ ਉਠਾਉਣਾ ਤੇ ਪੀਣ ਦੀ ਭੈੜੀ ਆਦਤ ਨਾ ਪਾ ਲੈਣਾ।" ਪੀਅਰੇ ਨੇ ਆਖਿਆ। ਤਦੋਂ ਮਿਸਟਰ ਹੋਲੈਂਡ ਨੇ ਗਲਾਸ ਚੁਕਿਆ। ਪਰ ਉਹ ਆਪਣੇ ਮਨ ਵਿੱਚ ਇਹ ਫੈਸਲਾ ਨਾ ਕਰ ਸਕਿਆ ਕਿ ਉਸ ਨੂੰ ਪੀ ਲੈਣੀ ਚਾਹੀਦੀ ਹੈ ਜਾਂ ਨਹੀਂ। ਉਸ ਨੇ ਫੇਰ ਗਲਾਸ ਵੱਲ ਤਰਸਯੋਗ ਨਿਗਾਹ ਨਾਲ ਤਕਿਆ ਕਿਉਂਕਿ ਉਹਦੇ ਮਨ ਵਿਚ ਇਛਾ ਵੀ ਸੀ ਤੇ ਭੈ ਵੀ। ਉਸ ਨੇ ਗਲਾਸ ਨੂੰ ਸੁੰਘਿਆ, ਸੁਆਦ ਚਖਿਆ ਤੇ ਸ਼ਰਾਬ ਦਾ ਘੁਟ ਭਰ ਕੇ ਆਪਣੇ ਮੂੰਹ ਵਿੱਚ ਹੀ ਰੱਖ ਲਿਆ। ਭਾਵੇਂ ਮੂੰਹ ਦੇ ਸੁਆਦ ਨੂੰ ਪੂਰਾ ਕਰਨ ਦੀ ਇੱਛਾ ਬੜੀ ਪ੍ਰਬਲ ਸੀ ਪਰ ਉਹ ਸਿਹਤ ਵੱਲੋਂ ਹਰ ਸਮੇਂ ਚਿੰਤਾਤੁਰ ਰਿਹਾ ਤੇ ਗਲਾਸ ਮੁਕਦਿਆਂ ਸਾਰ ਹੀ ਉਹ ਪਛਤਾਵੇ ਵਿੱਚ ਪੈ ਗਿਆ। ਅਚਾਨਕ ਹੀ ਪੀਅਰੇ ਦੀ ਨਜ਼ਰ ਰੋਜ਼ਮਿੱਲੀ ਦੀ ਨਜ਼ਰ ਨਾਲ ਟਕਰਾਈ। ਰੋਜ਼ਮਿੱਲੀ ਦੀ ਅੱਖ ਉਸ ਤੇ ਟਿਕੀ ਹੋਈ ਸੀ ਚਮਕੀਲੀ, ਨੀਲੀ, ਤਿਰਛੀ ਤੇ ਖੁਭਵੀਂ। ਉਹ ਝੱਟ ਉਸ ਤਕਣੀ ਦਾ ਮਤਲਬ ਭਾਂਪ ਗਿਆ ਭਾਵ ਉਸ ਸਿੱਧੀ-ਸਾਦੀ ਅਤੇ ਸਾਊ ਔਰਤ ਤੇ ਚਿੜ-ਚਿੜਾਪਨ ਹਾਵੀ ਹੋ ਚੁੱਕਾ ਸੀ ਕਿਉਂਕਿ ਉਸ ਦੀ ਨਜ਼ਰ ਨੇ ਹੀ ਪੀਅਰੇ ਨੂੰ ਕਿਹਾ, "ਤੇਰੇ ਵਿੱਚ ਈਰਖਾ ਆ ਗਈ ਤੇ ਇਹ ਸ਼ਰਮਨਾਕ ਗੱਲ ਹੈ।" ਉਸ ਨੇ ਆਪਣਾ ਸਿਰ ਝੁਕਾ ਲਿਆ ਤੇ ਖਾਣ ਵਿੱਚ ਰੁਝ ਗਿਆ। ਪਰ ਉਹ ਭੁਖਾ ਨਹੀਂ ਸੀ, ਇਸ ਲਈ ਉਸ ਨੂੰ ਕੁਝ ਵੀ ਚੰਗਾ ਨਹੀਂ ਲੱਗਾ। ਇਨ੍ਹਾਂ ਲੋਕਾਂ ਕੋਲੋਂ ਭਜਣ ਦੀ ਖਾਹਿਸ਼ ਨੇ ਉਸ ਨੂੰ ਤੋੜਾਖੋਹੀ ਲਾ ਰਖੀ ਤਾਂ ਕਿ ਇਨ੍ਹਾਂ ਦੀ ਗਲਬਾਤ ਤੇ ਠੱਠਾ-ਮਖੌਲ ਸੁਨਣ ਦੀ ਤਕਲੀਫ ਉਸ ਨੂੰ ਗਵਾਰਾ ਨਾ ਕਰਨੀ ਪਏ। ਇੰਨੇ ਸਮੇਂ ਵਿੱਚ ਹੋਲੈਂਡ ਨੂੰ ਸ਼ਰਾਬ ਚੜ੍ਹ ਗਈ ਤੇ ਉਹ ਆਪਣੇ ਬੇਟੇ ਦੀ ਨਸੀਹਤ ਨੂੰ ਭੁੱਲ ਗਿਆ। ਆਪਣੀ ਪਲੇਟ ਕੋਲ ਪਈ ਸ਼ੈਮਪੇਨ ਦੀ ਭਰੀ ਬੋਤਲ ਨੂੰ ਉਹ ਦੁਵਿਧਾ ਨਾਲ ਵੇਖਣ ਲੱਗਾ। ਪੀਅਰੇ ਦੀ ਦੂਸਰੀ ਝਾੜ ਤੋਂ ਡਰਦਿਆਂ ਉਸ ਨੇ ਬੋਤਲ ਨੂੰ ਛੋਹਣ ਦਾ ਹੌਸਲਾ ਨਾ ਕੀਤਾ। ਉਹ ਬੜੇ ਗਹੁ ਨਾਲ ਸੋਚ ਰਿਹਾ ਸੀ ਕਿ ਕਿਹੜੇ ਢੰਗ ਨਾਲ ਪੀਅਰੇ ਤੋਂ ਅੱਖ ਬਚਾ ਕੇ ਬੋਤਲ ਆਪਣੇ ਕਾਬੂ ਕਰ ਲਵੇ। ਅਖੀਰ ਉਸ ਨੇ ਸਮੇਂ ਦੇ ਮੁਤਾ-ਬਿਕ ਜੋ ਸੁਭਾਵਿਕ ਤੇ ਮੁਮਕਿਨ ਬਣਦਾ ਸੀ, ਉਹੀ ਕਰਨ ਦਾ ਨਿਸਚਾ ਕੀਤਾ। ਬੇਧਿਆਨ ਉਸ ਨੇ ਬੋਤਲ ਪਕੜੀ ਤੇ ਪਹਿਲਾਂ ਡਾਕਟਰ ਦਾ ਖਾਲੀ ਗਲਾਸ ਭਰਿਆ। ਫੇਰ ਟੇਬਲ ਤੇ ਹੋਰ ਖਾਲੀ ਪਏ ਗਲਾਸ ਭਰੇ। ਜਦੋਂ ਉਹਦੀ ਆਪਣੀ ਵਾਰੀ ਆਈ ਤਾਂ ਉਹ ਉਚ੍ਹੇ ਸਵਰ ਵਿੱਚ ਗੱਲਾਂ ਕਰਨ ਲੱਗਾ ਤਾਂ ਕਿ ਜੇਕਰ ਕੋਈ ਉਸ ਨੂੰ ਆਪਣਾ ਗਲਾਸ ਭਰਦਿਆਂ ਵੇਖ ਵੀ ਲਏ ਤਾਂ ਸਭ ਲੋਕ ਇਹ ਕਹਿਣ ਕਿ ਇਹ ਤਾਂ ਅਣਜਾਣਿਆਂ ਹੀ ਭਰਿਆ ਗਿਆ। ਪਰ ਕਿਸੇ ਨੇ ਵੀ ਇਸ ਗੱਲ ਨੂੰ ਨਾ ਗੌਲਿਆ।

ਬੇਧਿਆਨਾ ਪੀਅਰੇ ਖੂਬ ਪੀ ਗਿਆ ਘਬਰਾ ਕੇ, ਖਿਝ ਕੇ ਉਹ ਅਚੇਤੇ ਹੀ ਕਈ ਬਾਰ ਝੱਗ ਨਾਲ ਉਛੱਲ ਰਹੇ ਗਲਾਸ ਨੂੰ ਚੁਕਦਾ ਤੇ ਬੁਲ੍ਹਾਂ ਨਾਲ ਲਗਾਉਂਦਾ। ਹੌਲੀ ਹੌਲੀ ਇਕ ਸੁਹਾਣੀ ਗਰਮੈਸ਼ ਉਸ ਦੇ ਸਰੀਰ ਵਿੱਚ ਫੈਲ ਗਈ ਤੇ ਇਕ ਕੋਸੀਂ, ਭਲੀ ਜਿਹੀ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਖਦਾਇਕ ਲਹਿਰ ਉਹਦੀ ਰੱਗ ਰੱਗ ਵਿੱਚ ਦੌੜ ਗਈ। ਉਹਦੀ ਬਿਹਬਲਤਾ ਅਤੇ ਬੇਸਬਰੀ ਘਟੀ ਤੇ ਹੁਣ ਉਹ ਕੁਝ ਚੰਗਾ ਮਹਸੂਸ ਕਰਨ ਲੱਗਾ। ਉਸੇ ਰਾਤ ਆਪਣੇ ਭਰਾ ਨਾਲ ਗਲਬਾਤ ਕਰਨ ਦਾ ਉਹਦਾ ਇਰਾਦਾ ਢਿੱਲਾ ਪੈ ਗਿਆ। ਇਸ ਦਾ ਇਹ ਭਾਵ ਨਹੀਂ ਕਿ ਉਸ ਨੇ ਆਪਣੀ ਮਰਜ਼ੀ ਤਿਆਗ ਦਿੱਤੀ। ਉਹ ਤਾਂ ਕੇਵਲ ਹੁਣੇ ਹੁਣੇ ਪ੍ਰਾਪਤ ਹੋਈ ਸ਼ਾਂਤੀ ਵਿੱਚ ਵਿਘਨ ਪਾਉਣ ਤੋਂ ਘਬਰਾਉਂਦਾ ਸੀ।

ਆਖਰ ਰੀਤੀ ਅਨੁਸਾਰ ਬੋਲਣ ਲਈ ਬੋਜ਼ੀਰ ਖੜਾ ਹੋਇਆ ਤੇ ਸਭ ਪਾਸੀ ਝੁਕ ਕੇ ਉਹਨੇ ਕਹਿਣਾ ਸ਼ੁਰੂ ਕੀਤਾ, "ਸਜਨੋ ਅਤੇ ਮਹਿਲਾਉ, ਅਸੀਂ ਆਪਣੇ ਦੋਸਤ ਦੀ ਜਿੰਦਗੀ ਵਿੱਚ ਵਾਪਰੀ ਇਕ ਖੁਸ਼ੀ ਦੀ ਘਟਨਾ ਨੂੰ ਮਨਾਉਣ ਲਈ ਇਕੱਠੇ ਹੋਏ ਹਾਂ। ਪਹਿਲਾਂ ਇਹ ਖਿਆਲ ਸੀ ਕਿ ਕਿਸਮਤ, ਅਨ੍ਹੀ ਹੈ। ਪਰ ਮੇਰਾ ਖਿਆਲ ਹੈ ਕਿ ਕਿਸਮਤ ਦੀ ਕੇਵਲ ਨਜ਼ਰ ਕਮਜ਼ੋਰ ਸੀ ਜਾਂ ਉਹ ਈਰਖਣ ਸੀ। ਇੰਜ ਲਗਦਾ ਹੈ ਕਿ ਕਿਸਮਤ ਨੇ ਹੁਣੇ ਹੁਣੇ ਸਮੁੰਦਰ ਵਿਚ ਦੂਰ ਤੱਕ ਵੇਖਣ ਵਾਲਾ ਇਕ ਅਤਿ ਸੁੰਦਰ ਐਨਕਾਂ ਦਾ ਜੋੜਾ ਖਰੀਦਿਆ ਹੈ ਜਿਸ ਦੀ ਸਹਾਇਤਾ ਨਾਲ ਉਸ ਨੇ ਹਾਵਰ ਦੀ ਬੰਦਰਗਾਹ ਤੇ ਸਾਡੇ ਬਹਾਦਰ ਸਾਥੀ, 'ਪਰਲ' ਜਹਾਜ਼ ਦੇ ਕਤਤਾਨ ਰੋਲੈਂਡ ਦੇ ਬੇਟੇ ਨੂੰ ਲੱਭ ਲਿਆ ਹੈ। "ਵਾਹ, ਵਾਹ" ਦੇ ਸ਼ਬਦ ਸਾਰੇ ਬੁਲ੍ਹਾਂ ਵਿਚੋਂ ਨਿਕਲੇ ਤੇ ਨਾਲ ਹੀ ਤਾਲੀਆਂ ਵੱਜੀਆਂ। ਰੋਲੈਂਡ ਖੁਸ਼ ਸੀ। ਉਸ ਦਾ ਗਲਾ ਬੈਠ ਗਿਆ ਸੀ। ਖੰਘ ਕੇ ਉਸਨੇ ਗਲਾ ਸਾਫ ਕੀਤਾ ਤੇ ਫੇਰ ਆਪਣੀ ਬੇਕਾਬੂ ਜ਼ਬਾਨ ਨਾਲ ਥਥਲਾਂਦਿਆ ਉਹਨੇ ਇਹ ਸ਼ਬਦ ਕਹੇ, "ਕਪਤਾਨ ਸਾਹਿਬ, ਤੁਹਾਡਾ ਸ਼ੁਕਰੀਆ, ਮੇਰੇ ਵੱਲੋਂ ਤੇ ਮੇਰੇ ਬੇਟੇ ਵੱਲੋ। ਮੈਂ ਅੱਜ ਦੇ ਸ਼ੁਭ ਮੌਕੇ ਤੇ ਤੇਰਾ ਬਿਹੁਹਾਰ ਕਦੇ ਨਹੀਂ ਭੁਲਾਂਗਾ। ਰੱਬ ਤੈਨੂੰ ਸਦਾ ਸੁਖੀ ਰਖੇ।" ਖੁਸ਼ੀ ਨਾਲ ਉਸ ਦੀਆਂ ਅੱਖਾਂ ਵਿੱਚ ਹੰਝੂ ਭਰ ਗਏ ਤੇ ਚੋ ਕੇ ਨੱਕ ਤੋਂ ਝੀ ਵੱਗ ਟੁਰੇ। ਉਹ ਅਗੇ ਕੁਝ ਨਾ ਬੋਲ ਸਕਿਆ ਤੇ ਬੈਠ ਗਿਆ। ਜੀਨ ਹੁਣ ਤਕ ਹੱਸ ਰਿਹਾ ਸੀ ਤੇ ਉਹ ਬੋਲਣ ਲਈ ਖੜਾ ਹੋਇਆ, "ਇਹ ਮੇਰਾ ਫਰਜ਼ ਹੈ ਕਿ ਮੈਨੂੰ ਆਪਣੇ ਨਾਲ ਲਗਾਵ ਰਖਣ ਵਾਲੇ ਤੇ ਪਿਆਰੇ ਮਿੱਤਰਾਂ (ਇਹ ਸ਼ਬਦ ਕਹਿੰਦੀਆਂ ਉਸ ਨੇ ਰੋਜ਼ਮਿੱਲੀ ਤੇ ਨਜ਼ਰ ਟਕਾਈ) ਦਾ ਧੰਨਵਾਦ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਆਪਣੇ ਸਨੇਹ ਤੇ ਪਿਆਰ ਦਾ ਟੁੰਬਣ ਵਾਲਾ ਸਬੂਤ ਦਿੱਤਾ ਹੈ। ਆਪਣੇ ਸ਼ੁਕਰਾਨੇ ਦਾ ਸਬੂਤ ਮੈਂ ਕੇਵਲ ਸ਼ਬਦਾਂ ਰਾਹੀਂ ਹੀ ਨਹੀਂ ਪੇਸ਼ ਕਰਦਾ ਬਲਕਿ ਮੈਂ ਆਉਣ ਵਾਲੇ ਸਮਿਆਂ ਵਿਚ, ਸਾਰੀ ਜਿੰਦਗੀ ਤੇ ਹਮੇਸ਼ਾਂ ਵਾਸਤੇ ਇਸ ਦਾ ਸਬੂਤ ਦੇਵਾਂਗਾ। ਸਾਡੀ ਮਿੱਤਰਤਾ ਇਹੋ ਜਿਹੀ ਨਹੀਂ ਜਿਹੜੀ ਖਤਮ ਹੋ ਜਾਵੇ।" ਉਸ ਦੀ ਮਾਂ ਨੇ ਪ੍ਰਭਾਵਤ ਹੋ ਕੇ ਕਿਹਾ, "ਬਹੁਤ ਖੂਬ, ਮੇਰੇ ਬੱਚੇ ਬਹੁਤ ਖੂਬ।" ਬੋਜ਼ੀਰ ਖੁਸ਼ੀ ਨਾਲ ਚੌਂਕਿਆ, "ਚਲੋ, ਰੋਜ਼ਮਿੱਲੀ, ਤੂੰ ਵੀ ਕੁਝ ਬੋਲ ਔਰਤਾਂ ਵੱਲੋਂ।" ਰੋਜ਼ਮਿੱਲੀ ਨੇ ਆਪਣਾ ਗਲਾਸ ਚੁਕਿਆ ਤੇ ਮੱਧਮ ਜਿਹੀ ਆਵਾਜ਼ ਨਾਲ ਜਿਸ ਵਿੱਚ ਹਲਕੀ ਜਿਹੀ ਗਮਗੀਨੀ ਸੀ ਕਿਹਾ, "ਮੈਂ ਮਾਰਸ਼ਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਪਵਿਤਰ ਯੋਗ ਯਾਦ ਵਿੱਚ ਸ਼ਰਾਬ ਪੀਂਦੀ ਹਾਂ ।" ਕੁਝ ਪਲਾਂ ਵਾਸਤੇ ਉਥੇ ਚੁਪ ਵਰਤ ਗਈ ਕੁਝ ਇਸ ਤਰ੍ਹਾਂ ਦੀ ਸ਼ਾਂਤੀ ਜੋ ਪੂਜਾ ਪਾਠ ਤੋਂ ਪਿਛੋਂ ਮਨ ਵਿੱਚ ਆ ਬਿਰਾਜਦੀ ਹੈ। ਬੋਜ਼ੀਰ ਜਿਸ ਵਿਚ ਸੁਤੇ ਸਿੱਧ ਪ੍ਰਸ਼ੰਸਾ ਕਰਨ ਦਾ ਗੁਣ ਸੀ, ਕਹਿ ਉਠਿਆਂ, "ਜ਼ਜਬਾਤਾਂ ਦੀ ਸੂਖਮਤਾ ਬਾਰੇ ਸੋਚਣਾ ਤ੍ਰੀਮਤਾਂ ਨੂੰ ਹੀ ਆਉਂਦਾ ਹੈ।" ਇਸ ਦਾ ਭਾਵ ਰੋਜ਼ਮਿੱਲੀ ਦੇ ਮਾਰਸ਼ਲ ਬਾਰੇ ਜ਼ਿਕਰ ਵੱਲ ਸੀ । ਫਿਰ ਉਸ ਨੇ ਰੋਲੈਂਡ ਵੱਲ ਮੂੰਹ ਭੁਆ ਕੇ ਪੁਛਿਆ "ਪਰ ਆਖਰ ਇਹ ਮਾਰਸ਼ਲ ਸੀ ਕੌਣ ? ਕੀ ਤੇਰਾ ਉਹ ਜਿਗਰੀ ਦੋਸਤ ਸੀ ?" ਬੁੱਢਾ ਰੋਲੈਂਡ ਸ਼ਰਾਬ ਨਾਲ ਜ਼ਜਬਾਤੀ ਹੋ ਗਿਆ ਤੇ ਹੰਝੂ ਕੇਰ ਕੇ ਟੁੱਟੇ ਭਜੇ ਲਫਜ਼ਾਂ ਵਿੱਚ ਸਮਝਾਉਣ ਲੱਗਾ, "ਭਰਾ ਜਿਹੜੇ ਅਜਕੱਲ ਤੁਹਾਨੂੰ ਪਤਾ ਹੀ ਹੈ-ਨਹੀਂ ਲਭਦੇ । ਅਸੀਂ ਕਦੇ ਜੁਦਾ ਨਹੀਂ ਰਹਿੰਦੇ ਸਾਂ । ਹਰ ਸ਼ਾਮੀ ਉਹ ਸਾਡੇ ਨਾਲ ਰੋਟੀ ਖਾਂਦਾ ਸੀ । ਥੀਏਟਰ ਵਿੱਚ ਉਹ ਸਾਡੇ ਟਿਕਟ ਖਰੀਦਦਾ ਸੀ । ਇਸ ਤੋਂ ਅਗੇ ਹੋਰ ਮੈਂ ਕੁਝ ਨਹੀਂ ਕਹਿ ਸਕਦਾ। ਇਕ ਸੱਚਾ ਮਿੱਤਰ, ਕਿਉਂ ਲੂਈ, ਕੀ ਉਹ ਸੱਚਾ ਦੋਸਤ ਨਹੀਂ ਸੀ ?" "ਹਾਂ, ਇਕ ਵਫਾਦਾਰ ਦੋਸਤ," ਰੋਲੈਂਡ ਦੀ ਇਸਤਰੀ ਨੇ ਸਾਧਾਰਨ ਜਿਹਾ ਉਤਰ ਦਿੱਤਾ ।

ਪੀਅਰੇ ਨੇ ਆਪਣੇ ਪਿਤਾ ਵੱਲ ਵੇਖਿਆ ਤੇ ਫੇਰ ਮਾਂ ਵੱਲ । ਪਰ ਕਿਉਂਕਿ ਗੱਲਬਾਤ ਦਾ ਵਿਸ਼ਾ ਕੁਝ ਬਦਲ ਗਿਆ ਸੀ, ਇਸ ਲਈ ਉਸ ਨੇ ਸ਼ਰਾਬ ਪੀਣੀ ਅਰੰਭ ਕਰ ਦਿੱਤੀ । ਉਸ ਤੋਂ ਬਾਅਦ ਕੀ ਕੁਝ ਹੋਇਆ, ਉਸ ਨੂੰ ਕੁਝ ਯਾਦ ਨਹੀਂ ਸੀ । ਬਸ ਇੰਨਾ ਹੀ ਖਿਆਲ ਰਿਹਾ ਕਿ ਸਭ ਕਾਫ਼ੀ ਅਤੇ ਸ਼ਰਾਬ ਪੀ ਰਹੇ ਸਨ ਤੇ ਇਕ ਦੂਜੇ ਨੂੰ ਮਖੌਲ ਕਰ ਰਹੇ ਸਨ । ਅੱਧੀ ਰਾਤ ਦੇ ਕਰੀਬ ਉਹ ਲੇਟ ਗੀਆ । ਉਸ ਦਾ ਮਨ ਉਲਝਨਾਂ ਵਿੱਚ ਫਸਿਆ ਸੀ ਤੇ ਸਿਰ ਵੀ ਭਾਰਾ ਸੀ। ਦੂਜੇ ਦਿਨ ਸਵੇਰੇ ਨੌ ਵਜੇ ਤਕ ਪੀਅਰੇ ਘੂਕ ਸੁੱਤਾ ਰਿਹਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of Cost, and with
Compliments of the Department
of Education, Govt. of India,
NEW DELHI.

ਇਕ ਅਚਾਨਕ ਸਵਾਲ

ਸ਼ਰਾਬ ਦੀ ਮਸਤ ਨੀਂਦ ਨੇ ਨਿਸਚੇ ਹੀ ਉਸ ਨੂੰ ਸ਼ਾਂਤ ਕੀਤਾ ਕਿਉਂਕਿ ਉਹ ਬੜੀ ਪ੍ਰਸੰਨ ਤਬੀਅਤ ਨਾਲ ਦੂਜੇ ਦਿਨ ਜਾਗਿਆ। ਕਪੜੇ ਪਾਉਂਦੀਆਂ ਉਸ ਨੇ ਪਿਛਲੀ ਰਾਤ ਵਾਲੇ ਜਜ਼ਬਿਆਂ ਨੂੰ ਇੱਕਠੇ ਕਰਕੇ ਤਕੜੀ ਵਿੱਚ ਤੋਲਿਆ ਤੇ ਪੜਚੋਲਿਆ। ਇਨ੍ਹਾਂ ਜਜ਼-ਬਾਤਾਂ ਵਿੱਚ ਲੁਕਿਆ ਉਹ ਕੋਈ ਗੁੱਝਾ ਭੇਤ ਲੱਭਦਾ ਸੀ ਤੇ ਫੇਰ ਇਸ ਨੂੰ ਉਹ ਆਪਣੇ ਪੱਖ ਤੋਂ ਅਤੇ ਦੁਨੀਆਂ ਦੇ ਪੱਖ ਤੋਂ ਪਰਖਣਾ ਚਾਹੁੰਦਾ ਸੀ।

ਦਰਅਸਲ ਇਹ ਵੀ ਸੰਭਵ ਹੋ ਸਕਦਾ ਹੈ ਕਿ ਕਿਸੇ ਅਣਜਾਣ ਆਦਮੀ ਵੱਲੋਂ ਰੋਲੈਂਡ ਦੇ ਕੇਵਲ ਇਕ ਪੁੱਤਰ ਨੂੰ ਵਿਰਾਸਤ ਛੱਡ ਜਾਣ ਦੇ ਗਿਆਨ ਨੇ ਸ਼ਰਾਬ ਦੀ ਦੁਕਾਨ ਵਾਲੀ ਕੁੜੀ ਦੇ ਮਨ ਵਿੱਚ ਆਚਰਣਹੀਨ ਖਿਆਲ ਨੂੰ ਜਨਮ ਦਿੱਤਾ ਹੋਵੇ। ਕੀ ਇਹੋ ਜਿਹੇ ਨੀਚ ਲੋਕ ਬਿਨਾਂ ਮਤਲਬ ਵਫ਼ਾਦਾਰ ਔਰਤਾਂ ਬਾਰੇ ਜਾਣ ਬੁਝ ਕੇ ਆਪਣੇ ਮਨਾਂ ਵਿੱਚ ਸ਼ੱਕ-ਸ਼ੁਭਾ ਨਹੀਂ ਰਖਦੇ ? ਕੀ ਉਹ ਆਪਣੀ ਗਲਬਾਤ ਦੇ ਦੋਰਾਨ ਨਿਰਦੋਸ਼ ਇਸਤਰੀਆਂ ਦੀ ਬੇਇਜ਼ਤੀ ਨਹੀਂ ਕਰਦੇ ? ਤੁਹਮਤਾਂ ਨਹੀਂ ਲਾਉਂਦੇ ? ਜਦ ਕਦੇ ਉਨ੍ਹਾਂ ਸਾਹਮਣੇ ਕਿਸੇ ਨਿਰਦੋਸ਼ ਚਰਿਤੱਰ ਦਾ ਜ਼ਿਕਰ ਹੁੰਦਾ ਹੈ ਉਹ ਇਵੇਂ ਅੱਗ ਬਗੋਲਾ ਹੋ ਜਾਂਦੇ ਹਨ ਜਿਵੇਂ ਉਨ੍ਹਾਂ ਉਪਰ ਹੀ ਤੁਹਮਤ ਲੱਗ ਗਈ ਹੋਵੇ ਤੇ ਉਹ ਚੀਕ ਚੀਕ ਕੇ ਵਿਅੰਗਮਈ ਢੰਗ ਨਾਲ ਕਹਿੰਦੀਆਂ ਹਨ, "ਹਾਂ, ਹਾਂ, ਅਸੀਂ ਵਿਆਹੀਆਂ-ਵਰੀਆਂ ਔਰਤਾਂ ਨੂੰ ਚੰਗੀ ਤਰ੍ਹਾਂ ਜਾਣਦੀਆਂ ਹਾਂ ਚੰਗਿਆਈ ਦੇ ਨਮੂਨਿਆਂ ਨੂੰ। ਉਨ੍ਹਾਂ ਬਾਰੇ ਸਾਡੇ ਨਾਲੋਂ ਵਧੇਰੇ ਕਿੱਸੇ ਹੁੰਦੇ ਹਨ। ਫਰਕ ਕੇਵਲ਼ ਇੰਨਾ ਹੈ ਕਿ ਉਹ ਫ਼ਰੇਬੀ ਹੋਣ ਕਾਰਣ ਸਭ ਕੁਝ ਛੁਪਾ ਜਾਂਦੀਆਂ ਹਨ। ਇਹ ਨਮੂਨਾ ਹੈ ਵਿਆਹੀਆਂ ਵਰੀਆ ਦੇ ਸਚਿਆਰਪੁਣੇ ਦਾ।"

ਆਪਣੀ ਨੇਕ, ਸਾਦਾ ਤੇ ਚੰਗੀ ਮਾਂ ਦੇ ਵਿਰੁੱਧ ਉਸ ਨੂੰ ਕਿਸੇ ਹਾਲ ਵੀ ਅਜਿਹੀ ਗੱਲ ਨਾ ਸੁਨਣ ਦੀ ਲੋੜ ਸੀ ਤੇ ਨਾ ਹੀ ਇਸ ਦੇ ਸੰਭਵ ਹੋਣ ਬਾਰੇ ਕਿਆਸ ਲਗਾਉਣਾ ਚਾਹੀਦਾ ਪਰ ਉਬਲ ਰਹੀ ਅੰਦੂਰਨੀ ਈਰਖਾ ਨੇ ਉਸ ਦੀ ਰੂਹ ਨੂੰ ਸਾੜ ਛੱਡਿਆ ਸੀ। ਆਪਣੇ ਭਰਾ ਦੀ ਕਿਸੇ ਗੱਲੋਂ ਵੀ ਹਾਨੀ ਰੋਕਣ ਖਾਤਰ ਉਸ ਨੇ ਖਾਹਮਖਾਹ ਆਪਣੇ ਆਪ ਨੂੰ ਜ਼ਰੂਰਤ ਤੋਂ ਵੱਧ ਸਾਵਧਾਨ ਕੀਤਾ ਹੋਇਆ ਸੀ। ਸ਼ਾਇਦ ਇਸੇ ਕਾਰਨ ਹੀ ਵੇਟਰ ਕੁੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਲਫ਼ਜ਼ਾਂ ਵਿੱਚ ਉਹ ਮਨਹੂਸ ਭਾਵ ਸਮਝਿਆ ਜਿਸ ਵੱਲੋਂ ਉਹ ਕੁੜੀ ਨਿਰਦੋਸ਼ ਹੋ ਸਕਦੀ ਹੈ। ਇਹ ਉਸ ਦੀ ਆਪਣੀ ਕਲਪਣਾ ਵੀ ਹੋ ਸਕਦੀ ਹੈ......ਉਹ ਕਲਪਣਾ ਜਿਸ ਨੂੰ ਉਹ ਕੰਟਰੋਲ ਨਹੀਂ ਸੀ ਕਰਦਾ ਤੇ ਜਿਹੜੀ ਉਸ ਦੀ ਮਰਜ਼ੀ ਤੋਂ ਮੁਕਤ ਹੋ ਕੇ ਖਿਆਲਾਂ ਦੇ ਵਿਸਾਲ ਬ੍ਰਹਿਮੰਡ ਵਿੱਚ ਬੇਲਗਾਮ ਵਿਚਰਦੀ ਉਥੋਂ ਉਹ ਸ਼ਰਮ ਨਾਲ ਤੇ ਭੈੜੇ ਖਿਆਲ ਲਿਆਉਂਦੀ ਜਿਹੜੇ ਉਸ ਦੀ ਅੰਤਰ ਆਤਮਾ ਵਿੱਚ ਇੰਜ ਛੁਪੇ ਹੋਣ ਜਿਵੇਂ ਚੁਰਾਈ ਹੋਈ ਚੀਜ਼ ਕਿਸੇ ਬਹੁਤ ਡੂੰਘੀ ਘਾਟੀ ਵਿੱਚ ਲਕੋ ਕੇ ਰਖੀ ਹੋਵੇ। ਇਹ ਵੀ ਹੋ ਸਕਦਾ ਹੈ ਕਿ ਇਸ ਰੂਹ ਕੰਬਾਉਣ ਵਾਲੀ ਸ਼ੱਕ ਨੂੰ ਉਸ ਦੀ ਮਨੋਕਲਪਣਾ ਨੇ ਹੀ ਜਨਮ ਦਿੱਤਾ ਹਵੇ। ਉਸ ਦੇ ਦਿਲ ਵਿੱਚ ਆਪਣੀਆਂ ਹੀ ਗੁੱਝੀਆਂ ਸਕੀਮਾਂ ਸਨ। ਹੋ ਸਕਦਾ ਹੈ ਇਸ ਹਸਦ ਭਰੇ ਅਜੀਬ ਦਿਲ ਨੂੰ ਭਰਾ ਨੂੰ ਵਿਰਸੇ ਵਿੱਚ ਮਿਲੀ ਜਾਇਦਾਦ ਤੋਂ ਵਾਂਝਿਆਂ ਰਖਣ ਲਈ ਇਸ ਘਿਰਣਾ ਯੋਹ ਸ਼ੱਕ ਦੇ ਰੂਪ ਵਿੱਚ ਇਕ ਸਾਧਨ ਮਿਲ ਗਿਆ ਹੋਵੇ। ਹੁਣ ਉਸ ਨੂੰ ਆਪਣੇ ਆਪ ਤੇ ਹੀ ਸ਼ੱਕ ਹੋਣ ਲੱਗ ਪਈ। ਉਹ ਆਪਣੀਆਂ ਗੁੱਝੀਆਂ ਭਾਵਨਾਵਾਂ ਨੂੰ ਇੰਜ ਪਰਖਦਾ ਜਿਵੇਂ ਭਗਤ ਲੋਕ ਆਪਣੀ ਜ਼ਮੀਰ ਨੂੰ ਹਮੇਸ਼ਾਂ ਭਾਂਪਦੇ ਰਹਿੰਦੇ ਹਨ।

ਰੋਜ਼ਮਿੱਲੀ ਦੀ ਸਮਝ ਭਾਵੇਂ ਸੀਮਤ ਸੀ ਪਰ ਫੇਰ ਵੀ ਉਹ ਔਰਤਾਂ ਵਾਲੀ ਸੂਖਮ ਸ਼ਕਤੀ ਦੀ ਮਾਲਕ ਸੀ ਤੇ ਗੱਲ ਨੂੰ ਭਾਂਪ ਲੈਣ ਦਾ ਯੋਗ ਢੰਗ ਉਸ ਨੂੰ ਆਉਂਦਾ ਸੀ। ਪਰ ਇਹ ਖਿਆਲ ਰੋਜ਼ਮਿੱਲੀ ਦੇ ਚਿੱਤ ਚੇਤੇ ਵੀ ਨਾ ਆਇਆ ਕਿਉਂਕਿ ਉਸ ਨੇ ਬੜੇ ਠਰ੍ਹੰਮੇ ਅਤੇ ਯਕੀਨ ਨਾਲ ਮਾਰਸ਼ਲ ਦੀ ਪਿਆਰੀ ਯਾਦ ਵਿੱਚ ਸ਼ਰਾਬ-ਨੋਸ਼ੀ ਕੀਤੀ ਸੀ। ਜੇ ਉਸ ਨੂੰ ਇਸ ਸ਼ੱਕ ਦੀ ਥੋੜ੍ਹੀ ਜਿਹੀ ਵੀ ਭਿਣਕ ਪੈ ਜਾਂਦੀ ਤਾਂ ਉਹ ਕਦੇ ਇਸ ਤਰ੍ਹਾਂ ਨਾ ਕਰਦੀ। ਰੋਜ਼ਮਿੱਲੀ ਦੇ ਇਸ ਵਤੀਰੇ ਨੇ ਪੀਅਰੇ ਦੇ ਮਨ ਵਿੱਚ ਕੋਈ ਸ਼ੱਕ ਬਾਕੀ ਨਹੀਂ ਸੀ ਰਹਿਣ ਦਿੱਤੀ। ਕੇਵਲ ਆਪਣੇ ਭਰਾ ਦੀ ਅਚਾਨਕ ਕਿਸਮਤ ਖੁਲ੍ਹਣ ਨਾਲ ਪੈਦਾ ਹੋਏ ਸੁਭਾਵਿਕ ਰੋਸ, ਅਤੇ ਮਾਂ ਵੱਲ ਉਹਦੇ ਅਥਾਹ ਪਿਆਰ ਨੇ ਪੀਅਰੇ ਅੰਦਰ ਸ਼ੱਕੀ ਖਿਆਲਾਂ ਨੂੰ ਭੜਕਾ ਦਿੱਤਾ ਸੀ। ਇਹ ਭਰਮ ਭਾਵੇਂ ਬੇਕਾਰ ਜਿਹੇ ਲਗਦੇ ਸਨ ਪਰ ਇਨ੍ਹਾਂ ਦਾ ਆਧਾਰ ਸੀ ਪੀਅਰੇ ਦਾ ਮਾਂ-ਪਿਆਰ ਤੇ ਸਤਿਕਾਰ। ਇਸ ਨਤੀਜੇ ਤੇ ਪੁੱਜ ਕੇ ਉਸ ਨੂੰ ਅਜਿਹੀ ਤਸੱਲੀ ਦਾ ਆਭਾਸ ਹੋਇਆ ਜੋ ਕਿਸੇ ਨੇਕ ਕੰਮ ਦੇ ਨੇਪਰੇ ਚੜ੍ਹਨ ਤੇ ਹੋਇਆ ਕਰਦੀ ਹੈ। ਅੰਦਰ ਸ਼ਾਂਤੀ ਹੋਣ ਕਰਕੇ ਉਸ ਨੇ ਮਨ ਵਿੱਚ ਫੈਸਲਾ ਕੀਤਾ ਕਿ ਉਹ ਹੁਣ ਬਾਹਰ-ਮੁਖੀ ਦੁਨੀਆਂ ਨਾਲ ਵੀ ਸਮਝੌਤਾ ਕਰ ਲਵੇਗਾ ਤੇ ਇਸ ਦਾ ਮੁੱਢ ਉਹ ਆਪਣੇ ਪਿਤਾ ਤੋਂ ਬਨ੍ਹੇਗਾ ਕਿਉਂਕਿ ਪਿਤਾ ਦੀਆਂ ਬੇਹੂਦਾ ਗੱਲਾਂ, ਭੈੜੇ ਖਿਆਲ, ਮਨਮੌਜ਼ੀਪਨ ਅਤੇ ਕੋਝੀ ਅਸਧਾਰਣਤਾ ਨੇ ਪੀਅਰੇ ਨੂੰ ਹਮੇਸ਼ਾਂ ਚਿੜਾਇਆ ਸੀ।

ਉਹ ਨਾਸ਼ਤੇ ਵਾਸਤੇ ਵੇਲੇ ਸਿਰ ਆ ਗਿਆ ਤੇ ਹਾਸੇ ਮਖੌਲ ਦੀਆਂ ਗੱਲਾਂ ਸੁਣਾ ਸੁਣਾ ਕੇ ਸਾਰੇ ਟੱਬਰ ਦਾ ਦਿਲ ਪਰਚਾਵਾ ਕਰਨ ਲੱਗਾ। ਪ੍ਰਸੰਨ ਚਿਤ ਮਾਂ ਨੇ ਕਿਹਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਬੇਟਾ ਪੀਅਰੇ, ਜਦੋਂ ਤੂੰ ਲੋਰ ਵਿੱਚ ਆਉਂਦਾ ਹੈ ਤਾਂ ਪਤਾ ਤੂੰ ਕਿੰਨਾ ਸ਼ੁਗਲੀ ਹੋ ਜਾਂਦਾ ਹੈਂ ? ਪੀਅਰੇ ਨੇ ਕਹਾਣੇ ਪਾ ਪਾ ਗੱਲਾਂ ਕੀਤੀਆਂ ਤੇ ਆਪਣੇ ਮਿੱਤਰਾਂ ਦੀਆਂ ਨਕਲਾਂ ਲਾ ਲਾ ਘਰਦਿਆਂ ਦੇ ਖੇੜੇ ਨੂੰ ਉਕਸਾਇਆ। ਉਹਦੇ ਮਖੌਲਾਂ ਦਾ ਨਿਸ਼ਾਨਾ ਬੋਜ਼ੀਰ ਸੀ ਪਰ ਕਦੇ ਕਦੇ ਉਹ ਰੋਜ਼ਮਿੱਲੀ ਤੇ ਵੀ ਚੋਟ ਕਰ ਜਾਂਦਾ। ਰੋਜ਼ਮਿੱਲੀ ਵੱਲ ਉਹਦੇ ਵਤੀਰੇ ਵਿੱਚ ਸੰਕੋਚ ਸੀ, ਕੁੜਤਣ ਨਹੀਂ। ਭਰਾ ਵੱਲ ਤਕਦਿਆਂ ਪੀਅਰੇ ਆਪਣੇ ਆਪ ਨੂੰ ਕਹਿਣ ਲੱਗਾ, "ਤੂੰ ਰੋਜ਼ਮਿੱਲੀ ਦਾ ਪੱਖ ਕਿਉਂ ਨਹੀਂ ਲੈਂਦਾ, ਉੱਲੂ ? ਇਹ ਠੀਕ ਹੈ ਕਿ ਤੂੰ ਅਮੀਰ ਬਣ ਗਿਆ ਹੈ ਪਰ ਮੈਂ ਜਦ ਚਾਹਾਂ ਤੈਨੂੰ ਪਛਾੜ ਸਕਦਾ ਹਾਂ।"

ਕਾਫ਼ੀ ਪੀਣ ਸਮੇਂ ਉਸਨੇ ਆਪਣੇ ਪਿਤਾ ਨੂੰ ਆਖਿਆ, "ਕੀ ਤੁਹਾਨੂੰ ਅੱਜ 'ਪਰਲ' (ਕਿਸ਼ਤੀ) ਚਾਹੀਦੀ ਹੈ ?"

"ਨਹੀਂ ਬੇਟੇ।"

"ਮੈਨੂੰ "ਪਰਲ' ਤੇ ਮਲਾਹ ਜੀਨ ਬਾਰਟ ਮਿਲ ਸਕਦੇ ਹਨ ?" ਪੀਅਰੇ ਨੇ ਗੱਲ ਜਾਰੀ ਰੱਖੀ।

ਹਾਂ, ਹਾਂ ? ਬਿਲਕੁਲ, ਜਦੋਂ ਚਾਹੇਂ।"

ਸਿਗਰਟ ਦੀ ਦੁਕਾਨ ਤੋਂ ਉਸ ਨੇ ਇਕ ਸਹੁਣਾ ਜਿਹਾ ਚੁਰਟ ਖਰੀਦਿਆ ਅਤੇ ਖੁਸ਼ੀ ਖੁਸ਼ੀ ਬੰਦਰਗਾਹ ਵੱਲ ਨਿਕਲ ਟੁਰਿਆ। ਪੀਅਰੇ ਨੇ ਸਾਗਰ ਦੇ ਰੁਮਕਦਿਆਂ ਬੁਲਿਆਂ ਨਾਲ ਤਾਜ਼ਾ ਹੋਏ, ਚਮਕਦੇ ਨੀਲੇ ਅਕਾਸ਼ ਵੱਲ ਤੱਕਿਆ। ਪਾਪਾਗ੍ਰਿਸ ਮਲਾਹ ਜਿਹਨੂੰ ਸਾਰੇ ਜ਼ੀਨ ਬਾਰਟ ਕਹਿ ਕੇ ਬੁਲਾਉਂਦੇ ਸਨ, ਕਿਸ਼ਤੀ ਦੇ ਥੱਲੇ ਵੜ ਕੇ ਸੁਤਾ ਪਿਆ ਸੀ। ਜਦੋਂ ਕੋਈ ਮਛਲੀ ਪਕੜਨ ਵਾਲੀ ਪਾਰਟੀ ਸਵੇਰੇ ਸਵੇਰੇ ਨਾ ਆਉਂਦੀ ਤਾਂ ਦੁਪਹਿਰਾਂ ਨੂੰ ਬੋਟਿੰਗ ਕਰਨ ਲਈ ਕਿਸ਼ਤੀ ਤਿਆਰ ਰਖਣੀ ਉਸ ਦੀ ਡਿਊਟੀ ਹੁੰਦੀ ਸੀ।

ਪੀਅਰੇ ਪਲੇਟਫਾਰਮ ਤੋਂ ਲੋਹੇ ਦੀ ਪੌੜੀ ਰਾਹੀਂ ਥੱਲੇ ਉਤਰਿਆ ਤੇ ਕਿਸ਼ਤੀ ਵਿੱਚ ਛਾਲ ਮਾਰਦਿਆਂ ਜ਼ੋਰ ਨਾਲ ਬੋਲਿਆ, "ਮੈਂ ਹੀ ਹਾਂ, ਕਪਤਾਨ।" ਉਸ ਨੇ ਪੁਛਿਆ, "ਹਵਾ ਦਾ ਕੀ ਰੁੱਖ ਹੈ।" ਜੀਨ ਬਾਰਟ ਨੇ ਉੱਤਰ ਦਿੱਤਾ, "ਹਾਲੇ ਵੀ ਪੱਛੋਂ ਚਲ ਰਹੀ ਹੈ। ਪਰ ਅਨਕੂਲ ਹਵਾ ਆਉਣ ਵਾਲੀ ਹੀ ਹੈ।"

ਉਸ ਨੇ ਲੰਗਰ ਚੁਕਿਆ। ਕਿਸ਼ਤੀ ਦਾ ਅਗਲਾ ਪਤਵਾਰ ਖੜਾ ਕੀਤਾ। ਮੁਕਤ ਹੋ ਕੇ ਕਿਸ਼ਤੀ ਬੰਦਰਗਾਹ ਦੇ ਸ਼ਾਂਤ ਪਾਣੀਆਂ ਉਪਰ ਖੰਭੇ ਵੱਲ ਰੁਮਕ ਪਈ। ਧਰਤੀ ਵਲੋਂ ਆ ਰਹੀ ਹਵਾ ਨੇ ਪਤਵਾਰਾਂ ਨੂੰ ਅਣਡਿਠਿਆਂ ਹੀ ਮਲਕੜੇ ਜਿਹੇ ਛੁਹ ਕੇ ਕਿਸ਼ਤੀ ਵਿੱਚ ਜਾਨ ਪਾ ਦਿੱਤੀ। 'ਪਰਲ' ਕਿਸ਼ਤੀ ਇਸ ਤਰ੍ਹਾਂ ਅਗਾਹਾਂ ਵਧਣ ਲੱਗੀ ਜਿਵੇਂ ਇਸ ਨੂੰ ਕੋਈ ਗੁੱਝੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਕਤੀ ਚਲਣ ਲਈ ਮਜ਼ਬੂਰ ਕਰਦੀ ਹੋਵੇ। ਚੁਰਟ ਮੂੰਹ ਵਿੱਚ ਪਾ ਕੇ ਪੀਅਰੇ ਨੇ ਕਿਸਤੀ ਦਾ ਸਟੇਰਿੰਗ ਪਕੜਿਆ ਤੇ ਸੂਰਜ ਦੀਆਂ ਤੇਜ਼ ਕਿਰਣਾ ਕਾਰਣ ਉਸ ਨੇ ਅੱਖਾਂ ਮੁੰਦ ਲਈਆਂ। ਲੱਤਾਂ ਸੀਟ ਤੇ ਪਸਾਰ ਲਈਆਂ। ਲੰਘਦੇ ਲੰਘਦੇ ਉਹ ਲਹਿਰਾਂ ਦੀ ਸ਼ਕਤੀ ਨੂੰ ਰੋਕਣ ਵਾਲੇ ਵਿਸ਼ਾਲ ਕਾਇਆਂ ਰੰਗੀਨ ਸ਼ਤੀਰਾਂ ਵੱਲ ਤਕਦਾ ਰਿਹਾ।

ਕਿਸ਼ਤੀ ਪੰਛਮੀ ਖੰਭੇ ਤੋਂ ਅੱਗੇ ਜਾ ਕੇ ਖੁਲ੍ਹੇ ਸਮੁੰਦਰ ਵਿੱਚ ਪਹੁੰਚ ਗਈ। ਤਾਜ਼ੀ ਹਵਾ ਡਾਕਟਰ ਦੇ ਚਿਹਰੇ ਅਤੇ ਹੱਥਾਂ ਉਤੇ ਠੰਢੇ ਚੁੰਮਣਾਂ ਦੀ ਤਰ੍ਹਾਂ ਥਪੇੜੇ ਮਾਰਨ ਲੱਗੀ। ਉਸ ਨੇ ਇਕ ਲੰਮਾ ਸਾਹ ਲਿਆ ਤੇ ਆਪਣੇ ਫੇਫੜਿਆਂ ਨੂੰ ਇਸ ਤਰ੍ਹਾਂ ਭਰਿਆ ਜਿਵੇਂ ਉਹ ਪਾਣੀ ਵਾਂਗ ਹਵਾ ਪੀ ਰਿਹਾ ਹੋਵੇ। ਹਵਾ ਨੇ ਪਤਵਾਰਾਂ ਨੂੰ ਫੁੱਲੇ ਹੋਏ ਪੇਟ ਵਾਂਗ ਭਰ ਦਿੱਤਾ ਤੇ ਝਟਕੇ ਨਾਲ 'ਪਰਲ' ਕਿਸ਼ਤੀ ਦੀ ਰਫਤਾਰ ਤੇਜ਼ ਹੋ ਗਈ। ਜੀਨ ਬਾਰਟ ਨੇ ਝੱਟ ਅਗਲੇ ਪਤਵਾਰ ਨੂੰ ਵੀ ਉਪਰ ਚੁੱਕ ਦਿੱਤਾ। ਹਵਾ ਨਾਲ ਭਰੀ ਤਿਕੋਣੀ ਪਤਵਾਰ ਨੇ ਖੰਭ ਦਾ ਰੂਪ ਧਾਰ ਲਿਆ। ਫੇਰ ਦੋ ਕਦਮ ਪਿੱਛੇ ਹੱਟ ਕੇ ਉਹਨੇ ਬਾਦਬਾਨ ਨਾਲ ਬੰਨ੍ਹੀ ਰੱਸੀ ਨੂੰ ਢਿੱਲਾ ਕਰ ਦਿੱਤਾ। ਕਿਸ਼ਤੀ ਡਾਵਾਡੋਲ ਹੋ ਕੇ ਟਿਕ ਗਈ। ਪਾਣੀਆਂ ਨੂੰ ਚੀਰਦੀ ਜਦੋਂ ਉਹ ਪੂਰੀ ਰਫਤਾਰ ਨਾਲ ਚੱਲੀ ਤਾਂ ਮੱਧਮ ਜਿਹੀ ਛਪਲ ਛਪਲ ਦੀ ਆਵਾਜ਼ ਆਉਣੀ ਸ਼ੁਰੂ ਹੋ ਗਈ। ਕਿਸ਼ਤੀ ਦੀ ਨੋਕ ਸਮੁੰਦਰ ਨੂੰ ਇਸ ਤਰ੍ਹਾਂ ਕੱਟਣ ਲੱਗੀ ਜਿਵੇਂ ਖੇਤ ਵਿੱਚ ਚਲਦਾ ਹੱਲ ਧਰਤੀ ਨੂੰ ਕਟਦਾ ਜਾਂਦਾ ਹੈ। ਨੋਕ ਨਾਲ ਜੋ ਚਿੱਟੀਆਂ, ਟੇਢੀਆਂ ਝੱਗ ਵਾਲੀਆਂ ਲਹਿਰਾਂ ਸਮੁੰਦਰ ਵਿੱਚ ਉਠਦੀਆਂ ਸਨ, ਉਹ ਇਸ ਤਰ੍ਹਾਂ ਪਾਣੀ ਵਿੱਚ ਡਿਗਦੀਆਂ ਜਿਵੇਂ ਹੱਲ ਵਾਹੁਦਿਆਂ ਸਿਆੜ ਦੇ ਦੋਵੇਂ ਪਾਸੇ ਮਿੱਟੀ ਗਿਰਦੀ ਹੈ। ਹਰ ਛੋਟੀ ਤਰੰਗ 'ਪਰਲ' ਨੂੰ ਹਲਕਾ ਜਿਹਾ ਝਟਕਾ ਦੇਂਦੀ ਤੇ ਪੀਅਰੇ ਦੇ ਹੱਥ ਵਿਚਲਾ ਸਟੇਅਰਿੰਗ ਥੋੜਾ ਜਿਹਾ ਕੰਬ ਜਾਂਦਾ। ਜਦੋਂ ਕੁਝ ਪਲਾਂ ਲਈ ਹਵਾ ਤੇਜ਼ ਚਲਦੀ ਤਾਂ ਪਾਣੀ ਕਿਸ਼ਤੀ ਦੇ ਉਪਰਲੇ ਹਿੱਸੇ ਨੂੰ ਇਸ ਤਰ੍ਹਾਂ ਟਕਰਾਂ ਮਾਰਦਾ ਜਿਵੇਂ ਉਹ ਕਿਸ਼ਤੀ ਨੂੰ ਆਪਣੀਆਂ ਲਹਿਰਾਂ ਵਿੱਚ ਲਪੇਟਣਾ ਚਾਹੁੰਦਾ ਹੋਵੇ। ਲਿਵਰਪੂਲ (Liverpool) ਤੋਂ ਆਇਆ ਕੋਲੇ ਦਾ ਜਹਾਜ਼ ਲੰਗਰ ਸੁੱਟੀ ਖੜਾ ਜਵਾਰਭਾਟੇ ਦਾ ਇੰਤਜ਼ਾਰ ਕਰ ਰਿਹਾ ਸੀ। ਉਨ੍ਹਾਂ ਦੀ ਕਿਸ਼ਤੀ ਇਸ ਜਹਾਜ਼ ਕੋਲੋਂ ਲੰਘੀ। ਫੇਰ ਉਨ੍ਹਾਂ ਨੇ ਕੰਢੇ ਦੇ ਲਾਗੇ ਲੰਗਰ ਸੁਟੀ, ਖੜੇ ਜਹਾਜ਼ਾਂ ਨੂੰ ਵੇਖਿਆ ਅਤੇ ਥੋੜੀ ਦੂਰ ਪਰੇ ਹੋ ਕੇ ਕੰਢੇ ਦੀ ਰੌਣਕ ਅਤੇ ਸ਼ੋਭਾ ਦਾ ਜ਼ਿਕਰ ਕੀਤਾ।

ਤਿੰਨ ਘੰਟੇ ਪੀਅਰੇ ਅਡੋਲ ਸ਼ਾਂਤੀ ਅਤੇ ਸਬਰ ਨਾਲ ਲਹਿਰਾਂ ਦੀ ਛਾਤੀ ਉਪਰ ਇਧਰ ਉਧਰ ਘੁੰਮਦਾ ਰਿਹਾ। ਉਹ ਕਿਸ਼ਤੀ ਨੂੰ ਇਸ ਤਰ੍ਹਾਂ ਚਲਾਂਉਣਾ ਜਿਵੇਂ ਇਹ ਕੋਈ ਤੇਜ਼ ਪਰ ਕਹੇਕਾਰ ਜਨੌਰ ਹੋਵੇ ਤੇ ਬੱਸ ਹੱਥ ਦੇ ਬੇਮਲੂਮੇ ਮਰੋੜੇ ਨਾਲ ਇਹ ਲਕੜੀ ਤੇ ਕੈਨਵਸ ਦੀ ਚੀਜ਼ ਪੀਅਰੇ ਦੀ ਮਨਮਰਜ਼ੀ ਦੇ ਅਨੁਕੂਲ ਚਲਦੀ ਹੋਵੇ। ਉਹ ਦਿਨ ਦਿਹਾੜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਸੁਪਨੇ ਵੇਖਣ ਲੱਗਾ - - ਇਸ ਤਰ੍ਹਾਂ ਦੇ ਸੁਪਨੇ ਜਿਹੜੇ ਘੋੜੇ ਦੀ ਪਿੱਠ ਤੇ ਜਾਂ ਜਹਾਜ਼ ਦੇ ਡੈਕ ਤੇ ਬੈਠਿਆ ਸੁਤੇ ਸਿੱਧ ਆ ਜਾਂਦੇ ਹਨ। ਆਪਣੇ ਉੱਜਲ ਭਵਿਖ ਅਤੇ ਸਮਝਦਾਰੀ ਦੀ ਜ਼ਿੰਦਗੀ ਵਿਚੋਂ ਪ੍ਰਾਪਤ ਹੋਣ ਵਾਲੀ ਖੁਸ਼ੀ ਬਾਰੇ ਉਹ ਸੋਚਣ ਲੱਗਾ। ਕੱਲ੍ਹ ਆਪਣੇ ਭਰਾ ਕੋਲੋਂ ਪੰਦਰਾਂ ਸੌ ਫਰਾਂਕ ਉਧਾਰ ਲੈ ਲਵੇਗਾ ਤਾਂ ਕਿ ਉਹ ਗਲੀ ਨੰਬਰ ਇਕ ਵਾਲਾ ਫਲੈਟ ਕਿਰਾਏ ਤੇ ਲੈ ਕੇ ਉਸ ਵਿਚ ਚਲਿਆ ਜਾਵੇ। ਮਲਾਹ ਇਕ ਦਮ ਚੀਖ ਉਠਿਆ, "ਮਿਸਟਰ ਪੀਅਰੇ, ਸਾਹਸਣੇ ਧੁੰਦ ਆ ਰਹੀ ਹੈ। ਅੱਛਾ ਹੋਵੇ ਜੇ ਮੋੜੇ ਪਾ ਲਈਏ।" ਪੀਅਰੇ ਨੇ ਅੱਖਾਂ ਉਪਰ ਚੁੱਕੀਆਂ ਤੇ ਪੱਛਮ ਵੱਲ ਇਕ ਵਿਸ਼ਾਲ ਰੂਪ ਹਲਕੇ ਰੰਗ ਦਾ ਪਰਛਾਵਾਂ ਵੇਖਿਆ ਜਿਸ ਨਾਲ ਅਕਾਸ਼ ਧੁੰਦਲਾ ਹੋ ਗਿਆ ਤੇ ਸਮੁੰਦਰ ਕੱਜ ਗਿਆ ਸੀ। ਇਹ ਪਰਛਾਵਾਂ ਅਕਾਸ਼ ਤੋਂ ਡਿੱਗੇ ਬੱਦਲ ਵਾਂਗ ਉਨ੍ਹਾਂ ਵੱਲ ਵਾਹੋ-ਦਾਹੀ ਵਧਿਆ ਆ ਰਿਹਾ ਸੀ। ਪੀਅਰੇ ਨੇ ਕਿਸ਼ਤੀ ਦਾ ਰੁਖ ਮੋੜਿਆ। ਹਵਾ ਪਿਛਿਉਂ ਹੋਣ ਕਰਕੇ ਉਹ ਖੰਭੇ ਵੱਲ ਚੱਲ ਪਿਆ। ਉਨ੍ਹਾਂ ਦੇ ਪਿੱਛੇ ਪਿੱਛੇ ਧੁੰਦ ਦਬਾਅ ਪਾਉਂਦੀ ਆ ਰਹੀ ਸੀ ਤੇ ਛੇਤੀ ਹੀ ਉਨ੍ਹਾਂ ਨੂੰ ਧੁੰਦ ਨੇ ਆ ਘੇਰਿਆ। ਜਿਉਂ ਹੀ ਧੁੰਦ ਕਿਸ਼ਤੀ ਕੋਲ ਪਹੁੰਚੀ ਅਤੇ ਇਸ ਨੂੰ ਆਪਣੇ ਅਛੋਹ ਸੰਘਣੇ ਪਨ ਵਿੱਚ ਲਪੇਟਿਆ, ਪੀਅਰੇ ਦੇ ਅੰਗ ਅੰਗ ਵਿੱਚ ਇਕ ਸੀਤ ਲਹਿਰ ਦੌੜ ਗਈ। ਸਮੁੰਦਰੀ ਧੁੰਦ ਦੀ ਧੂਏਂ ਵਰਗੀ ਤੇ ਖੱਟੀ ਖੱਟੀ ਸੁੰਘ ਨੇ ਉਸ ਨੂੰ ਆਪਣਾ ਮੂੰਹ ਮੀਟਣ ਲਈ ਮਜ਼ਬੂਰ ਕਰ ਦਿੱਤਾ ਤਾਂ ਕਿ ਸਿਲ੍ਹੀ ਤੇ ਠੰਢੀ ਧੁੰਦ ਉਸ ਨੂੰ ਕਿਤੇ ਨਿਗਲਣੀ ਨਾ ਪੈ ਜਾਵੇ। ਕਿਸ਼ਤੀ ਦੇ ਲੰਗਰ ਸੁੱਟਣ ਵਾਲੀ ਥਾਂ ਤੇ ਪੁਜਣ ਤੋਂ ਪਹਿਲਾਂ ਹੀ ਸਾਰਾ ਸ਼ਹਿਰ ਧੁੰਦ ਵਿੱਚ ਲਪੇਟਿਆ ਗਿਆ। ਧੁੰਦ ਲੋਕਾਂ ਨੂੰ ਮੀਂਹ ਵਾਂਗ ਗਿੱਲਾ ਕਰਦੀ, ਘਰਾਂ ਅਤੇ ਗਲੀਆਂ ਵਿੱਚ ਇੰਜ ਫੈਲ ਗਈ ਜਿਵੇਂ ਕੋਈ ਨਦੀ ਕੰਢਿਆਂ ਤੋਂ ਉੱਛਲ ਕੇ ਵਗ ਟੁਰੀ ਹੋਵੇ।

ਪੀਅਰੇ ਦੇ ਹੱਥ ਪੈਰ ਸੁੰਨ ਹੋ ਗਏ। ਉਹ ਕਾਹਲੀ ਕਾਹਲੀ ਘਰ ਪਹੁੰਚਿਆ ਤੇ ਬਿਸਤਰੇ ਤੇ ਢਹਿੰਦਿਆਂ ਹੀ ਉਸ ਦੀ ਅੱਖ ਲਗ ਗਈ। ਉਹ ਸਵੇਰ ਤਕ ਸੁੱਤਾ ਰਿਹਾ। ਸਵੇਰੇ ਜਦੋਂ ਉਹ ਡਾਈਨਿੰਗ ਰੂਮ ਵਿੱਚ ਵੜਿਆ ਤਾਂ ਉਸ ਦੀ ਮਾਂ ਜੀਨ ਨੂੰ ਸੰਬੋਧਨ ਕਰ ਰਹੀ ਸੀ, "ਬਰਾਂਡਾ ਬਹੁਤ ਸੁਹਣਾ ਹੋਵੇਗਾ। ਉਥੇ ਅਸੀਂ ਫੁਲ੍ਹ ਸਜਾਂਵਾਂਗੇ। ਤੂੰ ਦੇਖਦਾ ਹੀ ਰਹਿ ਜਾਵੇਂਗਾ। ਫੁਲਾਂ ਦੀ ਦੇਖਭਾਲ ਤੇ ਉਨ੍ਹਾਂ ਨੂੰ ਬਦਲਨ ਦਾ ਕੰਮ ਮੈਂ ਆਪਣੇ ਜ਼ਿੰਮੇ ਲੈ ਲਵਾਂਗੀ। ਜਦੋਂ ਕਦੇ ਤੂੰ ਕੋਈ ਪਾਰਟੀ ਦਵੇਂਗਾ ਤਾਂ ਇਸ ਜਗ੍ਹਾਂ ਪਰੀਆਂ ਦਾਂ ਹੁਸੀਨ ਗੁਲਸਤਾਨ ਦਿਸੇਗੀ।"

ਡਾਕਟਰ ਨੇ ਪੁਛਿਆ, "ਤੁਸੀਂ ਕਾਹਦੇ ਬਾਰੇ ਗੱਲ ਕਰ ਰਹੇ ਹੋ?" ਮਾਂ ਨੇ ਉੱਤਰ ਦਿੱਤਾ, "ਇਕ ਬਹੁਤ ਸੁਹਣੇ ਕਮਰਿਆਂ ਦਾ ਸੈਟ ਮੈਂ ਤੇਰੇ ਵੀਰ ਲਈ ਕਿਰਾਏ ਤੇ ਲਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ-ਦੋ ਮੰਜਲਾਂ ਦੇ ਵਿਚਕਾਰ ਇਕ ਛੋਟੀ ਮੰਜਲ ਵਾਲਾ ਬਹੁਤ ਸੁਹਣਾ ਸੈਟ ਜਿਥੋਂ ਦੋਵੇਂ ਬਾਜ਼ਾਰ ਨਜ਼ਰ ਆਉਂਦੇ ਹਨ। ਇਸ ਵਿੱਚ ਦੋ ਸਵਾਗਤੀ ਕਮਰੇ, ਇਕ ਸ਼ੀਸ਼ੇ ਵਾਲਾ ਬਰਾਂਡ ਤੇ ਇਕ ਛੋਟਾ ਗੋਲ ਡਾਈਨਿੰਗ ਰੂਮ ਹੈ। ਕੁਆਰੇ ਅਮੀਰ ਬੰਦੇ ਵਾਸਤੇ ਬਿਲਕੁਲ ਢੁਕਵਾਂ ਸੈਟ ਹੈ।

"ਇਹ ਹੈ ਕਿਥੇ ?" ਪੀਅਰੇ ਨੇ ਕਾਹਲੀ ਜਿਹੀ ਪੁਛਿਆ।

"ਗਲੀ ਨੰਗਰ ਇਕ ਵਿੱਚ।"

ਪੀਅਰੇ ਦੇ ਮਨ ਵਿੱਚ ਰਤਾ ਵੀ ਸ਼ੱਕ ਨਾ ਰਹੀ। ਉਹ ਤਿਲਮਲਾਇਆ ਤੇ ਬੈਠ ਗਿਆ। ਉਸ ਦੇ ਮਨ ਵਿੱਚ ਜ਼ੋਰਦਾਰ ਵੇਗ ਉਠਿਆ ਕਿ ਉਹ ਚੀਕ ਚੀਕ ਕੇ ਕਹੇ, "ਕਿਸੇ ਗੱਲ ਦੀ ਹੱਦ ਹੋਣੀ ਚਾਹੀਦੀ ਹੈ, ਕੀ ਸਭ ਕੁਝ ਇਹੋ ਹੀ ਲੈ ਲਵੇਗਾ ?" ਪਰਸੰਨਤਾ ਨਾਲ ਖਿੜੀ ਹੋਈ ਉਸ ਦੀ ਮਾਂ ਨੇ ਗੱਲ ਨੂੰ ਜਾਰੀ ਰਖਦਿਆਂ ਕਿਹਾ, "ਜ਼ਰਾ ਸੋਚ, ਮੈਂ ਇਹ ਦੋ ਹਜ਼ਾਰ ਅੱਠ ਸੋ ਫਰਾਂਕ ਦੇ ਕਿਰਾਏ ਤੇ ਲੈ ਲਿਆ ਹੈ। ਉਹ ਤਾਂ ਤਿੰਨ ਹਜ਼ਾਰ ਮੰਗਦੇ ਸਨ ਪਰ ਮੈਂ ਨੌ ਸਾਲਾਂ ਦੀ ਲੀਜ਼ ਤੇ ਲੈ ਕੇ ਦੋ ਸੌ ਦੀ ਛੋਟ ਕਰਾ ਲਈ। ਤੇਰਾ ਭਰਾ ਉਥੇ ਬੜਾ ਸੁਹਣਾ ਟਿਕ ਜਾਵੇਗਾ। ਕਿਸੇ ਵਕੀਲ ਨੂੰ ਆਪਣੀ ਪਰੈਕਟਿਸ ਚਮਕਾਉਣ ਲਈ ਸ਼ਾਨਦਾਰ ਜਗ੍ਹਾਂ ਦੀ ਲੋੜ ਹੁੰਦੀ ਹੈ। ਇਸ ਨਾਲ ਮੁਅੱਕਲ ਆਪਣੇ ਆਪ ਖਿੱਚੇ ਆਉਂਦੇ ਹਨ ਤੇ ਖੁਸ਼ੀ ਖੁਸ਼ੀ ਪੱਕੇ ਗਾਹਕ ਬਣ ਜਾਂਦੇ ਹਨ। ਮਨ ਵਿੱਚ ਪ੍ਰਭਾਵ ਪੈਂਦਾ ਹੈ ਤੇ ਉਹ ਵਕੀਲ ਨੂੰ ਸਤਿਕਾਰਨ ਲੱਗ ਜਾਂਦੇ ਹਨ। ਮਨ ਵਿੱਚ ਉਹ ਇਹ ਸੋਚਦੇ ਹਨ ਕਿ ਇੰਨੇ ਚੰਗੇ ਢੰਗ ਨਾਲ ਰਹਿਣ ਵਾਲੇ ਵਕੀਲ ਦੀ ਪਰੈਕਟਿਸ ਖੂਬ ਚਮਕਦੀ ਹੋਵੇਗੀ।"

ਕੁਝ ਪੱਲ ਉਹ ਚੁਪ ਰਹੀ ਤੇ ਫੇਰ ਕਹਿਣ ਲੱਗੀ, "ਇਸੇ ਤਰ੍ਹਾਂ ਦੀ ਜਗ੍ਹਾਂ ਮੈਂ ਤੇਰੇ ਵਾਸਤੇ ਵੀ ਲਭਾਂਗੀ, ਪਰ ਇਸ ਤੋਂ ਜ਼ਰਾ ਘਟੀਆ ਕਿਉਂਕਿ ਤੇਰੇ ਕੋਲ ਪੈਸੇ ਨਹੀਂ। ਫੇਰ ਵੀ ਅੱਛੀ ਜਿਹੀ। ਪੀਅਰੇ ਨੇ ਗੁਸੈਲੇ ਅੰਦਾਜ਼ ਵਿੱਚ ਉਤਰ ਦਿੱਤਾ, "ਮੇਰੇ ਵਾਸਤੇ ! ਮੈਂ ਆਪਣੀ ਮਿਹਨਤ ਅਤੇ ਹੁਨਰ ਦੇ ਸਿਰ ਤੇ ਸਫਲ ਹੋਵਾਂਗਾ।" ਉਸ ਦੀ ਮਾਂ ਨੇ ਜ਼ਿੱਦ ਜਿਹੀ ਕੀਤੀ, "ਠੀਕ ਹੈ। ਫੇਰ ਵੀ ਮੈਂ ਤੈਨੂੰ ਸਮਝਾਉਂਦੀ ਹਾਂ ਕਿ ਖੂਬਸੂਰਤ ਜਗ੍ਹਾਂ ਨਾਲ ਬੜਾ ਫਰਕ ਪੈਂਦਾ ਹੈ। ਖਾਣਾ ਖਾਦਿਆਂ ਪੀਅਰੇ ਸਹਿਜੇ ਹੀ ਪੁਛ ਬੈਠਾ, "ਇਹ ਮਾਰਸ਼ਲ ਨਾਲ ਤੁਹਾਡੀ ਜਾਣ-ਪਛਾਣ ਕਿਵੇਂ ਹੋਈ ਸੀ ?" ਮਿਸਟਰ ਰੋਲੈਂਡ ਨੇ ਸਿਰ ਉਪਰ ਚੁਕਿਆ ਤੇ ਆਪਣੀ ਯਾਦਦਾਸ਼ਤ ਨੂੰ ਟਟੋਲਣ ਦਾ ਉਪਰਾਲਾ ਕੀਤਾ ; "ਜ਼ਰਾ ਰੁਕਣਾ, ਮੈਨੂੰ ਚੰਗੀ ਤਰ੍ਹਾਂ ਯਾਦ ਨਹੀਂ ਆ ਰਿਹਾ। ਬਹੁਤ ਪਹਿਲਾਂ ਦੀ ਗੱਲ ਹੈ। ਹਾਂ, ਹੁਣ ਯਾਦ ਆਇਆ। ਤੇਰੀ ਮਾਂ ਨਾਲ ਉਸ ਦੀ ਜਾਣ ਪਛਾਣ ਸਾਡੀ ਦੁਕਾਨ ਤੇ ਹੋਈ ਸੀ। ਕਿਉਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੂਈ, ਠੀਕ ਹੈ ਨਾ ? ਉਹ ਕੋਈ ਸੌਦਾ ਪੱਤਾ ਲੈਣ ਆਇਆ ਸੀ ਤੇ ਪਿਛੋਂ ਉਸ ਦੀ ਸਾਡੇ ਕੋਲ ਆਉਣੀ ਜਾਣੀ ਹੋ ਗਈ। ਦੋਸਤੀ ਗੰਢਣ ਤੋਂ ਪਹਿਲਾਂ ਮਾਰਸ਼ਲ ਨਾਲ ਸਾਡੀ ਵਾਕਫ਼ੀ ਇਕ ਗਾਹਕ ਦੇ ਤੌਰ ਤੇ ਹੋਈ ਸੀ।''

ਪਲੇਟ ਵਿੱਚ ਕਾਂਟਾ ਚਭੋਂਦਾ ਹੋਇਆ ਪੀਅਰੇ ਬੋਲਿਆ, "ਤੁਹਾਡੀ ਵਾਕਫ਼ੀ ਕਿਹੜੇ ਸਨ ਵਿੱਚ ਹੋਈ ਸੀ ?' ਰੋਲੈਂਡ ਨੇ ਮੁੜ ਕੁਝ ਯਾਦ ਕਰਨ ਦੀ ਚੇਸ਼ਟਾ ਕੀਤੀ। ਜਦੋਂ ਉਸ ਨੂੰ ਕੁਝ ਨਾ ਸੁਝਿਆ ਤਾਂ ਆਪਣੀ ਪਤਨੀ ਦੀ ਯਾਦਸ਼ਕਤੀ ਦੀ ਸਹਾਇਤਾ ਲੈਣ ਲਈ ਕਹਿਣ ਲੱਗਾ, "ਲੂਈ, ਕਿਹੜਾ ਸਾਲ ਸੀ ? ਤੈਨੂੰ ਤਾਂ ਭੁੱਲ ਨਹੀਂ ਸਕਦਾ ਕਿਉਂਕਿ ਤੇਰੀ ਯਾਦਦਾਸ਼ਤ ਬਹੁਤ ਅੱਛੀ ਹੈ ਜ਼ਰਾ ਦੇਖੀਏ। ਕੀ ਇਹ-ਇ-ਇ '55 ਜਾਂ' 56 ਸੰਨ ਦੀ ਗੱਲ ਹੈ ? ਸੋਚ ਸੋਚ, ਤੈਨੂੰ ਮੇਰੇ ਨਾਲੋਂ ਜ਼ਿਆਦਾ ਪਤਾ ਹੋਣਾ ਚਾਹੀਦਾ ਹੈ।''

ਸ਼੍ਰੀਮਤੀ ਰੋਲੈਂਡ ਕੁਝ ਚਿਰ ਚੁਪ ਕਰਕੇ ਸੋਚਦੀ ਰਹੀ। ਫੇਰ ਬੜੇ ਠਰੰਮੇ ਤੇ ਸ਼ਾਂਤ ਆਵਾਜ਼ ਵਿੱਚ ਕਹਿਣ ਲੱਗੀ, "ਇਹ ਸੰਨ 58 ਦੀ ਗੱਲ ਹੈ। ਪੀਅਰੇ ਉਦੋਂ ਤਿੰਨਾਂ ਵਰ੍ਹਿਆਂ ਦਾ ਸੀ। ਮੈਨੂੰ ਯਕੀਨ ਹੈ ਕਿ ਇਸ ਵਿੱਚ ਮੈਨੂੰ ਕੋਈ ਧੋਖਾ ਨਹੀਂ ਲਗਦਾ ਕਿਉਂਕਿ ਉਸੇ ਸਾਲ ਬੱਚੇ ਨੂੰ ਬੁਖਾਰ ਹੋ ਗਿਆ ਸੀ। ਸਾਡੀ ਜਾਣ ਪਛਾਣ ਭਾਵੇਂ ਮਾਮੂਲੀ ਸੀ ਪਰ ਮਾਰਸ਼ਲ ਨੇ ਉਸ ਘੜੀ ਸਾਡੀ ਬੜੀ ਮੱਦਦ ਕੀਤੀ।''

ਰੋਲੈਂਡ ਜ਼ੋਰ ਨਾਲ ਕਹਿ ਉਠਿਆ, "ਠੀਕ ਠੀਕ, ਉਹ ਹੱਦ ਦਰਜੇ ਦਾ ਸਹਿਰਦ ਸੀ। ਜਦੋਂ ਤੇਰੀ ਮਾਂ ਥੱਕ ਕੇ ਚੂਰ ਹੋ ਗਈ ਸੀ ਤੇ ਮੈਂ ਦੁਕਾਨ ਦੇ ਕੰਮ ਵਿੱਚ ਮਗਨ ਸੀ, ਉਹ ਦਵਾਈ ਵੀ ਆਪ ਹੀ ਲਿਆਇਆ ਸੀ। ਸੱਚਮੁੱਚ ਉਸਦਾ ਹਿਰਦਾ ਬੜਾ ਕੋਮਲ ਸੀ। ਜਦੋਂ ਤੂੰ ਰਾਜ਼ੀ ਹੋ ਗਿਆ ਤਾਂ ਤੂੰ ਅੰਦਾਜ਼ਾ ਨਹੀਂ ਲਾ ਸਕਦਾ ਕਿ ਉਹ ਕਿੰਨਾ ਖੁਸ਼ ਹੋਇਆ ਸੀ ਤੇ ਤੈਨੂੰ ਉਸ ਨੇ ਪਿਆਰ ਨਾਲ ਕਿੰਨਾ ਚੁੰਮਿਆ ਸੀ। ਉਸ ਵੇਲੇ ਤੋਂ ਉਹ ਸਾਡਾ ਜ਼ਿਗਰੀ ਦੋਸਤ ਬਣ ਗਿਆ।''

ਗਲ ਸੁਣਦਿਆਂ ਸਾਰ ਪੀਅਰੇ ਦੇ ਮਨ ਵਿੱਚ ਇਹ ਖਿਆਲ ਗੋਲੀ ਵਾਂਗ ਚੀਰਦਾ ਲੰਘ ਗਿਆ, "ਜੇ ਮਾਰਸ਼ਲ ਨੇ ਮੈਨੂੰ ਪਹਿਲਾਂ ਜਾਣਿਆ ਸੀ, ਮੇਰੇ ਨਾਲ ਲਗਾਵਟ ਦਰਸਾਈ ਸੀ, ਮੈਨੂੰ ਪਿਆਰ ਨਾਲ ਚੁੰਮਦਾ ਸੀ ਤੇ ਉਹਦੀ ਸਾਡੇ ਟੱਬਰ ਨਾਲ ਵਾਕਫ਼ੀ ਦਾ ਵੱਡਾ ਕਾਰਣ ਮੈਂ ਸਾਂ, ਤਾਂ ਉਸ ਨੇ ਆਪਣੀ ਸਾਰੀ ਦੀ ਸਾਰੀ ਜਾਇਦਾਦ ਮੈਨੂੰ ਛੱਡ ਕੇ ਜੀਨ ਨੂੰ ਕਿਉਂ ਦਿੱਤੀ'' ? ਉਸ ਨੇ ਹੋਰ ਕਈ ਪ੍ਰਸ਼ਨ ਨਾ ਕੀਤਾ। ਸੋਚਾਂ ਵਿੱਚ ਡੁਬਣ ਦੀ ਬਜਾਏ ਉਹ ਜਜ਼ਬਾਤੀ ਹੋ ਗਿਆ। ਅਚੇਤੇ ਹੀ ਉਹਦੇ ਮਨ ਨੂੰ ਡੋਬੂ ਪੈਣ ਲੱਗੇ। ਇਸ ਬੇਚੈਨੀ ਅਤੇ ਤੋੜਾ-ਖੋਹੀ ਨੇ ਇਕ ਨਵੇਂ ਤੂਫਾਨ ਨੂੰ ਜਨਮ ਦੇ ਦਿੱਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਜਰੇ ਹੀ ਘਰੋਂ ਨਿਕਲ ਕੇ ਪੀਅਰੇ ਗਲੀਆਂ ਵਿੱਚ ਅਵਾਰਾ ਘੁੰਮਣ ਲੱਗਾ। ਗਲੀਆਂ ਵਿੱਚ ਅੰਤਾਂ ਦੀ ਧੁੰਦ ਨੇ ਰਾਤ ਨੂੰ ਦੁਖਦਾਇਕ, ਹਨ੍ਹੇਰੀ ਤੇ ਕੋਝੀ ਬਣਾ ਦਿੱਤਾ ਸੀ। ਇਹ ਧੁੰਦ ਟਿਡੀ ਦਲ ਦੇ ਬਦਲਾਂ ਵਾਂਗ ਧਰਤੀ ਉਤੇ ਛਾ ਗਈ ਸੀ। ਇਹ ਧੁੰਦ ਗੈਸ ਨਾਲ ਜਲਦੀਆਂ ਬੱਤੀਆਂ ਕੋਲ ਦਰਿਆ ਦੀ ਰਵਾਨੀ ਵਾਂਗ ਚਲਦੀ ਵੇਖੀ ਜਾ ਸਕਦੀ ਸੀ ਤੇ ਪਲ ਛਿਨ ਲਈ ਬੱਤੀਆਂ ਅੱਖੋਂ ਉਹਲੇ ਹੋ ਜਾਂਦੀਆਂ ਸਨ। ਗਲੀਆਂ ਵਿੱਚ ਬਰਫ਼ ਵਾਂਗ ਤਿਲਕਣ ਹੋ ਗਈ ਸੀ। ਘਰਾਂ ਵਿਚੋਂ, ਗੰਦੀਆ ਨਾਲੀਆਂ ਤੇ ਪਰਨਾਲਿਆਂ ਵਿਚੋਂ ਉਠਦੀ ਦੁਰਗੰਧ ਧੁੰਦ ਦੀ ਵਾਸ ਨਾਲ ਮਿਲ ਗਈ ਸੀ। ਮੋਢੇ ਕੰਨਾਂ ਨੂੰ ਲਾ ਕੇ ਤੇ ਹੱਥ ਜੇਬਾਂ ਵਿੱਚ ਪਾਕੇ ਪੀਅਰੇ ਠੰਢ ਵਿਚ ਜ਼ਿਆਦਾ ਦੇਰ ਬਾਹਰ ਰਹਿਣ ਤੋਂ ਡਰਦਾ ਮਾਰੋਸਕੋ ਵੱਲ ਟੁਰ ਗਿਆ। ਬੁੱਢਾ ਦਵਾਫਰੋਸ਼ ਹਾਲੇ ਵੀ ਆਪਣੇ ਸਟੋਰ ਵਿੱਚ ਗੈਸ ਦੀ ਲੋਅ ਥੱਲੇ ਸੌਂ ਰਿਹਾ ਸੀ। ਪੀਅਰੇ ਨੂੰ ਉਹ ਵਫ਼ਾਦਾਰ ਕੁੱਤੇ ਵਾਲੀ ਲਗਾਵਟ ਜਿੰਨਾ ਪਿਆਰ ਕਰਦਾ ਸੀ। ਜਦੋਂ ਪੀਅਰੇ ਨੂੰ ਪਛਾਣਿਆ ਤਾਂ ਉਸ ਨੇ ਆਲਸ ਨੂੰ ਛੰਡਕਾ ਦੇ ਕੇ ਆਪਣੇ ਆਪ ਨੂੰ ਚੁਕੰਨਾ ਕੀਤਾ, ਐਨਕ ਵਾਸਤੇ ਇਧਰ ਉਧਰ ਹੱਥ ਮਾਰੇ ਤੇ ਆਪਣੀ ਨਵੀਂ ਬਣਾਈ ਸ਼ਰਾਬ ਕੱਢ ਬੈਠਾ।

"ਤੇਰੀ ਨਵੀਂ ਸ਼ਰਾਬ ਦਾ ਕੀ ਹਾਲ ਹੈ ?" ਡਾਕਟਰ ਨੇ ਪੁਛਿਆ। ਪੋਲੈਂਡ ਵਾਸੀ ਮਾਰੋਸਕੋ ਨੇ ਸਮਝਾਇਆ ਕਿ ਸ਼ਹਿਰ ਦੇ ਚਾਰ ਵੱਡੇ ਹੋਟਲਾਂ ਨੇ ਇਸ ਨੂੰ ਅਜ਼ਮਾਉਣ ਦੀ ਰਜ਼ਾਮੰਦੀ ਜ਼ਾਹਿਰ ਕੀਤੀ ਸੀ। ਉਸ ਨੇ ਇਹ ਵੀ ਦਸਿਆ ਕਿ ਕਿਸ ਤਰ੍ਹਾਂ ਦੋ ਵੱਡੇ ਅਖਬਾਰਾਂ ਦੇ ਸੰਪਾਦਕਾਂ ਨੇ ਕੁਝ ਦਵਾਈਆਂ ਦੇ ਇਵਜ਼ ਵਿੱਚ ਇਸ ਸ਼ਰਾਬ ਬਾਰੇ ਆਪਣੀਆਂ ਪਤ੍ਰਿਕਾਵਾਂ ਵਿੱਚ ਇਸ਼ਤਿਹਾਰ ਦੇਣਾ ਅਤੇ ਲੇਖ ਲਿਖਣਾ ਮੰਨਿਆ ਹੈ। ਇਕ ਲੰਮੀ ਚੁਪ ਤੋਂ ਬਾਅਦ ਮਾਰੋਸਕੋ ਨੇ ਪੁਛਿਆ ਕਿ ਕੀ ਜੀਨ ਦਾ ਵਿਰਾਸਤ ਤੇ ਕਬਜ਼ਾ ਹੋ ਗਿਆ ਹੈ ? ਉਸ ਨੇ ਇਸੇ ਵਿਸ਼ੇ ਤੇ ਦੋ ਤਿੰਨ ਹੋਰ ਬੇਮਤਲਬ ਜਿਹੇ ਸਵਾਲ ਕੀਤੇ। ਪੀਅਰੇ ਨਾਲ ਮਾਰੋਸਕੋ ਦਾ ਪਿਆਰ ਵਿਆਕੁਲ ਹੋ ਉਠਿਆ ਸੀ। ਜੀਨ ਨੂੰ ਹਰ ਗੱਲ ਵਿੱਚ ਤਰਜੀਹ ਮਿਲਣ ਦੇ ਖਿਲਾਫ਼ ਮਾਰੋਸਕੋ ਦੇ ਮਨ ਵਿੱਚ ਬਗਾਵਤ ਖੜੀ ਹੋ ਗਈ। ਪੀਅਰੇ ਨੂੰ ਭਰੋਸਾ ਹੋ ਗਿਆ ਕਿ ਉਹ ਮਾਰੋਸਕੋ ਦੇ ਖਿਆਲਾਂ ਨੂੰ ਸਮਝ ਰਿਹਾ ਹੈ। ਇਸ ਸੋਝੀ ਦਾ ਅੰਦਾਜ਼ਾ ਇਨ੍ਹਾਂ ਗਲ੍ਹਾਂ ਨਾਲ ਲਾਇਆ, ਮਾਰੋਸਕੋ ਦੀਆਂ ਮੁੜੀਆਂ ਤਕਣੀਆਂ ਤੇ ਉਸ ਦੀ ਆਵਾਜ਼ ਦੀਆਂ ਬਿੜਕਣਾਂ ਤੋਂ, ਉਸ ਦੇ ਬੁਲ੍ਹਾਂ ਤੇ ਆਏ ਸ਼ਬਦਾਂ ਤੋਂ ਜਿਹੜੇ ਉਹ ਉਚਰ ਨਹੀਂ ਸੀ ਰਿਹਾ ਤੇ ਨਾ ਹੀ ਉਚਰ ਸਕਦਾ ਸੀ ਕਿਉਂਕਿ ਉਹ ਕਾਫੀ ਸਾਵਧਾਨ, ਚੁਕੰਨਾ ਤੇ ਡਰਪੋਕ ਜਿਹਾ ਹੋ ਗਿਆ ਸੀ।

ਨਿਰਸੰਦੇਹ ਹੀ ਪੀਅਰੇ ਸਮਝ ਗਿਆ ਕਿ ਬੁਢੇ ਆਦਮੀ ਦੀ ਸੋਚਣੀ ਇਸ ਪ੍ਰਕਾਰ ਹੈ, "ਜੀਠ ਨੂੰ ਇਹ ਵਿਰਾਸਤ ਕਬੂਲਣ ਦੀ ਤੈਨੂੰ ਇਜ਼ਾਜਤ ਨਹੀਂ ਦੇਣੀ ਚਾਹੀਦੀ ਸੀ ਕਿਉਂਕਿ ਇਸ ਨਾਲ ਤੇਰੀ ਮਾਂ ਦੀ ਇਜ਼ਤ ਤੇ ਉਂਗਲੀਆਂ ਉਠਣਗੀਆਂ।" ਸ਼ਾਇਦ ਇਸ ਨੂੰ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯਕੀਨ ਹੋ ਗਿਆ ਹੋਵੇ ਕਿ ਜ਼ੀਨ ਮਾਰਸ਼ਲ ਦੀ ਔਲਾਦ ਹੈ। ਮਾਰੋਸਕੋ ਦੇ ਵਿਚਾਰਾਂ ਬਾਰੇ ਉਸ ਨੂੰ ਪੱਕਾ ਯਕੀਨ ਹੋ ਗਿਆ ਸੀ। ਜਦੋਂ ਇਹ ਗੱਲ ਇੰਨੀ ਸੰਭਵ, ਕੁਦਰਤੀ ਤੇ ਸਾਫ਼ ਜ਼ਾਹਰ ਸੀ ਤਾਂ ਮਾਰੋਸਕੋ ਕਿਵੇਂ ਯਕੀਨ ਕਰਨੋ ਰਹਿ ਸਕਦਾ ਸੀ ? ਕੀ ਉਹ ਆਪ ਖ਼ੁਦ, ਪੀਅਰੇ, ਆਪਣੀ ਉਸੇ ਮਾਂ ਦਾ ਪੁੱਤਰ, ਤਿੰਨਾਂ ਦਿਨਾਂ ਤੋਂ ਧਿੰਗੋਜ਼ੋਰੀ ਆਪਣੇ ਮਨ ਨੂੰ ਝੁਠਲਾਉਣ ਦੀ ਕੋਸ਼ਿਸ ਨਹੀਂ ਸੀ ਕਰ ਰਿਹਾ ? ਕੀ ਉਹ ਹਾਲੇ ਵੀ ਇਸ ਭਿਆਨਕ ਸੰਦੇਹ ਵਿਰੁੱਧ ਘੋਲ ਨਹੀਂ ਸੀ ਕਰ ਰਿਹਾ ?

ਇਕ ਬਾਹੀ ਫੇਰ ਇਸ ਗੱਲ ਤੇ ਨਵੇਂ ਸਿਰਿਉਂ ਇੱਕਲੇ ਹੋ ਕੇ ਵਿਚਾਰ ਕਰਨ ਦੀ ਆਵਸ਼ਕਤਾ ਪੀਅਰੇ ਉੱਤੇ ਹਾਵੀ ਹੋ ਗਈ। ਇਸ ਨਵੀਂ, ਸੁਭਾਵਿਕ ਪਰ ਭਿਆਨਕ ਵਿਚਾਰਧਾਰਾ ਦੀ ਉਹ ਆਪਣੇ ਮਨ ਵਿੱਚ ਜਿਗਰੇ ਨਾਲ ਡਰ-ਡੁਕਰ ਤੋਂ ਰਹਿਤ ਹੋ ਕੇ ਤੇ ਆਪਣੀ ਜ਼ਮੀਰ ਦੇ ਰੂਬਰੂ ਤੇ ਸਭ ਭਰਮਾਂ ਨੂੰ ਲਾਂਭੇ ਰਖਕੇ ਚੰਗੀ ਤਰ੍ਹਾਂ ਪੜਚੋਲ ਕਰਨਾ ਚਾਹੁੰਦਾ ਸੀ। ਇਸੇ ਕਾਰਣ ਉਹਨੇ ਨਵੀਂ ਸ਼ਰਾਬ ਦਾ ਸਵਾਦ ਵੀ ਨਾ ਦੇਖਿਆ। ਪੀਅਰੇ ਉਠਿਆ ਤੇ ਹੈਰਾਨ ਹੋਏ ਦਵਾਫ਼ਰੋਸ਼ ਨਾਲ ਕਾਹਲੀ ਕਾਹਲੀ ਹੱਥ ਮਿਲਾਕੇ ਧੁੰਦ ਭਰੀਆਂ ਗਲੀਆ ਵਿੱਚ ਨਿਕਲ ਟੁਰਿਆ।

ਆਪਣੇ ਆਪ ਨੂੰ ਪੀਅਰੇ ਕਹਿਣ ਲੱਗਾ, "ਇਹ ਮਾਰਸ਼ਲ ਆਪਣੀ ਸਾਰੀ ਸੰਪਤੀ ਜ਼ੀਨ ਦੇ ਨਾਂ ਕਿਉਂ ਲਿਖ ਗਿਆ ?" ਐਤਕੀ ਉਹਨੇ ਇਹ ਸਵਾਲ ਈਰਖਾ ਵਜੋਂ ਨਹੀਂ ਕੀਤਾ ਸੀ। ਨਾ ਹੀ ਇਹ ਸਵਾਲ ਉਸ ਦੇ ਸੀਨੇ ਵਿੱਚ ਛੁਪੇ ਸੁਭਾਵਿਕ ਪਰ ਕਮੀਨੇ ਹਸੱਦ ਤੋਂ ਉਤਪੰਨ ਹੋਇਆ ਜਿਸ ਦੇ ਕਾਰਣ ਉਹ ਪਿਛਲੇ ਤਿੰਨਾਂ ਦਿਨਾਂ ਤੋਂ ਵਿਆਕੁਲ ਸੀ। ਹੁਣ ਉਸ ਦੇ ਮਨ ਵਿੱਚ ਕਿਸੇ ਵਿਕਰਾਲ ਭਰਮ ਦਾ ਡਰ ਪੈਦਾ ਹੋ ਗਿਆ ਤੇ ਇਹ ਡਰ ਸੀ ਹੋ ਰਹੇ ਵਿਸ਼ਵਾਸ਼ ਦਾ ਕਿ ਜ਼ੀਨ ਮਾਰਸ਼ਲ ਦੀ ਔਲਾਦ ਹੈ।

ਨਹੀਂ, ਉਸ ਨੂੰ ਇਸ ਗੱਲ ਤੇ ਬਿਲਕੁਲ ਵਿਸ਼ਵਾਸ ਨਹੀਂ। ਕੀ ਉਹ ਅਜਿਹਾ ਮਨਹੂਸ ਸਵਾਲ ਆਪਣੇ ਆਪ ਨੂੰ ਕਦੇ ਪਾ ਸਕਦਾ ਹੈ ? ਇਸ ਕਿਸਮ ਦਾ ਥੋੜ੍ਹਾ ਤੇ ਅਣਹੋਣਾ ਸ਼ੱਕ ਉਹ ਕਦੇ ਮਨ ਵਿੱਚ ਫਟਕਣ ਨਹੀਂ ਦੇਵੇਗਾ। ਉਸ ਦੇ ਦਿਲ ਵਿੱਚ ਆਪਣੀ ਮਾਂ ਉਤੇ ਪੂਰਾ ਵਿਸਵਾਸ਼ ਹੋਣਾ ਚਾਹੀਦਾ ਹੈ ਕਿਉਂਕਿ ਦੁਨੀਆਂ ਵਿੱਚ ਕੇਵਲ ਮਾਂ ਹੀ ਤਾਂ ਸੀ ਜਿਸ ਨਾਲ ਉਹਦਾ ਅਥਾਹ ਸਨੇਹ ਸੀ।

ਰਾਤ ਦੇ ਹਨੇਰੇ ਵਿੱਚ ਇੱਕਲਾ ਘੁੰਮਦਾ ਪੀਅਰੇ ਆਪਣੀ ਯਾਦਸ਼ਕਤੀ ਅਤੇ ਤਰਕ ਨੂੰ ਪੂਰੀ ਤਰ੍ਹਾਂ ਪਰਖੇਗਾ ਜਿਸ ਨਾਲ ਚੁੰਧਿਆਉਣ ਵਾਲੀ ਸਚਾਈ ਸਾਹਮਣੇ ਆ ਜਾਵੇਗੀ। ਇਸ ਯਥਾਰਥ ਨੂੰ ਸਮਝਣ ਤੋਂ ਉਪਰੰਤ ਉਹ ਮੁੜ ਕਦੇ ਇਸ ਗੱਲ ਤੇ ਵਿਚਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਕਰੇਗਾ ਤੇ ਚੁਪ ਕਰਕੇ ਚੈਨ ਨਾਲ ਸੌਂ ਜਾਵੇਗਾ ।

ਉਸ ਨੇ ਸੋਚਿਆ, "ਮੈਂ ਪਹਿਲਾਂ ਵਿਚਾਰ ਕਰ ਹੀ ਲਵਾਂ । ਸਭ ਤੋਂ ਪਹਿਲਾਂ ਮੈਨੂੰ ਤੱਥਾਂ ਦੀ ਪਰਖ ਕਰਨੀ ਚਾਹੀਦੀ ਹੈ । ਇਸ ਤੋਂ ਬਾਅਦ ਮਾਰਸ਼ਲ ਦਾ ਆਪਣੇ ਭਰਾ ਵੱਲ ਤੇ ਆਪਣੇ ਵੱਲ ਸਲੂਕ ਤੇ ਹੋਰ ਜੋ ਕੁਝ ਵੀ ਉਹਦੇ ਬਾਰੇ ਗਿਆਤ ਹੈ ਮੈਂ ਮਨ ਵਿੱਚ ਦੁਹਰਾਵਾਂਗਾ । ਮਾਰਸ਼ਲ ਨੇ ਕਿਉਂ ਜੀਨ ਨੂੰ ਪਹਿਲ ਦਿੱਤੀ, ਇਸ ਮਨੋਰਥ ਦੀ ਭਾਲ ਕਰਾਂਗਾ । ਕੀ ਉਹ ਜੀਨ ਦੀ ਪੈਦਾਇਸ਼ ਵੇਲੇ ਉਥੇ ਸੀ ? ਹਾਂ ਉੱਥੇ ਸੀ, ਪਰ ਉਹ ਮੈਨੂੰ ਇਸ ਤੋਂ ਵੀ ਪਹਿਲਾਂ ਜਾਣਦਾ ਸੀ । ਜੇਕਰ ਉਸ ਦੇ ਦਿਲ ਵਿੱਚ ਮੇਰੀ ਮਾਂ ਲਈ ਗੁੱਝਾ ਪਿਆਰ ਸੀ ਤਾਂ ਉਹ ਮੈਨੂੰ ਪਹਿਲ ਦਿੰਦਾ, ਕਿਉਂਕਿ ਮੇਰੇ ਕਰਕੇ ਅਤੇ ਮੇਰੇ ਬੁਖਾਰ ਸਦਕੇ ਹੀ ਤਾਂ ਉਸ ਦੀ ਮੇਰੇ ਮਾਤਾ ਪਿਤਾ ਨਾਲ ਗੂੜ੍ਹੀ ਮਿੱਤਰਤਾ ਪੈਦਾ ਹੋਈ ਸੀ । ਇਸ ਕਰਕੇ ਜੇ ਉਸ ਦੇ ਮਨ ਵਿੱਚ ਉਹਨੀਆਂ ਅੱਖਾਂ ਸਾਹਮਣੇ ਪਲਮਦੇ ਜੀਨ ਲਈ ਕੁਦਰਤੀ ਪਿਆਰ ਤੇ ਖਿਚ ਨਾ ਹੁੰਦੀ ਤਾਂ ਇਸ ਦਲੀਲ ਦੇ ਅਨੁਸਾਰ ਉਸ ਦੀ ਚੋਣ ਮੇਰੇ ਤੇ ਪੈਣੀ ਚਾਹੀਦੀ ਸੀ ਤੇ ਮੁਹਬੱਤ ਦਾ ਪ੍ਰਗਟਾਵਾ ਮੇਰੇ ਵੱਲ ਹੋਣਾ ਚਾਹੀਦਾ ਸੀ ।"

ਫੇਰ ਪੀਅਰੇ ਨੇ ਬੜਾ ਬੇਸਬਰ ਹੋ ਕੇ ਸਾਰੀ ਮਾਨਸਿਕ ਸ਼ਕਤੀ ਨਾਲ ਆਪਣੀਆਂ ਪੁਰਾਣੀਆਂ ਯਾਦਾਂ ਨੂੰ ਰੂਪਮਾਨ ਕੀਤਾ, ਤਾਂ ਕਿ ਉਹ ਮਾਰਸ਼ਲ ਨੂੰ ਆਪਣੇ ਮਨ ਦੀਆਂ ਅੱਖਾਂ ਨਾਲ ਸਮਝ ਤੇ ਪਰਖ ਸਕੇ । ਪੈਰਿਸ ਰਹਿਣ ਸਮੇਂ ਇਸ ਮਨੁੱਖ ਨੂੰ ਉਸ ਨੇ ਨਿਰੰਤਰ ਦੇਖਿਆ ਸੀ ਪਰ ਕਦੇ ਚਿਤਵਿਆ ਨਹੀਂ । ਚਲਦੇ ਚਲਦੇ ਪੀਅਰੇ ਨੇ ਮਹਿਸੂਸ ਕੀਤਾ ਕਿ ਉਸ ਦੇ ਕਦਮਾਂ ਦੀ ਹਰਕਤ, ਖਿਆਲਾਂ ਵਿੱਚ ਵਿਘਨ, ਤੇ ਉਨ੍ਹਾਂ ਦੀਆਂ ਡੂੰਘਾਣਾ ਤੱਕ ਪਹੁੰਚਣ ਵਿੱਚ ਅੜਚਨ ਪਾਉਂਦੀ ਹੈ । ਚਲਣ ਦੀ ਹਰਕਤ ਉਸ ਦੀ ਯਾਦਦਾਸ਼ਤ ਨੂੰ ਵੀ ਧੁੰਦਲਾ ਕਰਦੀ ਹੈ । ਇਸ ਕਰਕੇ ਭੂਤਕਾਲ ਤੇ ਇਸ ਦੀਆਂ ਅਣਜਾਣੀਆਂ ਘਟਨਾਵਾ ਨੂੰ ਗੋਰ ਨਾਲ ਵਿਚਾਰਨ ਲਈ ਕਿਸੇ ਨਵੇਕਲੀ ਥਾਂ ਤੇ ਸ਼ਾਂਤੀ ਨਾਲ ਬੈਠਣ ਦੀ ਲੋੜ ਮਹਿਸੂਸ ਹੋਈ । ਪੀਅਰੇ ਨੇ ਮਨ ਵਿੱਚ ਇਹ ਫੈਸਲਾ ਕੀਤਾ ਕਿ ਉਹ ਪਿਛਲੀ ਰਾਤ ਵਾਂਗ ਹੀ ਬੰਦਰਗਾਹ ਵਾਲੇ ਥੰਮ ਤੇ ਜਾ ਬੈਠੇਗਾ ।

ਹਾਲੇ ਉਹ ਬੰਦਰਗਾਹ ਦੇ ਨੇੜੇ ਪਹੁੰਚਿਆ ਹੀ ਸੀ ਕਿ ਵਿਸ਼ਾਲ ਸਮੁੰਦਰ ਵੱਲੋਂ ਇਕ ਦਰਦਨਾਕ ਤੇ ਘਿਨਾਉਣੀ ਜਿਹੀ ਆਵਾਜ਼ ਉਸ ਦੇ ਕੰਨੀ ਪਈ । ਆਵਾਜ਼ ਸਾਨ੍ਹ ਦੀ ਬੜ੍ਹਕ ਵਰਗੀ ਪਰ ਜ਼ਿਆਦਾ ਲੰਮੇਰੀ ਤੇ ਤਕੜੀ ਸੀ । ਇਹ ਧੁੰਦ ਦੇ ਘੁੱਗੂ ਤੇ ਧੁੰਦ ਵਿਚ ਫਸੇ ਜਹਾਜ਼ਾਂ ਦੇ ਹੂਟਰਾਂ ਦਾ ਸ਼ੋਰ ਸੀ । ਇਕ ਝੁਣਝੁਣੀ ਨੇ ਉਹਦੇ ਜੁੱਸੇ ਨੂੰ ਝੰਜੋੜਿਆ ਤੇ ਉਹਦੇ ਦਿਲ ਵਿੱਚ ਚੁਭਕੀ ਪਈ । ਦਰਦਨਾਕ ਆਵਾਜ਼ ਦੇ ਪ੍ਰਤੀਬਿੰਬ ਜਿਹੀ ਕੋਈ ਚੀਜ਼ ਉਹਦੀਆਂ ਆਪਣੀਆਂ ਨਸਾਂ ਤੇ ਅੰਤਹਕਰਣ ਵਿਚ ਵੀ ਸੀ ਤੇ ਇਸ ਕਰਕੇ ਇਹ ਸ਼ੋਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹਨੂੰ ਆਪਣੇ ਅੰਦਰੋਂ ਉਗਮਦਾ ਮਹਿਸੂਸ ਹੋਇਆ। ਇਹੋ ਜਿਹੀ ਦੁੱਖ ਭਰੀ ਆਵਾਜ਼ ਫੇਰ ਆਈ ਪਰ ਕੁਝ ਦੁਰਾਡੇ। ਫੇਰ ਕੋਲੋਂ ਹੀ ਬੰਦਰਗਾਹ ਦੇ ਘੁੱਗੂ ਨੇ ਰਾਤ ਦੇ ਹਨ੍ਹੇਰਿਆਂ ਦੀ ਹਿਕ ਚੀਰੀ ਤੇ ਪਹਿਲੀਆਂ ਆਵਾਜ਼ਾਂ ਦਾ ਉਤਰ ਦਿੱਤਾ।

ਹੋਰ ਕੁਝ ਸੋਚੇ ਬਿਨ੍ਹਾਂ ਪੀਅਰੇ ਥੰਮ ਵੱਲ ਹੋ ਤੁਰਿਆ ਜਿਵੇਂ ਉਹ ਉਦਾਸ ਤੇ ਦੁਖੀ ਹਨ੍ਹੇਰੇ ਵਿੱਚ ਛਾਲ ਮਾਰਨ ਲੱਗਾ ਹੋਵੇ। ਖੂਹੀ ਦੇ ਸਿਰੇ ਤੇ ਉਹ ਬੈਠ ਗਿਆ। ਜਹਾਜ਼ਾਂ ਦੀ ਆਵਾਜਾਈ ਵਿੱਚ ਸਹਾਇਕ ਬਿਜਲੀ ਦੀਆਂ ਧੁੰਦਿਆਲੀਆਂ ਬੱਤੀਆਂ ਤੋਂ ਅਤੇ ਦੱਖਣ ਵਾਲੀ ਅਦਿਖ ਖੂਹੀ ਉਪਰ ਚਾਨਣ ਮੁਨਾਰੇ ਦੀ ਲਾਲ ਬੱਤੀ ਦੀ ਲੋਅ ਤੋਂ ਬਚਣ ਲਈ ਪੀਅਰੇ ਨੇ ਅੱਖਾਂ ਮੁੰਦ ਲਈਆਂ। ਫੇਰ ਉਸ ਨੇ ਮੂੰਹ ਦੂਜੇ ਬੰਨੇ ਕਰਕੇ ਕੂਹਣੀਆਂ ਪੱਥਰ ਉਤੇ ਟਿਕਾ ਲਈਆਂ ਤੇ ਚਿਹਰਾ ਹੱਥਾਂ ਨਾਲ ਢੱਕ ਲਿਆ।

ਅੰਦਰੋਂ ਅੰਦਰ ਪੀਅਰੇ ਇਸ ਮਾਰਸ਼ਲ ਦੇ ਭੂਤ ਦਾ ਨਾਂ ਬਾਰ ਬਾਰ ਲੈਂਦਾ ਰਿਹਾ ਜਿਵੇਂ ਇਸ ਨੂੰ ਅਵੇਸਲੇ ਹੀ ਬੁਲਾਕ ਚਣੌਤੀ ਦੇਣੀ ਚਾਹੁੰਦਾ ਹੋਵੇ। ਬੰਦ ਅੱਖਾ ਦੇ ਹਨ੍ਹੇਰੇ ਵਿੱਚ ਅਚਾਨਕ ਹੀ ਉਹਦੀ ਮਾਰਸ਼ਲ ਨਾਲ ਮੁਲਾਕਾਤ ਹੋ ਗਈ - -ਇਕ ਸੱਠਾਂ ਵਰ੍ਹਿਆਂ ਦਾ ਮਨੁੱਖ, ਜਿਸ ਦੀ ਤਿਖੀ ਤੇ ਚਿੱਟੀ ਦਾੜ੍ਹੀ ਅਤੇ ਇਸੇ ਤਰ੍ਹਾਂ ਹੀ ਭਾਰੇ ਤੇ ਚਿੱਟੇ ਭਰਵੱਟੇ। ਉਸ ਮੰਧਰੇ ਕੱਦ ਵਾਲੇ ਮਨੁੱਖ ਦਾ ਵਿਖਾਵਾ ਮਿੱਤਰਤਾਨਾ, ਕੂਲੀਆਂ ਭੂਰੀਆਂ ਅੱਖਾਂ ਤੇ ਪਹਿਰਾਵਾ ਸਾਧਾਰਨ ਸੀ। ਮਾਰਸ਼ਲ ਦਿਆਨਤਦਾਰੀ, ਕੋਮਲਤਾ ਅਤੇ ਸਾਦਗੀ ਦੀ ਜਿਉਂਦੀ ਜਾਗਦੀ ਮੂਰਤ ਸੀ। ਉਹ ਪੀਅਰੇ ਅਤੇ ਜੀਨ ਨੂੰ "ਪਿਆਰੇ ਬੱਚਿਓ" ਕਹਿ ਕੇ ਸੰਬੋਧਨ ਕਰਦਾ ਹੁੰਦਾ ਸੀ। ਉਸ ਨੇ ਦੋਹਾਂ ਵਿਚੋਂ ਕਿਸੇ ਇਕ ਨੂੰ ਤਰਜੀਹ ਦੇਣ ਦਾ ਕਦੇ ਵਿਖਾਵਾ ਨਹੀਂ ਸੀ ਕੀਤਾ। ਇਨ੍ਹਾਂ ਦੋਹਾਂ ਨੂੰ ਮਾਰਸ਼ਲ ਇੱਕਠਿਆਂ ਹੀ ਖਾਣੇ ਤੇ ਬੁਲਾਇਆ ਕਰਦਾ ਸੀ।

ਸ਼ਿਕਾਰ ਦਾ ਪਿੱਛਾ ਕਰਦੇ ਹੋਏ ਸ਼ਿਕਾਰੀ ਕੁੱਤੇ ਦੇ ਹੱਠ ਵਾਂਗ ਪੀਅਰੇ ਨੇ ਵੀ ਇਸ ਦੁਨਿਆਂ ਤੋਂ ਚਲ ਵਸੇ ਮਨੁੱਖ ਦੇ ਬੋਲ, ਜਿਸਮਾਨੀ ਹਰਕਤਾਂ ਅਤੇ ਚਿਹਰੇ ਦੇ ਭਾਵ ਤੇ ਲਹਿਜੇ ਯਾਦ ਕਰਨੇ ਆਰੰਭ ਕਰ ਦਿੱਤੇ। ਜਿਵੇਂ ਮਾਰਸ਼ਲ ਆਪਣੇ ਘਰ ਟੇਬਲ ਤੇ ਬੈਠਾ ਉਹਦਾ ਅਤੇ ਉਹਦੇ ਭਰਾ ਦਾ ਸਵਾਗਤ ਕਰਦਾ, ਉਸੇ ਹਾਲਤ ਵਿੱਚ ਉਹਨੂੰ ਪੀਅਰੇ ਨੇ ਕਲਪਤ ਕੀਤਾ। ਦੋ ਬੁੱਢੀਆਂ ਨੌਕਰਾਣੀਆਂ ਉਸ ਦੀ ਟਹਿਲ ਸੇਵਾ ਲਈ ਸਨ ਜਿਨ੍ਹਾਂ ਨੂੰ ਘਰ ਵਿੱਚ ਕਾਫੀ ਸਮਾਂ ਨੌਕਰੀ ਕਾਰਣ "ਮਿਸਟਰ ਪੀਅਰੇ" ਤੇ "ਮਿਸਟਰ ਜੀਨ" ਕਹਿਣ ਦੀ ਆਦਤ ਪੈ ਗਈ ਸੀ। ਜਦੋਂ ਉਹ ਘਰ ਦੀ ਦਹਲੀਜ਼ ਅੰਦਰ ਪੈਰ ਰਖਦੇ, ਮਾਰਸ਼ਲ ਦੋਹਾਂ ਮੁੰਡਿਆਂ ਲਈ ਹੱਥ ਫੈਲਾਉਂਦਾ, ਸੱਜਾ ਇਕ ਲਈ ਤੇ ਖੱਬਾ ਦੂਜੇ ਲਈ। ਉਹ ਕਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦਾ ਸੀ "ਸ਼ੁਭ ਦਿਨ, ਮੇਰੇ ਬੱਚਿਓ, ਤੁਹਾਡੇ ਮਾਤਾ ਪਿਤਾ ਦੀ ਕੀ ਖਬਰ ਹੈ। ਮੈਨੂੰ ਤਾਂ ਉਹ ਦੋ ਲਫ਼ਜ਼ ਵੀ ਨਹੀਂ ਲਿਖ ਭੇਜਦੇ।"

ਵਾਰਤਾਲਾਪ ਸਾਧਾਰਨ ਵਿਸ਼ਿਆਂ ਬਾਰੇ ਮੇਲ ਮਿਲਾਪ ਅਤੇ ਰੌਚਕ ਢੰਗ ਨਾਲ ਚਲਦੀ ਰਹਿੰਦੀ। ਦਿਮਾਗੀ ਤੌਰ ਤੋਂ ਮਾਰਸ਼ਲ ਵਿੱਚ ਕੋਈ ਖਾਸ ਵਿਸ਼ਸ਼ਤਾ ਨਹੀਂ ਸੀ ਪਰ ਉਹ ਬਹੁਤ ਹੀ ਮਿੱਠਾ, ਮਨ-ਮੋਹਣਾ ਤੇ ਛਬੀਲਾ ਸੀ। ਯਕੀਨਨ ਹੀ ਉਨ੍ਹਾਂ ਦਾ ਉਹ ਗੂੜ੍ਹਾ ਮਿੱਤਰ ਸੀ-ਉਨ੍ਹਾਂ ਨੇਕ ਮਿੱਤਰਾਂ ਵਿਚੋਂ ਜਿਨ੍ਹਾਂ ਦਾ ਅਸੀਂ ਘੱਟ ਹੀ ਖਿਆਲ ਕਰਦੇ ਹਾਂ, ਕਿਉਂਕਿ ਉਨ੍ਹਾਂ ਦੀ ਮਿੱਤਰਤਾ ਉਪਰ ਸਾਨੂੰ ਅਟੁਟ ਵਿਸ਼ਵਾਸ਼ ਹੁੰਦਾ ਹੈ।

ਪੀਅਰੇ ਦੇ ਦਿਮਾਗ ਵਿੱਚ ਹੁਣ ਪੁਰਾਣੀਆਂ ਯਾਦਾਂ ਦਾ ਹੜ੍ਹ ਆ ਗਿਆ। ਕਦੇ ਕਦੇ ਉਹਨੂੰ ਦਿਲਗੀਰ ਅਤੇ ਇਕ ਸ਼ਾਤਰ ਦੇ ਤੌਰ ਤੇ ਗਰੀਬ ਭਾਂਪ ਕੇ ਮਾਰਸ਼ਲ ਉਹਨੂੰ ਸੁਭਾਵਿਕ ਹੀ ਪੈਸੇ ਉਧਾਰ ਦੇ ਦਿੰਦਾ। ਉਹ ਉਧਾਰ ਦੋਹਾਂ ਨੂੰ ਭੁਲ ਜਾਂਦਾ ਤੇ ਕਦੇ ਮੋੜਿਆ ਨਾ ਜਾਂਦਾ। ਉਹ ਮਨੁੱਖ ਪੀਅਰੇ ਨੂੰ ਬੜਾ ਪਿਆਰ ਕਰਦਾ। ਪੀਅਰੇ ਦੀਆਂ ਲੋੜਾਂ ਦਾ ਚਿੰਤਾਤੁਰ ਮਾਰਸ਼ਲ ਉਸ ਵਿੱਚ ਬੜੀ ਰੁਚੀ ਦਖਾਉਂਦਾ। ਫੇਰ—ਉਹ ਜੀਨ ਵਾਸਤੇ ਹੀ ਸਭ ਕੁਝ ਕਿਉਂ ਛੱਡ ਗਿਆ? ਨਹੀਂ! ਉਸ ਨੇ ਕਦੇ ਵੀ ਛੋਟੇ ਭਰਾ ਵੱਲ ਵੱਡੇ ਨਾਲੋਂ ਬਹੁਤੀ ਮਹੱਬਤ ਨਹੀਂ ਦਿਖਾਈ, ਨਾ ਹੀ ਉਹ ਇਕ ਦਾ ਘੱਟ ਤੇ ਦੂਜੇ ਦਾ ਬਹੁਤਾ ਤੇਹ ਕਰਦਾ ਸੀ। ਜੀਨ ਵਾਸਤੇ ਸਭ ਕੁਝ ਛੱਡ ਜਾਣ ਤੇ ਪੀਅਰੇ ਨੂੰ ਉਕਾ ਹੀ ਭੁਲ ਜਾਣ ਦਾ ਕੋਈ ਨਾ ਕੋਈ ਗੁੱਝਾ ਤੇ ਤਕੜਾ ਕਾਰਣ ਜ਼ਰੂਰ ਹੋਵੇਗਾ।

ਜਿੰਨਾ ਉਹ ਸੋਚਦਾ ਗਿਆ ਉਨ੍ਹਾਂ ਹੀ ਉਹ ਬੀਤੇ ਸਾਲਾ ਦੀ ਯਾਦ ਸਜਰੀ ਕਰਦਾ ਗਿਆ। ਉਨ੍ਹਾਂ ਸਾਲਾਂ ਦੀਆਂ ਘਟਨਾਵਾਂ ਦਾ ਆਪੋ ਵਿੱਚ ਫਰਕ ਡਾਕਟਰ ਨੂੰ ਓਪਰਾ ਤੇ ਅਸੁਭਾਵਿਕ ਲੱਗਣ ਲੱਗਾ, ਜਿਨ੍ਹਾਂ ਬਾਰੇ ਉਸ ਨੂੰ ਕੋਈ ਸੋਝੀ ਨਾ ਪਈ।

ਇਕ ਡੂੰਘੀ ਚੁਭਕੀ ਤੇ ਬੇਜ਼ੁਬਾਨ ਕ੍ਰੋਧ ਉਸ ਦੇ ਅੰਦਰ ਪਰਵੇਸ਼ ਕਰ ਗਏ ਤੇ ਇਹ ਦੋਵੇਂ ਫਟੀ ਪੁਰਾਣੀ ਉਡਦੀ ਲੀਰ ਵਾਂਗ ਉਸ ਦੇ ਦਿਲ ਨੂੰ ਤੁਣਕੇ ਮਾਰਨ ਲੱਗੇ। ਪੀਅਰੇ ਨੂੰ ਮਹਿਸੂਸ ਹੋਣ ਲੱਗਾ ਕਿ ਉਹਦੇ ਦਿਲ ਦਾ ਸਪਰਿੰਗ ਟੁੱਟ ਗਿਆ ਹੈ, ਤੇ ਛੱਲਾਂ ਮਾਰਦੇ ਖੂਨ ਦੀਆਂ ਨਦੀਆਂ ਦਿਲ ਨੂੰ ਜ਼ਬਰਦਸਤ ਝਟਕੇ ਦੇ ਰਹੀਆਂ ਹਨ। ਜਿਸ ਤਰ੍ਹਾਂ ਮਨੁੱਖ ਜਾਗੋਮੀਟੀ ਵਿੱਚ ਗੱਲਾਂ ਕਰਦਾ ਹੈ, ਉਹ ਵੀ ਉਚੀ ਜਿਹੀ ਬੁੜਬੁੜਾਇਆ, "ਮੈਨੂੰ ਜ਼ਰੂਰ ਪਤਾ ਲਗਣਾ ਚਾਹੀਦਾ ਹੈ, ਮੇਰੇ ਖੁਦਾ, ਮੈਨੂੰ ਜਰੂਰ ਪਤਾ ਲੱਗਣਾ ਚਾਹੀਦਾ ਹੈ।

ਹੁਣ ਉਹ ਹੋਰ ਵੀ ਪਿਛਲੇ ਸਾਲਾਂ ਬਾਰੇ ਸੋਚਣ ਲੱਗਾ ਜਦੋਂ ਉਸ ਦੇ ਮਾਤਾ ਪਿਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਰਿਸ ਰਹਿੰਦੇ ਸਨ। ਪਰ ਪੁਰਾਣੇ ਚਿਹਰੇ ਉਸ ਕੋਲੋਂ ਭਜੱਣ ਲੱਗੇ ਤੇ ਇਸ ਤਰ੍ਹਾਂ ਉਹਦੀਆਂ ਯਾਦਾਂ ਵਿਚ ਵਿਘਨ ਪੈਣ ਲਗਾ। ਸਭ ਤੋਂ ਵੱਧ ਉਤਸੁਕਤਾ ਉਸ ਨੂੰ ਇਸ ਯਾਦ ਬਾਰੇ ਸੀ ਕਿ ਮਾਰਸ਼ਲ ਦੇ ਵਾਲ ਭੂਰੇ ਸਨ ਜਾਂ ਕਾਲੇ। ਪਰ ਉਹ ਸਮਝਣ ਤੋਂ ਅਸਮਰਥ ਰਿਹਾ। ਉਸ ਮਨੁਖ ਦੇ ਬੁਢਾਪੇ ਦੀਆਂ ਸ਼ਕਲਾਂ ਪਹਿਲੀਆਂ ਸ਼ਕਲਾਂ ਨੂੰ ਮਿਟੋ ਸੁਟਦੀਆਂ ਸਨ। ਫੇਰ ਵੀ ਉਸ ਨੂੰ ਯਾਦ ਆਇਆ ਕਿ ਮਾਰਸ਼ਲ ਬੜਾ ਨਾਜ਼ਕ ਸੀ ਤੇ ਉਹਦੇ ਹੱਥ ਵੀ ਬੜੇ ਕੂਲੇ ਸਨ। ਉਹ ਅਕਸਰ ਫੁੱਲ ਲਿਆਉਂਦਾ ਜਿਨ੍ਹਾਂ ਨੂੰ ਦੇਖ ਕੇ ਪੀਅਰੇ ਦਾ ਪਿਤਾ ਸਦਾ ਹੀ ਇਹੋ ਆਖਦਾ, "ਹੋਰ ਗੁਲਦਸਤੇ ? ਪਿਆਰੇ ਦੋਸਤ ਇਹ ਤਾਂ ਪਾਗਲਪਨ ਹੈ। ਤੂੰ ਇਨ੍ਹਾਂ ਗੁਲਾਬਾਂ ਕਰਕੇ ਪੱਟ ਹੋ ਜਾਵੇਂਗਾ।"

ਮਾਰਸ਼ਲ ਦਾ ਜਵਾਬ ਕੁਝ ਇਹੋ ਜਿਹਾ ਹੋਇਆਂ ਕਰਦਾ ਸੀ, "ਮੈਨੂੰ ਰੋਕ ਨਾ, ਰੋਲੈਂਡ, ਫੁੱਲ ਲਿਆਉਣ ਨਾਲ ਮੈਨੂੰ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ।" ਅਚਨਚੇਤ ਹੀ ਮਾਂ ਦੇ ਇਨ੍ਹਾਂ ਸ਼ਬਦਾਂ ਦੀ ਯਾਦ "ਸ਼ੁਕਰੀਆ, ਮੇਰੇ ਦੋਸਤ" ਉਹਦੇ ਦਿਮਾਗ ਵਿਚ ਸਪਸ਼ਟ ਰੂਪ ਨਾਲ ਝਲਕੀ। ਉਸ ਨੂੰ ਭੁਲੇਖਾ ਪਿਆ ਜਿਵੇਂ ਇਨ੍ਹਾਂ ਸ਼ਬਦਾਂ ਨੂੰ ਉਹ ਸੁਣ ਸਕਿਆ ਹੋਵੇ। ਮਾਂ ਨੇ ਇਹ ਸ਼ਬਦ ਜ਼ਰੂਰ ਕਈ ਵਾਰੀ ਕਹੇ ਹੋਣਗੇ, ਤਾਂਹੀਓਂ ਤਾਂ ਉਨ੍ਹਾਂ ਦੇ ਪੁੱਤਰ ਦੀ ਯਾਦ-ਦਾਸ਼ਤ ਤੇ ਇਹ ਉਕਰੇ ਗਏ ਸਨ।

ਅੱਛਾ, ਤਾਂ ਮਾਰਸ਼ਲ ਜੋ ਅਮੀਰ, ਸ਼ਰੀਫ ਤੇ ਉਨ੍ਹਾਂ ਦਾ ਗਾਹਕ ਸੀ, ਇਸ ਠਿਗਣੀ ਦੁਕਾਨਚਾਰ ਔਰਤ-ਜੌਹਰੀ ਦੀ ਇਸਤਰੀ ਲਈ-ਫੁੱਲ ਲਿਆਉਂਦਾ ਹੁੰਦਾ ਸੀ। ਕੀ ਉਹ ਉਸਨੂੰ ਪਿਆਰ ਕਰਦਾ ਸੀ ? ਹੋਰ ਕਿਹੜੇ ਬਹਾਨੇ ਇਨ੍ਹਾਂ ਹਟਵਾਣੀਆਂ ਨਾਲ ਯਾਰਾਨਾ ਗੰਢ ਸਕਦਾ ਸੀ ਜੇ ਉਹ ਪਿਆਰ ਦਾ ਸਹਾਰਾ ਨਾ ਲੈਂਦਾ ? ਉਹ ਪੜ੍ਹਿਆ, ਗੁੜ੍ਹਿਆ ਤੇ ਸੁਲਝਿਆ ਹੋਇਆ ਆਦਮੀ ਸੀ। ਕਿੰਨੀ ਵਾਰੀ ਉਸ ਨੇ ਪੀਅਰੇ ਨਾਲ ਕਵੀਆਂ ਤੇ ਕਵਿਤਾ ਬਾਰੇ ਗਲਬਾਤ ਕੀਤੀ ਸੀ। ਲਿਖਾਰੀਆਂ ਦੀ ਪੜਚੋਲ ਉਸਦੀ ਕਲਾਕਾਰਾਂ ਵਾਲੀ ਭਾਵੇਂ ਨਹੀਂ ਸੀ ਪਰ ਧਨਾਢਾਂ ਵਾਲੀ ਜ਼ਰੂਰ ਸੀ ਜੋ ਵਲਵਲੇ ਨੂੰ ਘਟ ਤੋਂ ਘਟ ਮਸਿਸੂਸ ਤਾਂ ਕਰ ਹੀ ਸਕਦੇ ਹਨ। ਬਹੁਤੀ ਵਾਰੀ ਡਾਕਟਰ ਉਸ ਦੇ ਜਜ਼ਬਾਤੀ ਖਿਆਲਾਂ ਤੇ ਹੱਸਦਾ, ਜੋ ਉਸ ਨੂੰ ਮਿੱਧ ਪਧਰੇ ਲਗਦੇ ਸਨ। ਅੱਜ ਉਸਨੂੰ ਸਮਝ ਲੱਗੀ ਕਿ ਇਹ ਜਜ਼ਬਾਤੀ ਮਨੁੱਖ ਉਸ ਦੇ ਪਿਤਾ ਦਾ ਕਦਾਚਿਤ ਦੋਸਤ ਨਹੀਂ ਹੋ ਸਕਦਾ ਸੀ ਕਿਉਂਕਿ ਉਸ ਦਾ ਪਿਤਾ ਪੁਜ ਕੇ ਕੋਰਾ, ਦੁਨਿਆਵੀ ਤੇ ਅਡੋਲ ਸੀ ਤੇ ਕਵਿਤਾ ਨਾਂ ਦਾ ਸ਼ਬਦ ਉਸ ਲਈ ਕੋਈ ਅਰਥ ਨਹੀਂ ਸੀ ਰਖਦਾ।

ਫੇਰ, ਮਾਰਸ਼ਲ ਜੋ ਜਵਾਨ, ਕੱਲਮ-ਕੱਲਾ ਤੇ ਅਮੀਰ ਹੋਣ ਕਰਕੇ ਮਲੂਕ ਜਜ਼ਬਾਤਾਂ ਤੋਂ ਆਤੁਰ ਨਹੀਂ ਸੀ ਇਕ ਦਿਨ ਅਚਨਚੇਤ ਹੀ ਕਾਂਊਟਰ ਦੇ ਪਿਛੇ ਹੁਸੀਨ ਇਸਤਰੀ ਦੇਖ ਕੇ ਦੁਕਾਨ ਵਿਚ ਵੜਿਆ। ਉਸ ਨੇ ਕੁਝ ਖਰੀਦਿਆਂ, ਵਾਪਸ ਆਇਆ ਤੇ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰ੍ਹਾਂ ਸੌਦੇ ਪੱਤੇ ਦੇ ਬਹਾਨੇ ਦਿਨ ਬਦਿਨ ਜ਼ਿਆਦਾ ਨੇੜਤਾ ਨਾਲ ਗੱਲਬਾਤ ਕਰਨ ਲੱਗਾ। ਇਸ ਤਰ੍ਹਾਂ ਉਸ ਨੂੰ ਘਰ ਵਿੱਚ ਵੜ ਕੇ ਨੌਜੁਆਨ ਔਰਤ ਨਾਲ ਹੱਸਣ ਦਾ ਤੇ ਉਹਦੇ ਪਤੀ ਨਾਲ ਹੱਥ ਮਿਲਾਉਣੇ ਦਾ ਹੱਕ ਹਾਸਲ ਹੋ ਗਿਆ। ਇਸ ਤੋਂ ਪਿੱਛੋਂ, ਪਿੱਛੋਂ, ਹੇ ਪਰਮਾਤਮਾ!

ਉਸ ਨੇ ਪਹਿਲੇ ਬੱਚੇ ਨੂੰ ਪਿਆਰਿਆ ਪੁਚਕਾਰਿਆ, ਜੋਹਰੀ ਦੇ ਬੱਚੇ-ਨੂੰ-ਦੂਸਰੇ ਬੱਚੇ ਦੀ ਪੈਦਾਇਸ਼ ਤਕ। ਇਸ ਪਿੱਛੋਂ ਮਰਨ ਸਮੇਂ ਤੱਕ ਉਹ ਅਜਨਬੀ ਬਣਿਆ ਰਿਹਾ। ਉਸ ਦੀ ਕਬਰ ਬੰਦ ਹੋ ਗਈ, ਉਹਦਾ ਸਰੀਰ ਸੜ ਗਿਆ ਤੇ ਉਸ ਦਾ ਨਾਂ ਸਦਾ ਲਈ ਇਸ ਦੁਨਿਆ ਤੋਂ ਮਿਟ ਗਿਆ। ਉਸ ਨੂੰ ਕਿਸੇ ਗੱਲ ਦੀ ਚਿੰਤਾ ਨਾ ਰਹੀ, ਨਾ ਡਰ, ਨਾ ਕੁਝ ਭੇਤ ਭਾਵ ਨਾ ਕੁਝ ਲੁਕ ਲੁਕਾ ਤੇ ਉਹ ਆਪਣਾ ਸਭ ਕੁਝ ਦੂੰਜੇ ਬੱਚੇ ਲਈ ਛੱਡ ਗਿਆ। ਕਿਉਂ? ਆਦਮੀ ਸਮਝਦਾਰ ਸੀ। ਉਹ ਜਰੂਰ ਭਾਂਪ ਗਿਆ ਹੋਵੇਗਾ ਕਿ ਜੇ ਉਹ ਜਿਉਂਦੇ ਹੀ ਨੇੜੇ ਰਹਿ ਕੇ ਇੱਕੋ ਬੱਚੇ ਨੂੰ ਸਭ ਕੁਝ ਦੇ ਜਾਦਾ ਤਾਂਕਿ ਇਸ ਨਾਲ ਇਹ ਸ਼ੱਕ ਪੈਣਾ ਕੁਦਰਤੀ ਤੇ ਸੁਭਾਵਿਕ ਸੀ ਕਿ ਪਿਆਰਾ ਬੱਚਾ ਉਹਦਾ ਹੈ। ਇਸ ਤਰ੍ਹਾਂ ਉਹ ਇੱਕ ਔਰਤ ਦੀ ਬੇਇਜ਼ਤੀ ਦਾ ਜ਼ਿੰਮੇਵਾਰ ਬਣਦਾ ਸੀ। ਜੇ ਜੀਨ ਉਹਦੀ ਔਲਾਦ ਨਾ ਹੁੰਦਾ ਤਾਂ ਮਾਰਸ਼ਲ ਇੰਜ ਕਿਉਂ ਕਰਦਾ?

ਅਚਾਨਕ ਪੀਅਰੇ ਦੇ ਮਨ ਵਿੱਚ ਇਕ ਢੁਕਵੀਂ ਪਰ ਡਰਾਉਣੀ ਯਾਦ ਦੀ ਝਲਕ ਪਈ। ਮਾਰਸ਼ਲ ਦੇ ਵਾਲ ਚਿੱਟੇ ਸਨ ਜੀਨ ਵਰਗੇ। ਉਸ ਨੂੰ ਚੇਤਾ ਆਇਆ ਕਿ ਪੈਰਿਸ ਰਹਿਣ ਸਮੇਂ ਮੈਂਟਲਪੀਸ ਤੇ ਮਾਰਸ਼ਲ ਦੀ ਇਕ ਤਸਵੀਰ ਪਈ ਹੁੰਦੀ ਸੀ ਜਿਹੜੀ ਬਾਅਦ ਵਿੱਚ ਅਲੋਪ ਹੋ ਗਈ ਸੀ। ਉਹ ਕਿੱਥੇ ਗਈ? ਗੁੰਮ ਹੋ ਗਈ ਜਾਂ ਛੁਪਾ ਲਈ ਗਈ? "ਉਫ! ਕਿਤੇ ਉਹ ਤਸਵੀਰ ਮੈਨੂੰ ਪਲ ਛਿਣ ਲਈ ਮਿਲ ਜਾਵੇ।" ਹੋ ਸਕਦਾ ਹੈ ਇਹ ਤਸਵੀਰ ਉਹਦੀ ਮਾਂ ਨੇ ਪੁਰਾਣੀਆਂ ਚੀਜ਼ਾਂ ਵਾਲੇ ਦਰਾਜ਼ ਵਿਚ ਸੰਭਾਲ ਕੇ ਰੱਖੀ ਹੋਵੇ।

ਇਸ ਖਿਆਲ ਨਾਲ ਪੀਅਰੇ ਦੀ ਬਿਹਬਲਤਾ ਇੰਨੀ ਵੱਧ ਗਈ ਕਿ ਉਹਦੇ ਮੂੰਹੋਂ ਲੇਰ ਨਿਕਲ ਗਈ- - - ਉਹ ਲੇਰ ਜਿਹੜੀ ਦਿਲ ਵਿਚੋਂ ਦੁਖ ਵੇਲੇ ਨਿਕਲਿਆ ਹੀ ਕਰਦੀ ਹੈ। ਅਚਾਨਕ ਕੋਲ ਦੀ ਖੂਹੀ ਤੋਂ ਧੁੰਦ ਦਾ ਘੁੱਗੂ ਅੜਿੰਗ ਉਠਿਆ ਜਿਵੇਂ ਇਸ ਨੇ ਪੀਅਰੇ ਦੀ ਚੀਕ ਸੁਣ ਕੇ ਉਹਦੀ ਅਵਸਥਾ ਨੂੰ ਸਮਝਿਆ ਤੇ ਉੱਤਰ ਵਿਚ ਹੀ ਚੀਕ ਮਾਰੀ ਹੋਵੇ। ਘੁੱਗੂ ਦੀ ਭਿਆਨਕ ਆਵਾਜ਼ ਬੱਦਲਾਂ ਦੀ ਗਰਜਨ ਨਾਲੋਂ ਭਾਰੀ, ਬੁਕਦੀ ਹੋਈ ਲਹਿਰਾਂ ਤੇ ਝੱਖੜਾਂ ਦੇ ਸ਼ੋਰ ਨੂੰ ਮਾਤ ਕਰਦੀ, ਧੁੰਦ ਹੇਠਾਂ ਦੱਬੇ ਅਣਦਿਖ ਸਮੁੰਦਰ ਵਿਚੋਂ ਚੀਰਦੀ ਲੰਘ ਗਈ। ਇਹੋ ਜਿਹੀਆਂ ਅਨੇਕਾਂ ਹੋਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਲਕਾਰੀਆਂ ਦੂਰੋਂ ਨੇੜਿਓਂ ਰਾਤ ਦੇ ਹਨੇਰ੍ਹੇ ਵਿਚ ਉਠੀਆਂ। ਬੜੇ ਬੜੇ ਜਹਾਜ਼ਾਂ ਦੀਆਂ ਇਹ ਕਿਲਕਾਰੀਆਂ ਬਹੁਤ ਡਰਾਉਣੀਆਂ ਸਨ।

ਫੇਰ ਚੁਪ ਬਰਤ ਗਈ।

ਪੀਅਰੇ ਨੇ ਅੱਖਾਂ ਖੋਲ੍ਹੀਆਂ। ਭਿਆਨਕ ਹਾਲਤ ਤੋਂ ਹੋਸ਼ ਵਿੱਚ ਆਇਆ। ਉਹ ਜ਼ਰਾ ਸੰਭਲਿਆ ਤੇ ਆਪਣੇ ਆਪ ਨੂੰ ਬੰਦਰਗਾਹ ਤੇ ਦੇਖ ਕੇ ਬੜਾ ਹੈਰਾਨ ਹੋਇਆ। ਉਸ ਨੇ ਸੋਚਿਆ, "ਮੈਂ ਪਾਗਲ ਹੋ ਗਿਆ ਹਾਂ, ਜੋ ਮੈਂ ਆਪਣੀ ਮਾਂ ਤੇ ਹੀ ਸ਼ੱਕ ਕਰਦਾ ਹਾਂ।" ਪਿਆਰ ਮਹੱਬਤ ਦਾ, ਪਛਤਾਵੇ ਦਾ ਜਾਂ ਪ੍ਰਾਥਨਾ ਦਾ, ਅਤੇ ਆਪਣੀ ਹਾਲੋਬੇਹਾਲੀ ਦਾ ਉਹਦੇ ਦਿਲ ਵਿੱਚ ਹੜ੍ਹ ਵੱਗ ਤੁਰਿਆ। ਉਸ ਦੀ ਮਾਂ! ਮਾਂ ਨੂੰ ਜਾਣਦਿਆਂ ਹੋਇਆਂ ਵੀ ਉਸ ਦੇ ਮਨ ਵਿੱਚ ਸ਼ੱਕ ਪੈਦਾ ਹੋ ਸਕਦੀ ਹੈ? ਕੀ ਇਸ ਸਾਊ, ਚਾਲਚਲਣ ਵੱਲੋਂ ਸੁਚੱਜੀ ਤੇ ਵਫਾਦਾਰ ਔਰਤ ਦੀ ਰੂਹ ਤੇ ਜ਼ਿੰਦਗੀ, ਪਾਣੀ ਨਾਲੋਂ ਵੀ ਵੱਧ ਨਿਰਮਲ ਨਹੀਂ ਹੈ? ਜਿਸ ਨੇ ਵੀ ਉਸ ਨੂੰ ਦੇਖਿਆ ਪਰਖਿਆ ਹੋਵੇ, ਉਹ ਕਦੇ ਸ਼ੱਕ ਨਹੀਂ ਕਰ ਸਕਦਾ। ਏਥੇ ਹਾਲ ਇਹ ਹੈ ਕਿ ਉਸ ਦਾ ਪੁਤਰ ਹੀ ਉਸ ਨੂੰ ਸ਼ੱਕੀ ਨਿਗਾਹ ਨਾਲ ਦੇਖਦਾ ਹੈ। ਉਹ! ਜੇ ਕਦੇ ਇਸੇ ਪਲ ਉਹ ਆਪਣੀ ਮਾਂ ਨੂੰ ਬਾਹਾਂ ਵਿੱਚ ਲੈ ਲਵੇ ਤਾਂ ਕਿੰਨਾ ਪਿਆਰੇ ਪੁਚਕਾਰੇ ਤੇ ਕਿਸ ਤਰ੍ਹਾਂ ਨੱਕ ਰਗੜ ਕੇ ਮਾਫੀ ਮੰਗੇ।

ਕੀ ਉਸ ਦੀ ਮਾਂ ਨੇ ਉਸ ਦੇ ਪਿਤਾ ਨਾਲ ਬੇਵਫਾਈ ਕੀਤੀ ਸੀ? ਉਸ ਦਾ ਪਿਤਾ ਅਸਲੋਂ ਹੀ ਦਿਆਨਤਦਾਰ, ਇਜ਼ਤ ਆਬਰੂ ਵਾਲਾ ਤੇ ਵਿਹਾਰ ਵਿੱਚ ਕੋਰਾ ਆਦਮੀ ਸੀ। ਪਰ ਉਸ ਦੀ ਰੂਹ ਦੁਕਾਨ ਦੇ ਵਾਤਾਵਰਣ ਤੋਂ ਕਦੇ ਬਾਹਰ ਨਹੀਂ ਸੀ ਗਈ। ਨਾਜ਼ੁਕ ਮਨਮੋਹਣੀ ਤੇ ਮਲੂਕ ਸੁਭਾ ਦੀ ਇਹ ਹੁਸੀਨ ਔਰਤ, ਜਿਸ ਦੇ ਕਦੇ ਸੁੰਦਰ ਹੋਣ ਦਾ ਅਨੁਮਾਨ ਹਾਲੇ ਵੀ ਲਾਇਆ ਜਾ ਸਕਦਾ ਸੀ, ਕਿਸ ਤਰ੍ਹਾਂ ਆਪਣੇ ਆਪ ਨਾਲੋਂ ਵੱਖਰੇ ਸੁਭਾ ਵਾਲੇ ਮਨੁੱਖ ਨੂੰ ਪਹਿਲੋਂ ਆਪਣਾ ਮੰਗੇਤਰ ਤੇ ਫਿਰ ਪਤੀ ਪਰਵਾਨ ਕਰਨ ਲਈ ਤਿਆਰ ਹੋ ਗਈ?

ਪੁਛੱਣ ਦੀ ਲੋੜ ਹੈ ਕੋਈ? ਜਿਵੇਂ ਕੋਈ ਕੁੜੀ ਆਪਣੇ ਮਾਂ ਬਾਪ ਦੇ ਪਸੰਦ ਕੀਤੇ ਅਮੀਰ ਮੁੰਡੇ ਨਾਲ ਵਿਆਹ ਕਰ ਲੈਂਦੀ ਹੈ, ਉਸੇ ਤਰ੍ਹਾਂ ਹੀ ਉਸ ਦੀ ਮਾਂ ਨੇ ਕੀਤਾ ਸੀ। ਛੇਤੀ ਹੀ ਉਹ ਆਪਣੇ ਸਟੋਰ ਵਿਚ ਕੰਮ ਧੰਦੇ ਉਤੇ ਜੁਟ ਗਈ। ਨਵੇਂ ਘਰ ਦੀ ਖੁਸ਼ੀ ਨਾਲ ਗਰਮਾਈ ਰੂਹ ਲੈ ਕੇ ਜੋਬਨ-ਮੱਤੀ ਜੁਆਨ ਔਰਤ ਕਾਂਉਟਰ ਤੇ ਬੈਠੀ ਰਹਿੰਦੀ। ਪੇਰਿਸ ਦੇ ਬਿਉਪਾਰੀ ਘਰਾਂ ਵਿੱਚ ਬਿਜਨੈਸ ਦੀ ਲਗਨ, ਮੁਹੱਬਤ ਪਿਆਰ ਨੂੰ ਦੂਜੇ ਨੰਬਰ ਤੇ ਕਰ ਦਿੰਦੀ ਹੈ। ਬਿਰਾਦਰੀ ਦੀ ਇਸੇ ਨੀਤੀ ਅਨੁਸਾਰ ਪੀਅਰੇ ਦੀ ਮਾਂ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਆਰ-ਮੁਹਬਤ ਨੂੰ ਪਿਛਾਂਹ ਪਾਉਣ ਵਾਲੀ ਬਿਜਨੈਸ ਦੀ ਨਾਜ਼ੁਕ ਲਗਨ ਨਾਲ ਕੰਮ ਧੰਦਾ ਸ਼ੁਰੂ ਕਰ ਦਿੱਤਾ ਤਾਂ ਕਿ ਉਹ ਆਪਣੀ ਸਾਰੀ ਸ਼ਕਤੀ ਤੇ ਸੁਲਝੀ ਹੋਈ ਸੂਝਬੂਝ ਨਾਲ ਘਰ ਦੀ ਕਾਇਆਂ ਪਲਟ ਦੇਵੇ ।

ਪਿਆਰ ਤੋਂ ਬਿਨਾਂ ! ਕੀ ਪਿਆਰ ਤੋਂ ਬਿਨਾਂ ਕੋਈ ਔਰਤ ਰਹਿ ਸਕਦੀ ਹੈ ? ਪੈਰਿਸ ਵਿੱਚ ਰਹਿ ਰਹੀ ਕੋਈ ਹੁਸੀਨਾ ਜਿਹੜੀ ਕਿਤਾਬਾਂ ਪੜ੍ਹੇ ਤੇ ਸਟੇਜ ਉਤੇ ਇਸ਼ਕ ਪਿਛੇ ਮਰ ਰਹੀਆਂ ਅਭੀਨੇਤਰੀਆਂ ਦੀ ਸ਼ਲਾਘਾ ਕਰੇ, ਜੁਆਨੀ ਤੋਂ ਬੁਢਾਪੇ ਵਿੱਚ ਬਿਨਾਂ ਚੰਦ ਚਾੜ੍ਹਿਆਂ ਕਿਵੇਂ ਕਦਮ ਰੱਖ ਸਕਦੀ ਹੈ, ਭਾਵੇਂ ਇਹ ਇਸ਼ਕ-ਝੂਟਾ ਉਹਨੇ ਇਕ ਅੱਧ ਬਾਰ ਹੀ ਲਿਆ ਹੋਵੇ ? ਪੀਅਰੇ ਨੂੰ ਅਜਿਹੀ ਉਮੀਦ ਕਿਸੇ ਔਰਤ ਤੋਂ ਨਹੀਂ ਹੋ ਸਕਦੀ ਤੇ ਫੇਰ ਉਹ ਆਪਣੀ ਮਾਂ ਪਾਸੋਂ ਕਿਉਂ ਇਹੋ ਜਿਹੀ ਸੰਭਾਵਨਾ ਦੀ ਆਸ ਰੱਖੇ ? ਜ਼ਰੂਰੀ ਹੈ ਕਿ ਦੂਜੀਆਂ ਵਾਂਗ ਉਸ ਨੇ ਵੀ ਪਿਆਰ ਕੀਤਾ ਹੋਵੇ । ਭਾਵੇਂ ਉਹ ਉਸਦੀ ਮਾਂ ਹੈ, ਤਾਂ ਵੀ ਉਹ ਦੂਜੀਆਂ ਔਰਤਾਂ ਨਾਲੋਂ ਕੋਈ ਵੱਖਰੀ ਹੋ ਸਕਦੀ ਹੈ ? ਉਹ ਜੁਆਨ ਸੀ ਤੇ ਜੁਆਨਾਂ ਦੇ ਦਿਲਾਂ ਵਾਲੀਆਂ ਸਾਰੀਆਂ ਕਮਜ਼ੋਰੀਆਂ ਉਸ ਵਿੱਚ ਵੀ ਮੌਜੂਦ ਸਨ । ਸਦਾ ਬਿਜਨੈਸ ਦੀਆਂ ਹੀ ਗੱਲਾਂ ਕਰਨ ਵਾਲੇ ਭਦੇ ਤੇ ਕਸੋਭਲੇ ਪਤੀ ਮੂੰਢੇ ਦੁਕਾਨ ਵਿੱਚ ਕੈਦ ਬੈਠੀ ਜਰੂਰ ਉਹ ਚਾਨਣੀਆਂ ਰਾਤਾਂ ਵਿਚ ਸਫਰਾਂ ਤੇ ਢਲਦੇ ਪਰਛਾਵਿਆਂ ਵਿਚ ਲਟੇ-ਦਿਤੇ ਚੁੰਮਣਾਂ ਬਾਰੇ ਸੁਪਨੇ ਲੈਂਦੀ ਹੋਵੇਂਗੀ । ਫੇਰ ਇਕ ਦਿਨ ਆਇਆ ਜਦੋਂ ਕੋਈ ਦੁਕਾਨ ਅੰਦਰ ਵੜਿਆ ਜਿਵੇਂ ਪ੍ਰੇਮੀ ਪ੍ਰੀਤ-ਕਹਾਣੀਆਂ ਵਿੱਚ ਸੁਤੇ-ਸਿੱਧ ਆ ਧਮਕਦੇ ਹਨ ਤੇ ਉਸ ਨੇ ਪ੍ਰੇਮੀਆਂ ਦੀ ਜ਼ੁਬਾਨ ਵਿੱਚ ਹੁਸੀਨਾ ਨਾਲ ਗੱਲਾਂ ਕੀਤੀਆਂ । ਹੁਸੀਨਾ ਨੇ ਵੀ ਮਾਰਸ਼ਲ ਨੂੰ ਪਿਆਰ ਕੀਤਾ । ਕਿਉਂ ਨਾ ਕਰਦੀ ? ਉਹ ਪੀਅਰੇ ਦੀ ਮਾਂ ਸੀ, ਕੀ ਹੋਇਆ ਫੇਰ ? ਕੀ ਪੀਅਰੇ ਇਸ ਹੱਦ ਤਕ ਅੰਨ੍ਹਾਂ ਤੇ ਬੇਵਕੂਫ ਬਣ ਜਾਵੇ ਕਿ ਸਾਹਮਣੇ ਪਏ ਸਬੂਤ ਨੂੰ ਰੱਦ ਕਰ ਦੇਵੇ ਕਿਉਂ ਕਿ ਉਹਦੀ ਮਾਂ ਲਪੇਟੇ ਵਿਚ ਆਉਂਦੀ ਹੈ ? ਕੀ ਉਸ ਨੇ ਮਾਰਸ਼ਲ ਦੀ ਮਹਬਤ ਨੂੰ ਕਬੂਲਿਆ ? ਬਿਲਕੁਲ, ਕਿਉਂਕਿ ਉਸ ਮਨੁੱਖ ਦਾ ਕੋਈ ਹੋਰ ਮਿੱਤਰ ਨਹੀਂ ਸੀ । ਹਾਂ, ਹਾਂ, ਜ਼ਰੂਰ ਪ੍ਰੇਮ ਦੀਆਂ ਲਾਟਾਂ ਜਲੀਆਂ ਕਿਉਂਕਿ ਬੁੱਢੀ ਹੋਣ ਤੱਕ ਤੇ ਦੂਰ ਰਹਿ ਕੇ ਵੀ ਮਾਰਸ਼ਲ ਉਸ ਦਾ ਵਫਾਦਾਰ ਰਿਹਾ । ਇਸੇ ਵਫਾਦਾਰੀ ਦੇ ਸਦਕੇ ਉਹ ਆਪਣੀ ਸਾਰੀ ਸੰਪਤੀ ਉਸ ਦੇ ਪੁੱਤਰ ਲਈ ਛੱਡ ਗਿਆ-ਉਨ੍ਹਾਂ ਦੋਹਾਂ ਦੇ ਪੁੱਤਰ ਲਈ ।

ਪੀਅਰੇ ਉਠਿਆ । ਉਹ ਕਰੋਧ ਨਾਲ ਇਸ ਤਰ੍ਹਾਂ ਕੰਬ ਰਿਹਾ ਸੀ ਜਿਵੇਂ ਕਿਸੇ ਨੂੰ ਖਾ ਜਾਣਾ ਚਾਹੁੰਦਾ ਹੋਵੇ । ਤਣੀਆ ਬਾਹਾਂ ਤੇ ਖੁਲ੍ਹੇ ਹੱਥਾਂ ਨਾਲ ਉਹ ਕਿਸੇ ਦਾ ਗਲ ਘੁੱਟ ਕੇ ਬੋਟੀ ਬੋਟੀ ਕਰ ਦੇਣਾ ਚਾਹੁੰਦਾ ਸੀ । ਕਿਸ ਦਾ ? ਸਾਰੀ ਦੁਨੀਆਂ ਦਾ-ਪਿਓ, ਭਰਾ, ਮੁਰਦੇ ਮਾਰਸ਼ਲ ਦਾ ਤੇ ਆਪਣੀ ਮਾਂ ਦਾ ।

CC-0. In Public Domain. Gurukul Kangri Collection, Haridwar

ਉਹਨੇ ਘਰ ਨੂੰ ਮੋੜੇ ਪਾਏ । ਕੀ ਕਰ ਸੁੱਟੇ ਉਹ ? ਸੰਕੇਤ-ਖੰਬੇ ਦੇ ਛੋਟੇ ਪੋਲ ਕੋਲੋਂ ਲੰਘਦਿਆਂ ਧੁੰਦ ਦਾ ਘੁੱਗੂ ਠੀਕ ਉਸ ਦੇ ਕੰਨਾਂ ਵਿੱਚ ਜ਼ੋਰ ਨਾਲ ਵੱਜਿਆ । ਉਸ ਦੀ ਪਰੇਸ਼ਾਨੀ ਇੰਨੀ ਵੱਧ ਗਈ ਕਿ ਉਹ ਡਿੱਗ ਪਿਆ ਤੇ ਡਿਗਦਿਆਂ ਸਾਰ ਹੀ ਉਹਨੇ ਪੱਥਰ ਦੇ ਜੰਗਲੇ ਨੂੰ ਕਲਾਵਾ ਭਰ ਲਿਆ । ਸਾਹ ਸੱਤ ਮੁਕਾ ਕੇ ਉਥੇ ਹੀ ਉਹ ਬੈਠ ਗਿਆ ਕਿਉਂਕਿ ਸਦਮਾ ਬੜਾ ਜ਼ਬਰਦਸਤ ਸੀ । ਘੁੱਗੂ ਦਾ ਉੱਤਰ ਦੇਣ ਵਾਲਾ ਜਹਾਜ਼ ਲਾਗੇ ਹੀ ਸੀ ਤੇ ਬੰਦਰਗਾਹ ਵਿੱਚ ਦਾਖਲ ਹੋਣ ਲਈ ਸਾਹਮਣੇ ਆਇਆ ਕਿਉਂਕਿ ਪਾਣੀ ਚੜ੍ਹਿਆ ਹੋਇਆ ਸੀ ।

ਪੀਅਰੇ ਮੁੜਿਆ ਤੇ ਧੁੰਦ ਨਾਲ ਮਧਮ ਹੋਈ ਲਾਲ ਬੱਤੀ ਉਹਦੀ ਨਜ਼ਰੀ ਪਈ । ਫੇਰ ਦੋ ਖੰਭਿਆਂ ਦੇ ਵਿੱਚਕਾਰ ਬਿਜਲੀ ਦੀ ਖਿਲਰੀ ਹੋਈ ਲੋਅ ਵਿੱਚ ਇਕ ਵੱਡਾ ਪਰਛਾਵਾ ਰੂਪਮਾਨ ਹੋਇਆ । ਇਸਦੇ ਪਿਛਿਓ ਕੋਈ ਚੌਕੀਦਾਰ ਜਾਂ ਸੇਵਾਮੁਕਤ ਕਪਤਾਨ ਜ਼ੋਰ ਨਾਲ ਚਿਲਾਇਆ ;

"ਜਹਾਜ਼, ਬਈ" ।

ਧੁੰਦ ਵਿਚੋਂ ਪੁਲ ਤੇ ਖੜੇ ਜਹਾਜ਼ ਚਾਲਕ ਨੇ ਉਨੀ ਹੀ ਭਾਰੀ ਆਵਾਜ਼ ਵਿੱਚ ਜਵਾਬ ਦਿੱਤਾ :

"ਸੰਟਾ ਲੂਸ਼ੀਆ" (ਜਹਾਜ਼ ਦਾ ਨਾਂ)

"ਕਿਥੋਂ ਆਇਆ ?"

"ਇਟਲੀ ਤੋਂ ।"

"ਕਿਹੜੀ ਬੰਦਰਗਾਹ ?"

"ਨੇਪਲਜ਼ ।" (ਇਟਲੀ ਦਾ ਸ਼ਹਿਰ)

ਪੀਅਰੇ ਨੇ ਕਲਪਤ ਕੀਤਾ ਕਿ ਉਸ ਦੀਆਂ ਰੁੰਨੀਆਂ ਅੱਖਾਂ ਅੱਗੇ ਵੈਸੂਵੀਅਸ ਪਹਾੜ (ਇਟਲੀ ਦਾ ਜੁਆਲਾਮੁਖੀ ਪਹਾੜ) ਦੀ ਲਾਂਬੂ ਲੱਗੀ ਹੋਈ ਆ ਗਈ ਹੈ ਤੇ ਜੁਆਲਾਮੁਖੀ ਪਹਾੜ ਦੇ ਪੈਰਾਂ ਹੇਠਾਂ ਸੰਗਤਰਿਆਂ ਦੇ ਬਾਗਾਂ ਵਿੱਚ ਜੁਗਨੂੰ ਅਠਕੇਲੀਆਂ ਕਰ ਰਹੇ ਹਨ । ਕਿੰਨੀ ਵਾਰ ਇਨ੍ਹਾਂ ਇਲਾਕਿਆਂ ਦੇ ਉਸ ਨੇ ਸੁਪਨੇ ਲਏ ਜਿਵੇਂ ਉਹ ਇਨ੍ਹਾਂ ਤੋਂ ਜਾਣੂ ਹੋਵੇ । ਕਾਸ਼, ਉਹ ਇਥੋਂ ਇਕ ਵਾਰੀ ਝੱਟ ਪੱਟ ਭੱਜ ਸਕਦਾ । ਕਿਥੇ, ਇਸ ਦੀ ਕੋਈ ਪਰਵਾਹ ਨਹੀਂ । ਦੂਰ ਦੁਰਾਡੇ ਪਹੁੰਚ ਕੇ ਨਾ ਉਹ ਕਿਸੇ ਨੂੰ ਚਿੱਠੀ ਲਿਖੇ ਤੇ ਨਾ ਹੀ ਪਰਤ ਕੇ ਘਰ ਆਵੇ ਅਤੇ ਨਾ ਹੀ ਕਿਸੇ ਨੂੰ ਪਤਾ ਲਗਣ ਦੇਵੇ ਕਿ ਉਸ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀ ਬੀਤੀ । ਨਹੀਂ ਨਹੀਂ, ਉਸਨੂੰ ਵਾਪਸ ਆਉਣਾ ਚਾਹੀਦਾ ਹੈ, ਆਪਣੇ ਪਿਤਰੀ ਘਰ ਨੂੰ, ਘਰ ਦੇ ਆਰਾਮ ਖਾਤਰ ।

ਗੱਲ ਬਹੁਤ ਵਿਗੜ ਗਈ ਸੀ । ਉਹਦਾ ਮਨ ਹੁਣ ਮੁੜ ਘਰ ਜਾਣ ਨੂੰ ਨਹੀਂ ਸੀ ਤੇ ਦਿਨ ਚੜ੍ਹਦੇ ਤਕ ਉਹ ਏਥੇ ਹੀ ਰਹਿਣਾ ਚਾਹੁੰਦਾ ਸੀ । ਧੁੰਦ ਦਾ ਘੁੱਗੂ ਉਸ ਨੂੰ ਮਿੱਠਾ ਲਗਣ ਲੱਗਾ । ਉਹ ਉਠਿਆ ਤੇ ਨਿਗਰਾਨੀ ਰੱਖਣ ਵਾਲੇ ਅਫਸਰ ਵਾਂਗ ਡੈਕ ਤੇ ਇੱਧਰ ਉਧਰ ਘੁੰਮਣ ਲੱਗਾ ।

ਦੂਸਰਾ ਵਿਸ਼ਾਲ ਜਹਾਜ਼ ਪਹਿਲੇ ਦੇ ਪਿੱਛੇ ਆਇਆ । ਇਹ ਅੰਗਰੇਜ਼ੀ ਜਹਾਜ਼ ਹਿੰਦੋਸਤਾਨ ਤੋਂ ਵਾਪਸ ਆਇਆ ਸੀ । ਘੁੱਪ ਹਨੇਰੇ ਵਿਚੋਂ ਇਕ ਦੂਸਰੇ ਤੋਂ ਬਾਅਦ ਕਈ ਜਹਾਜ਼ ਨਿਕਲੇ । ਧੁੰਦ ਦੀ ਭਿਜੋੜ ਜਦੋਂ ਅਸਹਿ ਹੋ ਗਈ ਤਾਂ ਪੀਅਰੇ ਸ਼ਹਿਰ ਵੱਲ ਮੁੜ ਪਿਆ । ਠੰਢ ਦਾ ਭੰਨਿਆ ਉਹ ਇਕ ਮਲਾਹ ਦੀ ਸ਼ਰਾਬ ਪੀਣਵਾਲੀ ਦੁਕਾਨ ਵਿੱਚ ਜਾ ਵੜਿਆ । ਜਦੋਂ ਗਰਮ ਗਰਮ ਬਰਾਂਡੀ ਉਸ ਦੇ ਅੰਦਰ ਗਈ ਤੇ ਕਾਲੀਆਂ ਮਿਰਚਾਂ ਨੇ ਉਸ ਦਾ ਤਾਲੂ ਤੇ ਸੰਘ ਸਾੜਿਆ ਤਾਂ ਉਸ ਦੀ ਜਾਨ ਵਿੱਚ ਜਾਨ ਆਈ । ਉਸ ਨੇ ਸ਼ਾਇਦ ਆਪਣੇ ਆਪ ਨੂੰ ਧੋਖਾ ਦਿੱਤਾ ਹੋਵੇ । ਆਪਣੀ ਅਸਥਿਰਤਾ ਦਾ ਉਸ ਨੂੰ ਪੂਰਾ ਪੂਰਾ ਧਿਆਨ ਸੀ । ਨਿਰਸੰਦੇਹ ਹੀ ਉਸ ਨੇ ਆਪਣੇ ਆਪ ਨੂੰ ਧੋਖਾ ਦਿੱਤਾ ਹੈ । ਪਰ ਸਬੂਤ ਤਾਂ ਉਸਨੇ ਇਸ ਤਰ੍ਹਾਂ ਜਮ੍ਹਾ ਕਰ ਲਏ ਸਨ ਜਿਵੇਂ ਕਿਸੇ ਬੇਗੁਨਾਹ ਨੂੰ ਸਜਾ ਦੇਣੀ ਹੋਵੇ ਕਿਉਂਕਿ ਜੇ ਨਿਰਦੋਸ਼ ਨੂੰ ਕਸੂਰਵਾਰ ਠਹਿਰਾਉਣ ਦੀ ਵਿਉਂਤ ਬਣਾ ਲਈ ਜਾਵੇ ਤਾਂ ਉਸ ਨੂੰ ਸਜਾ ਦੇਣੀ ਸੁਖਾਲੀ ਹੋ ਜਾਂਦੀ ਹੈ । ਸ਼ਾਇਦ ਆਰਾਮ ਕਰਨ ਤੋਂ ਬਾਅਦ ਉਸ ਦੀ ਸੋਚ ਬਿਲਕੁਲ ਵੱਖਰੀ ਹੋਵੇਗੀ । ਉਹ ਘਰ ਪਹੁੰਚ ਕੇ ਲੇਟ ਗਿਆ ਤੇ ਹੱਠ ਕਰਕੇ ਸੌਂ ਗਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੂਹੋਂ ਬੋਲਦੀ ਤਸਵੀਰ

ਬੇਚੈਨੀ ਦੀ ਨੀਂਦ ਡਾਕਟਰ ਇਕ ਜਾਂ ਦੋ ਘੰਟਿਆਂ ਤੋਂ ਵਧ ਨਾ ਸੌਂ ਸਕਿਆ। ਆਪਣੇ ਬੰਦ ਨਿਘੇ ਕਮਰੇ ਦੇ ਹਨ੍ਹੇਰੇ ਵਿਚ ਉਹ ਜਾਗ ਪਿਆ। ਜੋ ਸਦਮਾ ਬੰਦਾ ਦਿਲ ਵਿਚ ਲੈ ਕੇ ਸੌਂਦਾ ਹੈ ਉਹਦਾ ਅਸਰ ਸਵੇਰੇ ਉਠਦਿਆਂ ਸਾਰ ਵੀ ਦਿਲ ਤੇ ਰਹਿੰਦਾ ਹੈ। ਕੁਝ ਇਹੋ ਜਿਹਾ ਹੀ ਦੁਖ ਅਤੇ ਰੂਹ ਦੀ ਬੇਚੈਨੀ ਪੀਅਰੇ ਨੇ ਵੀ ਅਚੇਤੇ ਹੀ ਅਨੁਭਵ ਕੀਤੀ। ਇੰਜ ਵੀ ਸ਼ਾਇਦ ਹੁੰਦਾ ਹੈ ਕਿ ਕਿਸੇ ਸਜਰੇ ਸਦਮੇਂ ਦੀ ਦਿਲਗੀਰੀ ਆਰਾਮ ਕਰਨ ਸਮੇਂ ਸਾਡੇ ਮਾਸ ਵਿਚ ਰਚ ਕੇ ਕਦੇ ਕਦਾਈ ਬੁਖਾਰ ਦੀ ਸ਼ਕਲ ਵਿਚ ਫੁਟ ਨਿਕਲਦੀ ਹੈ ਅਤੇ ਤੜਫਾ ਤੜਫਾ ਕੇ ਜਿਸਮ ਨੂੰ ਨਿਸੱਲ ਕਰ ਸੁਟਦੀ ਹੈ। ਇਹੋ ਜਿਹੀ ਦਿਲਗੀਰੀ ਨੇ ਪੀਅਰੇ ਦੇ ਦਿਲ ਵਿਚ ਵੀ ਹੌਲ ਪਾਇਆ। ਦੁਖਾਂਤ ਦਾ ਅੱਖਰ ਅੱਖਰ ਉਹਨੂੰ ਯਾਦ ਆ ਗਿਆ ਤੇ ਉਹ ਉੱਠ ਕੇ ਬੈਠ ਗਿਆ।

ਮੁੜ ਉਹਨੇ ਉਨ੍ਹਾਂ ਸਾਰੀਆਂ ਦਲੀਲਾਂ ਨੂੰ ਠਰ੍ਹਮੇ ਨਾਲ ਇਕ ਇਕ ਕਰਕੇ ਵਿਚਾਰਿਆ ਜਿਨ੍ਹਾਂ ਨੇ ਧੁੰਦ ਵਿਚ ਵਜਦੇ ਘੁੱਗੂਆਂ ਵੇਲੇ ਉਹਦੇ ਦਿਲ ਨੂੰ ਡੋਬੂ ਪਾਏ ਸਨ। ਜਿੰਨਾਂ ਜ਼ਿਆਦਾ ਉਹ ਸੋਚਦਾ ਗਿਆ, ਉੱਨੀ ਹੀ ਉਹਦੀ ਸ਼ੱਕ ਘਟਦੀ ਗਈ। ਜਿਵੇਂ ਕਿਸੇ ਨੂੰ ਘਸੀਟੀ ਲਈ ਜਾ ਰਿਹਾ ਹੱਥ, ਉਸ ਦਾ ਗੱਲ ਘੁੱਟ ਦੇਵੇ, ਇਸੇ ਤਰ੍ਹਾਂ ਉਹਨੂੰ ਅਨੁਭਵ ਹੋਇਆ ਕਿ ਦਲੀਲਬਾਜ਼ੀ ਉਹ ਨੂੰ ਚੁੱਕ ਕੇ ਕਿਸੇ ਅਸਹਿ ਸਚਾਈ ਵਲ ਲਈ ਜਾ ਰਹੀ ਹੈ। ਉਸ ਨੂੰ ਪਿਆਸ ਲਗੀ, ਉਸ ਦਾ ਬਦਨ ਜਲ ਉਠਿਆ। ਉਸ ਦਾ ਦਿਲ ਧੌਂਕਣੀ ਬਣ ਗਿਆ। ਖਿੜਕੀ ਖੋਲ੍ਹ ਕੇ ਤਾਜ਼ੀ ਹਵਾ ਵਿਚ ਸਾਹ ਲੈਣ ਲਈ ਉਹ ਉਠਿਆ। ਜਦੋਂ ਉਹ ਉੱਠ ਕੇ ਖੜਾ ਹੋਇਆ ਤਾਂ ਕੰਧ ਵਿਚੀਂ ਕੋਈ ਹਲਕਾ ਜਿਹਾ ਖੜਾਕਾ ਉਹਦੇ ਕੰਨੀ ਪਿਆ।

ਸੁਖ ਦੀ ਨੀਂਦ ਸੁੱਤਾ ਜੀਨ ਹੌਲੀ ਹੌਲੀ ਘੁਰਾੜੇ ਮਾਰ ਰਿਹਾ ਸੀ। ਉਹ ਸੌਂ ਸਕਦਾ ਹੈ। ਉਫ, ਭਵਿਖ ਦੀ ਇਹਨੂੰ ਕੋਈ ਖਬਰ ਨਹੀਂ, ਕਿਸੇ ਗੱਲ ਦੀ ਕੋਈ ਸ਼ੰਕਾ ਨਹੀਂ। ਉਨ੍ਹਾਂ ਦਾ ਮਿੱਤਰ ਮਾਰਸ਼ਲ ਉਹਦੇ ਲਈ ਸਭੋ ਕੁਝ ਛਡ ਗਿਆ। ਜੀਨ ਨੇ ਮੁਨਾਸਿਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਝਕੇ ਸਭ ਕੁਝ ਪਰਵਾਨ ਕਰ ਲਿਆ । ਉਹ ਸੁੱਤਾ ਪਿਆ ਸੀ, ਦੌਲਤਮੰਦ ਤੇ ਸੰਤੁਸ਼ਟ, ਅਤੇ ਭਰਾ ਦੇ ਦੁੱਖਾਂ ਫਿਕਰਾਂ ਵਲੋਂ ਅਵੇਸਲਾ । ਬੇਪਰਵਾਹੀ ਤੇ ਸੰਤੁਸ਼ਟੀ ਦੀ ਨੀਂਦ ਸੌਣ ਵਾਲੇ ਦੇ ਵਿਰੁਧ ਪੀਅਰੇ ਦੇ ਮਨ ਵਿਚ ਰੋਸ ਪੈਦਾ ਹੋ ਗਿਆ ।

ਕਲ ਪੀਅਰੇ, ਜੀਨ ਦੇ ਕਮਰੇ ਵਿਚ ਜਾ ਸਕਦਾ ਸੀ ਤੇ ਸੁੱਤੇ ਨੂੰ ਜਗਾ ਕੇ ਉਸ ਦੇ ਮੰਜੇ ਤੇ ਬਹਿ ਕੇ ਇੰਜ ਕਹਿ ਸਕਦਾ ਸੀ, "ਜੀਨ, ਤੈਨੂੰ ਇਹ ਵਿਰਾਸਤ ਨਹੀਂ ਰਖਣੀ ਚਾਹੀਦੀ ਕਿਉਂਕਿ ਇਹ ਤੇਰੀ ਮਾਂ ਉਤੇ ਕਲੰਕ ਬਣ ਸਕਦੀ ਹੈ ।" ਪਰ ਅੱਜ ਉਹ ਇਹ ਗੱਲ ਕਰਨੋਂ ਅਸਮਰਥ ਸੀ । ਕਿਹੜੇ ਮੂੰਹ ਨਾਲ ਉਹ ਜੀਨ ਨੂੰ ਜਾ ਕੇ ਕਹੇ ਕਿ ਉਹ ਆਪਣੇ ਪਿਤਾ ਦੀ ਔਲਾਦ ਨਹੀਂ । ਹੁਣ ਇਹ ਸ਼ਰਮ ਤੇ ਭੇਤ ਪੀਅਰੇ ਨੂੰ ਆਪਣੇ ਸੀਨੇ ਵਿਚ ਹੀ ਸਾਂਭ ਕੇ ਰਖਣਾ ਪਵੇਗਾ । ਇਸ ਦਾਗ ਨੂੰ ਛੁਪਾਕੇ ਹੀ ਰਖਣਾ ਪਏਗਾ ਤਾਂ ਕਿ ਇਹਦੀ ਭਿਣਕ ਵੀ ਨਾ ਨਿਕਲੇ-ਉਹਦੇ ਭਰਾ ਤਕ ਵੀ ਨਹੀਂ ।

ਝੂਠੀ ਲੋਕ-ਰਾਏ ਦੀ ਪੀਅਰੇ ਨੂੰ ਉੱਕੀ ਕੋਈ ਚਿੰਤਾ ਨਾ ਰਹੀ । ਉਹ ਚਾਹੁੰਦਾ ਸੀ, ਸਾਰਾ ਜਹਾਨ ਉਸ ਦੀ ਮਾਂ ਤੇ ਪਿਆ ਊਜ ਲਾਵੇ, ਪਰ ਉਸ ਦੀਆਂ ਨਜ਼ਰਾਂ ਵਿਚ ਉਹ ਬੇਗੁਨਾਹ ਰਹੇਗੀ ਜੇਕਰ ਉਹਨੇ ਕੋਈ ਬੇਵਫਾਈ ਨਹੀਂ ਕੀਤੀ । ਦਿਨ ਰਾਤ ਉਹ ਮਾਂ ਕੋਲ ਕਿਵੇਂ ਰਹਿ ਸਕਦਾ ਸੀ ਜਦੋਂ ਮਾਂ ਨੂੰ ਦੇਖਦਿਆਂ ਸਾਰ ਚੇਤਾ ਆਵੇਗਾ ਕਿ ਉਹਦੇ ਭਰਾ ਦਾ ਪਿਤਾ ਕੋਈ ਓਪਰਾ ਆਦਮੀ ਹੈ ?

ਪਰ ਉਸ ਦੀ ਮਾਂ ਬਿਲਕੁਲ ਸ਼ਾਂਤ ਤੇ ਗੰਭੀਰ ਸੀ । ਆਪਣੇ ਆਪ ਤੇ ਉਸ ਨੂੰ ਕਿੰਨਾਂ ਭਰੋਸਾ ਸੀ ! ਕੀ ਇਹੋ ਜਿਹੀ ਪਵਿੱਤਰ ਆਤਮਾ ਤੇ ਇਖਲਾਕੀ ਮਨ ਰਖਣ ਵਾਲੀ ਔਰਤ ਵਾਸਤੇ ਸੰਭਵ ਹੋ ਸਕਦਾ ਹੈ ਕਿ ਉਹ ਆਚਰਣ ਤੋਂ ਗਿਰਕੇ ਵੀ, ਪਿੱਛੋਂ ਕਿਸੇ ਪਛਤਾਵੇ ਦਾ ਪ੍ਰਗਟਾਵਾ ਨਾ ਕਰੇ ਤੇ ਨਾ ਹੀ ਉਹਦੀ ਜ਼ਮੀਰ ਉਹਨੂੰ ਕੋਸੇ ?

ਪਛਤਾਵੇ ਦਾ ਦੁਖ ! ਹਾਂ, ਪਹਿਲੇ ਦਿਨਾਂ ਵਿਚ ਪਛਤਾਵੇ ਨੇ ਜਰੂਰ ਉਸ ਨੂੰ ਤੜਫਾਇਆ ਹੋਵੇਗਾ । ਫੇਰ ਸਮੇਂ ਦੇ ਗੇੜ ਨਾਲ ਜਿਵੇਂ ਹਰ ਚੀਜ਼ ਮਿਟ ਜਾਂਦੀ ਹੈ, ਪਛਤਾਵਾ ਵੀ ਮਿਟ ਗਿਆ । ਯਕੀਨੀ ਤੌਰ ਤੇ ਆਪਣੀ ਭੁੱਲ ਤੇ ਉਸ ਨੇ ਅਥਰੂ ਕੇਰੇ ਹੋਣਗੇ ਤੇ ਸਹਿਜੇ ਸਹਿਜੇ ਸਾਰਾ ਪ੍ਰੇਮ-ਨਾਟਕ ਭੁੱਲ ਗਿਆ । ਕੀ ਹੋਰ ਸਾਰੀਆ ਔਰਤਾਂ ਇੰਜ ਨਹੀਂ ਭੁੱਲ ਜਾਂਦੀਆਂ ? ਇਹ ਸਾਰੀ ਭੁੱਲਣਹਾਰ ਔਰਤ ਜ਼ਾਤ ਛੇਤੀ ਹੀ ਉਸ ਆਦਮੀ ਨੂੰ ਪਛਾਨਣ ਤੋਂ ਵੀ ਮੁਨਕਰ ਹੋ ਜਾਂਦੀ ਹੈ ਜਿਸ ਨੇ ਇਨ੍ਹਾਂ ਨੂੰ ਪਿਆਰ ਚੁੰਮਣਾ ਨਾਲ ਪ੍ਰਸੰਨ ਕੀਤਾ ਹੋਵੇ । ਚੁੰਮਣ ਦੀ ਤਰੰਗ ਬਿਜਲੀ ਵਾਂਗ ਰਗ ਰਗ ਵਿਚ ਦੌੜ ਜਾਂਦੀ ਹੈ । ਪਿਆਰ ਤੂਫਾਨ ਦੀ ਨਿਆਈਂ ਲੰਘ ਜਾਂਦਾ ਹੈ । ਜੀਵਨ ਫੇਰ ਅਕਾਸ਼ ਵਾਂਗ ਸ਼ਾਂਤ ਹੋਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਤਾਪ੍ਰਤੀ ਚਲ ਪੈਂਦਾਂ ਹੈ। ਕੀ ਉੜ ਗਏ ਬੱਦਲਾਂ ਦੀ ਵੀ ਕੋਈ ਯਾਦ ਬਾਕੀ ਰਹਿ ਜਾਂਦੀ ਹੈ ?

ਪੀਅਰੇ ਆਪਣੇ ਕਮਰੇ ਵਿੱਚ ਨਾ ਰੁਕ ਸਕਿਆ। ਉਸ ਨੇ ਅਨੁਭਵ ਕੀਤਾ ਕਿ ਕਮਰਾ ਉਸ ਦੇ ਸਿਰ ਤੇ ਬੋਝ ਪਾ ਰਿਹਾ ਹੈ ਤੇ ਇਸ ਦੀਆਂ ਕੰਧਾਂ ਉਹਦਾ ਸਾਹ ਘੁਟ ਰਹੀਆਂ ਹਨ। ਉਸ ਦਾ ਸਾਹ ਸੁਕ ਗਿਆ ਤੇ ਰਸੋਈ ਵਾਲੇ ਨਲਕੇ ਤੋਂ ਸਜਰਾ ਠੰਢਾ ਪਾਣੀ ਪੀਣ ਲਈ ਉਹਨੇ ਮੋਮਬੱਤੀ ਜਲਾਈ। ਦੋ ਪੌਡੇ ਹੇਠਾਂ ਉਤਰਿਆ ਤੇ ਪਾਣੀ ਦੀ ਬੋਤਲ ਭਰ ਕੇ ਵਾਪਸ ਚੜ੍ਹਦਾ ਉਹ ਨਾਈਟਸੂਟ ਵਿਚ ਹੀ ਇਕ ਪੌਡੇ ਤੇ ਬਹਿ ਗਿਆ ਜਿਥੇ ਹਵਾ ਦੇ ਬੁੱਲੇ ਆ ਰਹੇ ਸਨ। ਸਾਹੋ ਸਾਹ ਹੋਏ ਦੌੜਾਕ ਵਾਂਗ ਉਸ ਨੇ ਬੋਤਲ ਵਿਚੋਂ ਲੰਮੇ ਲੰਮੇ ਘੁੱਟ ਭਰੇ। ਜਦੋਂ ਉਸ ਦੀ ਰੂਹ ਟਿਕਾਣੇ ਆਈ ਤਾਂ ਘਰ ਦੇ ਸ਼ਾਂਤ ਵਾਤਾਵਰਣ ਦਾ ਉਸ ਨੂੰ ਆਭਾਸ ਹੋਇਆ। ਨਿੰਮੇ ਨਿੰਮੇ ਖੜਾਕਿਆਂ ਦੀ ਬਿੜਕ ਇਕ ਇਕ ਕਰਕੇ ਉਹਦੇ ਕੰਨੀ ਪਈ। ਪਹਿਲਾਂ ਉਸ ਨੂੰ ਡਾਈਨਿੰਗ ਰੂਮ ਵਿਚਲੇ ਕਲਾਕ ਦੀ ਟਿਕ ਟਿਕ ਸੁਣਾਈ ਦਿੱਤੀ ਜਿਹਦੀ ਆਵਾਜ਼ ਹਰ ਪਲ ਉੱਚੀ ਹੁੰਦੀ ਲਗਦੀ ਸੀ। ਇਸ ਤੋਂ ਉਪਰੰਤ ਉਸ ਨੂੰ ਘੁਰਾੜਿਆਂ ਦੀ ਆਵਾਜ਼ ਆਈ, ਛੋਟੇ ਪਰ ਮੁਸ਼ਕਿਲ ਨਾਲ ਨਿਕਲੇ ਕਿਸੇ ਬੁੱਢੇ ਆਦਮੀ ਦੇ ਘੁਰਾੜੇ। ਨਿਰਸੰਦੇਹ ਇਹ ਉਸ ਦਾ ਪਿਤਾ ਸੀ। ਸਧਾਰਣ ਹੀ ਉਸ ਦੇ ਮਨ ਵਿੱਚ ਰੂਹ ਕਬਾਂਉਣ ਵਾਲਾ ਇਹ ਖਿਆਲ ਆਇਆ ਕਿ ਇਕੋ ਘਰ ਵਿੱਚ ਸੁੱਤੇ ਇਹ ਦੋ ਮਨੁੱਖ, ਪਿਤਾ ਪੁਤਰ, ਇਕ ਦੂਜੇ ਦੇ ਕੁਝ ਵੀ ਤਾਂ ਨਹੀਂ ਲਗਦੇ। ਆਪਸ ਵਿੱਚ ਇਨ੍ਹਾਂ ਦਾ ਕੋਈ ਰਿਸ਼ਤਾ ਨਹੀਂ ਤੇ ਇਸ ਗੱਲੋਂ ਇਹ ਦੋਵੇਂ ਅਣਜਾਣ ਸਨ। ਇਕ ਦੂਜੇ ਨਾਲ ਇਹ ਬੜੇ ਪ੍ਰੇਮ ਨਾਲ ਗੱਲਾਂ ਕਰਦੇ ਤੇ ਖੂਬ ਗਲਵਕੜੀਆਂ ਪਾ ਪਾ ਮਿਲਦੇ। ਦੁੱਖ ਸੁੱਖ ਵਿਚ ਇੰਜ ਸਾਂਝੀ ਹੁੰਦੇ ਜਿਵੇਂ ਦੋਹਾਂ ਦੀਆਂ ਰਗਾਂ ਵਿੱਚ ਇਕੋ ਖੂਨ ਹੋਵੇ। ਪਰ ਧਰਤੀ ਦੇ ਦੋ ਸਿਰਿਆਂ ਤੇ ਜੰਮੇ ਹੋਏ ਦੋ ਆਦਮੀਆਂ ਵਿਚਕਾਰ ਵੀ ਸ਼ਾਇਦ ਇੰਨਾ ਪਾੜਾ ਨਾ ਹੋਵੇ ਜਿੰਨਾ ਇਨ੍ਹਾਂ ਪਿਉ ਪੁੱਤਰ ਵਿਚਾਲੇ ਸੀ। ਆਪਸੀ ਪਿਆਰ ਵਿਚ ਉਨ੍ਹਾਂ ਨੂੰ ਬੜਾ ਭਰੋਸਾ ਸੀ ਕਿਉਂਕਿ ਉਨ੍ਹਾਂ ਵਿਚਾਲੇ ਇਕ ਝੂਠ ਪੈਦਾ ਹੋ ਗਿਆ ਸੀ। ਇਸੇ ਝੂਠ ਸਦਕੇ ਤਾਂ ਵਾਤਸਲ ਪਿਆਰ ਤੇ ਪਿਤ੍ਰੀ ਪਿਆਰ ਕਾਇਮ ਰਿਹਾ ਸੀ। ਇਸ ਝੂਠ ਨੂੰ ਉਘਾੜਨਾ ਅਸੰਭਵ ਸੀ, ਇਸ ਦਾ ਭੇਤ ਕਿਸੇ ਨੂੰ ਨਹੀਂ ਹੋਣਾ ਚਾਹੀਦਾ ਸਵਾਏ ਉਸ ਤੋਂ, ਅਸਲੀ ਪੁੱਤਰ ਤੋਂ।

ਪਰ ਜੇ ਉਸ ਨੂੰ ਹਾਲੇ ਵੀ ਗਲਤ ਫਹਿਮੀ ਹੋ ਗਈ ਹੋਵੇ ? ਇਸ ਬਾਰੇ ਕਿਵੇਂ ਪਤਾ ਲਗਾਇਆ ਜਾਵੇ ? ਉਫ ! ਜੇ ਕਿਤੇ ਉਸ ਦੇ ਪਿਤਾ ਅਤੇ ਜੀਨ ਦਾ ਮੜੰਗਾ ਮਿਲਦਾ ਹੋਵੇ, ਭਾਵੇਂ ਥੋੜ੍ਹਾ ਜਿਹਾ ਹੀ ਹੋਵੇ - - ਉਹ ਮੜੰਗਾ ਜੋ ਦਾਦੇ ਪੜਦਾਦੇ ਵੱਲੋਂ ਪੋਤੇ ਪੜੋਤੇ ਨੂੰ ਮਿਲਦਾ ਹੈ, ਤੇ ਜਿਹੜਾ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਸਾਰੇ ਟੱਬਰ ਦਾ ਮੁੱਢ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਹੀ ਹੈ। ਡਾਕਟਰ ਹੋਣ ਦੇ ਨਾਤੇ ਪੀਅਰੇ ਵਾਸਤੇ ਇਸ ਕਿਸਮ ਦੀ ਪਛਾਣ ਕਢੱਣੀ ਸੌਖਾ ਕੰਮ ਸੀ। ਜਬਾੜਿਆਂ ਦੀ ਬਨਾਵਟ, ਨੱਕ ਉਪਰਲੀ ਗੁਲਾਈ, ਦੋਹਾਂ ਅੱਖਾ ਵਿਚ-ਕਾਰਲੀ ਵਿੱਥ ਤੇ ਉਸ ਦੇ ਦੰਦਾਂ ਤੇ ਵਾਲਾਂ ਦੀ ਤਸੀਰ ਆਦਿ ਤੋਂ ਅੰਦਾਜ਼ਾ ਲਾਉਣਾ ਸੰਭਵ ਸੀ। ਘੋਖੀ ਅੱਖ ਵਾਸਤੇ ਤਾਂ ਇਸ ਤੋਂ ਵੀ ਘੱਟ, ਜਿਹਾ ਕਿ ਸਰੀਰ ਦੇ ਕਿਸੇ ਅੰਗ ਨੂੰ ਖ਼ਾਸ ਢੰਗ ਨਾਲ ਹਿਲਾਉਣ ਦਾ ਅੰਦਾਜ਼, ਕੋਈ ਸਾਂਝੀ ਆਦਤ ਜਾਂ ਲਹਿਜ਼ਾ, ਕੋਈ ਸਾਂਝਾ ਸਹਜ ਸਵਾਦ, ਜਾਂ ਹੋਰ ਕੋਈ ਮਾਮੂਲੀ ਸਾਂਝਾ ਲੱਛਣ ਹੀ ਇਸ ਕਿਆਫ਼ੇ ਲਈ ਕਾਫ਼ੀ ਹੋਵੇਗਾ।

ਕੋਈ ਵੀ ਸਾਂਝਾ ਲੱਛਣ ਉਸ ਨੂੰ ਔੜ ਨਾ ਸਕਿਆ। ਪਰ ਉਸ ਨੇ ਕਦੇ ਗਹੁ ਨਾਲ ਤਕਿਆ ਹੀ ਨਹੀਂ ਸੀ ਕਿਉਂਕਿ ਇਸ ਦ੍ਰਿਸ਼ਟੀਕੋਣ ਤੋਂ ਤੱਕਣ ਦਾ ਪਹਿਲਾਂ ਕੋਈ ਕਾਰਣ ਨਹੀਂ ਸੀ। ਉਹ ਆਪਣੇ ਕਮਰੇ ਵਿਚ ਜਾਣ ਲਈ ਉਠਿਆ ਤੇ ਬੜੀਆਂ ਸੋਚਾਂ ਵਿਚਾਰਾਂ ਵਿਚ ਡੁੱਬਾ ਹੌਲੀ ਹੌਲੀ ਪੌੜੇ ਚੜ੍ਹਨ ਲੱਗਾ। ਆਪਣੇ ਭਰਾ ਦੇ ਕਮਰੇ ਸਾਮਣਿਓ ਲੰਘਣ ਲਗਿਆਂ ਉਹ ਰੁਕ ਗਿਆ ਤੇ ਦਰਵਾਜ਼ਾ ਖੋਲਣ ਲਈ ਉਸ ਦਾ ਹੱਥ ਉਠਿਆ। ਜੀਨ ਨੂੰ ਹੁਣੇ ਸੁਤਿਆਂ ਪਇਆਂ ਘੋਖਣ ਦੀ ਤੀਬਰ ਇੱਛਿਆ ਨੇ ਉਸ ਨੂੰ ਬੇਚੈਨ ਕਰ ਦਿੱਤਾ। ਉ ਜ ਵੀ ਜੀਨ ਦਾ ਸ਼ਾਂਤ ਚਿਹਰਾ ਤੇ ਨੈਣ ਨਕਸ਼ ਆਪਣੇ ਅਸਲੀ ਰੂਪ ਵਿੱਚ ਗਹੁ ਨਾਲ ਦੇਖੇ ਜਾ ਸਕਦੇ ਹਨ ਕਿਉਂਕਿ ਇਸ ਹਾਲਤ ਵਿੱਚ ਜੀਵਨ ਦਾ ਸਾਰਾ ਮਸਨੂਈਪਨ ਖ਼ਤਮ ਹੋ ਗਿਆ ਹੁੰਦਾ ਹੈ। ਇਸ ਤਰ੍ਹਾਂ ਉਹ ਸੁਤੇ ਨੈਣ ਨਕਸ਼ਾਂ ਦਾ ਭੇਤ ਪਾ ਲਵੇਗਾ ਤੇ ਜੇ ਇਨ੍ਹਾਂ ਵਿੱਚ ਕਾਫ਼ੀ ਮੇਲ ਜੋਲ ਹੋਇਆ ਤਾਂ ਉਸ ਦੀ ਨਜ਼ਰ ਤੋਂ ਗੁੱਝਾ ਨਹੀਂ ਰਹਿ ਸਕੇਗਾ।

ਪਰ ਜੇ ਜੀਨ ਦੀ ਅੱਖ ਖੁਲ੍ਹ ਗਈ ਤਾਂ ਉਹ ਕੀ ਕਰੇਗਾ ? ਆਪਣੇ ਆਉਣ ਦਾ ਪੀਅਰੇ ਕੀ ਕਾਰਣ ਦਸੇਗਾ ? ਦਰਵਾਜ਼ੇ ਦੇ ਹੈਂਡਲ ਤੇ ਹੱਥ ਰੱਖੀ ਉਥੇ ਖੜ੍ਹਾ ਉਹ ਕਿਸੇ ਸਬੱਬ ਜਾਂ ਬਹਾਨੇ ਦੀ ਤਲਾਸ਼ ਕਰਨ ਲੱਗਾ। ਅਚਾਨਕ ਹੀ ਉਸ ਨੂੰ ਚੇਤਾ ਆਇਆ ਕਿ ਅੱਠ ਕੁ ਦਿਨ ਪਹਿਲਾਂ ਆਪਣੇ ਭਰਾ ਨੂੰ ਦੰਦ ਪੀੜ ਹਟਾਉਣ ਲਈ ਉਸ ਨੇ ਦਵਾਈ ਦੀ ਇਕ ਸ਼ੀਸ਼ੀ ਦਿੱਤੀ ਸੀ। ਅੱਜ ਰਾਤ ਉਸ ਨੂੰ ਵੀ ਦੰਦ ਪੀੜ ਹੋ ਸਕਦੀ ਹੈ ਤੇ ਇਸ ਕਰਕੇ ਉਹ ਸ਼ੀਸ ਵਾਪਸ ਲੈਣ ਦਾ ਬਹਾਨਾ ਕਰ ਸਕਦਾ ਸੀ। ਚੋਰ ਦੀ ਨਿਆਈ ਉਹ ਦੱਬੇ ਪੈਰੀ ਕਮਰੇ ਅਦਰ ਵੜ ਗਿਆ।

ਅੱਧਾ ਮੂੰਹ ਖੋਲ ਕੇ ਜੀਨ ਬੇਹੋਸ਼ੀ ਦੀ ਨੀਂਦ ਸੁੱਤਾ ਪਿਆ ਸੀ। ਚਿੱਟੇ ਕਪੜਿਆ ਉਪਰ ਉਸ ਦੀ ਦਾੜੀ ਅਤੇ ਸੁੰਦਰ ਵਾਲ ਸੁਨਹਿਰੀ ਭਾਅ ਮਾਰ ਰਹੇ ਸਨ। ਉਹ ਜਾਗਿਆ ਤਾਂ ਨਾ ਪਰ ਉਸਦੇ ਘੁਰਾੜੇ ਥੰਮ ਗਏ। ਪੀਅਰੇ ਉਸ ਉਪਰ ਝੁਕਿਆ ਤੇ ਬੜੀ ਉਤਾਵਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਜ਼ਰ ਨਾਲ ਨੀਝ ਲਾ ਕੇ ਦੇਖਣ ਲੱਗਾ । ਨਹੀਂ ਨਹੀਂ ਇਸ ਮੁੰਡੇ ਦੀ ਸ਼ਕਲ ਰੋਲੈਂਡ ਨਾਲ ਨਹੀਂ ਮਿਲਦੀ । ਇਕ ਵਾਰ ਫੇਰ ਉਸ ਦਾ ਧਿਆਨ ਮਾਰਸ਼ਲ ਦੀ ਤਸਵੀਰ ਵੱਲ ਮੁੜਿਆ ਜੋ ਗੁੰਮ ਹੋ ਚੁਕੀ ਸੀ । ਉਹ ਤਸਵੀਰ ਉਸ ਨੂੰ ਜ਼ਰੂਰ ਲਭਣੀ ਪਵੇਗੀ । ਜੇਖਰ ਤਸਵੀਰ ਮਿਲ ਜਾਵੇ ਤਾਂ ਹੋ ਸਕਦਾ ਹੈ ਉਸ ਦੇ ਮਨ ਦੇ ਸਾਰੇ ਭਰਮ ਮਿਟ ਜਾਣ ।

ਪੀਅਰੇ ਦੀ ਮੌਜੂਦਗੀ ਕਰਕੇ ਜਾਂ ਚਿਹਰੇ ਤੇ ਪੈਂਦੀ ਮੋਮਬੱਤੀ ਦੀ ਰੋਸ਼ਨੀ ਨਾਲ ਬੇਆਰਾਮ ਹੋ ਕੇ ਜੀਨ ਹਿਲਿਆ । ਡਾਕਟਰ ਪੱਬਾਂ ਭਾਰ ਬੂਹੇ ਵੱਲ ਪਿਛਾਂਹ ਪਰਤ ਆਇਆ ਜੋ ਉਸ ਨੇ ਬਿਨਾਂ ਖੜਾਕ ਬੰਦ ਕਰ ਦਿੱਤਾ । ਪਰ ਉਹ ਆਪਣੇ ਕਮਰੇ ਵਿਚ ਆ ਕੇ ਸੌਂ ਨਾ ਸਕਿਆ ।

ਦਿਨ ਹੌਲੀ ਹੌਲੀ ਚੜ੍ਹ ਰਿਹਾ ਸੀ । ਡਰਾਇੰਗ ਰੂਮ ਦਾ ਕਲਾਕ ਵਾਰ ਵਾਰ ਘੰਟੇ ਵਜਾ ਰਿਹਾ ਸੀ ਤੇ ਇਹ ਆਵਾਜ਼ ਡੂੰਘੀ ਤੇ ਸੰਜੀਦਾ ਸੀ ਜਿਵੇਂ ਬਣਾਨ ਵਾਲੇ ਦੀ ਇਸ ਕ੍ਰਿਤੀ ਨੇ ਗਿਰਜਾਘਰ ਦੀਆਂ ਘੰਟੀਆਂ ਨੂੰ ਨਿਗਲਿਆ ਹੋਇਆ ਹੋਵੇ । ਕਲਾਕ ਦੀ ਆਵਾਜ਼, ਸੁੰਨੀਆਂ ਪੌੜੀਆਂ ਵਿਚੋਂ ਉਭਰਦੀ, ਕੰਧਾਂ ਤੇ ਬੂਹਿਆਂ ਵੱਲ ਫੈਲ ਕੇ ਅਖੀਰ ਕਮਰਿਆਂ ਵਿੱਚ ਜਾ ਸਮੋਂਦੀ ਜਿਥੇ ਸੁੱਤੇ ਪਏ ਲੋਕਾਂ ਦੇ ਕੰਨਾਂ ਵਿਚ ਇਹ ਆਪਣਾ ਕੋਈ ਅਸਰ ਨਾ ਕਰ ਸਕਦੀ । ਪੀਅਰੇ ਬਿਸਤਰੇ ਅਤੇ ਖਿੜਕੀ ਵਿਚਕਾਰਲੀ ਜਗ੍ਹਾ ਵਿੱਚ ਇਧਰ ਉਧਰ ਘੁੰਮਣ ਲੱਗਾ । ਉਹ ਕੀ ਕਰੇ ? ਉਸ ਦਾ ਮਨ ਇੰਨਾ ਡੱਕੇ ਡੋਲੇ ਖਾਂਦਾ ਸੀ ਕਿ ਘਰ ਵਿੱਚ ਰਹਿ ਕੇ ਉਹ ਅਗਲਾ ਦਿਨ ਕੱਟਣ ਤੋਂ ਅਸਮਰਥ ਮਹਿਸੂਸ ਕਰਨ ਲੱਗਾ । ਉਹ ਇੱਕਲਾ ਰਹਿਣਾ ਚਾਹੁੰਦਾ ਸੀ ਘੱਟ ਤੋਂਘੱਟ ਅਗਲੇ ਦਿਨ ਤੋੜੀ ਤਾਂ ਕਿ ਉਹ ਹੋਰ ਸੋਚ ਵਿਚਾਰ ਕਰ ਸਕੇ, ਆਪਣੀ ਆਤਮਾਂ ਨੂੰ ਸ਼ਾਂਤੀ ਦੇ ਸਕੇ ਤੇ ਆਉਣ ਵਾਲੀ ਨਿਤਾਪ੍ਰਤੀ ਦੀ ਜ਼ਿੰਦਗੀ ਲਈ ਆਪਣੇ ਆਪ ਨੂੰ ਮਜ਼ਬੂਤ ਕਰ ਸਕੇ ।

ਹਾਂ, ਉਹ ਤਰੋਵਿਲ (ਬੰਦਰਗਾਹ ਦਾ ਨਾਂ) ਜਾਵੇਗਾ ਤੇ ਸਮੁੰਦਰੀ ਤੱਟ ਉਤੇ ਲੋਕਾਂ ਦੀਆਂ ਭੀੜਾਂ ਦੇਖੇਗਾ । ਇਸ ਨਾਲ ਸ਼ਾਇਦ ਉਸ ਦਾ ਦਿਲ-ਪਰਚਾਵਾ ਹੋਵੇਗਾ, ਉਸ ਦੀ ਵਿਚਾਰ-ਧਾਰਾ ਬਦਲੇਗੀ ਤੇ ਜਿਹੜਾ ਭਿਆਨਕ ਤੱਤ ਉਸ ਨੇ ਮਲੂਮ ਕਰ ਲਿਆ ਹੈ ਉਸ ਲਈ ਤਿਆਰ ਹੋਣ ਦਾ ਸਮਾਂ ਮਿਲ ਜਾਵੇਗਾ । ਸੂਰਜ ਦੀ ਲਾਲੀ ਨਾਲ ਉਠ ਕੇ ਉਸ ਨੇ ਕਪੜੇ ਪਾਏ । ਧੁੰਦ ਦਾ ਪੜਦਾ ਉਠ ਚੁਕਾ ਸੀ, ਦਿਨ ਨਿਖਰ ਆਇਆ । ਤਰੋਵਿਲ ਦੀ ਕਿਸ਼ਤੀ ਨੌ ਵਜੇ ਤੋਂ ਪਹਿਲਾਂ ਨਹੀਂ ਚਲਣੀ ਸੀ, ਇਸ ਲਈ ਉਸ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਚਿਆ ਕਿ ਜਾਣ ਤੋਂ ਪਹਿਲਾਂ ਉਹ ਮਾਂ ਨੂੰ ਚੁੰਮਣਾ ਕਰ ਚਲੇ। ਮਾਂ ਦੇ ਹਰ ਰੋਜ਼ ਦੇ ਉਠਣ ਸਮੇਂ ਤਕ ਉਸ ਨੇ ਇੰਤਜ਼ਾਰ ਕੀਤਾ ਤੇ ਫੇਰ ਹੇਠਾਂ ਉਤਰਿਆਂ । ਮਾਂ ਦੇ ਬੂਹੇ ਨੂੰ ਛਹੁੰਦਿਆਂ ਹੀ ਉਸ ਦੇ ਦਿਲ ਦੀ ਧੜਕਣ ਤੇਜ਼ ਹੋ ਗਈ ਤੇ ਉਹ ਜ਼ਰਾ ਕੁ ਸਾਹ ਲੈਣ ਲਈ ਰੁਕ ਗਿਆ। ਦਰਵਾਜ਼ੇ ਦੀ ਹੱਥੀ ਤੇ ਟਿਕਿਆ ਉਸ ਦਾ ਹੱਥ ਇਸ ਕਦਰ ਬੇਜ਼ਾਨ ਅਤੇ ਸਿੱਥਲ ਹੋ ਗਿਆ ਕਿ ਉਸ ਵਿਚ ਹੈਂਡਲ ਘੁੰਮਾਉਣ ਦੀ ਵੀ ਹਿੰਮਤ ਨਾ ਰਹੀ। ਉਸ ਨੇ ਦਰਵਾਜ਼ਾ ਖੜਕਾਇਆ। ਅੰਦਰੋ ਮਾਂ ਦੀ ਆਵਾਜ਼ ਸੁਣਾਈ ਦਿੱਤੀ :

"ਕੌਣ ਹੈ ?"

"ਪੀਅਰੇ।"

"ਕੀ ਚਾਹੀਦਾ ਹੈ ?"

"ਕੇਵਲ ਸ਼ੁਭ-ਪ੍ਰਭਾਤ ਕਹਿਣ ਆਇਆ ਹਾਂ ਕਿਉਂਕਿ ਮੈਂ ਅਜ ਕੁਝ ਦੋਸਤਾਂ ਸਮੇਤ ਪਿਕਨਿਕ ਲਈ ਤਰੋਵਿਲ ਜਾ ਰਿਹਾ ਹਾਂ।"

"ਪਰ ਮੈਂ ਤਾਂ ਹਾਲੇ ਬਿਸਤਰੇ ਵਿੱਚ ਹੀ ਹਾਂ।"

"ਤਾਂ ਆਪਣੇ ਆਪ ਨੂੰ ਬੇਆਰਾਮ ਨਾ ਕਰੋ, ਮੈਂ ਸ਼ਾਮ ਨੂੰ ਵਾਪਸੀ ਤੇ ਚੁੰਮਣ ਦੇ ਲਵਾਂਗਾ।"

ਉਸ ਨੂੰ ਆਸ ਬਝ ਗਈ ਕਿ ਮਾਂ ਨੂੰ ਮਿਲੇ ਬਿਨਾਂ ਹੀ ਉਸ ਦਾ ਛੁਟਕਾਰਾ ਹੋ ਜਾਵੇਗਾ, ਤੇ ਬਿਨਾਂ ਉਸ ਦੀਆਂ ਗੱਲ੍ਹਾਂ ਉਤੇ ਝੂਠਾ ਚੁੰਮਣ ਦੇਣ ਤੋਂ ਜਿਸ ਦਾ ਖਿਆਲ ਪਹਿਲਾਂ ਹੀ ਪੀਅਰੇ ਨੂੰ ਅਵਾਜਾਰ ਕਰ ਰਿਹਾ ਸੀ, ਉਥੋਂ ਚਲੇ ਜਾਣ ਦਾ ਮੌਕਾ ਮਿਲ ਜਾਵੇਗਾ ।

ਪਰ ਮਾਂ ਦਾ ਉੱਤਰ ਆਇਆ :

"ਇਕ ਪਲ ਰੁਕਣਾ, ਮੈਂ ਦਰਵਾਜ਼ਾ ਖੋਲਦੀ ਹਾਂ। ਮੇਰੇ ਬਿਸਤਰੇ ਵਿੱਚ ਮੁੜ ਆਉਣ ਤਕ ਬਾਹਰ ਹੀ ਖੜੇ ਰਹਿਣਾ।"

ਨੰਗੇ ਪੈਰਾਂ ਦੀ ਫਰਸ਼ ਤੇ ਚਲਣ ਦੀ ਪੈਛਲ ਉਹਦੇ ਕੰਨੀ ਪਈ, ਫੇਰ ਚਿਟਕਣੀ ਖੁਲਣ ਦੀ ਆਵਾਜ਼ ਆਈ ਤੇ ਪਲ ਕੁ ਪਿਛੋਂ ਮਾਂ ਜ਼ੋਰ ਨਾਲ ਬੋਲੀ, "ਅੰਦਰ ਆ ਜਾ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੀਅਰੇ ਨੇ ਅੰਦਰ ਕਦਮ ਰਖਿਆ। ਮਾਂ ਬਿਸਤਰੇ ਵਿੱਚ ਬੈਠੀ ਸੀ। ਉਸ ਦੇ ਨਾਲ ਹੀ ਸਿਰ ਤੇ ਰੇਸ਼ਮੀ ਰੁਮਾਲ ਬੰਨ੍ਹੀ ਕੰਧ ਵੱਲ ਮੂੰਹ ਭੁਆਈ ਰੋਲੈਂਡ ਸੌਂ ਰਿਹਾ ਸੀ। ਬਾਂਹ ਨੂੰ ਝੰਜੋੜੇ ਬਿਨਾਂ ਉਹ ਉਠਦਾ ਕਦੇ ਨਹੀਂ ਸੀ। ਮਛਲੀ ਪਕੜਨ ਜਾਣ ਵਾਲੇ ਦਿਨ ਮਲਾਹ ਪਾਪਾਗ੍ਰਿਸ ਨੀਯਤ ਸਮੇਂ ਆ ਕੇ ਘੰਟੀ ਵਜਾ ਕੇ ਨੌਕਰਾਣੀ ਨੂੰ ਉਠਾਉਂਦਾ ਤੇ ਉਹ ਆਪਣੀਆਂ ਅਖਾਂ ਨੂੰ ਗੂੜ੍ਹੀ ਨੀਂਦ ਵਿਚੋਂ ਮੁਸ਼ਕਿਲ ਨਾਲ ਧੂੰਦੀ। ਪਾਸ ਆਉਂਦਿਆਂ ਹੀ ਪੀਅਰੇ ਨੇ ਮਾਂ ਵੱਲ ਤਕਿਆ ਤੇ ਉਸ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਹ ਕਿਸੇ ਅਣਜਾਣ ਔਰਤ ਵੱਲ ਵੇਖ ਰਿਹਾ ਹੋਵੇ। ਮਾਂ ਨੇ ਮੂੰਹ ਉਪਰ ਚੁਕਿਆ। ਪੀਅਰੇ ਨੇ ਦੋਹਾਂ ਗੱਲਾਂ ਨੂੰ ਚੁੰਮਿਆ ਤੇ ਇਕ ਨੀਵੀਂ ਜਿਹੀ ਕੁਰਸੀ ਤੇ ਬੈਠ ਗਿਆ।

"ਤੂੰ ਪਾਰਟੀ ਦਾ ਕਲ ਸ਼ਾਮੀ ਪ੍ਰਬੰਧ ਕਰ ਲਿਆ ਸੀ ?" ਮਾਂ ਨੇ ਕਿਹਾ।

"ਹਾਂ, ਕਲ ਸ਼ਾਮੀ।"

"ਦੁਪਹਿਰ ਦੇ ਖਾਣੇ ਤੱਕ ਵਾਪਸ ਆ ਜਾਵੇਂਗਾ ?"

"ਹਾਲੇ ਮੈਨੂੰ ਕੋਈ ਪਤਾ ਨਹੀਂ। ਕਿਸੇ ਵੀ ਹਾਲ ਤੁਸੀਂ ਮੇਰੀ ਉਡੀਕ ਨਹੀਂ ਕਰਨੀ।"

ਬੜੀ ਹੈਰਾਨੀ ਭਰੀ ਤੱਕਣੀ ਉਸ ਨੇ ਮਾਂ ਵੱਲ ਸੁੱਟੀ। ਤਾਂ ਇਹ ਉਸ ਦੀ ਮਾਂ ਸੀ, ਇਹ ਔਰਤ! ਬਚਪਨ ਤੋਂ, ਸੁਰਤ ਸੰਭਾਲਣ ਸਮੇਂ ਤੋਂ, ਮਾਂ ਦਾ ਜਾਣਿਆ ਪਛਾਣਿਆ ਚਿਹਰਾ, ਉਸ ਦੀ ਮੁਸਕਾਨ, ਉਸ ਦੀ ਆਵਾਜ਼ ਅਤੇ ਸਭ ਕੁਝ ਪਹਿਲਾਂ ਨਾਲੋਂ ਨਵਾਂ, ਓਪਰਾ ਤੇ ਬਿਲਕੁਲ ਵਖਰਾ ਲੱਗਣ ਲੱਗਾ। ਉਸ ਨੂੰ ਸੋਝੀ ਪਈ ਕਿ ਲਾਡ ਪਿਆਰ ਕਰਨ ਸਮੇਂ ਮਾਂ ਵੱਲ ਉਸ ਨੇ ਪਹਿਲਾਂ ਕਦੇ ਸ਼ਨਾਖ਼ਸੀ ਨਜ਼ਰ ਨਾਲ ਤਕਿਆ ਹੀ ਨਹੀਂ। ਉਹੀ ਮਾਂ ਉਸ ਦੇ ਸਾਹਮਣੇ ਸਾਕਸ਼ੀ ਰੂਪ ਵਿੱਚ ਬੈਠੀ ਹੈ ਜਿਸ ਦੇ ਚਿਹਰੇ ਦੀ ਰੂਪ ਰੇਖਾ ਤੋਂ ਉਹ ਚੰਗੀ ਤਰ੍ਹਾਂ ਵਾਕਿਫ ਹੈ। ਪਰ ਇਹ ਰੂਪ ਰੇਖਾਵਾਂ ਉਸ ਨੇ ਪਹਿਲੀ ਵਾਰੀ ਘੋਖੀਆਂ ਸਨ। ਇਸ ਪਿਆਰੇ ਮੁੱਖ ਨੂੰ ਗਹੁ ਨਾਲ ਤਕਿਆਂ ਤੇ ਛਾਨਬੀਨ ਕੀਤਿਆਂ ਉਸ ਨੂੰ ਢੇਰ ਸਾਰਾ ਫਰਕ ਨਜ਼ਰੀਂ ਆਇਆ। ਇਕ ਨਵੀਂ ਸ਼ਕਲੋ-ਸੂਰਤ ਜੋ ਉਸ ਨੇ ਕਦੇ ਨਹੀਂ ਵੇਖੀ ਸੀ।

ਜਾਣ ਲਈ ਉਹ ਉਠ ਖੜੋਤਾ। ਪਿਛਲੀ ਰਾਤ ਤੋਂ ਉਸ ਦੇ ਦਿਲ ਵਿੱਚ ਇਕ ਤੂਫਾਨ ਮਚਿਆ ਹੋਇਆ ਸੀ ਤੇ ਓਹ ਕੁਝ ਜਾਨਣ ਲਈ ਬਹੁਤ ਉਤਾਵਲਾ ਸੀ। ਇਸੇ ਚਾਹਨਾਂ ਦੇ ਅਧੀਨ ਹੋ ਕੇ ਉਹ ਪੁੱਛ ਬੈਠਾ, "ਮਾਂ, ਮੇਰਾ ਖਿਆਲ ਹੈ ਕਿ ਮਾਰਸ਼ਲ ਦੀ ਇਕ ਤਸਵੀਰ ਪੈਰਿਸ ਰਹਿਣ ਸਮੇਂ ਸਾਡੀ ਬੈਠਕ ਵਿੱਚ ਲਗੀ ਹੋਈ ਸੀ।" ਇਕ ਦੋ ਪਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਸਤੇ ਉਹ ਝਿਜਕੀ ਜਾਂ ਘੱਟ ਤੋਂ ਘੱਟ ਪੀਅਰੇ ਨੇ ਹੀ ਸਮਝਿਆ ਕਿ ਉਹ ਝਿਜਕੀ ਹੈ। ਉਹ ਕਹਿਣ ਲਗੀ, "ਹਾਂ, ਪਰ ਗੱਲ ਕੀ ਏ ?"

"ਉਹ ਤਸਵੀਰ ਕਿਧਰ ਗਈ ?" ਪੀਅਰੇ ਨੇ ਪੁਛਿਆ। ਝੱਟ ਪੱਟ ਉੱਤਰ ਨਾ ਦੇ ਕੇ ਉਸ ਆਖਿਆ, "ਉਹ ਤਸਵੀਰ...ਜ਼ਰਾ ਠਹਿਰ—ਮੈਨੂੰ ਪੂਰੀ ਤਰ੍ਹਾਂ ਯਾਦ ਨਹੀਂ ਆ ਰਿਹਾ ਸ਼ਾਇਦ ਮੇਰੇ ਡੈਸਕ ਵਿਚ ਹੋਵੇ।"

"ਮੈਨੂੰ ਬੜੀ ਪ੍ਰਸੰਨਤਾ ਹੋਵੇਗੀ ਜੇ ਉਹ ਤਸਵੀਰ ਮੈਨੂੰ ਲੱਭ ਦੇਵੇਂ।"

"ਹਾਂ ਹਾਂ ਮੈਂ ਲੱਭ ਦਿਆਂਗੀ। ਪਰ ਤੈਨੂੰ ਕੀ ਲੋੜ ਪੈ ਗਈ ?"

"ਨਹੀਂ, ਮੇਰੇ ਵਾਸਤੇ ਨਹੀਂ। ਮੈਂ ਸਮਝਦਾ ਹਾਂ ਕਿ ਇਹ ਤਸਵੀਰ ਜੀਨ ਨੂੰ ਪੇਸ਼ ਕਰਨੀ ਬਿਲਕੁਲ ਜਾਇਜ਼ ਹੋਵੇਗੀ ਤੇ ਇਸ ਨਾਲ ਮੇਰੇ ਭਰਾ ਦੀ ਖੁਸ਼ੀ ਵਿੱਚ ਵਾਧਾ ਹੋਵੇਗਾ।"

"ਤੂੰ ਠੀਕ ਆਖਿਆ ਹੈ। ਬੜਾ ਨੇਕ ਖਿਆਲ ਹੈ, ਉਠਦਿਆਂ ਹੀ ਮੈਂ ਉਸ ਦੀ ਤਲਾਸ਼ ਕਰਾਂਗੀ।'

ਪੀਅਰੇ ਕਮਰੇ ਤੋਂ ਬਾਹਰ ਚਲਾਂ ਗਿਆ। ਨੀਲੇ ਬੱਦਲ-ਰਹਿਤ ਆਕਾਸ਼ ਵਿੱਚ ਹਵਾ ਨੇ ਵੀ ਸਾਹ ਪੀਤਾ ਹੋਇਆ ਸੀ। ਗਲੀਆਂ ਬਾਜ਼ਾਰਾਂ ਵਿੱਚ ਲੋਕ ਪ੍ਰਸੰਨ ਨਜ਼ਰ ਆਂ ਰਹੇ ਸਨ। ਵਿਉਪਾਰੀ ਆਪਣੇ ਕੰਮ-ਧੰਧਿਆਂ ਵਾਸਤੇ ਘਰਾਂ ਤੋਂ ਨਿਕਲ ਤੁਰੇ ਸਨ, ਬਾਬੂ ਲੋਕ ਦਫ਼ਤਰਾਂ ਨੂੰ ਤੇ ਕੁੜੀਆਂ ਦੁਕਾਨਾਂ ਨੂੰ। ਨਿਖਰੇ ਦਿਨ ਨਾਲ ਖਿੜੇ ਕੁਝ ਲੋਕ ਨਿੰਮੇ ਨਿੰਮੇ ਗੀਤ ਗੁਣਗੁਣਾ ਰਹੇ ਸਨ। ਯਾਤਰੀ ਤਰੋਵਿਲ ਜਾਣ ਵਾਲੀ ਕਿਸ਼ਤੀ ਤੇ ਸਵਾਰ ਹੋਣ ਲੱਗ ਪਏ। ਪੀਅਰੇ ਨੇ ਪਿਛਾੜੀ ਜਾ ਕੇ ਲਕੜੀ ਦੇ ਬੈਂਚ ਤੇ ਇਕ ਸੀਟ ਮਲ ਲਈ।

ਉਸ ਨੇ ਆਪਣੇ ਆਪ ਨੂੰ ਸਵਾਲ ਕੀਤਾ, "ਕੀ ਉਹ ਮੇਰੇ ਤਸਵੀਰ ਵਾਲੇ ਪ੍ਰਸਨ ਤੇ ਬੇਚੈਨ ਹੋਈ ਜਾਂ ਸਿਰਫ ਹੈਰਾਨ ਹੀ ਹੋਈ ਸੀ ? ਕੀ ਤਸਵੀਰ ਉਹ ਏਧਰ ਓਧਰ ਰੱਖ ਬੈਠੀ ਹੈ ਜਾਂ ਜਾਣਬੁਝ ਕੇ ਉਸ ਨੇ ਛੁਪਾ ਲਈ ਹੈ ? ਕੀ ਉਸ ਨੂੰ ਇਲਮ ਹੈ ਕਿ ਤਸਵੀਰ ਕਿੱਥੇ ਹੈ ਜਾਂ ਇਸ ਬਾਰੇ ਉਹ ਕੁਝ ਨਹੀਂ ਜਾਣਦੀ ? ਜੇਕਰ ਉਸਨੇ ਤਸਵੀਰ ਛੁਪਾ ਲਈ ਹੈ ਤਾਂ ਇਸ ਦਾ ਕੀ ਕਾਰਣ ਹੋ ਸਕਦਾ ਹੈ ?"

ਦਲੀਲ ਨਾਲ ਦਲੀਲ ਮੇਲਦਾ ਉਹ ਇਸ ਸਿੱਟੇ ਤੇ ਪਹੁੰਚਿਆ: ਤਸਵੀਰ, ਮਿੱਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਤਸਵੀਰ, ਇਕ ਜਿਗਰੀ ਦੋਸਤ ਦੀ ਤਸਵੀਰ ਡਿਊਢੀ ਵਿੱਚ ਸਭ ਦੇ ਸਾਹਮਣੇ ਪਈ ਰਹੀ। ਫੇਰ ਕਿਸੇ ਦੀ ਨਜ਼ਰ ਪੈਣ ਤੋਂ ਪਹਿਲਾਂ ਘਰ ਦੀ ਸਿਆਣੀ ਜਾਂ ਮਾਂ ਨੇ ਜਾਣ ਲਿਆ ਕਿ ਤਸਵੀਰ ਉਸ ਦੇ ਪੁੱਤਰ ਦੀ ਹਮਸ਼ਕਲ ਹੈ। ਨਿਰਸੰਦੇਹ ਉਹ ਬਹੁਤ ਸਮੇਂ ਤਕ ਸ਼ਕਲਾਂ ਵਿੱਚ ਮੇਲਜੋਲ ਨੂੰ ਤਕਦੀ ਰਹੀ। ਜਦੋਂ ਉਸ ਨੂੰ ਇਸ ਮੇਲਜੋਲ ਦਾ ਵਿਸਵਾਸ਼ ਹੋ ਗਿਆ ਅਤੇ ਇਸ ਸਚਾਈ ਤੋਂ ਵੀ ਜਾਣੂ ਹੋ ਗਈ ਕਿ ਕਿਸੇ ਨਾ ਕਿਸੇ ਦਿਨ ਹਰ ਕੋਈ ਇਸ ਭੇਤ ਨੂੰ ਸਮਝ ਲਵੇਗਾ, ਤਾਂ ਇਕ ਰਾਤੀ ਇਸ ਛੋਟੀ ਜਿਹੀ ਮੂਰਤ ਨੂੰ ਉਸ ਨੇ ਅਲੋਪ ਕਰ ਲਿਆ। ਕਿਉਂਕਿ ਤਸਵੀਰ ਨੂੰ ਪਾੜਨ ਦਾ ਉਸ ਵਿੱਚ ਹੌਸਲਾ ਨਾ ਹੋਇਆ, ਇਸ ਲਈ ਇਹ ਲੁਕਾ ਦਿੱਤੀ ਗਈ।

ਪੀਅਰੇ ਨੂੰ ਹੁਣ ਯਾਦ ਆਇਆ ਕਿ ਤਸਵੀਰ ਤਾਂ ਉਨ੍ਹਾਂ ਦੀ ਪੈਰਿਸ ਰਵਾਨਗੀ ਤੋਂ ਬਹੁਤ ਸਮਾਂ ਪਹਿਲਾਂ ਹੀ ਅਲੋਪ ਹੋ ਗਈ ਸੀ। ਉਸ ਨੂੰ ਵਿਸਵਾਸ਼ ਹੋ ਗਿਆ ਕਿ ਤਸਵੀਰ ਓਦੋਂ ਗੁੰਮ ਹੋਈ ਜਦੋਂ ਜੀਨ ਦੀ ਫੁਟਦੀ ਦਾੜ੍ਹੀ ਨੇ ਉਸ ਵਿੱਚ ਤੇ ਤਸਵੀਰ ਵਿਚਲੇ ਹਸ ਰਹੇ ਸੁੰਦਰ ਵਾਲਾਂ ਵਾਲੇ ਨੌਜੁਆਨ ਵਿਚ ਸ਼ਕਲਾ ਦਾ ਮੇਲ ਉਭਾਰ ਕੇ ਸਾਹਮਣੇ ਲੈ ਆਂਦਾ।

ਚਲਣ ਵੇਲੇ ਸਟੀਮਰ ਦੇ ਹਚਕੋਲੇ ਨਾਲ ਪੀਅਰੇ ਦੇ ਖਿਆਲਾਂ ਦੀ ਲੜੀ ਟੁੱਟ ਗਈ। ਉਹ ਖੜਾ ਹੋ ਗਿਆ ਤੇ ਸਮੁੰਦਰ ਵੱਲ ਦੇਖਣ ਲੱਗਾ। ਸਟੀਮਰ ਖੂਹੀਆ ਕੋਲੋਂ ਦੀ ਲੰਘ ਕੇ ਖੱਬੇ ਪਾਸੇ ਮੁੜਿਆ। ਭੱਫ ਭੱਫ ਕਰਦੇ ਹੰਭਦੇ ਸਟੀਮਰ ਨੇ ਦੂਰ ਦੇ ਕੰਡੇ ਵੱਲ ਰੁਖ ਮੋੜਿਆ ਜੋ ਸਵੇਰ ਦੀ ਧੁੰਦ ਵਿਚੀ ਝੌਲਾ ਜਿਹਾ ਦਿਖਾਈ ਦੇਂਦਾ ਸੀ। ਏਧਰ ਉਧਰ ਸ਼ਾਂਤ ਸਮੁੰਦਰ ਵਿਚ ਅਡੋਲ ਖੜੇ ਮੱਛੀਆਂ ਪਕੜਨ ਵਾਲੇ ਕਿਸੇ ਜਹਾਜ਼ ਦੇ ਨਾਲ ਪਤਵਾਰ ਇਵੇਂ ਨਜ਼ਰ ਆ ਰਹੇ ਸਨ ਜਿਵੇਂ ਸਮੁੰਦਰ ਦੀ ਹਿਕ ਚੋਂ ਪਹਾੜੀ ਉਭਰ ਰਹੀ ਹੋਵੇ। ਰੂਆਂ (Rouen) ਸ਼ਹਿਰ ਵੱਲੋਂ ਵਗਦਾ ਸੈਨ (Seine) ਦਰਿਆ ਸਮੁੰਦਰ ਵਿਚ ਦਾਖਲ ਹੋਣ ਦਾ ਵਿਸ਼ਾਲ ਰਸਤਾ ਲਗਦਾ ਸੀ ਜਿਸ ਨਾਲ ਲਾਗਲੀ ਜ਼ਮੀਨ ਦੋ ਵਡੇ ਵਡੇ ਭਾਗਾਂ ਵਿਚ ਵੰਡੀ ਨਜ਼ਰ ਆ ਰਹੀ ਸੀ।

ਘੰਟੇ ਤੋਂ ਵੀ ਘੱਟ ਸਮੇਂ ਵਿੱਚ ਤਰੋਵਿਲ ਆ ਗਿਆ। ਕਿਉਂਕਿ ਇਹ ਨ੍ਹਾਉਣ ਦਾ ਵੇਲਾ ਸੀ ਇਸ ਲਈ ਪੀਅਰੇ ਸਮੁੰਦਰੀ ਕੰਢੇ ਵੱਲ ਹੋ ਤੁਰਿਆ। ਦੂਰੋਂ ਸਮੁੰਦਰੀ ਕੰਢਾ ਖਿੜੇ ਫੁਲਾਂ ਨਾਲ ਭਰੇ ਹੋਏ ਬਾਗ ਦੀ ਤਰ੍ਹਾਂ ਲਗਦਾ ਸੀ। ਪੀਲੀ ਰੇਤ ਦੇ ਪਸਾਰ ਉਪਰ ਅਣਗਿਣਤ ਰੰਗੀਨ ਛਤਰੀਆਂ ਤੇ ਭਾਂਤ ਭਾਂਤ ਦੀਆਂ ਟੋਪੀਆਂ ਨਜ਼ਰ ਆ ਰਹੀਆਂ ਸਨ। ਨ੍ਹਾਉਣ ਕਮਰਿਆਂ ਦੇ ਸਾਹਮਣੇ ਰੰਗ ਬਰੰਗੀਆਂ ਪੁਸ਼ਾਕਾਂ ਪਾਈ, ਲੋਕ ਟੋਲੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣਾ ਕੇ ਜਾਂ ਕੰਢੇ ਨਾਲ ਲੰਮੀਆਂ ਪਾਲਾਂ ਵਿੱਚ ਖਲੋਤੇ ਜਾਂ ਏਧਰ ਉਧਰ ਵਿਖਰੇ, ਇੰਜ ਲਗਦੇ ਸਨ ਜਿਵੇਂ ਘਾਹ ਦੇ ਖੁਲ੍ਹੇ ਮੈਦਾਨਾਂ ਵਿਚ ਬੇਸ਼ੁਮਾਰ ਗੁਲਦਸਤੇ ਸਜਾ ਦਿੱਤੇ ਗਏ ਹੋਣ। ਪਤਲੀ ਹਵਾ ਵਿੱਚ ਤਿੱਖੀਆਂ ਆਵਾਜ਼ਾਂ ਦਾ ਦੂਰ ਨੇੜੇ ਰਾਮਰੌਲਾ. ਬੱਚਿਆਂ ਦੇ ਚੀਕ-ਚਹਾੜੇ, ਝੱਗ ਵਿੱਚ ਛਪਲ ਛਪਲ ਚਲਣ ਦੀਆਂ ਆਵਾਜ਼ਾਂ, ਤ੍ਰੀਮਤਾਂ ਦੇ ਦਿਲ-ਖਿਚਵੇ ਹਾਸੇ—ਇਨ੍ਹਾਂ ਸਭਨਾਂ ਦਾ ਮਿਲਗੋਭਾ ਇਕ ਲਗਾਤਾਰ ਹਲਕੇ ਸ਼ੋਰ ਵਿੱਚ ਤਬਦੀਲ ਹੋ ਜਾਂਦਾ ਜਿਹੜਾ ਬੇਮਲੂਮੀ ਸਮੁੰਦਰੀ ਹਵਾ ਵਿੱਚ ਰਲ ਕੇ ਉਸੇ ਵਿਚ ਹੀ ਸਮੋ ਜਾਂਦਾ। ਇਨ੍ਹਾਂ ਲੋਕਾਂ ਵਿੱਚ ਵਿਚਰਦਾ ਹੋਇਆ ਵੀ ਪੀਅਰੇ ਆਪਣੇ ਆਪ ਨੂੰ ਇੱਕਲਾ ਤੇ ਖੋਇਆ ਖੋਇਆ ਮਹਿਸੂਸ ਕਰਦਾ ਰਿਹਾ। ਉਹਦੇ ਮਨ ਦੀ ਹਾਲਤ ਇਹ ਸੀ ਕਿ ਕੰਢੇ ਤੋਂ ਸੌ ਕੋਹ ਦੂਰ ਜਹਾਜ਼ਾਂ ਦੇ ਡੈਕ ਤੋਂ ਜੇ ਕੋਈ ਉਸ ਨੂੰ ਥਾਹ ਸਮੁੰਦਰ ਵਿੱਚ ਚੁਕ ਮਾਰੇ, ਉਸ ਨਾਲੋਂ ਵੀ ਕਿਤੇ ਬਹੁਤਾ ਤਸੀਹਾ ਉਸ ਦੇ ਦਿਲ-ਚੀਰਵੇਂ ਖਿਆਲ ਦੇ ਰਹੇ ਸਨ। ਅਚੇਤੇ ਹੀ ਉਹ ਕਈਆਂ ਨਾਲ ਖਹਿ ਜਾਂਦਾ। ਕੁਝ ਬੋਲ ਵੀ ਉਹਦੇ ਕੰਨੀ ਪੈਂਦੇ, ਪਰ ਸਮਝ ਕੋਈ ਨਾ ਆਉਂਦੀ। ਮਰਦਾਂ ਨੂੰ ਤੀਵੀਆਂ ਨਾਲ ਗੱਲਾਂ ਕਰਦੇ ਅਤੇ ਤੀਵੀਆਂ ਨੂੰ ਮਰਦਾਂ ਤੇ ਮੁਸਕਰਾਉਂਦੀਆਂ ਉਹ ਖਾਲੀ ਨਜ਼ਰਾਂ ਨਾਲ ਤਕਦਾ।

ਪਲ ਕੁ ਪਿਛੋਂ ਝੱਟ ਉਹ ਚੁਕੰਨਾ ਹੋ ਗਿਆ ਜਿਵੇਂ ਉਸ ਦੀ ਨੀਂਦ ਖੁਲ੍ਹ ਗਈ ਹੋਵੇ ਤੇ ਲੋਕਾਂ ਵੱਲ ਗਹੁ ਨਾਲ ਤੱਕਣ ਲੱਗਾ। ਇਨ੍ਹਾਂ ਦੇ ਖੇੜੇ ਅਤੇ ਮਨ ਦੀ ਸ਼ਾਂਤੀ ਨੇ ਉਸ ਵਿੱਚ ਨਫਰਤ ਦਾ ਅਹਿਸਾਸ ਭਰ ਦਿੱਤਾ। ਲੋਕਾਂ ਨਾਲ ਖਹਿੰਦਾ ਉਹ ਝੁਰਮਟਾਂ ਵਿੱਚੀ ਅੱਗੇ ਚਲਦਾ ਗਿਆ ਅਤੇ ਨਵੇਂ ਖਿਆਲਾਂ ਦਾ ਸ਼ਿਕਾਰ ਹੋ ਕੇ ਇਨ੍ਹਾਂ ਝੁਰਮਟਾਂ ਦੁਆਲੇ ਭਾਉਂਦਾ ਰਿਹਾ। ਰੇਤ ਉਪਰ ਫੁਲਾਂ ਵਾਂਗ ਬਿਖਰੇ ਰੰਗ ਬਰੰਗੇ ਨ੍ਹਾਉਣ ਘਰ, ਧੁਪ-ਰੋਕੂ ਭੜਕੀਲੇ ਸ਼ੇਡ, ਨਿੱਕੀ ਜਿੰਨੀ ਜੁਤੀ ਤੋਂ ਲੈ ਕੇ ਕੀਮਤੀ ਟੋਪੀਆਂ ਤੱਕ ਫੈਸ਼ਨ ਦੀਆਂ ਹੁਨਰਮੰਦ ਕਾਢਾਂ, ਅਦਾਵਾਂ ਦਾ ਜਾਦੂ, ਬੋਲਾਂ ਦੀ ਝਣਕਾਰ ਤੇ ਮੁਸਕਾਣਾਂ ਦਾ ਤਲਿਸਮ-ਇਹ ਸਭ ਕੰਢੇ ਤੇ ਪਸਰਿਆ ਇਸ਼ਕ-ਜਾਲ ਉਸ ਨੂੰ ਇਸਤਰੀ ਜਾਤੀ ਦਾ ਬਿਗੜਿਆ ਹੋਇਆ ਇਕ ਵੱਡਾ ਪਸਾਰਾ ਲੱਗਣ ਲੱਗਾ। ਔਰਤਾਂ ਨੇ ਆਪਣੇ ਆਪ ਨੂੰ ਮਰਦਾਂ ਵਾਸਤੇ, ਸਾਰੇ ਮਰਦਾਂ ਵਾਸਤੇ ਸਜਾਇਆ ਹੋਇਆ ਸੀ ਸਵਾਏ ਆਪਣੇ ਪਤੀਆਂ ਤੋਂ ਜਿਨ੍ਹਾਂ ਦੇ ਦਿਲ ਜਿਤਣ ਲਈ ਇਨ੍ਹਾਂ ਤੀਮੀਆਂ ਨੂੰ ਕਿਸੇ ਖਾਸ ਉਪਰਾਲੇ ਦੀ ਲੋੜ ਨਹੀਂ ਹੁੰਦੀ। ਸੁੰਦਰ ਬਣਾਇਆ ਇਨ੍ਹਾਂ ਆਪਣੇ ਆਪ ਨੂੰ ਅੱਜ ਦੇ ਪਿਆਰੇ ਲਈ, ਕਲ ਦੇ ਪਿਆਰੇ ਲਈ ਜਾਂ ਕਿਸੇ ਅਜਿਹੇ ਅਜਨਬੀ ਲਈ ਜਿਸ ਨਾਲ ਸੁਤੇ ਸਿੱਧ ਮੇਲ ਹੋ ਗਿਆ ਹੋਵੇ, ਜਿਸ ਨੂੰ ਘੋਖਿਆ ਪਰਖਿਆ ਹੋਵੇ ਤੇ ਜਿਸ ਤੇ ਉਨ੍ਹਾਂ ਸ਼ਾਇਦ ਕੋਈ ਆਸ ਵੀ ਬਨ੍ਹ ਲਈ ਹੋਵੇ।

ਇਹ ਮਰਦ ! ਔਰਤਾਂ ਮੂੰਢ ਬੈਠੇ, ਉਨ੍ਹਾਂ ਦੀਆਂ ਅੱਖਾਂ ਵਿਚ ਬਿਟ ਬਿਟ ਤਕਦੇ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੂੰਹ ਜੋੜ ਜੋੜ ਗੱਲਾਂ ਕਰਕੇ ਉਨ੍ਹਾਂ ਨੂੰ ਆਪਣੇ ਵੱਲ ਮੋਹਤ ਕਰਨ ਦਾ ਜਤਨ ਕਰਦੇ। ਆਪਣੀਆਂ ਤਾਂਘਾਂ ਨਾਲ ਉਨ੍ਹਾਂ ਦੇ ਦਿਲ ਭਰਮਾ ਕੇ ਸ਼ਿਕਾਰੀ ਕੁੱਤੇ ਵਾਂਗ ਉਨ੍ਹਾਂ ਦਾ ਪਿਛਾ ਕਰਦੇ ਤੇ ਸਿਕਾਰ ਪਹੁੰਚ ਵਿੱਚ ਨਜ਼ਰ ਆਉਂਦਿਆਂ ਵੀ ਦੌੜ ਭਜਕੇ ਚਕਮਾ ਦੇ ਜਾਂਦਾ। ਭਾਵ ਸਮੁੰਦਰੀ ਕੰਢਾ ਉਹ ਬਜਾਰ ਹੈ ਜ਼ਿਥੇ ਆਪਾ ਵਿਕਦਾ, ਕੋਈ ਆਪਾ ਵਾਰਦਾ, ਕੋਈ ਆਪਣੀਆਂ ਪਿਆਰ-ਅਦਾਵਾਂ ਦਾ ਸੌਦਾ ਕਰਦਾ ਤੇ ਜਿਥੇ ਕਦੇ ਕਦੇ ਕੇਵਲ ਪਿਆਰ-ਵਾਹਦੇ ਹੀ ਹੁੰਦੇ। ਉਸ ਨੇ ਜਾਣਿਆ ਕਿ ਸੰਸਾਰ-ਸਾਰਾ ਸੰਸਾਰ ਸਿਰਫ 'ਉਸੀ' ਚੀਜ਼ ਪਿਛੇ ਭੌਂ ਰਿਹਾ ਹੈ।

ਉਸ ਦੀ ਮਾਂ ਨੇ ਫੇਰ ਕੀ ਨਿਆਰਾ ਕੰਮ ਕੀਤਾ-ਗੱਲ ਏਥੇ ਮੁਕਦੀ ਹੈ। ਬਾਕੀ ਔਰਤਾਂ ਵਾਂਗ ? ਨਹੀਂ ! ਕੁਝ ਫਰਕ ਵੀ ਹੁੰਦਾ ਹੈ, ਕਈ ਤਰ੍ਹਾਂ ਦੇ ਫਰਕ। ਸਮੁੰਦਰੀ ਕੰਢੇ ਤੇ ਘੁੰਮਦੀਆਂ, ਰਜੇ ਪੁਜੇ ਘਰਾਂ ਦੀਆਂ ਔਰਤਾਂ, ਪਿਆਰ ਪਿਛੇ ਦੀਵਾਨੀਆਂ ਹੁੰਦੀਆਂ ਹਨ। ਜ਼ਿਆਦਾ ਕਰਕੇ ਇਹ ਫੈਸ਼ਨ ਦੀ ਆਲੀਸ਼ਾਨ ਦੁਨੀਆਂ ਦੀਆਂ ਮੋਮੋਠਗਣੀਆਂ ਹੋਰ ਕਿਸਮ ਦੀ ਬੇਹਯਾਈ ਦੀਆਂ ਵੀ ਕਾਇਲ ਹੁੰਦੀਆਂ ਹਨ। ਇਜ਼ਤਦਾਰ ਇਸਤਰੀਆਂ ਸਮੁੰਦਰ ਕੰਢੇ ਭਾਉਣ ਵਾਲੀਆਂ ਦੀਆਂ ਟੋਲੀਆਂ ਵਿੱਚ ਕਦੇ ਸ਼ਾਮਲ ਹੁੰਦੀਆਂ ਹਨ ? ਇਨ੍ਹਾਂ ਵੇਹਲੜ ਮੰਡਲੀਆਂ ਵਿੱਚ ?

ਹੌਲੀ ਹੌਲੀ ਕਾਂਗ ਚੜ੍ਹਨ ਲੱਗੀ। ਇਸਦੇ ਨਾਲ ਹੀ ਨ੍ਹਾਉਣ ਵਾਲਿਆਂ ਦੀ ਪਹਿਲੀ ਪੰਗਤੀ ਵੀ ਪਿਛਾਂਹ ਪਰਤੀ। ਟੋਲਿਆਂ ਦੇ ਟੋਲੇ ਉਠਦੇ ਨਜ਼ਰੀਂ ਆਏ ਤੇ ਉਹ ਝੱਗ ਦੇ ਹਾਸ਼ੀਏ ਵਾਲੀ ਪੀਲੀ ਲਹਿਰ ਦੇ ਅੱਗੇ ਅੱਗੇ ਆਪਣੀਆਂ ਕੁਰਸੀਆਂ ਸੰਭਾਲੀ ਦੌੜਨ ਲਗੇ।

ਰਿੜ੍ਹਨ ਵਾਲੇ ਨ੍ਹਾਉਨ ਬਕਸੇ ਘੋੜਿਆਂ ਨੇ ਖਿਚ ਕੇ ਕਨਾਰੇ ਲਾਏ ਤੇ ਕੰਢੇ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਬਣਾਈ ਪਟਰੀ ਉਪਰ ਲਿਆ ਖਿਲ੍ਹਾਰੇ। ਇਸ ਨਾਲ ਨ੍ਹਾਉਣ ਘਰਾਂ ਦੀ ਇਕ ਅਟੁਟ, ਘਣੀ ਤੇ ਮੱਧਮ ਜਿਹੀ ਨਦੀ ਬਣ ਗਈ ਜਿਸ ਨੇ ਗਲਵਕੜੀਆਂ ਪਾਉਂਦੀ ਤੇ ਧੱਕਮਧੱਕਾਂ ਹੁੰਦੀ ਲੋਕਾਂ ਦੀ ਭੀੜ ਨੂੰ ਦੋ ਜੁਦੀਆਂ ਜੁਦੀਆਂ ਧਾਰਾਵਾਂ ਵਿੱਚ ਵੰਡ ਦਿੱਤਾ। ਘਬਰਾ ਕੇ ਬੇਦਿਲ ਹੋਇਆਂ ਪੀਅਰੇ ਉਥੋਂ ਭੱਜ ਨਿਕਲਿਆ ਤੇ ਸ਼ਹਿਰ ਦੀ ਹੱਦ ਲਾਗੇ ਇਕ ਸਧਾਰਨ ਜਿਹੀ ਸ਼ਰਾਬ ਦੀ ਦੁਕਾਨ ਤੇ ਉਹਨੇ ਨਾਸ਼ਤਾ ਕੀਤਾ।

ਕਾਫੀ ਪੀਣ ਪਿਛੋਂ ਬੂਹੇ ਲਾਗੇ ਦੋ ਕੁਰਸੀਆਂ ਆਮੋ ਸਾਹਮਣੇ ਰਖਕੇ ਉਹ ਲੇਟ ਗਿਆ। ਗਈ ਰਾਤੀ ਉਸ ਨੂੰ ਸੌਣਾ ਨਸੀਬ ਨਹੀਂ ਸੀ ਹੋਇਆ, ਇਸ ਲਈ ਨਿੰਬੂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੂਟੇ ਦੀ ਛਾਂ ਹੇਠਾਂ ਉਹ ਊਂਘਣ ਲੱਗਾ।

ਕੁਝ ਘੰਟੇ ਆਰਾਮ ਕਰਨ ਪਿਛੋਂ ਉਹ ਜਾਗਿਆ ਤੇ ਉਠ ਤੁਰਿਆ ਕਿਉਂਕਿ ਬੇੜੀ ਮੁੜਨ ਦਾ ਸਮਾਂ ਹੋ ਗਿਆ ਸੀ। ਪਰ ਹਾਲੇ ਵੀ ਉਹ ਨੀਂਦ ਨਾਲ ਹੰਭਿਆ ਹੋਇਆ ਸੀ। ਵਾਪਸ ਮੁੜਨ ਦਾ ਉਸ ਨੇ ਨਿਸਚਾ ਧਾਰ ਲਿਆ ਸੀ ਕਿਉਂਕਿ ਉਹ ਜਾਣਨਾ ਚਾਹੁੰਦਾ ਸੀ ਕਿ ਮਾਂ ਨੇ ਮਾਰਸ਼ਲ ਦੀ ਤਸਵੀਰ ਲੱਭੀ ਹੈ ਜਾਂ ਨਹੀਂ। ਕੀ ਉਹ ਖੁਦ ਇਸ ਦਾ ਜ਼ਿਕਰ ਕਰੇਗੀ ਜਾਂ ਉਸ ਨੂੰ ਆਪ ਹੀ ਪੁਛ-ਗਿਛ ਕਰਨੀ ਪਏਗੀ ? ਜੇਕਰ ਦੁਬਾਰਾ ਪੁਛ ਪੜਤਾਲ ਕਰਨ ਤਕ ਉਸਨੇ ਇੰਤਜ਼ਾਰ ਕੀਤਾ, ਨਿਰਸੰਦੇਹ ਹੀ ਤਸਵੀਰ ਨਾ ਵਿਖਾਉਣ ਦਾ ਉਸ ਦਾ ਕੋਈ ਗੁੱਝਾ ਕਾਰਣ ਹੋਵੇਗਾ।

ਪੀਅਰੇ ਆਪਣੇ ਕਮਰੇ ਪਰਤ ਆਇਆ। ਪਰ ਸ਼ਾਮ ਦੇ ਖਾਣੇ ਵਾਸਤੇ ਹੇਠਾਂ ਆਉਣੋਂ ਉਹ ਕਤਰਾਉਂਦਾ ਰਿਹਾ। ਉਹਦਾ ਦੁਖ ਅਸਹਿ ਸੀ। ਉਹਦੇ ਧੜਕਦੇ ਦਿਲ ਨੂੰ ਕੋਈ ਧੀਰ ਨਹੀਂ ਸੀ ਬਝਦੀ। ਫੇਰ ਵੀ ਦਿਲ ਨੂੰ ਮਜ਼ਬੂਤ ਕਰਕੇ ਉਹ ਡਾਈਨਿੰਗ ਰੂਮ ਵਿੱਚ ਆ ਗਿਆ। ਘਰਦੇ ਸਾਰੇ ਜ਼ੀਅ ਖਾਣੇ ਉਤੇ ਬੈਠ ਚੁਕੇ ਸਨ।

ਉਹ ਸਭ ਪ੍ਰਸੰਨ ਤਬੀਅਤ ਨਜ਼ਰ ਆਉਂਦੇ ਸਨ। ਰੋਲੈਂਡ ਆਪਣੀ ਪਤਨੀ ਨੂੰ ਆਖਣ ਲੱਗਾ, "ਹਾਂ, ਬਈ ਤੇਰੀ ਸ਼ੋਪਿੰਗ ਦਾ ਕੀ ਹਾਲ ਹੈ ? ਜਦੋਂ ਤੱਕ ਚੀਜ਼ਾਂ ਥਾਹੋਂ ਥਾਂਹ ਨਹੀਂ ਸੈਟ ਹੋ ਜਾਂਦੀਆਂ, ਮੈਂ ਕੁਝ ਨਹੀਂ ਦੇਖਣਾ ਚਾਹੁੰਦਾ।"

ਉਸ ਦੀ ਪਤਨੀ ਨੇ ਉੱਤਰ ਵਜੋਂ ਕਿਹਾ, "ਹਾਂ, ਬਿਲਕੁਲ ਠੀਕ। ਚੀਜ਼ਾਂ ਵਸਤਾਂ ਨੂੰ ਅਯੋਗ ਮੇਲਾਂ ਤੋਂ ਬਚਾਉਣ ਲਈ ਡੂੰਘੀ ਸੋਚ ਦੀ ਲੋੜ ਹੈ। ਅਜਕਲ ਅਸੀਂ ਫਰਨੀਚਰ ਦੇ ਸਵਾਲ ਤੇ ਵਿਚਾਰ ਕਰ ਰਹੇ ਹਾਂ।"

ਦਿਨ ਉਸ ਨੇ ਜੀਨ ਨਾਲ ਫਰਨੀਚਰ ਤੇ ਗਲੀਚਿਆਂ ਦੇ ਸਟੋਰਾਂ ਤੇ ਘੁੰਮਦਿਆਂ ਲੰਘਾਇਆ ਸੀ। ਉਹਦੀ ਚਾਹਨਾ ਸੀ ਕਿ ਉਹ ਮਹਿੰਗੇ ਤੋਂ ਮਹਿੰਗਾ ਜਾਂ ਇਉਂ ਕਹਿ ਲਉ ਕਿ ਭੜਕੀਲਾ ਸ਼ਾਜ-ਸਾਮਾਨ ਖਰੀਦੇ ਜਿਹੜਾ ਦੇਖਣ ਵਾਲੇ ਦੀਆਂ ਅੱਖਾਂ ਚੁੰਧਿਆ ਕੇ ਰਖ ਦੇਵੇ। ਇਸ ਦੇ ਵਿਪਰੀਤ ਉਸ ਦਾ ਪੁੱਤਰ ਸਾਦ-ਮੁਰਾਦੀਆ ਪਰ ਪਾਏਦਾਰ ਚੀਜ਼ਾਂ ਦੇ ਹੱਕ ਵਿੱਚ ਸੀ। ਜੋ ਵੀ ਨਮੂਨਾ ਦੁਕਾਨਦਾਰ ਪੇਸ਼ ਕਰਦਾ ਦੋਵੇਂ ਆਪੋ ਆਪਣੀ ਸਲਾਹ ਮੁੜ ਦੁਹਰਾਂਦੇ। ਮੁਅੱਕਲ ਨੂੰ ਪ੍ਰਭਾਵਤ ਕਰਨਾ ਮਾਂ ਜ਼ਰੂਰੀ ਸਮਝਦੀ ਸੀ ਤਾਂ ਕਿ ਬੈਠਕ ਵਿਚ ਵੜਦਿਆਂ ਹੀ ਉਹ ਘਰ ਦੀ ਅਮੀਰੀ ਦੇਖ ਕੇ ਦੰਗ ਰਹਿ ਜਾਵੇ। ਇਸ ਦੇ ਉਲਟ ਜੀਨ ਆਪਣੇ ਦਰਮਿਆਨੇ ਪਰ ਸੁਲਝੇ ਹੋਏ ਸਹਜ ਸੁਆਦ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹਾਇਤਾ ਨਾਲ ਕੇਵਲ ਅਮੀਰ ਤੇ ਫੈਸ਼ਨਦਾਰ ਗਾਹਕਾਂ ਦਾ ਚਾਹਵਾਨ ਸੀ ।

ਦਿਨ ਭਰ ਚਲੀ ਇਸੇ ਵਿਸ਼ੇ ਤੇ ਚਰਚਾ ਸੂਪ ਆਉਂਦਿਆਂ ਹੀ ਫੇਰ ਅਰੰਭ ਹੋ ਗਈ ।

ਰੋਲੈਂਡ ਦੀ ਆਪਣੀ ਕੋਈ ਜ਼ਾਤੀ ਰਾਏ ਨਹੀਂ ਸੀ । "ਮੈਂ ਕੁਝ ਵੀ ਸੁਣਨਾ ਨਹੀਂ ਚਾਹੁੰਦਾ । ਮੈਂ ਤਾਂ ਓਦੋਂ ਹੀ ਜਾ ਕੇ ਦੇਖਾਂਗਾ ਜਦੋਂ ਸਭ ਕੁਝ ਠੀਕ ਠਾਕ ਹੋ ਜਾਵੇਗਾ" ਰੋਲੈਂਡ ਨੇ ਕਿਹਾ । ਵੱਡੇ ਪੁਤਰ ਦਾ ਸਲਾਹ ਮਸ਼ਵਰਾ ਲੈਣ ਲਈ ਸ਼੍ਰੀਮਤੀ ਰੋਲੈਂਡ ਬੋਲੀ, "ਹਾਂ, ਪੀਅਰੇ ਤੇਰਾ ਕੀ ਵਿਚਾਰ ਹੈ ?" ਪੀਅਰੇ ਦੀਆਂ ਨਸਾਂ ਇਸ ਕਦਰ ਖਿਚੀਆਂ ਹੋਈਆਂ ਸਨ ਕਿ ਉਹ ਸੰਹੁ ਖਾ ਕੇ ਚੀਕਣਾ ਚਾਹੁੰਦਾ ਸੀ । ਪਰ ਉਸ ਨੇ ਆਪਣੇ ਆਪ ਨੂੰ ਰੋਕਿਆ ਅਤੇ ਖੁਸ਼ਕ ਅਵਾਜ਼ ਤੇ ਕੰਬਦੇ ਜਿਹੇ ਗੁੱਸੇ ਨਾਲ ਉਹਨੇ ਮੂੰਹ ਖੋਲ੍ਹਿਆ, 'ਜਿਥੋਂ ਤੱਕ ਮੇਰਾ ਤੁਅੱਲਕ ਹੈ, ਮੈਂ ਜੀਨ ਨਾਲ ਸਹਿਮਤ ਹਾਂ । ਮੈਂ ਸਾਦਗੀ ਦਾ ਖ਼ਿਆਲ ਹਾਂ ਕਿਉਂਕਿ ਸਾਦਗੀ ਸਦਾਚਾਰਕ ਸੁਚੱਜਤਾ ਨਾਲ ਮੇਲ ਖਾਂਦੀ ਹੈ ।" ਉਸ ਦੀ ਮਾਂ ਨੇ ਗਲ ਜ਼ਾਰੀ ਕਰਦਿਆ ਕਿਹਾ, "ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਵਿਉਪਾਰੀ ਲੋਕਾਂ ਦੇ ਸ਼ਹਿਰ ਵਿਚ ਵਸਦੇ ਹਾਂ ਜਿਥੇ ਸਹੁਜ ਸੁਆਦ ਨਾਂ ਦੀ ਕੋਈ ਚੀਜ਼ ਨਹੀਂ ।"

ਪੀਅਰੇ ਦਾ ਜਵਾਬ ਇਹ ਸੀ, "ਇਹ ਕੋਈ ਗੱਲ ਹੈ ? ਇਸ ਦਾ ਮਤਲਬ ਅਸੀਂ ਬੇਵਕੂਫ ਲੋਕਾਂ ਦੀ ਨਕਲ ਕਰੀਏ ? ਜੇ ਮੇਰੇ ਸ਼ਹਿਰ ਦੇ ਲੋਕ ਬੇਇਮਾਨ ਜਾਂ ਗਧੇ ਹੋਣ, ਕੀ ਇਹ ਜ਼ਰੂਰੀ ਹੈ ਕਿ ਮੈਂ ਵੀ ਉਨ੍ਹਾਂ ਦੇ ਮਗਰ ਚੱਲਾਂ ? ਕਿਸੇ ਨੇਕ ਔਰਤ ਲਈ ਇਹ ਤਾਂ ਜ਼ਰੂਰੀ ਨਹੀਂ ਕਿ ਉਹ ਵੀ ਗੁਨਾਹ ਕਰੇ ਕਿਉਂਕਿ ਉਸ ਦੀ ਗੁਆਂਢਣ ਬਦਚਲਣ ਹੈ ।"

ਜ਼ੀਨ ਦਾ ਹਾਸਾ ਨਾ ਰੁਕ ਸਕਿਆ । " ਤੇਰੀਆਂ ਤਸ਼ਬੀਹਾਂ ਤਾਂ ਇੰਜ ਲਗਦੀਆਂ ਹਨ ਜਿਵੇਂ ਕਿਸੇ ਸਦਾਚਾਰਿਕ ਲਿਖਾਰੀ ਦੇ ਮੁਹਾਵਰਿਆ ਵਿਚੋਂ ਚੁਣੀਆਂ ਗਈਆਂ ਹੋਣ ।"

ਪੀਅਰੇ ਨੇ ਕੋਈ ਉੱਤਰ ਨਾ ਦਿੱਤਾ । ਉਸ ਦੀ ਮਾਂ ਤੇ ਭਰਾ ਨੇ ਆਰਾਮ ਕੁਰਸੀਆਂ, ਪੜਦਿਆਂ, ਵਗੈਰਾ ਦੇ ਕਪੜੇ ਬਾਰੇ ਗਲਬਾਤ ਦੁਬਾਰਾ ਅਰੰਭ ਕਰ ਦਿੱਤੀ ।

ਉਸ ਨੇ ਦੋਹਾਂ ਵੱਲ ਤੱਕਿਆ ਜਿਵੇਂ ਸਵੇਰੇ ਉਸ ਨੇ ਤਰੋਵਿਲ ਟੁਰਨ ਤੋਂ ਪਹਿਲਾਂ ਮਾਂ ਵੱਲ ਤੱਕਿਆ ਸੀ । ਇਕ ਪਾਰਖੂ ਅਜਨਬੀ ਵਾਂਗ ਉਨ੍ਹਾਂ ਦੇ ਚਿਹਰਿਆਂ ਤੇ ਉਸ ਨੇ ਨਜ਼ਰ ਦੌੜਾਈ । ਦਰਅਸਲ ਪੀਅਰੇ ਇੰਜ ਅਨੁਭਵ ਕਰ ਰਿਹਾ ਸੀ ਜਿਵੇਂ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਸੇ ਓਪਰੇ ਟੱਬਰ ਵਿੱਚ ਆਣ ਠਹਿਰਿਆ ਹੋਵੇ । ਜਦੋਂ ਵੀ ਉਹ ਆਪਣੇ ਪਿਤਾ ਵੱਲ ਦੇਖਦਾ ਜਾਂ ਉਸ ਬਾਰੇ ਸੋਚਦਾ ਤਾਂ ਉਸ ਨੂੰ ਖਾਸ ਕਰਕੇ ਹੈਰਾਨੀ ਹੁੰਦੀ । ਇਹ ਮੋਟਾ ਡਲ੍ਹਕ ਡਲ੍ਹਕ ਕਰਦਾ ਆਦਮੀ ਸਬਰ ਦੀ ਸਾਦਾ ਮੂਰਤ ਉਸ ਦਾ ਬਾਪ ਸੀ-ਕੇਵਲ ਉਸ ਦਾ ! ਹਾਂ ਹਾਂ, ਜੀਨ ਥੋੜ੍ਹਾ ਵੀ ਤਾਂ ਉਸ ਵਰਗਾ ਨਹੀਂ ਸੀ ।

ਹਾਏ, ਇਹ ਟਬੱਰ ! ਦੋ ਦਿਨ ਹੋਏ ਕਿਸੇ ਅਣਪਛਾਤੇ ਵੈਰੀ ਹੱਥ ਨੇ, ਮਰੇ ਹੋਏ ਆਦਮੀ ਦੇ ਹੱਥ ਨੇ ਇਹ ਟਬੱਰ ਖੇਰੂੰ ਖੇਰੂੰ ਕਰ ਦਿੱਤਾ ਤੇ ਇਨ੍ਹਾਂ ਚੌਹਾਂ ਰੂਹਾਂ ਦੇ ਬੰਧਨਾਂ ਨੂੰ ਲੀਰੋ ਲੀਰ ਕਰ ਦਿਤਾ । ਸਭ ਖੇਲ੍ਹ ਮੁਕ ਗਿਆ ਸੀ ਤੇ ਉਹ ਸਦਾ ਲਈ ਨਖੇੜੇ ਗਏ । ਉਸ ਦੀ ਕੋਈ ਮਾਂ ਨਾ ਰਹੀ । ਜਦੋਂ ਉਸ ਦੇ ਦਿਲ ਵਿਚ ਮਾਂ ਲਈ ਕੋਮਲ, ਪਵਿਤਰ ਸਤਿਕਾਰ ਉੱਕਾ ਹੀ ਨਾ ਰਿਹਾ ਤਾਂ ਉਹ ਉਹਨੂੰ ਕਿਵੇਂ ਪਿਆਰ ਕਰ ਸਕਦਾ ਤੇ ਕਿਵੇਂ ਇਜ਼ਤ ਦੀ ਨਿਗਾਹ ਨਾਲ ਦੇਖ ਸਕਦਾ ਸੀ । ਉਸ ਦਾ ਕੋਈ ਭਰਾ ਨਹੀਂ, ਕਿਉਂਕਿ ਉਸ ਦਾ ਭਰਾ ਕਿਸੇ ਅਜਨਬੀ ਦੀ ਔਲਾਦ ਸੀ । ਕੇਵਲ ਪਿਤਾ ਹੀ ਬਾਕੀ ਰਿਹਾ, ਇਹ ਮੋਟਾ ਆਦਮੀ ਜਿਸ ਨੂੰ ਚਾਹੁੰਦਿਆਂ ਹੋਇਆਂ ਵੀ ਉਹ ਅਪਣਾ ਨਾ ਸਕਿਆ ।

ਝਬੱਦੇ ਹੀ ਉਹ ਬੋਲ ਉਠਿਆ :

"ਮਾਂ, ਕੀ ਉਹ ਤਸਵੀਰ ਮਿਲੀ ?"

ਹੈਰਾਨੀ ਨਾਲ ਉਸ ਨੇ ਅੱਖਾਂ ਟੱਡ ਲਈਆਂ ਤੇ ਬੋਲੀ, "ਕਿਹੜੀ ਤਸਵੀਰ ?"
"ਮਾਰਸ਼ਲ ਦੀ ।"

"ਨਹੀਂ—ਉਹ ਹਾਂ, ਮੈਂ ਤਲਾਸ਼ ਨਹੀਂ ਕੀਤੀ ਪਰ ਮੇਰਾ ਖਿਆਲ ਹੈ ਕਿ ਮੈਨੂੰ ਪਤੈ ਇਹ ਕਿੱਥੇ ਹੈ ।"

ਰੋਲੈਂਡ ਨੇ ਪੁੱਛ-ਪੁਛਾ ਕੀਤਾ, "ਕਾਹਦੇ ਬਾਰੇ ਤੁਸੀਂ ਗਲਬਾਤ ਕਰ ਰਹੇ ਹੋ ?'

ਪੀਅਰੇ ਨੇ ਉੱਤਰ ਦਿੱਤਾ, "ਮਾਰਸ਼ਲ ਦੀ ਤਸਵੀਰ ਬਾਰੇ ਜਿਹੜੀ ਪੈਰਿਸ ਸਾਡੀ ਡਿਓਢੀ ਵਿੱਚ ਹੋਇਆ ਕਰਦੀ ਸੀ । ਸ਼ਾਇਦ ਜੀਨ ਇਸ ਤਸਵੀਰ ਨੂੰ ਰਖਣਾ ਪਸੰਦ ਕਰੇ ।"

ਰੋਲੈਂਡ ਖੁਸ਼ੀ ਨਾਲ ਚਿਲਾਇਆ, "ਹਾਂ ਹਾਂ, ਜ਼ਰੂਰ, ਮੈਨੂੰ ਪੂਰੀ ਤਰ੍ਹਾਂ ਯਾਦ ਹੈ । ਮੈਂ ਤਾਂ ਹਾਲੇ ਪਿਛਲੇ ਹਫਤੇ ਹੀ ਇਹ ਦੇਖੀ ਸੀ । ਜਦੋਂ ਤੇਰੀ ਮਾਂ ਆਪਣੇ ਕਾਗਜ਼ ਪੱਤਰ ਥਾਹੋਂ ਥਾਂ ਕਰ ਰਹੀ ਸੀ ਤਾਂ ਇਸ ਨੇ ਤਸਵੀਰ ਦਰਾਜ਼ ਵਿਚੋਂ ਬਾਹਰ ਕੱਢੀ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀਰਵਾਰ ਜਾਂ ਸ਼ੁਕਰਵਾਰ ਦੀ ਇਹ ਗੱਲ ਹੈ। ਲੂਈ, ਤੈਨੂੰ ਯਾਦ ਹੈ ਕਿ ਨਹੀਂ ? ਮੈਂ ਹਜਾਮਤ ਬਣਾਉਣ ਲੱਗਾ ਸਾਂ ਤੇ ਤੂੰ ਦਰਾਜ਼ ਵਿੱਚੋਂ ਤਸਵੀਰ ਬਾਹਰ ਕੱਢ ਕੇ ਲਾਗਲੀ ਕੁਰਸੀ ਤੇ ਚਿੱਠੀਆਂ ਦੀ ਢੇਰੀ ਨਾਲ ਰੱਖੀ ਸੀ ਤੇ ਅੱਧੀਆਂ ਚਿੱਠੀਆਂ ਤੂੰ ਜਾਲ ਸੁੱਟੀਆਂ ਸਨ। ਹੈ ਨਾ ਬੜੇ ਅਸਚਰਜ ਦੀ ਗੱਲ ਕਿ ਜੀਨ ਦਾ ਵਿਰਸਾ ਮਿਲਣ ਤੋਂ ਕੇਵਲ ਦੋ ਜਾਂ ਤਿੰਨ ਦਿਨ ਪਹਿਲਾਂ ਤੂੰ ਇਸ ਤਸਵੀਰ ਨੂੰ ਵੇਖਿਆ ਚਾਖਿਆ ਹੋਵੇ। ਜੇ ਮੈਨੂੰ ਪਰਤੱਖਾਂ ਵਿਚ ਵਿਸ਼ਵਾਸ ਹੋਵੇ ਤਾਂ ਮੈਂ ਇਸ ਨੂੰ ਕਿਸਮਤ ਖੁਲ੍ਹਣ ਦਾ ਇਕ ਪ੍ਰਤਖ ਹੀ ਸਮਝਾਂਗਾ।"

ਸ਼੍ਰੀਮਤੀ ਰੋਲੈਂਡ ਨੇ ਹੌਲੀ ਜਿਹੇ ਜਵਾਬ ਦਿੱਤਾ, "ਹਾਂ, ਮੈਨੂੰ ਪਤਾ ਹੈ ਤਸਵੀਰ ਕਿੱਥੇ ਹੈ। ਮੈਂ ਹੁਣੇ ਹੀ ਲਿਆਉਂਦੀ ਹਾਂ। "

ਤਾਂ ਇਹ ਝੂਠ ਬੋਲ ਰਹੀ ਸੀ। ਅੱਜ ਸਵੇਰੇ ਹੀ ਇਸ ਨੇ ਝੂਠ ਬੋਲਿਆ ਜਦੋਂ ਆਪਣੇ ਪੁੱਤਰ ਦੇ ਤਸਵੀਰ ਬਾਰੇ ਪੁੱਛ ਗਿੱਛ ਦੇ ਸਵਾਲ ਦਾ ਇਉਂ ਉੱਤਰ ਦਿੱਤਾ ਸੀ, "ਠੀਕ ਤਰ੍ਹਾਂ ਮੈਨੂੰ ਪਤਾ ਨਹੀਂ। ਸ਼ਾਇਦ ਮੇਰੇ ਦਰਾਜ਼ ਵਿੱਚ ਹੋਵੇ।" ਇਸ ਨੇ ਤਸਵੀਰ ਨੂੰ ਦੇਖਿਆ ਸੀ, ਛੋਹਿਆ ਸੀ, ਘੋਖਿਆ-ਪਰਖਿਆ ਸੀ ਤੇ ਫੇਰ ਆਪਣੇ ਗੁਪਤ ਦਰਾਜ਼ ਵਿੱਚ ਕੁਝ ਚਿੱਠੀਆਂ ਸਮੇਤ, ਸ਼ਾਇਦ 'ਉਸ' ਦੀਆਂ ਚਿੱਠੀਆਂ ਨਾਲ ਰੱਖ ਲਿਆ।

ਪੀਅਰੇ ਨੇ ਆਪਣੀ ਮਾਂ ਵੱਲ ਤੱਕਿਆ ਜਿਸ ਨੇ ਉਸ ਕੋਲ ਝੂਠ ਬੋਲਿਆ ਸੀ। ਪੁੱਤਰ ਦਾ ਪੂਜਨੀਕ ਮਾਂ-ਪਿਆਰ ਧੋਖੇ ਨਾਲ ਵਲੂੰਧਰਿਆ ਗਿਆ। ਦਰਦ ਤੇ ਕਹਿਰ ਭਰੀਆਂ ਨਜ਼ਰਾਂ ਨਾਲ ਪੀਅਰੇ ਨੇ ਮਾਂ ਵੱਲ ਤੱਕਿਆ। ਉਸ ਦੀਆਂ ਅੱਖਾਂ ਵਿੱਚ ਗੁੱਸਾ ਉਸ ਆਦਮੀ ਦੀ ਜਲਣ ਵਰਗਾ ਸੀ ਜੋ ਕਾਫ਼ੀ ਚਿਰ ਅੰਨ੍ਹਾਂ ਰਹਿਣ ਤੋਂ ਬਾਅਦ ਆਖਰ ਕਿਸੇ ਸ਼ਰਮਨਾਕ ਧੋਖੇ ਤੋਂ ਵਾਕਫ਼ ਹੋ ਜਾਵੇ। ਜੇ ਉਹ ਪੀਅਰੇ, ਉਸ ਔਰਤ ਦਾ ਪੁੱਤਰ ਹੋਣ ਦੀ ਥਾਂ ਉਸ ਦਾ ਪਤੀ ਹੁੰਦਾ ਤਾਂ ਉਸ ਨੂੰ ਵੀਣੀ ਤੋਂ, ਮੋਢਿਆਂ ਤੋਂ, ਨਹੀਂ ਨਹੀਂ ਵਾਲਾਂ ਤੋਂ ਪਕੜ ਕੇ ਹੇਠਾਂ ਭੁਆ ਸੁੱਟਦਾ ਤੇ ਮਾਰ ਮਾਰ ਕੇ ਉਸ ਦਾ ਕਚੂਮਰ ਕੱਢ ਛੱਡਦਾ। ਪਰ ਹੁਣ ਉਹ ਕੁਝ ਨਹੀਂ ਕਹਿ ਸਕਦਾ, ਕੁਝ ਨਹੀਂ ਕਰ ਸਕਦਾ, ਕੁਝ ਬੋਲ ਨਹੀਂ ਸਕਦਾ, ਭੇਦ ਨਹੀ ਖੋਲ ਸਕਦਾ, ਕਿਉਂਕਿ ਉਹ ਉਸ ਦਾ ਪੁੱਤਰ ਹੈ ਤੇ ਉਸ ਨੂੰ ਬਦਲੇ ਦਾ ਕੋਈ ਹੱਕ ਹਾਸਲ ਨਹੀਂ। ਵਿਸ਼ਵਾਸਘਾਤ ਉਸ ਨਾਲ ਨਹੀਂ, ਉਹਦੇ ਪਿਤਾ ਨਾਲ ਹੋਇਆ ਸੀ।

ਪਰ ਹਾਂ, ਮਾਂ ਨੇ ਉਸ ਦੇ ਪਿਆਰ ਨੂੰ, ਉਸ ਦੇ ਮਾਤਾ ਪਿਤਾ ਵੱਲ ਸਤਿਕਾਰ ਨੂੰ ਧੋਖਾ ਦਿੱਤਾ ਸੀ। ਉਹਦਾ ਪੀਅਰੇ ਵੱਲ ਫ਼ਰਜ਼ ਬਣਦਾ ਸੀ ਕਿ ਉਹ ਦੁਰਾਚਾਰ ਦੇ ਕਲੰਕ ਤੋਂ ਬਚ ਕੇ ਰਹਿੰਦੀ ਜਿਵੇਂ ਹਰ ਮਾਂ ਦਾ ਆਪਣੇ ਬਚਿਆਂ ਵੱਲ ਇਹ ਫਰਜ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦਾ ਹੀ ਹੈ। ਜੇ ਉਸ ਦਾ ਕ੍ਰੋਧ ਨਫਰਤ ਦੀ ਹੱਦ ਨੂੰ ਪਾਰ ਕਰ ਗਿਆ ਸੀ ਤਾਂ ਇਸ ਦਾ ਕਾਰਣ ਇਹ ਅਨੁਭਵ ਸੀ ਕਿ ਉਸ ਨੇ ਪਿਤਾ ਨਾਲੋਂ ਵੀ ਜ਼ਿਆਦਾ ਜ਼ੁਲਮ ਪੁੱਤਰ ਤੇ ਕੀਤਾ ਸੀ।

ਪਤੀ ਪਤਨੀ ਦਾ ਪਿਆਰ ਇਕ ਆਪਸੀ ਸਮਝੌਤਾ ਹੁੰਦਾ ਹੈ। ਇਸ ਸਮਝੌਤੇ ਤਹਿਤ ਜੇ ਕੋਈ ਭਿਆਲ ਆਚਰਣਕ ਤੌਰ ਤੇ ਗਿਰ ਜਾਵੇ ਤਾਂ ਉਹ ਕੇਵਲ ਵਿਸ਼ਵਾਸਘਾਤ ਦਾ ਹੀ ਦੋਸ਼ੀ ਹੁੰਦਾ ਹੈ। ਪਰ ਇਸਤਰੀ ਜਦੋਂ ਮਾਂ ਬਣ ਜਾਂਦੀ ਹੈ ਉਹ ਜ਼ਿਆਦਾ ਜ਼ਿੰਮੇਵਾਰ ਹੋ ਜਾਂਦੀ ਹੈ ਕਿਉਂਕਿ ਕੁਦਰਤ ਉਸ ਦੀ ਗੋਦ ਵਿੱਚ ਸੰਤਾਨ ਤੇ ਸਰਬੰਸ ਪਾ ਦੇਂਦੀ ਹੈ। ਮਾਂ ਬਣ ਕੇ ਜੇ ਉਹ ਗਿਰਦੀ ਹੈ ਤਾਂ ਉਹ ਬੁਜ਼ਦਿਲ, ਹੀਣੀ ਤੇ ਕਮਜ਼ਾਤ ਹੁੰਦੀ ਹੈ।

ਆਦਤ ਅਨੁਸਾਰ ਟੇਬਲ ਥੱਲੇ ਲੱਤਾਂ ਪਸਾਰ ਕੇ ਤੇ ਬਦਾਮਾਂ ਦੀ ਸ਼ਰਾਬ ਦਾ ਗਲਾਸ ਬੁਲ੍ਹਾਂ ਨਾਲ ਛੋਹਦਾ ਹੋਇਆ ਰੋਲੈਂਡ ਸੁਤੇ ਸਿੱਧ ਹੀ ਬੋਲਿਆ, "ਜੇ ਪੈਸੇ ਵੱਲੋਂ ਖੁਲ੍ਹ ਖੇਡ ਹੋਵੇ ਤਾਂ ਵਿਹਲਾ ਰਹਿਣਾਂ ਵੀ ਖੁਸ਼ੀਆਂ ਤੋਂ ਖਾਲੀ ਨਹੀਂ ਹੁੰਦਾ। ਮੈਂ ਆਸ ਕਰਦਾ ਹਾਂ ਕਿ ਜੀਨ ਸਾਨੂੰ ਕਦੇ ਕਦੇ ਖਾਸ ਖਾਣਿਆਂ ਉਤੇ ਬੁਲਾਇਆ ਕਰੇਗਾ ਭਾਵੇਂ ਖਾ ਖਾ ਕੇ ਮੇਰੇ ਢਿੱਡ ਪੀੜ ਹੀ ਹੋ ਜਾਵੇ।"

ਫੇਰ ਆਪਣੀ ਇਸਤਰੀ ਵੱਲ ਮੂੰਹ ਘੁਮਾ ਕ ਬੋਲਿਆ, "ਮੈਂ ਕਿਹਾ ਜਾਹ ਤਸਵੀਰ ਲੈ ਆ। ਖਾਣਾ ਤੂੰ ਖਾ ਬੈਠੀ ਹੈਂ। ਤਸਵੀਰ ਦੇਖਣ ਨੂੰ ਮੇਰਾ ਵੀ ਮਨ ਕਰਦਾ ਹੈ।"

ਉਹ ਉਠੀ ਤੇ ਮੋਮਬੱਤੀ ਲੈ ਕੇ ਕਮਰੇ ਚੋ ਚਲੀ ਗਈ। ਕੋਈ ਤਿੰਨ ਕੁ ਮਿੰਟ ਦੀ ਦੇਰ ਬਾਅਦ ਜਿਹੜੀ ਪੀਅਰੇ ਨੂੰ ਇਕ ਬੜਾ ਵੱਡਾ ਅਰਸਾ ਲਗਿਆ ਸੀ, ਸ਼੍ਰੀਮਤੀ ਰੋਲੈਂਡ ਮੁਸਕਰਾਉਂਦੀ ਹੋਈ ਮੁੜ ਆਈ। ਪੁਰਾਣੇ ਫੈਸ਼ਨ ਦਾ ਭਰਤ ਦਾ ਬਣਿਆ ਇਕ ਫਰੇਮ ਉਸ ਨੇ ਹੁਕ ਤੋਂ ਫੜਿਆ ਹੋਇਆ ਸੀ।

"ਇਹ ਰਹੀ ਤਸਵੀਰ, ਮੈਨੂੰ ਝੱਟ ਮਿਲ ਗਈ।" ਉਸ ਨੇ ਆਉਂਦੀ ਨੇ ਕਿਹਾ।

ਸਭ ਤੋਂ ਪਹਿਲਾਂ ਤਸਵੀਰ ਫੜਨ ਲਈ ਡਾਕਟਰ ਨੇ ਹੱਥ ਵਧਾਇਆ। ਉਸ ਨੇ ਤਸਵੀਰ ਲਈ ਤੇ ਬਾਂਹ ਦੇ ਫਾਸਲੇ ਦੀ ਦੂਰੀ ਤੇ ਪਕੜ ਕੇ ਪਰਖਣ ਲੱਗਾ। ਇਸ ਪਿਛੋਂ ਇਹ ਮਹਿਸੂਸ ਕਰਕੇ ਕਿ ਮਾਂ ਉਸ ਵੱਲ ਵੇਖ ਰਹੀ ਹੈ, ਉਸ ਨੇ ਤਸਵੀਰ ਨਾਲ ਟਾਕਰਾ ਕਰਨ ਲਈ ਮਲਕੜੇ ਜਿਹੇ ਜੀਨ ਦੇ ਚਿਹਰੇ ਵੱਲ ਅੱਖਾਂ ਚੁੱਕੀਆਂ। ਤਸ਼ਦੱਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਵੇਗ ਨਾਲ ਉਸ ਦੇ ਮੂੰਹੋਂ ਇੰਜ ਨਿਕਲਦਾ ਨਿਕਲਦਾ ਰਹਿ ਗਿਆ, "ਹੈਂ ? ਇਹ ਤਾਂ ਹੂਬਹੂ ਜੀਨ ਵਰਗੀ ਹੈ ।" ਕਲੇਜੇ ਨੂੰ ਰੁਗ ਭਰਨ ਵਾਲੇ ਇਹ ਲਫਜ਼ ਭਾਵੇਂ ਉਸਨੂੰ ਮੂੰਹੋ ਕੱਢਣ ਦੀ ਹਿੰਮਤ ਨਹੀਂ ਪਈ, ਪਰ ਜਿਸ ਢੰਗ ਨਾਲ ਉਸ ਨੇ ਤਸਵੀਰ ਅਤੇ ਜੀਨ ਦੇ ਚਿਹਰੇ ਵਿਚਕਾਰ ਮੇਲਜੋਲ ਲੱਭਣ ਦੀ ਹਰਕਤ ਕੀਤੀ ਉਸ ਤੋਂ ਉਸ ਦੇ ਹਾਵ-ਭਾਵ ਸਾਫ ਜ਼ਾਹਿਰ ਹੋ ਗਏ ਸਨ ।

ਨਿਸਚੇ ਹੀ ਉਨ੍ਹਾਂ ਵਿਚਕਾਰ ਕੁਝ ਸਾਂਝੇ ਨਕਸ਼ ਸਨ । ਉਹੀ ਦਾੜ੍ਹੀ, ਉਹੀ ਭਰਵੱਟੇ । ਪਰ "ਔਹ ਪਿਤਾ (ਤਸਵੀਰ ਵੱਲ ਸੰਕੇਤ ਕਰਕੇ) ਤੇ ਇਹ ਪੁੱਤਰ ਵਾਲੀ ਗੱਲ ਦੀ ਪੁਸ਼ਟੀ ਕਰਨ ਲਈ ਹਾਲੇ ਕੋਈ ਪਰਪਕ ਸਬੂਤ ਨਹੀਂ ਮਿਲਿਆ ਸੀ । ਇਹ ਤੇ ਟੱਬਰ ਦੇ ਮੜਗੇ ਦੀ ਗੱਲ ਸੀ, ਨੈਣ ਨਕਸ਼ਾਂ ਦੇ ਮੇਲਜੋਲ ਦੀ ਜਿਹੜਾ ਸਾਧਾਰਣ ਹੀ ਉਨ੍ਹਾਂ ਲੋਕਾਂ ਵਿੱਚ ਪਾਇਆ ਜਾਂਦਾ ਹੈ ਜਿਨ੍ਹਾਂ ਦੀਆਂ ਰਗਾਂ ਵਿੱਚ ਇਕੋ ਖੂਨ ਹੋਵੇ । ਦੋਹ ਚਿਹਰਿਆਂ ਦੇ ਮੜੰਗੇ ਤੋਂ ਇਲਾਵਾ ਜਿਹੜੀ ਗੱਲ ਪੀਅਰੇ ਦੇ ਮੰਨ ਨੂੰ ਬਹੁਤੀ ਫੈਸਲਾਕੁਨ ਲਗੀ ਉਹ ਅਸਲੀਅਤ ਸੀ ਉਸ ਦੀ ਮਾਂ ਦਾ ਉਥੋਂ ਉਠਣਾ ਤੇ ਮੂੰਹ ਭੁਆ ਕੇ ਖੰਡ ਅਤੇ ਸ਼ਰਾਬ ਦੀਆਂ ਬੋਤਲਾਂ ਨੂੰ ਅਲਮਾਰੀ ਵਿੱਚ ਬੰਦ ਕਰਨ ਦਾ ਬਹਾਨਾ ਤੇ ਇਸ ਕੰਮ ਵਿੱਚ ਗੈਰਜ਼ਰੂਰੀ ਦੇਰ ਕਰਨੀ ।

ਉਹ ਤਾੜ ਗਈ ਕਿ ਪੀਅਰੇ ਨੂੰ ਸਭ ਕੁਝ ਮਲੂਮ ਹੋ ਗਿਆ ਹੈ ਜਾਂ ਘੱਟ ਤੋਂ ਘੱਟ ਉਸ ਨੂੰ ਇਸ ਤਰ੍ਹਾਂ ਦਾ ਭਰਮ ਤਾਂ ਪੈ ਹੀ ਗਿਆ ।

ਰੋਲੈਂਡ ਨੇ ਆਖਿਆ, "ਮੈਨੂੰ ਫੜ੍ਹਾ ।" ਪੀਅਰੇ ਨੇ ਤਸਵੀਰ ਪਿਤਾ ਨੂੰ ਪਕੜਾ ਦਿੱਤੀ ਤੇ ਉਹ ਮੋਮਬੱਤੀ ਨੇੜੇ ਲਿਆ ਕੇ ਗਹੁ ਨਾਲ ਵੇਖਨ ਲੱਗਾ । ਮੱਧਮ ਜਿਹੇ ਲਹਿਜ਼ੇ ਵਿੱਚ ਰੋਲੈਂਡ ਨੇ ਕਹਿਣਾ ਸ਼ੁਰੂ ਕੀਤਾ, "ਵਿਚਾਰਾ, ਜ਼ਰਾ ਸੋਚੋ ਏਨੀ ਸੋਹਣੀ ਸ਼ਕਲ ਸੀ ਉਹਦੀ ਜਦੋਂ ਸਾਡੀ ਜਾਣ ਪਛਾਣ ਹੋਈ । ਹੇ ਭਗਵਾਨ, ਸਮਾਂ ਬੀਤਦਿਆਂ ਕੁਝ ਦੇਰ ਨਹੀਂ ਲਗਦੀ । ਅੱਛਾ ! ਆਪਣੇ ਜ਼ਮਾਨੇ ਵਿੱਚ ਉਹ ਬੜਾ ਹੀ ਸੁਨੱਖਾ ਸੀ ਤੇ ਕਿੰਨੀ ਮਨਮੋਹਣੀ ਸੀ ਉਸ ਦੀ ਰਹਿਣੀ ਬਹਿਣੀ ਅਤੇ ਨੁਹਾਰ । ਕਿਉਂ ਲੂਈ, ਮੈਂ ਠੀਕ ਆਖਦਾ ਹਾਂ ਕਿ ਨਹੀਂ ?" ਉਸ ਦੀ ਪਤਨੀ ਨੇ ਕੋਈ ਉੱਤਰ ਨਾ ਦਿੱਤਾ । ਇਸ ਲਈ ਰੋਲੈਂਡ ਨੇ ਗੱਲ ਜਾਰੀ ਰੱਖੀ । "ਕਿੰਨਾ ਠੰਢਾ ਸੁਭਾ ਸੀ । ਮੈਂ ਕਦੇ ਵੀ ਉਹਨੂੰ ਗੁੱਸੇ ਵਿੱਚ ਨਹੀਂ ਦੇਖਿਆ । ਅੱਛਾ, ਹੁਣ ਤਾਂ ਸਭ ਗੱਲਾਂ ਮੁਕ ਗਈਆਂ । ਜੀਨ ਵਾਸਤੇ ਜੋ ਕੁਝ ਵੀ ਉਹ ਛੱਡ ਗਿਆ, ਉਸ ਤੋਂ ਸਿਵਾਏ ਉਹਦਾ ਕੁਝ ਵੀ ਬਾਕੀ ਨਹੀਂ ਰਿਹਾ । ਅਸੀਂ ਰੱਬ ਦੀ ਸੋਂਹ ਖਾ ਕੇ ਕਹਿ ਸਕਦੇ ਹਾਂ ਕਿ ਮਾਰਸ਼ਲ ਮਰਦੇ ਦਮ ਤਕ ਸੱਚਾ ਅਤੇ ਸੁੱਚਾ ਮਿੱਤਰ ਰਿਹਾ ਹੈ । ਮਰਨਵੇਲੇ ਵੀ ਉਹ ਸਾਨੂੰ ਭੁਲ ਨਾ ਸਕਿਆ ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ ਜੀਨ ਦੀ ਵਾਰੀ ਆਈ ਤਸਵੀਰ ਦੇਖਣ ਦੀ। ਕੁਝ ਪਲ ਉਹ ਤਸਵੀਰ ਵੱਲ ਤਕਦਾ ਰਿਹਾ ਤੇ ਫੇਰ ਦੁਖੀ ਜਿਹੇ ਲਹਿਜ਼ੇ ਨਾਲ ਕਹਿਣ ਲੱਗਾ, "ਮੈਂ ਤਾਂ ਇਹ ਨੂੰ ਬਿਲਕੁਲ ਪਛਾਣ ਨਹੀਂ ਸਕਦਾ। ਮੈਨੂੰ ਤਾਂ ਕੇਵਲ ਉਹਦੇ ਚਿੱਟੇ ਵਾਲਾਂ ਦਾ ਹੀ ਚੇਤਾ ਹੈ।" ਨਾਲ ਹੀ ਤਸਵੀਰ ਉਸ ਨੇ ਮਾਂ ਵੱਲ ਵਧਾ ਦਿੱਤੀ। ਮਾਂ ਨੇ ਕਾਹਲੀ ਜਿਹੀ ਇਕ ਤੱਕਣੀ ਤਸਵੀਰ ਉਤੇ ਸੁੱਟੀ ਤੇ ਫੇਰ ਮੂੰਹ ਦੂਜੇ ਬੰਨੇ ਕਰ ਲਿਆ। ਉਹ ਸਹਿਮੀ ਜਿਹੀ ਲੱਗਣ ਲੱਗੀ ਤੇ ਸਾਧਾਰਨ ਆਵਾਜ਼ ਵਿੱਚ ਕਹਿਣ ਲੱਗੀ, "ਜੀਨ, ਇਸ ਤਸਵੀਰ ਤੇ ਹੁਣ ਤੇਰਾ ਹੱਕ ਹੈ ਕਿਉਂਕਿ ਤੂੰ ਉਸ ਦਾ ਵਾਰਸ ਹੈਂ। ਇਹ ਹੁਣ ਤੇਰੇ ਨਵੇਂ ਕਮਰਿਆਂ ਦਾ ਸ਼ਿੰਗਾਰ ਬਣੇਗੀ।" ਜਦੋਂ ਉਹ ਮੁੜ ਡਿਉਢੀ ਵਿੱਚ ਵੜੇ ਤਾਂ ਉਸ ਨੇ ਇਹ ਫੋਟੋ ਮੈਂਟਲਪੀਸ ਤੇ ਰੱਖ ਦਿੱਤੀ, ਕਲਾਕ ਦੇ ਨੇੜੇ, ਜਿਥੇ ਇਹ ਪਹਿਲਾਂ ਪਈ ਹੁੰਦੀ ਸੀ।

ਰੋਲੈਂਡ ਨੇ ਆਪਣੀ ਪਾਈਪ ਭਰੀ। ਪੀਅਰੇ ਅਤੇ ਜੀਨ ਦੋਹਾਂ ਨੇ ਵੀ ਸਿਗਰਟਾਂ ਜਲਾ ਲਈਆਂ। ਇਕ ਭਰਾ ਨੂੰ ਆਦਤ ਸੀ ਕਿ ਉਹ ਸਿਗਰਟ ਪੀਣ ਵੇਲੇ ਆਮ ਤੌਰ ਤੇ ਕਮਰੇ ਵਿਚ ਇਧਰ-ਉਧਰ ਘੁੰਮਦਾ ਰਹਿੰਦਾ ਤੇ ਦੂਜਾ ਆਰਾਮ ਕੁਰਸੀ ਤੇ ਬੈਠ ਕੇ ਲੱਤ ਤੇ ਲੱਤ ਰੱਖ ਕੇ ਸਿਗਰਟ-ਨੋਸ਼ੀ ਕਰਦਾ। ਉਨ੍ਹਾਂ ਦਾ ਪਿਤਾ ਲੱਤਾਂ ਚੋੜੀਆਂ ਕਰਕੇ ਕੁਰਸੀ ਤੇ ਬੈਠਦਾ ਤੇ ਅੰਗੀਠੀ ਵਿੱਚ ਥੁਕਦਾ ਰਹਿੰਦਾ। ਸ੍ਰੀਮਤੀ ਰੋਲੈਂਡ ਬੱਤੀ ਵਾਲੇ ਟੇਬਲ ਦੇ ਲਾਗੇ ਨੀਵੀਂ ਜਿਹੀ ਸੀਟ ਤੇ ਬਹਿੰਦੀ ਅਤੇ ਆਮ ਤੌਰ ਤੇ ਕਸੀਦੇ ਦਾ ਜਾਂ ਬੁਣਾਈ ਦਾ ਕੰਮ ਕਰਦੀ ਜਾਂ ਫੇਰ ਧੋਣ ਵਾਲੇ ਕਪੜਿਆਂ ਤੇ ਧੋਬੀ-ਨਿਸ਼ਾਨ ਲਗਾਉਂਦੀ। ਅੱਜ ਸ਼ਾਮ ਉਹਨੇ ਜੀਨ ਦੇ ਸੌਣ ਕਮਰੇ ਵਿੱਚ ਬਿਛਾਉਣ ਲਈ ਕਿਸੇ ਚਾਦਰ ਤੇ ਕਢਾਈ ਸ਼ੁਰੂ ਕੀਤੀ ਸੀ। ਕਢਾਈ ਦਾ ਨਮੂਨਾ ਬੜਾ ਮੁਸ਼ਕਿਲ ਤੇ ਗੁੰਝਲਦਾਰ ਸੀ ਤੇ ਇਸ ਨੂੰ ਸ਼ੁਰੂ ਕਰਨ ਵਿੱਚ ਉਹਨੂੰ ਪੂਰਾ ਧਿਆਨ ਦਣ ਦੀ ਲੋੜ ਸੀ। ਫੇਰ ਵੀ ਕਦੇ ਕਦੇ ਉਹ ਜੋਟੇ ਗਿਣਦੀ ਅੱਖ ਚੁਰਾ ਕੇ ਕਲਾਕ ਦੇ ਸਹਾਰੇ ਖੜੀ ਮਰੇ ਆਦਮੀ ਦੀ ਤਸਵੀਰ ਵੱਲ ਨਜ਼ਰ ਮਾਰ ਲੈਂਦੀ। ਸਿਗਰਟ ਬੁਲ੍ਹਾਂ ਵਿੱਚ ਦਬਾ ਕੇ ਤੇ ਹੱਥ ਪਿੱਠ ਪਿਛੇ ਧਰ ਕੇ, ਡਾਕਟਰ ਇਧਰ ਉਧਰ ਘੁੰਮਦਾ ਭੀੜੇ ਕਮਰੇ ਦੀ ਲੰਬਾਈ ਨੂੰ ਚਹੂੰ ਪੰਜਾਂ ਲਾਂਘਾ ਵਿੱਚ ਹੀ ਮੁਕਾ ਲੈਂਦਾ ਤੇ ਹਰ ਚੱਕਰ ਵਿੱਚ ਉਹਦੀ ਨਜ਼ਰ ਮਾਂ ਦੀ ਨਜ਼ਰ ਨਾਲ ਜਾ ਟਕਰਾਉਂਦੀ।

ਕੋਈ ਇਹ ਵੀ ਕਹਿ ਸਕਦਾ ਹੈ ਕਿ ਉਹ ਦੋਵੇਂ ਇਕ ਦੂਜੇ ਉਪਰ ਜਾਸੂਸੀ ਕਰਦੇ ਹਨ ਤੇ ਛੇਤੀ ਹੀ ਉਨ੍ਹਾਂ ਵਿਚਕਾਰ ਲੜਾਈ ਦਾ ਏਲਾਨ ਹੋਣ ਵਾਲਾ ਹੈ। ਬੜੀ ਹੀ ਅਸਹਿ ਪੀੜ,-ਉਹ ਪੀੜ ਜਿਸ ਨੂੰ ਕੋਈ ਧੀਰਜ ਨਾ ਬਝਦੀ ਹੋਵੇ, ਪੀਅਰੇ ਦੇ ਦਿਲ ਨੂੰ ਵਲੂਧਰ ਰਹੀ ਸੀ। ਭਾਵੇਂ ਉਹ ਅਤਿਅੰਤ ਦੁਖੀ ਸੀ, ਪਰ ਫੇਰ ਵੀ ਸਚਾਈ ਨੂੰ ਲੱਭ ਕੇ ਤਸੱਲੀ ਮਹਿਸੂਸ ਕਰਦਿਆਂ ਉਸਨੇ ਆਪਣੇ ਆਪ ਨੂੰ ਕਿਹਾ, "ਜੇਕਰ ਉਹ ਜਾਣ ਗਈ ਹੋਵੇ ਕਿ ਮੈਂ ਸਭ ਕੁਝ ਸਮਝ ਗਿਆ ਹਾਂ ਤਾਂ ਇਸ ਘੜੀ ਉਹਨੂੰ ਕਿੰਨਾ ਦੁਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਵੇਗਾ ਅਤੇ ਉਹਦੇ ਦਿਲ ਤੇ ਕੀ ਗੁਜ਼ਰਦੀ ਹੋਵੇਗੀ।" ਅੰਗੀਠੀ ਵੱਲ ਹਰ ਮੋੜ ਤੇ ਉਹ ਦੋ ਚਾਰ ਸਕਿੰਟਾਂ ਲਈ ਰੁਕ ਜਾਂਦਾ ਤੇ ਮਾਰਸ਼ਲ ਦੇ ਜੋਬਨ-ਮੱਤੇ ਚਿਹਰੇ ਵੱਲ ਦੇਖਦਾ, ਭਾਵ ਉਹ ਇਹ ਜ਼ਾਹਰ ਕਰਨਾ ਚਾਹੁੰਦਾ ਸੀ ਕਿ ਕੋਈ ਖਾਸ ਖਿਆਲ ਉਹਨੂੰ ਰਹਿ ਰਹਿ ਕੇ ਕਲਪਾ ਰਿਹਾ ਹੈ। ਇਹ ਨਿੱਕੀ ਤਸਵੀਰ, ਗਿੱਠ ਨਾਲੋਂ ਵੀ ਛੋਟੀ, ਇਕ ਜਿਉਂਦੀ ਜਾਗਦੀ ਪਰ ਦੁਸ਼ਟ ਤੇ ਭਿਆਨਕ ਹਸਤੀ ਜਾਪਣ ਲਗੀ ਜਿਹੜੀ ਅਚਨਚੇਤ ਹੀ ਇਸ ਘਰ ਵਿੱਚ, ਇਸ ਟੱਬਰ ਵਿੱਚ ਆ ਧਮਕੀ ਹੈ।

ਦਰਵਾਜ਼ੇ ਦੀ ਘੰਟੀ ਵੱਜੀ। ਸ਼ਾਂਤ ਸੁਭਾ ਸ਼੍ਰੀਮਤੀ ਰੋਲੈਂਡ ਚੌਂਕ ਗਈ। ਇਸ ਹਰਕਤ ਤੋਂ ਡਾਕਟਰ ਨੇ ਉਹਦੀ ਘਬਰਾਹਟ ਦਾ ਅੰਦਾਜ਼ਾ ਲਗਾ ਲਿਆ। ਘਬਰਾਹਟ ਦੇ ਬਾਵਜੂਦ ਵੀ ਮਾਂ ਨੇ ਕਿਹਾ, "ਰੋਜ਼ਮਿੱਲੀ ਹੋਣੀ ਏ।" ਉਹਦੀ ਫਿਕਰਮੰਦ ਨਿਗਾਹ ਫੇਰ ਅੰਗੀਠੀ ਤੇ ਪਈ ਫੋਟੋ ਵੱਲ ਮੁੜ ਗਈ।

ਪੀਅਰੇ ਮਾਂ ਦਾ ਡਰ ਤੇ ਤੌਖਲਾ ਸਮਝ ਗਿਆ। ਜ਼ਨਾਨੀਆਂ ਦੀ ਅੱਖ ਤੇਜ਼, ਸਮਝ ਚੁਸਤ ਚਲਾਕ ਤੇ ਮਨ ਬੜੇ ਵਹਿਮੀ ਹੁੰਦੇ ਹਨ। ਅੰਦਰ ਆਉਣ ਵਾਲੀ ਔਰਤ ਜਦੋਂ ਤਸਵੀਰ ਦੇਖਗੀ ਤਾਂ ਉਹ ਪਹਿਲੀ ਨਜ਼ਰ ਵਿੱਚ ਹੀ ਜੀਨ ਦੇ ਚਿਹਰੇ ਅਤੇ ਤਸਵੀਰ ਵਿਚਲੇ ਚਿਹਰੇ ਦਾ ਮੇਲ ਜੋਲ ਤਾੜ ਜਾਵੇਗੀ। ਤਦੋਂ ਉਹ ਸਾਰਾ ਮਾਮਲਾ ਸਮਝ ਜਾਵੇਗੀ। ਪੀਅਰੇ ਨੂੰ ਡਰ ਪੈ ਗਿਆ, ਬਹੁਤ ਹੀ ਭਿਆਨਕ ਡਰ ਕਿ ਸਾਰੀ ਇਜ਼ੱਤ ਮਿੱਟੀ ਵਿੱਚ ਮਿਲ ਜਾਵੇਗੀ। ਬੂਹਾ ਖੁਲਦਿਆਂ ਸਾਰ ਹੀ ਉਹ ਮੁੜਿਆ, ਤਸਵੀਰ ਚੁੱਕੀ ਤੇ ਆਪਣੇ ਪਿਤਾ ਅਤੇ ਭਰਾ ਤੋਂ ਨਜ਼ਰ ਬਚਾ ਕੇ ਝੱਟ ਕਲਾਕ ਦੇ ਪਿਛੇ ਸਰਕਾ ਦਿੱਤੀ।

ਦੁਬਾਰਾ ਜਦੋਂ ਉਸ ਦਾ ਮਾਂ ਦੀਆਂ ਅੱਖਾ ਨਾਲ ਟਾਕਰਾ ਹੋਇਆ ਤਾਂ ਉਹਨੂੰ ਅੱਖਾਂ ਦਾ ਰੂਪ ਬਦਲਿਆ ਹੋਇਆ ਤੇ ਉਨ੍ਹਾਂ ਵਿਚ ਤੌਖਲਾ ਮਹਿਸੂਸ ਹੋਇਆ। ਸ਼੍ਰੀਮਤੀ ਰੋਜ਼ਮਿੱਲੀ ਨੇ ਅੰਦਰ ਕਦਮ ਰਖਦਿਆਂ ਹੀ ਆਖਿਆ, "ਸ਼ੁਭ ਦਿਨ, ਮੈਂ ਤੁਹਾਡੇ ਨਾਲ ਬਹਿ ਕੇ ਚਾਹ ਪੀਣ ਆਈ ਹਾਂ।' ਜਦੋਂ ਉਹ ਸਾਰੇ ਰੋਜ਼ਮਿੱਲੀ ਦਾ ਹਾਲ ਚਾਲ ਪੁਛਣ ਲਈ ਉਹਦੇ ਗਿਰਦ ਇੱਕਠੇ ਹੋਏ ਤਾਂ ਪੀਅਰੇ ਚੁਪ ਚਾਪ ਬਾਹਰ ਖਿਸਕ ਗਿਆ ਤੇ ਦਰਵਾਜ਼ਾ ਖੁਲ੍ਹਾ ਛਡ ਗਿਆ। ਪੀਅਰੇ ਨੂੰ ਇਸ ਤਰ੍ਹਾਂ ਜਾਂਦਿਆਂ ਦੇਖ ਕੇ ਉਹ ਸਾਰੇ ਹੱਕੇ ਬੱਕੇ ਰਹਿ ਗਏ। ਜੀਨ ਨੂੰ ਖਟਕਿਆ ਕਿ ਮੁਟਿਆਰ ਇਸਤਰੀ ਇਸ ਨੂੰ ਕਿਤੇ ਗੁਸਤਾਖੀ ਨਾ ਸਮਝ ਲਏ, ਇਸ ਲਈ ਉਹ ਬੁੜਬੁੜਾਇਆ, "ਕਿੰਨੀ ਵਾਹਿਯਾਤੀ," ਸ਼੍ਰੀਮਤੀ ਰੋਲੈਂਡ ਨੇ ਜਵਾਬ ਦਿੱਤਾ, "ਗੁੱਸੇ ਨਾ ਹੋ ਜੀਨ। ਅੱਜ ਪੀਅਰੇ ਦੀ ਤਬੀਅਤ ਠੀਕ ਨਹੀਂ ਹੈ। ਇਸ ਤੋਂ ਇਲਾਵਾ ਤਰੂਵਿਲ ਦੇ ਸਫਰ ਕਰਕੇ ਵੀ ਉਹ ਥਕਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਇਆ ਹੈ।" ਵਿਚੋਂ ਹੀ ਰੋਲੈਂਡ ਨੇ ਦਖਲ ਦਿੱਤਾ, "ਫੇਰ ਕੀ ਹੋਇਆ ? ਇਸ ਦਾ ਇਹ ਮਤਲਬ ਤਾਂ ਨਹੀਂ ਕਿ ਉਹ ਅਸਭਯ ਢੰਗ ਨਾਲ ਬਾਹਰ ਨਿਕਲ ਤੁਰੇ।"

ਰੋਜ਼ਮਿੱਲੀ ਨੇ ਮਾਮਲੇ ਨੂੰ ਨਿਪਟਾਉਣ ਵਜੋਂ ਆਖਿਆ, "ਨਹੀਂ ਨਹੀਂ, ਉਹ ਖਿਮਾ ਮੰਗ ਕੇ ਬਾਹਰ ਗਿਆ ਹੈ। ਜਦੋਂ ਕੋਈ ਜਲਦੀ ਉਠ ਕੇ ਜਾਣਾ ਚਾਹੇ ਤਾਂ ਸੋਸਾਇਟੀ ਵਿੱਚ ਇਸੇ ਤਰ੍ਹਾਂ ਹੀ ਖਿਮਾ ਮੰਗੀਦਾ ਹੈ। ਜੀਨ ਨੇ ਉਤਰ ਦਿੱਤਾ, "ਠੀਕ ਹੈ, ਸੋਸਾਇਟੀ ਵਿੱਚ ਇਸ ਤਰ੍ਹਾਂ ਹੁੰਦਾ ਹੈ, ਪਰ ਆਪਣੀ ਫੈਮਿਲੀ ਵਿੱਚ ਤਾਂ ਇਹ ਵਤੀਰਾ ਨਹੀਂ ਅਪਣਾਉਣਾ ਚਾਹੀਦਾ। ਪਿਛਲੇ ਕਈ ਦਿਨਾਂ ਤੋਂ ਮੈਂ ਇਸ ਦਾ ਇਹੋ ਹੀ ਚਾਲਾ ਦੇਖ ਰਿਹਾ ਹਾਂ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੌੜਾ ਤੇ ਮਿੱਠਾ

ਰੌਲੈਂਡ ਹੁਰਾਂ ਦੇ ਘਰ ਹਫ਼ਤਾ ਦੋ ਹਫਤੇ ਕੁਝ ਇਹੋ ਜਿਹਾ ਹੀ ਸਿਲਸਿਲਾ ਚਲਦਾ ਰਿਹਾ। ਨਿਤਪ੍ਰਤੀ ਰੋਲੈਂਡ ਮੱਛੀ ਪਕੜਨ ਤੁਰ ਪੈਂਦਾ ਜਿਵੇਂ ਉਹਦੀ ਆਦਤ ਸੀ। ਮਾਂ ਦੀ ਸਹਾਇਤਾ ਨਾਲ ਜੀਨ ਆਪਣੇ ਨਵੇਂ ਫਲੈਟ ਵਿੱਚ ਚਲਾ ਗਿਆ। ਪੀਅਰੇ ਸਿਰਫ ਖਾਣੇ ਵੇਲੇ ਹੀ ਆਪਣਾ ਗ਼ਮਗੀਨ ਚਿਹਰਾ ਦਿਖਾਉਂਦਾ। ਇਕ ਸ਼ਾਮ ਉਹਦੇ ਪਿਤਾ ਨੇ ਪੁਛਿਆ : "ਤੈਨੂੰ ਕੀ ਹੋ ਗਿਆ ਹੈ ਤੇਰੇ ਚਿਹਰੇ ਤੋਂ ਇੰਜ ਲਗਦਾ ਜਿਵੇਂ ਤੂੰ ਕਿਸੇ ਮਾਤਮ ਵਿੱਚ ਡੁਬਿਆ ਹੋਵੇਂ। ਮੈਂ ਕਈ ਦਿਨਾਂ ਤੋਂ ਇਹ ਦੇਖ ਰਿਹਾ ਹਾਂ।"

ਡਾਕਟਰ ਬੋਲਿਆ : "ਇਸ ਦਾ ਕਾਰਣ ਇਹ ਹੈ ਕਿ ਜੀਵਨ ਮੈਨੂੰ ਇਕ ਅਸਹਿ ਬੋਝ ਲੱਗ ਰਿਹਾ ਹੈ"

ਬੁੱਢੇ ਆਦਮੀ ਦੇ ਪੱਲੇ ਕੁਝ ਨਾ ਪਿਆ ਤੇ ਮਾਯੂਸ ਜਿਹਾ ਹੋ ਕੇ ਅੱਗੇ ਬੋਲਿਆ, "ਮੈਂ ਕਹਿੰਦਾ ਹਾਂ ਕਿ ਇਹ ਬਹੁਤ ਭੈੜੀ ਗੱਲ ਹੈ। ਜਿਸ ਦਿਨ ਦੀ ਇਹ ਵਿਰਾਸਤ ਨਸੀਬ ਹੋਈ ਹੈ ਉਸ ਦਿਨ ਦਾ ਸਭ ਨੂੰ ਸੱਪ ਸੁੰਘ ਗਿਐ। ਇੰਜ ਲਗਦਾ ਹੈ ਜਿਵੇਂ ਕੋਈ ਦੁਰਘਟਨਾ ਵਾਪਰ ਗਈ ਹੈ ਜਾਂ ਘਰ ਵਿੱਚ ਮਾਤਮ ਹੋ ਗਿਐ।"

ਪੀਅਰੇ ਬੋਲਿਆ, "ਹਾਂ, ਮੈਂ ਕਿਸੇ ਦੇ ਮਾਤਮ ਵਿੱਚ ਤੜਫ ਰਿਹਾ ਹਾਂ।"

"ਤੂੰ ! ਕਿਹਦਾ ਮਾਤਮ ?"

"ਉਹਦਾ ਜਿਹਨੂੰ ਮੈਂ ਹਦੋਂ ਵੱਧ ਪਿਆਰ ਕੀਤਾ ਤੇ ਜਿਸ ਨੂੰ ਤੁਸੀਂ ਨਹੀਂ ਜਾਣਦੇ।"

ਰੋਲੈਂਡ ਦੀ ਸੋਚ ਮੁਤਾਬਿਕ ਪੀਅਰੇ ਨੂੰ ਕਿਸੇ ਨਾਲ ਮੁਹਬਤ ਹੋ ਗਈ ਜਾਪੀ। ਇਸ ਲਈ ਉਸ ਨੇ ਪੁਛਿਆ :

"ਕੋਈ ਔਰਤ ਹੋਣੀਏ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਹਾਂ, ਹਾਂ, ਔਰਤ।"

"ਕੀ ਉਹ ਮਰ ਗਈ ?"

"ਨਹੀਂ, ਇਸ ਤੋਂ ਵੀ ਮਾੜੀ ਗੱਲ, ਉਹ ਜਿਉਂਦੀ ਹੀ ਮਰ ਗਈ।"

"ਉਫ !"

ਆਪਣੀ ਪਤਨੀ ਦੇ ਸਾਹਮਣੇ ਪੀਅਰੇ ਦੇ ਅਚਾਨਕ ਸਾਫ ਸਾਫ ਬਿਆਨ ਤੇ ਰੋਲੈਂਡ ਨੂੰ ਬੜੀ ਹੈਰਾਨੀ ਹੋਈ। ਨਾਲ ਨਾਲ ਉਹ ਪੁੱਤਰ ਦੇ ਲਹਿਜੇ ਤੋਂ ਵੀ ਭੰਵਲ-ਭੂਸੇ ਵਿੱਚ ਪੈ ਗਿਆ। ਪਰ ਇਸ ਮਾਮਲੇ ਤੇ ਉਹਨੇ ਗੱਲ ਅੱਗੇ ਨਾ ਵਧਾਈ ਕਿਉਂਕਿ ਉਹ ਸਮਝਦਾ ਸੀ ਕਿ ਇਸ ਵਿੱਚ ਤੀਜੇ ਆਦਮੀ ਨੂੰ ਦਖਲ ਦੇਣ ਦਾ ਹੱਕ ਹਾਸਲ ਨਹੀਂ ਹੈ।

ਸ੍ਰੀਮਤੀ ਰੋਲੈਂਡ ਚੁਪ ਰਹੀ ਜਿਵੇਂ ਉਸ ਨੇ ਕੁਝ ਸੁਣਿਆ ਹੀ ਨਾ ਹੋਵੇ। ਰੰਗ ਉਹਦਾ ਪੀਲਾ ਫਿਰ ਗਿਆ ਤੇ ਚਿਹਰਾ ਬਿਮਾਰਾਂ ਵਰਗਾ ਦਿਸਣ ਲੱਗਾ। ਉਹ ਕੁਰਸੀ ਦੇ ਵਿੱਚ ਨੂੰ ਧੱਸ ਗਈ ਤੇ ਉਭੇ ਉਭੇ ਸਾਹ ਲੈਣ ਲੱਗੀ ਜਿਵੇਂ ਸਾਹ ਲੈਣਾ ਉਸ ਵਾਸਤੇ ਮੁਹਾਲ ਹੋ ਗਿਆ ਹੋਵੇ। ਇਹ ਦੇਖ ਕੇ ਉਸ ਦਾ ਪਤੀ ਬੋਲਿਆ :

"ਲੂਈ, ਤੂੰ ਬੀਮਾਰ ਲਗਦੀ ਏ। ਜੀਨ ਦੇ ਕੰਮਾਂ ਕਾਰਾਂ ਵਿੱਚ ਰੁਝੀ ਤੂੰ ਥੱਕ ਕੇ ਚੂਰ ਹੋ ਚੁਕੀ ਹੈ। ਛੱਡ ਸਾਰੇ ਝਮੇਲੇ ਤੇ ਆਰਾਮ ਕਰ। ਉਹਨੂੰ ਕੀ ਕਾਹਲੀ ਹੈ, ਬੱਚੂ ਹੁਣ ਪੈਸੇ ਵਾਲਾ ਹੈ।"

ਬਿਨਾਂ ਕੁਝ ਕਹੇ ਸ੍ਰੀਮਤੀ ਰੋਲੈਂਡ ਨੇ ਸਿਰ ਹਿਲਾਇਆ। ਅੱਜ ਉਹਦਾ ਚੇਹਰਾ ਏਨਾ ਉਤਰਿਆ ਹੋਇਆ ਸੀ ਕਿ ਰੋਲੈਂਡ ਦੇਖ ਕੇ ਰਹਿ ਨਾ ਸਕਿਆ ਤੇ ਕਹਿਣ ਲੱਗਾ :

"ਆ ਪਿਆਰੀ ਸਾਥਣ 'ਕੁੜੀਏ'। ਆ ਤੇਰਾ ਕੋਈ ਉਪਾ ਸੋਚੀਏ"। ਫੇਰ ਆਪਣੇ ਪੁੱਤਰ ਵੱਲ ਮੂੰਹ ਭੁਆ ਕੇ ਕਹਿਣ ਲੱਗਾ :

"ਦੇਖ ਪੀਅਰੇ ਇਹ ਤਾਂ ਬੀਮਾਰ ਲਗਦੀ ਹੈ। ਮੇਰਾ ਖਿਆਲ ਹੈ ਤੂੰ ਇਹਦੀ ਜਾਂਚ ਵਗੈਰਾ ਤਾਂ ਕਰ ਲਈ ਹੋਣੀ ਏ।"

ਪੀਅਰੇ ਨੇ ਉੱਤਰ ਦਿਤਾ :

"ਨਹੀਂ, ਮੈਨੂੰ ਤਾਂ ਪਤਾ ਵੀ ਨਹੀਂ ਕਿ ਮਾਂ ਬੀਮਾਰ ਹੈ।"

ਰੋਲੈਂਡ ਗੁੱਸੇ ਵਿਚ ਤਿੜਕਿਆ, "ਕੀ ? ਅੰਨ੍ਹੇ ਨੂੰ ਵੀ ਦਿਸਦਾ ਹੈ ਕਿ ਉਹ ਤੰਦਰੁਸਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ। ਡਾਕਟਰ ਬਣਨ ਦਾ ਕੀ ਫਾਇਦਾ ਜੇ ਤੂੰ ਇਹ ਵੀ ਨਹੀਂ ਦੇਖ ਸਕਦਾ ਕਿ ਤੇਰੀ ਮਾਂ ਦੀ ਤਬੀਅਤ ਅੱਛੀ ਨਹੀਂ ਹੈ। ਦੇਖ ਤਾਂ ਸਹੀ ਉਹ ਦੇ ਵੱਲ! ਉਹ! ਕੋਲ ਭਾਵੇਂ ਕੋਈ ਮਰਦਾ ਜਾਵੇ, ਪਰ ਇਹ ਡਾਕਟਰ ਉਹਨੂੰ ਦੇਖੇਗਾ ਨਹੀਂ।"

ਸ੍ਰੀਮਤੀ ਰੋਲੈਂਡ ਡੂੰਘੇ ਡੂੰਘੇ ਸਾਹ ਲੈਣ ਲੱਗੀ। ਉਹ ਇੰਨੀ ਪੀਲੀ ਫਿਰ ਗਈ ਕਿ ਦੇਖ ਕੇ ਉਹਦਾ ਪਤੀ ਜ਼ੋਰ ਨਾਲ ਚਿਲਾਇਆ :

"ਇਹ ਤਾਂ ਬੇਹੋਸ਼ ਹੋਣ ਲੱਗੀ ਹੈ।"

"ਨਹੀਂ, ਕੁਝ ਨਹੀਂ ਹੁੰਦਾ। ਠੀਕ ਹੋ ਜਾਵੇਗੀ। ਘਬਰਾਉਣ ਦੀ ਕੋਈ ਗੱਲ ਨਹੀਂ।"

ਪੀਅਰੇ ਮਾਂ ਦੇ ਨੇੜੇ ਹੋਇਆ ਤੇ ਨੀਝ ਲਾ ਕੇ ਤੱਕਣ ਲੱਗਾ।

"ਹਾਂ, ਕੀ ਗੱਲ ਹੈ ?" ਪੀਅਰੇ ਬੋਲਿਆ।

ਕਾਹਲੀ ਕਾਹਲੀ ਦੱਬੀ ਜ਼ਬਾਨ ਵਿੱਚ ਉਹ ਬੋਲੀ, "ਕੁਝ ਨਹੀਂ—ਕੁਝ ਨਹੀਂ—ਮੈਂ ਤੈਨੂੰ ਯਕੀਨ ਦੁਆਂਦੀ ਹਾਂ ਕਿ ਕੋਈ ਗੱਲ ਨਹੀਂ ਹੈ।"

ਰੋਲੈਂਡ ਅਮੋਨੀਆਂ ਦੀ ਬੋਤਲ ਲੈਣ ਚਲਾ ਗਿਆ। ਜਦੋਂ ਵਾਪਸ ਆਇਆ ਤਾਂ ਪੁੱਤਰ ਦੇ ਹੱਥ ਵਿਚ ਬੋਤਲ ਫੜਾ ਕੇ ਬੋਲਿਆ ;

"ਲੈ ਫੜ, ਕਰ ਇਹਦੇ ਲਈ ਕੁਝ। ਇਹਦੀ ਨਬਜ਼ ਦੇਖੀ ਹੈ ਜਾਂ ਨਹੀਂ ?"

ਜਿਉਂ ਹੀ ਪੀਅਰੇ ਮਾਂ ਦੀ ਵੀਣ੍ਹੀ ਫੜਨ ਲਈ ਝੁਕਿਆ ਤਾਂ ਉਹਨੇ ਆਪਣਾ ਹੱਥ ਇੰਨੀ ਤੇਜ਼ੀ ਨਾਲ ਪਿਛਾਂਹ ਹਟਾਇਆ ਕਿ ਉਹ ਕੋਲ ਪਈ ਕੁਰਸੀ ਵਿੱਚ ਜਾ ਵਜਿਆ।

ਰੁੱਖੀ ਆਵਾਜ਼ ਵਿੱਚ ਪੀਅਰੇ ਬੋਲਿਆ, "ਉਰ੍ਹਾਂ ਕਰ ਬਾਂਹ, ਮੈਂ ਤੈਨੂੰ ਦੇਖਾਂ, ਤੂੰ ਬੀਮਾਰ ਹੋ ਗਈ ਏਂ।"

ਇਸ ਵਾਰੀ ਮਾਂ ਉਠੀ ਤੇ ਆਪਣੀ ਬਾਂਹ ਉਹਦੇ ਵੱਲ ਵਧਾ ਦਿੱਤੀ। ਉਹਦੀ ਚਮੜੀ ਭੱਖ ਰਹੀ ਸੀ। ਨਬਜ਼ ਬੇਤਰਤੀਬ ਸੀ ਤੇ ਬੜੀ ਤੇਜ਼ ਚਲ ਰਹੀ ਸੀ। ਪੀਅਰੇ ਬੁੜਬੁੜਾਇਆ, "ਹਾਲਤ ਤਾਂ ਸਚਮੁਚ ਗੰਭੀਰ ਹੈ। ਤੂੰ ਹਾਲੇ ਦਰਦ ਦੀ ਦੁਆਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਾਹ । ਮੈਂ ਜਾਕੇ ਦਵਾਈ ਲਿਖਦਾ ਹਾਂ ।"

ਜਦੋਂ ਉਹ ਆਪਣੇ ਕਾਗਜ਼ਾਂ ਤੇ ਝੁਕ ਕੇ ਦਵਾਈ ਲਿਖ ਰਿਹਾ ਸੀ ਤਾਂ ਹਟਕੋਰਿਆਂ ਸਿਸਕੀਆਂ ਦੀ ਆਵਾਜ਼ ਉਹਦੇ ਕੰਨੀ ਪਈ ਜਿਸ ਕਰਕੇ ਝਟ ਮੂੰਹ ਮੋੜ ਕੇ ਉਹ ਉਧਰ ਦੇਖਣ ਲੱਗ ਪਿਆ । ਆਪਣੇ ਹੱਥਾਂ ਵਿੱਚ ਮੂੰਹ ਢੱਕ ਕੇ ਉਹ ਰੋ ਰਹੀ ਸੀ । ਭੈ-ਭੀਤ ਹੋ ਕੇ ਰੋਲੈਂਡ ਪੁਛਣ ਲੱਗਾ, "ਲੂਈ, ਲੂਈ, ਕੀ ਗੱਲ ਹੈ ?" ਪਰ ਉਹਨੇ ਕੋਈ ਉੱਤਰ ਨਾ ਦਿੱਤਾ । ਉਹ ਕਿਸੇ ਭਿਆਨਕ ਤੇ ਗਹਿਰੇ ਦੁਖ ਵਿੱਚ ਗਲਤਾਨ ਜਾਪਦੀ ਸੀ । ਉਹਦੇ ਪਤੀ ਨੇ ਉਹਦੇ ਚਿਹਰੇ ਤੋਂ ਹੱਥ ਪਿਛਾਂਹ ਹਟਾਉਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਉਹ "ਨਹੀਂ, ਨਹੀਂ" ਕਰਕੇ ਉਹਦੀ ਇਕ ਨਾ ਸੁਣਦੀ ।

ਰੋਲੈਂਡ ਪੀਅਰੇ ਵੱਲ ਮੁੜਿਆ, "ਹੈ ! ਇਹਨੂੰ ਕੀ ਹੋ ਗਿਆ ? ਪਹਿਲਾਂ ਇਸਨੇ ਕਦੇ ਇਸ ਤਰ੍ਹਾਂ ਨਹੀਂ ਕੀਤਾ" । ਪੀਅਰੇ ਨੇ ਕਿਹਾ, "ਕੋਈ ਫਿਕਰ ਦੀ ਗੱਲ ਨਹੀਂ । ਘਬਰਾਹਟ ਦਾ ਹਲਕਾ ਜਿਹਾ ਦੌਰਾ ਹੈ ।" ਪੀਅਰੇ ਨੂੰ ਮਹਿਸੂਸ ਹੋਇਆ ਜਿਵੇਂ ਮਾਂ ਦੇ ਕਸ਼ਟ ਨਾਲ ਉਹਦੇ ਦਿਲ ਤੇ ਮਲ੍ਹਮ ਲੱਗ ਗਈ ਹੋਵੇ, ਉਹਦੇ ਗ਼ਮ ਨਾਲ ਪੀਅਰੇ ਦੇ ਰੋਸ ਨੂੰ ਢਾਰਸ ਬਝੀ ਹੋਵੇ ਅਤੇ ਮਾਂ ਦੀ ਆਪਣੀ ਭੁਲ ਦਾ ਭਾਰ ਹੌਲਾ ਹੋਇਆ ਹੋਵੇ । ਉਹਦੇ ਵੱਲ ਉਹ ਇਕ ਜੱਜ ਦੀ ਦ੍ਰਿਸ਼ਟੀ ਨਾਲ ਵੇਖਣ ਲੱਗਾ ਜਿਹਨੂੰ ਆਪਣਾ ਕੰਮ ਮੁਕਾ ਕੇ ਤਸੱਲੀ ਦਾ ਆਭਾਸ਼ ਹੋਇਆ ਹੋਵੇ ।

ਸ਼੍ਰੀਮਤੀ ਰੋਲੈਂਡ ਝੱਟ ਪੱਟ ਉਠੀ ਤੇ ਤੇਜ਼ੀ ਨਾਲ ਦਰਵਾਜ਼ੇ ਵੱਲ ਭੱਜੀ। ਇਹ ਗੱਲ ਕਿਸੇ ਦੇ ਚਿਤ ਚੇਤੇ ਵੀ ਨਹੀਂ ਸੀ ਕਿ ਉਹ ਇੰਜ ਕਰੇਗੀ। ਇਸ ਕਰਕੇ ਉਹਨੂੰ ਕੋਈ ਰੋਕ ਵੀ ਨਾ ਸਕਿਆ । ਉਸ ਨੇ ਦੌੜ ਕੇ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ । ਪਿਤਾ ਪੁੱਤਰ ਹੱਕੇ ਬੱਕੇ ਹੋਕੇ ਦੋਵੇਂ ਮੂੰਹ ਦੇਖਦੇ ਰਹਿ ਗਏ। ਪਿਤਾ ਨੇ ਪੁਛਿਆ, "ਕੀ ਤੈਨੂੰ ਬੀਮਾਰੀ ਦੀ ਕੁਝ ਸਮਝ ਪਈ ?" ਪੀਅਰੇ ਨੇ ਜਵਾਬ ਦਿੱਤਾ, "ਹਾਂ, ਇਹ ਹਲਕਾ ਜਿਹਾ ਦਿਮਾਗੀ ਚਕਰਾਅ ਹੈ ਜਿਹੜਾ ਮਾਂ ਦੀ ਉਮਰ ਵਾਲੀਆਂ ਜ਼ਨਾਨੀਆਂ ਤੇ ਆਉਣਾ ਸੁਭਾਵਿਕ ਹੈ। ਹੋ ਸਕਦਾ ਹੈ ਕਿ ਉਹਨੂੰ ਹੋਰ ਵੀ ਕਈ ਇਸ ਤਰ੍ਹਾਂ ਦੇ ਦੌਰੇ ਪੈਣ ।"

ਸੱਚਮੁੱਚ ਉਹਨੂੰ ਕਈ ਦੌਰੇ ਪਏ। ਤਕਰੀਬਨ ਤਕਰੀਬਨ ਹਰ ਰੋਜ਼ । ਇਸ ਤਰ੍ਹਾਂ ਲਗਦਾ ਸੀ ਜਿਵੇਂ ਪੀਅਰੇ ਇਕੋ ਹੀ ਲਫਜ਼ ਬੋਲ ਕੇ ਇਹ ਦੌਰੇ ਉਕਸਾਉਂਦਾ ਹੋਵੇ । ਜਿਵੇਂ ਉਹਦੀ ਅਸਚਰਜ ਤੇ ਗੁੱਝੀ ਮਰਜ਼ ਦਾ ਭੇਤ ਪੀਅਰੇ ਦੇ ਹੱਥ ਵਿੱਚ ਹੋਵੇ । ਉਹ ਨਜ਼ਰ ਰਖਦਾ ਕਿ ਕਦੋਂ ਮਾਂ ਦਾ ਰੋਣ ਥੰਮਦਾ ਤੇ ਸੁੱਖ ਦਾ ਸਾਹ ਉਹਦੇ ਚਿਹਰੇ ਤੇ ਆਉਂਦਾ। ਉਸੇ ਵੇਲੇ ਪਲ ਦੋ ਪਲ ਠਲ੍ਹੀਆਂ ਹਨੇਰੀਆਂ ਨੂੰ ਇਕ ਚੰਡਾਲ ਵਾਂਗ ਉਹ ਇਕੋ ਲਫਜ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਝੱਖੜ ਦਾ ਰੂਪ ਅਖਤਿਆਰ ਕਰਨ ਤੇ ਮਜਬੂਰ ਕਰ ਦੇਂਦਾ।

ਪੀਅਰੇ ਦੀ ਜ਼ਹਿਮਤ ਵੀ ਉੱਨੀ ਹੀ ਵੱਡੀ ਸੀ ਜਿੰਨੀ ਉਹਦੀ ਮਾਂ ਦੀ ਤੜਫਨ। ਅਸਲ ਵਿਚ ਉਹ ਵੀ ਦੁਖੀ ਸੀ ਕਿ ਉਹ ਮਾਂ ਨੂੰ ਪਿਆਰ ਨਹੀਂ ਕਰ ਸਕਦਾ, ਸਤਿਕਾਰ ਨਹੀਂ ਸਕਦਾ ਤੇ ਉਲਟਾ ਉਸ ਨੂੰ ਕਸ਼ਟ ਪਹੁੰਚਾ ਰਿਹਾ ਸੀ। ਉਸ ਨੇ ਮਾਂ ਦੇ ਦਿਲ ਦਾ ਜ਼ਖਮ ਖੋਲ੍ਹ ਕੇ ਨੰਗਾ ਕਰ ਲਿਆ ਸੀ। ਉਹਨੂੰ ਇਸ ਗੱਲ ਦਾ ਵੀ ਅਨੁਭਵ ਸੀ ਕਿ ਉਹ ਕਿੰਨੀ ਅਵਾਜ਼ਾਰ ਤੇ ਹਾਲੋਂ-ਬੇਹਾਲ ਹੈ। ਇਸ ਕਰਕੇ ਪਰਛਾਵੇਂ ਦੇ ਦੁੱਖ ਦਾ ਘਿਰਿਆਂ ਹੋਇਆ, ਤਰਸ ਨਾਲ ਫਟੜ ਹੋ ਕੇ ਤੇ ਸਾਰੇ ਜ਼ਮਾਨੇ ਦਾ ਦਰਦ ਦਿਲ ਵਿੱਚ ਲੈ ਕੇ ਇਕੱਲਾ ਹੀ ਉਹ ਸ਼ਹਿਰ ਵਿਚ ਪਾਗਲਾਂ ਵਾਂਗ ਘੁਮਦਾ ਰਹਿੰਦਾ। ਪੁੱਤਰ ਦੀ ਨਫਰਤ ਨਾਲ ਕੁਚਲੀ ਮਾਂ ਨੂੰ ਦੇਖ ਕੇ ਪੀਅਰੇ ਦੇ ਦਿਲ ਵਿੱਚ ਹੌਲ ਪੈਂਦਾ ਤੇ ਉਹ ਚਾਹੁੰਦਾ ਕਿ ਸਮੁੰਦਰ ਵਿੱਚ ਛਾਲ ਮਾਰ ਕੇ ਡੁੱਬ ਜਾਵੇ ਤੇ ਸਾਰੇ ਕਜ਼ੀਏ ਮੁਕਾ ਛੱਡੇ।

ਆਹ! ਉਹਦਾ ਦਿਲ ਚਾਹੁੰਦਾ ਕਿ ਉਹ ਉਹਨੂੰ ਮਾਫ ਕਰ ਦੇਵੇ। ਪਰ ਉਹ ਇੰਜ ਨਹੀਂ ਕਰ ਸਕਿਆ। ਕਿਉਂਕਿ ਘਟਨਾ ਨੂੰ ਭੁਲਣਾ ਉਹਦੇ ਵੱਸ ਦੀ ਗੱਲ ਨਹੀਂ ਸੀ। ਫੇਰ ਉਸ ਨੇ ਕੇਵਲ ਇੰਨਾ ਹੀ ਚਾਹਿਆ ਕਿ ਉਹ ਮਾਂ ਨੂੰ ਤੜਫਾਉਣ ਤੋਂ ਵਰਜਿਆ ਰਹੇ। ਪਰ ਉਹ ਇਹ ਵੀ ਨਾ ਕਰ ਸਕਿਆ ਕਿਉਂਕਿ ਉਹ ਆਪ ਹਮੇਸ਼ਾ ਦੁਖੀ ਰਿਹਾ। ਇਹੋ ਜਿਹੇ ਖਿਆਲ ਸ਼ਹਿਰ ਘੁੰਮਦਿਆਂ ਉਹਦੇ ਮਨ ਨੂੰ ਤੜਫਾਉਂਦੇ ਰਹਿੰਦੇ। ਇਸ ਕਾਰਣ ਦਿਲ ਵਿੱਚ ਸੁਹਿਰਦ ਇਰਾਦੇ ਲੈ ਕੇ ਉਹ ਕੇਵਲ ਰੋਟੀ ਵੇਲੇ ਹੀ ਘਰ ਮੁੜਦਾ। ਘਰ ਵੜਦਿਆਂ ਹੀ ਜਦੋਂ ਉਹ ਮਾਂ ਦੀਆਂ ਕਦੇ ਸਿੱਧੀਆਂ ਸਾਦੀਆਂ ਤੇ ਸਾਫ ਪਰ ਹੁਣ ਡਰਪੋਕ, ਅਵਾਜ਼ਾਰ ਤੇ ਸੁੰਗੜੀਆਂ ਅੱਖਾਂ ਵਿੱਚ ਤਕਦਾ ਤਾਂ ਪਤਾ ਨਹੀਂ ਉਹਨੂੰ ਕੀ ਹੋ ਜਾਂਦਾ ਤੇ ਨਾ ਚਾਹੁੰਦਾ ਹੋਇਆ ਵੀ ਉਹ ਕੋਈ ਮਨਹੂਸ ਵਾਕ ਮੂੰਹੋਂ ਕੱਢ ਛੱਡਦਾ ਜਿਹੜਾ ਉਹਦੇ ਬੁਲ੍ਹਾਂ ਤੇ ਆ ਕੇ ਰੁਕ ਨਾ ਸਕਦਾ।

ਇਹ ਸ਼ਰਮਨਾਕ ਭੇਤ ਜਿਹੜਾ ਕੇਵਲ ਉਨ੍ਹਾਂ ਦੋਹਾਂ ਨੂੰ ਹੀ ਮਲੂਮ ਸੀ, ਉਸ ਨੂੰ ਮਾਂ ਦੇ ਖਿਲਾਫ ਭੜਕਾਉਂਦਾ ਰਹਿੰਦਾ। ਇਹ ਭੇਤ ਪੀਅਰੇ ਦੀਆਂ ਰਗਾਂ ਵਿੱਚ ਬੜ ਕੇ ਜ਼ਹਿਰ ਬਣ ਗਿਆ ਸੀ ਤੇ ਉਸ ਵਿੱਚ ਪਾਗਲ ਕੁਤੇ ਵਾਂਗ ਕਟਣ ਦੀ ਚਾਹਨਾ ਬਲਵਾਨ ਹੋ ਗਈ। ਨਿਰੰਤਰ ਉਹ ਮਾਂ ਨੂੰ ਤੜਫਾਉਂਦਾ ਗਿਆ। ਇਸ ਝੇੜੇ ਨੂੰ ਰੋਕਣ ਦਾ ਕੋਈ ਉਪਾ ਵੀ ਨਜ਼ਰੀ ਨਹੀਂ ਸੀ ਆ ਰਿਹਾ ਕਿਉਂਕਿ ਜੀਨ ਅਕਸਰ ਆਪਣੇ ਨਵੇਂ ਫਲੈਟ ਵਿੱਚ ਰਹਿੰਦਾ ਤੇ ਕੇਵਲ ਸ਼ਾਮਾਂ ਨੂੰ ਹੀ ਰੋਟੀ ਖਾਣ ਲਈ ਤੇ ਸੌਣ ਵਾਸਤੇ ਘਰ ਪਰਤਦਾ।

ਕਈ ਵਾਰ ਜੀਨ ਨੇ ਆਪਣੇ ਭਰਾ ਦੇ ਕੁਰਖਤ ਲਫਜ਼ਾਂ ਨੂੰ ਤੇ ਗੁਸੈਲੇ ਵਤੀਰੇ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੋਲਿਆ। ਪਰ ਇਸ ਦਾ ਕਾਰਣ ਉਹ ਈਰਖਾ ਹੀ ਸਮਝਦਾ ਰਿਹਾ। ਉਸ ਨੇ ਆਪਣੇ ਦਿਲ ਵਿੱਚ ਪ੍ਰਣ ਕੀਤਾ ਕਿ ਕਿਸੇ ਨਾ ਕਿਸੇ ਦਿਨ ਉਹ ਪੀਅਰੇ ਨੂੰ ਫਟਕਾਰ ਪਾਏਗਾ ਕਿਉਂਕਿ ਉਹਦੇ ਲਗਾਤਾਰ ਇਹੋ ਜਿਹੇ ਝਗੜਿਆਂ ਨੇ ਟੱਬਰ ਦਾ ਜੀਵਨ ਨਰਕ ਬਣਾ ਛਡਿਆ ਸੀ। ਪਰ ਕਿਉਂਕਿ ਉਹ ਜ਼ਿਆਦਾ ਕਰਕੇ ਘਰੋਂ ਬਾਹਰ ਰਹਿੰਦਾ ਸੀ ਇਸ ਕਰਕੇ ਪੀਅਰੇ ਦੀ ਗੁਸਤਾਖੀ ਤੋਂ ਬਹੁਤਾ ਦੁਖੀ ਨਾ ਹੋਇਆ। ਦੂਜੇ, ਜੀਨ ਦੇ ਆਪਣੇ ਠੰਢੇ ਸੁਭਾ ਨੇ ਵੀ ਉਸ ਨੂੰ ਚੁਪ ਰਹਿਣ ਲਈ ਪ੍ਰੇਰਿਆ। ਨਾਲੇ ਉਹ ਖੁਸ਼ਕਿਸਮਤੀ ਦਾ ਨਸ਼ਿਆਇਆ, ਸਿਰਫ ਆਪਣੇ ਹੀ ਖਿਆਲਾਂ ਵਿੱਚ ਮਗਨ ਰਹਿੰਦਾ ਜਿਨ੍ਹਾਂ ਦਾ ਤਅਲੱਕ ਕੇਵਲ ਆਪਣੇ ਆਪ ਨਾਲ ਹੀ ਹੁੰਦਾ। ਨਿਤ ਨਵੇਂ ਫ਼ਿਕਰ ਲੈ ਕੇ ਉਹ ਘਰ ਵੜਦਾ, ਜਿਵੇਂ ਕੋਟ ਦਾ ਕਿਹੜਾ ਫੈਸ਼ਨ ਹੋਣਾ ਚਾਹੀਦਾ ਹੈ, ਟੋਪੀ ਕਿਹੜੇ ਢੰਗ ਦੀ ਜਚੇਗੀ ਤੇ ਮੁਲਾਕਾਤੀ ਕਾਰਡ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਲਗਾਤਾਰ ਉਹ ਆਪਣੇ ਨਵੇਂ ਫਲੈਟ ਦਾ ਵੇਰਵੇ ਸਹਿਤ ਜ਼ਿਕਰ ਕਰਦਾ—ਸੌਣ ਕਮਰੇ ਵਾਲੀਆਂ ਅਲਮਾਰੀਆਂ ਵਿੱਚ ਕਪੜੇ ਰਖਣ ਵਾਸਤੇ ਸ਼ੈਲਫ ਕਿਸ ਢੰਗ ਦੇ ਹੋਣੇ ਚਾਹੀਦੇ ਹਨ, ਗੈਲਰੀ ਵਿੱਚ ਰਖਣ ਨੂੰ ਵਾਰਡਰੋਬ ਕਿਹੋ ਜਿਹੇ ਹੋਣ ਤੇ ਚੋਰੀ ਤੋਂ ਬਚਣ ਲਈ ਬਿਜਲੀ ਦਾ ਅਲਾਰਮ ਕਿਸ ਤਰ੍ਹਾਂ ਦਾ ਹੋਵੇ।

ਪਿਛਲੇ ਦਿਨੀ ਇਹ ਨਿਰਣਾ ਹੋਇਆ ਸੀ ਕਿ ਜਦੋਂ ਜੀਨ ਰਸਮੀ ਤੌਰ ਤੇ ਆਪਣੇ ਨਵੇਂ ਫਲੈਟ ਵਿੱਚ ਸ਼ਿਫਟ ਕਰੇ ਤਾਂ ਸਮੁੰਦਰ ਕੰਢੇ ਜਾਕੇ ਇਕ ਪਿਕਨਿਕ ਮਨਾਈ ਜਾਵੇ ਅਤੇ ਖਾਣੇ ਤੋਂ ਬਾਅਦ ਵਾਪਸੀ ਤੇ ਜੀਨ ਦੇ ਘਰ ਚਾਹ ਪੀਤੀ ਜਾਵੇ। ਸੇਂਟ ਜੂਇਨ ਜਾਣ ਵਾਸਤੇ ਰੋਲੈਂਡ ਸਮੁੰਦਰ ਦੇ ਰਸਤੇ ਜਾਣ ਦਾ ਚਾਹਵਾਨ ਸੀ। ਪਰ ਜੇ ਹਵਾ ਦਾ ਰੁਖ ਉਲਟਾ ਹੋਇਆ ਤਾਂ ਸਮੁੰਦਰੀ ਰਸਤੇ ਜਾਣ ਵਿੱਚ ਉਨ੍ਹਾਂ ਨੂੰ ਕਿੰਨਾ ਲੰਮਾ ਸਫਰ ਕਰਨਾ ਪਵੇਗਾ ਤੇ ਕਿੰਨਾ ਵਕਤ ਲਗੇਗਾ, ਇਸ ਦਾ ਉਹ ਭਲੀ ਭਾਂਤ ਅੰਦਾਜ਼ਾ ਨਾ ਲਾ ਸਕੇ। ਇਸ ਕਰਕੇ ਉਨ੍ਹਾਂ ਨੇ ਇਹ ਤਜਵੀਜ਼ ਰੱਦ ਕਰ ਦਿੱਤੀ ਤੇ ਪਿਕਨਿਕ ਵਾਸਤੇ ਭਾੜੇ ਤੇ ਇਕ ਬੱਘੀ ਕਰ ਲਈ।

ਘਰੋਂ ਉਹ ਦੱਸ ਵਜੇ ਤੁਰੇ ਤਾਂ ਕਿ ਸ਼ਾਮ ਵੇਲੇ ਤੱਕ ਉਹ ਉਥੇ ਪਹੁੰਚ ਜਾਣ। ਨੌਰਮਨ ਜ਼ਿਲ੍ਹੇ ਦੇ ਪੇਂਡੂ ਇਲਾਕੇ ਵਿਚੋਂ ਲੰਘਦੀ ਜਰਨੈਲੀ ਸੜਕ ਧੂੜ ਨਾਲ ਲਥ ਪਥ ਸੀ। ਇਥੋਂ ਦੇ ਉਚੇ ਨੀਵੇਂ ਮੈਦਾਨ ਅਤੇ ਰੁਖਾਂ ਨਾਲ ਵਗਲੇ ਖੇਤ ਇਸ ਇਲਾਕੇ ਨੂੰ ਇਕ ਬਹੁਤ ਵੱਡੀ ਪਾਰਕ ਦਾ ਰੂਪ ਪਰਦਾਨ ਕਰ ਰਹੇ ਸਨ। ਦੋ ਤਕੜੇ ਘੋੜੇ ਬੱਘੀ ਨੂੰ ਹੌਲੀ ਹੌਲੀ ਖਿਚਦੇ ਗਏ ਅਤੇ ਪਹੀਆਂ ਦੇ ਸ਼ੋਰ ਕਾਰਣ ਰੋਲੈਂਡ-ਪਰਵਾਰ ਨੇ, ਰੋਜ਼ਮਿੱਲੀ ਤੇ ਕਪਤਾਨ ਬੋਜ਼ੀਰ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੁਪ ਸਾਧ ਰੱਖੀ ਸੀ। ਜਦੋਂ ਕਦੇ ਧੂੜ ਦਾ ਬੱਦਲ ਉਠਦਾ ਤਾਂ ਸਾਰੇ ਅੱਖਾਂ ਬੰਦ ਕਰ ਲੈਂਦੇ।

ਫਸਲ ਪੱਕ ਚੁੱਕੀ ਸੀ। ਚਕੰਦਰ ਦੇ ਗੂੜ੍ਹੇ ਹਰੇ ਰੰਗ ਤੇ ਦਾਲਾਂ ਦੇ ਹਲਕੇ ਹਰੇ ਰੰਗ ਦੇ ਕੁਝ ਖੇਤਾਂ ਤੋਂ ਛੁੱਟ ਸਾਹਮਣਲੀ ਸਾਰੀ ਧਰਤੀ ਪੀਲੀਆਂ ਤੇ ਪੱਕੀਆਂ ਫਸਲਾਂ ਕਾਰਣ ਸੁਨਹਿਰੀ ਭਾਅ ਮਾਰ ਰਹੀ ਸੀ। ਲਗਦਾ ਸੀ ਜਿਵੇਂ ਪੱਕੀਆਂ ਫਸਲਾਂ ਨੇ ਸੂਰਜ ਦੀ ਰੋਸ਼ਨੀ ਨੂੰ ਜ਼ਜਬ ਕਰ ਲਿਆ ਹੈ। ਕਿਤੇ ਕਿਤੇ ਕਾਮੇ ਕੰਮ ਵਿੱਚ ਜੁਟੇ ਨਜ਼ਰੀ ਪੈਂਦੇ। ਖੇਤਾਂ ਵਿੱਚ ਮਜ਼ਦੂਰ ਫੰਗਾਂ ਵਰਗੀਆਂ ਦਾਤੀਆਂ ਨਾਲ ਪਕੀਆਂ ਫਸਲਾਂ ਕਟ ਰਹੇ ਸਨ। ਉਨ੍ਹਾਂ ਦੀ ਕਟਾਈ ਤੇ ਸਰੀਰਕ ਹਰਕਤ ਵਿੱਚ ਇਕ ਤਾਲਮੇਲ ਸੀ।

ਕੋਈ ਦੋ ਘੰਟੇ ਬਾਅਦ ਬੱਘੀ ਖੱਬੇ ਨੂੰ ਮੁੜੀ ਤੇ ਇਕ ਪੌਣਮਿਲ ਕੋਲੋਂ ਲੰਘੀ। ਇਹ ਭੂਰੀ ਜਿਹੀ ਟੁੱਟੀ ਭੱਜੀ ਤੇ ਉਦਾਸ ਪੌਣ-ਮਿਲ ਖਤਮ ਹੋ ਚੁਕੀਆਂ ਪੌਣ ਮਿਲਾਂ ਦੀ ਆਖਰੀ ਨਿਸਾਨੀ ਸੀ। ਇਸ ਤੋਂ ਬਾਅਦ ਬੱਘੀ ਇਕ ਖੂਬਸੂਰਤ ਵੇਹੜੇ ਵਿੱਚ ਵੜ ਕੇ ਛੋਟੇ ਜਿਹੇ ਸੁਹਣੇ ਮਕਾਨ ਅੱਗੇ ਰੁਕੀ। ਇਸ ਜ਼ਿਲ੍ਹੇ ਦਾ ਇਹ ਸਭ ਤੋਂ ਮਸ਼ਹੂਰ ਪਿਕਨਿਕ-ਹੋਟਲ ਸੀ। ਹੋਟਲ ਦੀ ਮਾਲਕ ਔਰਤ ਅਲਫੋਨਸਿਨ ਮੁਸਕਰਾਉਂਦੀ ਹੋਈ ਦਰਵਾਜ਼ੇ ਪਾਸ ਆਈ ਤੇ ਆਉਂਦਿਆਂ ਹੀ ਉਸ ਦੋਹਾਂ ਜ਼ਨਾਨੀਆਂ ਵੱਲ ਹੱਥ ਵਧਾਇਆ ਜੋ ਬੱਘੀ ਦੇ ਪਾਏਦਾਨ ਤੇ ਪੈਰ ਰਖਣ ਤੋਂ ਸੰਕੋਚ ਕਰ ਰਹੀਆਂ ਸਨ ਕਿਉਂਕਿ ਪਾਏਦਾਨ ਬੇਮੁਨਾਸਿਬ ਉਚੀ ਥਾਂ ਤੇ ਫਿਟ ਕੀਤਾ ਹੋਇਆ ਸੀ। ਗਰਾਊਂਡ ਦੇ ਕਿਨਾਰੇ ਸੇਬਾਂ ਦੇ ਬੂਟੀਆਂ ਦੀ ਛਾਂ ਥੱਲੇ ਅਣਜਾਣ ਆਦਮੀਆਂ ਦੀ ਇਕ ਟੋਲੀ ਤੰਬੂ ਵਿੱਚ ਬੈਠੀ ਨਾਸ਼ਤਾ ਕਰ ਰਹੀ ਸੀ। ਉਹ ਪੈਰਿਸ ਦੇ ਰਹਿਣ ਵਾਲੇ ਜਾਪਦੇ ਸਨ। ਮਕਾਨ ਦੇ ਅੰਦਰੋਂ ਹੱਸਣ ਬੋਲਣ ਦੀ ਤੇ ਪਲੇਟਾਂ ਖੜਕਣ ਦੀ ਆਵਾਜ਼ ਸੁਣਾਈ ਦੇ ਰਹੀ ਸੀ।

ਕਿਉਂਕਿ ਸਾਰੇ ਵੱਡੇ ਹਾਲ ਕਮਰੇ ਰੁਕੇ ਹੋਏ ਸਨ ਇਸ ਲਈ ਰੋਲੈਂਡ ਦੀ ਟੋਲੀ ਨੂੰ ਪ੍ਰਾਈਵੇਟ ਕਮਰੇ ਵਿਚ ਹੀ ਖਾਣਾ ਖਾਣਾ ਪਿਆ। ਅਚਾਨਕ ਹੀ ਮਿਸਟਰ ਰੋਲੈਂਡ ਦੀ ਨਜ਼ਰ ਮਛੀਆਂ ਪਕੜਨ ਦੇ ਜਾਲਾਂ ਤੇ ਪਈ। ਉਹ ਚਿਲਾਇਆ, "ਵਾਹ, ਵਾਹ, ਕੀ ਇਥੇ ਝੀਂਗਾ ਮੱਛੀ ਵੀ ਪਕੜਦੇ ਹਨ ?" "ਹਾਂ, ਹਾਂ", ਬੋਜੀਰ ਨੇ ਉੱਤਰ ਦਿੱਤਾ, "ਇਹ ਉਹੀ ਜਗ੍ਹਾਂ ਹੈ ਜਿਥੇ ਸਾਰੇ ਕੰਢੇ ਨਾਲੋਂ ਜ਼ਿਆਦਾ ਮੱਛੀ ਪਕੜੀ ਜਾਂਦੀ ਹੈ।" ਹਲਕੀ ਜ਼ਿਹੀ ਗਾਲ ਕੱਢ ਕੇ ਰੋਲੈਂਡ ਬੋਲਿਆਂ, "ਚਲੋ ਅਸੀ ਵੀ ਰੋਟੀ ਖਾ ਕੇ ਮੱਛੀ ਪਕੜਨ ਚਲੀਏ"

ਪੁਛ-ਗਿਛ ਤੋਂ ਬਾਅਦ ਪਤਾ ਲਗਾ ਕਿ ਕੋਈ ਤਿੰਨ ਕੁ ਵਜੇ ਜਵਾਰਭਾਟਾ ਉੱਤਰ ਜਾਂਦਾ ਹੈ। ਫੈਸਲਾ ਇਹ ਹੋਇਆ ਕਿ ਸਾਰੀ ਮੰਡਲੀ ਸਮੁੰਦਰ ਕੰਢੇ ਚਟਾਨਾ ਤੇ ਛੋਟੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਛੀਆਂ ਦੀ ਭਾਲ ਕਰੇ ਤੇ ਦੁਪਹਿਰ ਇਸੇ ਕੰਮ ਵਿਚ ਕੱਟੀ ਜਾਵੇ। ਰੋਟੀ ਉਨ੍ਹਾਂ ਨੇ ਥੋੜ੍ਹੀ ਬਹੁਤ ਹੀ ਖਾਧੀ। ਆਪਣੀ ਭੁਖ ਨੂੰ ਉਹ ਸ਼ਾਮ ਦੇ ਖਾਣੇ ਵਾਸਤੇ ਸਾਂਭ ਕੇ ਰਖਣਾ ਚਾਹੁੰਦੇ ਸਨ ਕਿਉਂਕਿ ਸ਼ਾਮ ਦੇ ਖਾਣੇ ਦਾ ਉਨ੍ਹਾਂ ਨੇ ਵਡੇ ਪੈਮਾਨੇ ਤੇ ਆਰਡਰ ਦਿੱਤਾ ਸੀ ਜਿਹੜਾ ਕੋਈ ਛੇ ਕੁ ਵਜੇ ਉਨ੍ਹਾਂ ਦੇ ਮੁੜਨ ਤੇ ਤਿਆਰ ਕਰਨ ਵਾਸਤੇ ਕਿਹਾ ਗਿਆ ਸੀ।

ਰੋਲੈਂਡ ਦੀ ਬੇਸਬਰੀ ਕਾਬੂ ਤੋਂ ਬਾਹਰ ਹੋਣ ਲੱਗੀ। ਇਸ ਕਿਸਮ ਦੀ ਛੋਟੀ ਮੱਛੀ ਪਕੜਨ ਦਾ ਖਾਸ ਸਾਮਾਨ ਉਹ ਮੁੱਲ ਲੈਣਾ ਚਾਹੁੰਦਾ ਸੀ ਜਿਹੜਾ ਖੇਤਾਂ ਵਿਚ ਤਿਤਲੀਆਂ ਫੜਨ ਵਾਲੇ ਜਾਲਾਂ ਨਾਲ ਤਕਰੀਬਨ ਮਿਲਦਾ ਜੁਲਦਾ ਸੀ। ਮੁਸਕਰਾਉਂਦੀ ਅਲਫੋਨਸਿਨ ਨੇ ਆਪਣੇ ਜਾਲ ਉਨ੍ਹਾਂ ਨੂੰ ਉਧਾਰੇ ਦੇ ਦਿੱਤੇ। ਇਸ ਤੋਂ ਪਿਛੋਂ ਅਲਫੋਨਸਿਨ ਨੇ ਦੋਹਾਂ ਜਨਾਨੀਆਂ ਨੂੰ ਆਪਣੀਆਂ ਪੁਸ਼ਾਕਾਂ ਇਸ ਢੰਗ ਨਾਲ ਪਹਿਨਣ ਵਿਚ ਸਹਾਇਤਾ ਦਿੱਤੀ ਕਿ ਉਹ ਭਿੱਜ ਨਾ ਸਕਣ। ਇਸ ਤੋਂ ਇਲਾਵਾ ਉਨ੍ਹਾਂ ਨੂੰ ਉਸ ਨੇ ਕੁਝ ਪੇਟੀਕੋਟ, ਮੋਟੀਆਂ ਜੁਰਾਬਾਂ ਤੇ ਨ੍ਹਾਉਣ ਸਮੇਂ ਪਹਿਨਣ ਵਾਲੇ ਸਲੀਪਰ ਵੀ ਦਿੱਤੇ। ਆਦਮੀਆਂ ਨੇ ਆਪਣੇ ਬੂਟ ਉਤਾਰ ਲਏ ਤੇ ਉਥੋਂ ਹੀ ਕਿਸੇ ਮੋਚੀ ਕੋਲੋਂ ਖਰੀਦ ਕੇ ਲਕੜੀ ਦੇ ਬੂਟ ਪਹਿਨ ਲਏ। ਉਹ ਸਾਰੇ ਚਲ ਪਏ। ਜਾਲ ਉਨ੍ਹਾਂ ਦੇ ਮੋਢਿਆਂ ਤੇ ਸਨ ਤੇ ਟੋਕਰੀਆਂ ਪਿਠਾਂ ਤੇ। ਇਸ ਪਹਿਰਾਵੇ ਵਿਚ ਪੇਂਡੂ ਢੰਗ ਦੀ ਖੁਲ੍ਹੀ ਡੁੱਲੀ ਸੁੰਦਰਤਾ ਕਾਰਣ ਰੋਜ਼ਮਿਲੀ ਗਜ਼ਬ ਦੀ ਸੁਹਣੀ ਲਗਣ ਲਗੀ।

ਅਲਫੋਨਸਿਨ ਤੋਂ ਮੰਗਿਆ ਪੇਟੀਕੋਟ ਲੰਬਾਈ ਵਿਚ ਕਾਫੀ ਛੋਟਾ ਸੀ ਤੇ ਉਪਰੋਂ ਇਹ ਹਲਕੀ ਜਿਹੀ ਡੋਰੀ ਨਾਲ ਬੰਨ੍ਹਿਆ ਹੋਇਆ ਸੀ। ਪੇਟੀਕੋਟ ਦੀ ਛੋਟੀ ਲੰਬਾਈ ਕਰਕੇ ਇਕ ਤਾਂ ਪਹਾੜੀਆਂ ਵਿਚ ਬਿਨਾ ਡਰ ਤੋਂ ਦੌੜਿਆ ਭਜਿਆ ਜ਼ਾ ਸਕਦਾ ਸੀ, ਦੂਜੇ ਸੁਹਣੀ ਤੇ ਜੁਸੇ ਦੀ ਭਰੀ ਜਨਾਨੀ ਨੂੰ ਆਪਣੀਆ ਖੂਬਸੂਰਤ ਲੱਤਾਂ ਦਿਖਾਉਣ ਦਾ ਮੌਕਾ ਵੀ ਮਿਲ ਗਿਆ। ਸਿਰ ਢਕਣ ਵਾਸਤੇ ਰੋਜ਼ਮਿਲੀ ਨੂੰ ਕਿਸੇ ਮਾਲੀ ਦੀ ਵਡੀ ਸਾਰੀ ਪੀਲੇ ਘਾਹ ਦੀ ਬਣੀ ਟੋਪੀ ਮਿਲ ਗਈ। ਉਹਨੇ ਟੋਪੀ ਸਿਰ ਤੇ ਟੇਢੀ ਕਰ ਲਈ ਤੇ ਇਸ ਤਰ੍ਹਾਂ ਉਹਦੀ ਨੁਹਾਰ ਇਕ ਬਹਾਦਰ ਸਿਪਾਹੀ ਵਾਂਗ ਨਜ਼ਰ ਆਉਣ ਲਗੀ।

ਵਿਰਸਾ ਮਿਲਣ ਤੋਂ ਬਾਅਦ ਜੀਨ ਹਰ ਰੋਜ਼ ਆਪਣੇ ਮਨ ਤੋਂ ਪੁਛਦਾ ਕਿ ਉਹ ਰੋਜ਼ਮਿਲੀ ਨਾਲ ਸ਼ਾਦੀ ਕਰ ਲਵੇ ਜਾਂ ਨਾ। ਜਦੋਂ ਵੀ ਉਹਦੀ ਨਜ਼ਰ ਰੋਜ਼ਮਿੱਲੀ ਤੇ ਪੈਂਦੀ ਉਹਨੂੰ ਪਤਨੀ ਬਣਾਉਣ ਦੀ ਸਧਰ ਉਹਦੇ ਮਨ ਵਿਚ ਉਮੰਡ ਪੈਂਦੀ। ਪਰ ਜਦੋਂ ਉਹ ਇਕੱਲਾ ਹੁੰਦਾ ਤਾਂ ਸੋਚਦਾ ਕਿ ਹੋਰ ਇੰਤਜ਼ਾਰ ਕਰਨ ਨਾਲ ਇਸ ਮਾਮਲੇ ਤੇ ਚੰਗੀ ਤਰ੍ਹਾਂ ਵਿਚਾਰ ਕੀਤੀ ਜਾ ਸਕਦੀ ਹੈ। ਘਰਬਾਰ ਦੇ ਪੱਖ ਤੋਂ ਰੋਜ਼ਮਿਲੀ ਇੰਨੀ ਤਕੜੀ ਨਹੀਂ ਸੀ ਜਿੰਨਾ ਹੁਣ ਜੀਨ ਹੋ ਗਿਆ ਸੀ ਕਿਉਂਕਿ ਉਹਦੀ ਸਾਰੀ ਸਾਲਾਨਾ **ਆਮਦਨੀ**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਲਾ ਕੇ ਕੁਲ ਬਾਰਾਂ ਹਜ਼ਾਰ ਫਰਾਂਕ ਬਣਦੀ । ਪਰ ਰਕਮ ਰੋਜ਼ਮਿਲੀ ਨੇ ਚੰਗੇ ਥਾਂਹ ਲਗਾ ਰੱਖੀ ਸੀ : ਜਿਵੇਂ ਕੁਝ ਖੇਤ ਉਹਦੇ ਆਪਣੇ ਸਨ, ਹਾਵਰ ਦੀ ਬੰਦਰਗਾਹ ਵਿਚ ਹਿੱਸੇ ਪਾਏ ਹੋਏ ਸਨ, ਜਹਾਜ਼ ਬਣਾਉਣ ਦੀ ਡੌਕ ਵਿਚ ਵੀ ਕੁਝ ਹਿੱਸਾ ਸੀ । ਇਸ ਲਈ ਸਮੇਂ ਨਾਲ ਇਹ ਸਾਰੀ ਰਕਮ ਵੱਧ ਕੇ ਚੰਗਾ ਤਕੜਾ ਸਰਮਾਇਆ ਬਣਨ ਦੀ ਆਸ ਕੀਤੀ ਜਾ ਸਕਦੀ ਸੀ । ਸੋ ਪੈਸੇ ਵਲੋਂ ਉਹ ਦੋਵੇਂ ਤਕਰੀਬਨ ਇਕੋ ਦਰਜੇ ਦੇ ਸਨ । ਸਚ ਮੁਚ ਹੁਸੀਨ ਵਿਧਵਾ ਦੀ ਜਵਾਨੀ ਨੇ ਜੀਨ ਨੂੰ ਕੀਲ ਲਿਆ ਸੀ ।

ਆਪਣੇ ਅੱਗੇ ਅੱਗੇ ਮਟਕਦੀ ਜਾਂਦੀ ਰੋਜ਼ਮਿਲੀ ਨੂੰ ਦੇਖ ਕੇ ਉਹ ਸੋਚਣ ਲਗਾ, "ਮੈਨੂੰ ਹੁਣ ਕਿਸੇ ਨਤੀਜੇ ਤੇ ਪਹੁੰਚਣਾ ਹੀ ਚਾਹੀਦਾ ਹੈ । ਇਸ ਨਾਲੋਂ ਹੋਰ ਚੰਗੀ ਗੱਲ ਕਿਹੜੀ ਹੋ ਸਕਦੀ ਹੈ, ?"

ਛੋਟੀ ਜਿਹੀ ਘਾਟੀ ਦੀ ਢਲਾਨ ਤੋਂ ਖਿਸਕਦੇ ਉਹ ਪਿੰਡ ਤੋਂ ਚਟਾਨ ਵਲ ਉਤਰਨ ਲੱਗੇ । ਇਹ ਚਟਾਨ ਸਮੁੰਦਰ ਦੀ ਸਤਹ ਤੋਂ ਕੋਈ ਤਿੰਨ ਸੌ ਫੁਟ ਉੱਚੀ ਸੀ । ਇਹਦੇ ਸਜੇ ਖਬੇ ਢਲਦੇ ਹਰੇ ਕਿਨਾਰਿਆਂ ਨੇ ਪਾਣੀ ਦੀ ਇਕ ਵਿਸ਼ਾਲ ਤਿਕੋਣ ਬਣਾ ਦਿੱਤੀ ਸੀ ਜੋ ਸੂਰਜ ਦੀ ਚਮਕ ਨਾਲ ਚਾਂਦੀ ਦੀ ਚਿਲਕੋਰ ਮਾਰ ਰਹੀ ਸੀ । ਪਾਣੀ ਦੀ ਸਤਹ ਉਤੇ ਕਿਸੇ ਕਿਸ਼ਤੀ ਦਾ ਪਤਵਾਰ ਦੂਰ ਹੋਣ ਕਰਕੇ ਇਕ ਛੋਟਾ ਜਿਹਾ ਉੜਦਾ ਪੰਤਗਾ ਨਜ਼ਰ ਆਉਂਦਾ ਸੀ । ਚਮਕਾਂ ਮਾਰਦਾ ਸਾਫ ਆਕਾਸ਼ ਪਾਣੀ ਨਾਲ ਹੀ ਮਿਲ ਗਿਆ ਤੇ ਸਮੁੰਦਰ ਅਤੇ ਆਸਮਾਨ ਦੀ ਮਿਲਣ-ਰੇਖਾ ਕਿਤੇ ਨਜ਼ਰੀ ਨਾ ਆਉਂਦੀ । ਇਸ ਤਰ੍ਹਾਂ ਤਿੰਨਾ ਆਦਮੀਆਂ ਦੇ ਅੱਗੇ ਅੱਗੇ ਤੁਰਦੀਆਂ ਸੁਹਣੇ ਜੁੱਸੇ ਵਾਲੀਆਂ ਦੋਹਾਂ ਜ਼ਨਾਨੀਆਂ ਦੀ ਰੂਪ-ਰੇਖਾ ਦੁਮੇਲ ਤੇ ਚਿਤਰੀ ਗਈ ।

ਕਾਹਲੀ ਕਾਹਲੀ ਮਟਕਦੀ ਜਾਂਦੀ ਰੋਜ਼ਮਿਲੀ ਦੀਆਂ ਪਿੰਨੀਆਂ ਹੇਠੋਂ ਨੰਗੀਆਂ ਲੱਤਾਂ, ਲਚਕਦੀ ਕਮਰ ਤੇ ਨਸ਼ੀਲੀ ਟੋਪੀ ਨੂੰ ਜੀਨ ਬੜੀਆਂ ਬੇਜ਼ਾਰ ਅੱਖਾਂ ਨਾਲ ਦੇਖ ਰਿਹਾ ਸੀ । ਉਹਦੀ ਕਾਹਲੀ ਤੋਰ ਨੇ ਜੀਨ ਦੇ ਉਤਸ਼ਾਹ ਨੂੰ ਤੜਫਾ ਸੁਟਿਆ ਤੇ ਉਸਨੂੰ ਕੋਈ ਫੈਸਲਾਕੁਨ-ਕਦਮ ਚੁਕਣ ਤੇ ਮਜ਼ਬੂਰ ਕਰ ਦਿਤਾ । ਸ਼ਰਮਾਕਲ ਅਤੇ ਕੱਚੇ ਇਰਾਦੇ ਵਾਲੇ ਮਨੁਖ ਇਹੋ ਜਿਹੇ ਫੈਸਲੇ ਅਚਾਨਕ ਹੀ ਕਰ ਬਹਿੰਦੇ ਹਨ । ਗਰਮ ਹਵਾ ਨੇ ਜਿਸ ਵਿਚ ਸਮੁੰਦਰੀ ਕੰਢੇ ਦੀ ਖੁਸ਼ਬੂ ਘੁਲੀ ਸੀ, ਤੇ ਜਿਸ ਵਿਚ ਘੁਲੀ ਸੀ ਝਾੜ੍ਹੀਆਂ, ਫਸਲਾਂ ਤੇ ਘਾਵਾਂ ਦੀ ਸੁੰਘ ਤੇ ਉਤੱਰੀ ਕਾਂਗ ਨਾਲ ਨੰਗੀਆਂ ਹੋਈਆਂ ਚਟਾਨਾਂ ਦੀ ਸੁਗੰਧੀ, ਨੇ ਜੀਨ ਨੂੰ ਹੋਰ ਵੀ ਬੇਸੁਧ ਕਰ ਦਿੱਤਾ । ਹਰ ਕਦਮ ਤੇ ਉਹ ਮਨ ਪੱਕਾ ਕਰਨ ਲਗਾ । ਦੁਮੇਲ ਉਤੇ ਚਿਤਰੀ ਲਾ-ਜਵਾਬ ਹੁਸੀਨਾ ਦੀ ਨੁਹਾਰ-ਭਰੀ ਰੂਪ-ਰੇਖਾ ਜਦੋਂ ਉਹਦੀ ਨਜ਼ਰ ਪੈਂਦੀ ਤਾਂ ਉਸ ਦਾ ਦਿਲ ਉਹਦਾ ਆਪਣਾ ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਿੰਦਾ। ਉਹਨੇ ਮਨ ਵਿਚ ਧਾਰ ਲਿਆ ਕਿ ਉਹ ਹੁਣ ਗਿਣਤੀਆਂ ਨਹੀਂ ਗਿਣੇਗਾ। ਉਹ ਸਾਫ ਸਾਫ ਕਹਿ ਦੇਵੇਗਾ ਕਿ ਉਹ ਉਸਨੂੰਪਿਆਰ ਕਰਦਾ ਹੈ ਤੇ ਉਹਦੇ ਨਾਲ ਸ਼ਾਦੀ ਕਰਕੇ ਇਕ ਰੂਹ ਹੋਣਾ ਚਾਹੁੰਦਾ ਹੈ। ਅਜ ਦੀ ਪਿਕਨਿਕ ਵੀ ਇਸ ਕੰਮ ਨੂੰ ਨੇਪਰੇ ਚਾੜ੍ਹਨ ਵਿਚ ਸਹਾਇਕ ਹੋਵੇਗੀ, ਕਿਉਂਕਿਦੋਹਾਂ ਨੂੰ ਨਵੇਕਲੇ ਬਹਿ ਕੇ ਵਿਚਾਰ ਵਟਾਂਦਰੇ ਲਈ ਮੁਨਾਸਬ ਮੌਕਾ ਆਸਾਨੀ ਨਾਲ ਮਿਲ ਜਾਵੇਗਾ। ਇਸ ਤੋਂ ਛੁਟ ਮੁਹਬੱਤ ਦਰਸਾਉਣ ਲਈ ਵਾਤਾਵਰਣ ਵੀ ਬੜਾ ਪਿਆਰਾ ਸੀ। ਖੁਬਸੂਰਤ ਸਮੁੰਦਰੀ ਕੰਢਾ, ਪੈਰਾਂ ਥਲੇ ਪਾਣੀਆਂ ਦੀ ਛੋਹ ਤੇ ਅਠਕੇਲੀਆਂ ਕਰਦੀਆਂ ਪਾਣੀ ਵਿਚ ਮਛੀਆਂ ਉਹਦੇ ਪਿਆਰ ਨੂੰ ਛੇੜ ਦੇਣਗੀਆਂ ਤੇ ਉਮੂਲਦਾ ਪਿਆਰ ਉਹ ਅੱਜ ਰੋਜ਼ਮਿਲੀ ਦੀ ਝੋਲੀ ਵਿਚ ਪਾ ਦੇਵੇਗਾ।

ਘਾਟੀ ਦੇ ਸਿਰੇ ਤੇ ਪਹੁੰਚ ਕੇ ਜਿਥੇ ਸਮੁੰਦਰ ਵਿਚ ਧਸੀ ਜਮੀਨ ਮੁਕਦੀ ਸੀ। ਉਨ੍ਹਾਂ ਨੂੰ ਇਕ ਪਗਡੰਡੀ ਮਿਲੀ ਜਿਹੜੀ ਚਟਾਨ ਵਲ ਮੁੜਦੀ ਸੀ। ਹੇਠਲੇ ਸਮੁੰਦਰ ਤੇ ਚਟਾਨ ਦੇ ਵਿਚਕਾਰ ਢਹੀਆਂ ਜਾਂ ਢਾਹੀਆਂ ਪਹਾੜੀਆਂ ਦਾ ਮਲਵਾ ਪਿਆ ਸੀ ਤੇ ਘਾਹ ਦੇ ਮੈਦਾਨ ਵਿਚ ਖੜੇ ਥੇਹ ਉਹਦੀ ਇਕਸਾਰਤਾ ਵਿਚ ਵਿਘਨ ਪਾ ਰਹੇ ਸਨ। ਇਹ ਮੈਦਾਨ ਜਿਹੜਾ ਢਹੀਆਂ ਪਹਾੜੀਆਂ ਨਾਲ ਪਿਛਲੇ ਸਮਿਆਂ ਵਿਚ ਬਣਿਆ ਲਗਦਾ ਸੀ, ਦਖਣ ਵਲ ਫੈਲ ਕੇ ਅਲੋਪ ਹੋ ਜਾਂਦਾ। ਇਸ ਪਤਲੇ ਘਾਹ ਅਤੇ ਝਾੜੀਆਂ ਨਾਲ ਢਕੇ ਮੈਦਾਨ ਉਪਰ ਲਾਵੇ ਨਾਲ ਢਕੀਆਂ ਪਹਾੜੀਆਂ ਦੇ ਥੇਹ ਕਿਸੇ ਪੁਰਾਣੀ ਗਰਕੀ ਬਸਤੀ ਦੇ ਖੰਡਰ ਲਗ ਰਹੇ ਸਨ। ਆਪਣੇ ਸਮੇਂ ਵਿਚ ਕੰਢੇ ਤੇ ਵਸੀ ਇਹ ਬਸਤੀ ਸਮੁੰਦਰ ਉਤੇ ਝਾਤਾਂ ਪਾਉਂਦੀ ਹੋਵੇਗੀ ਜਦ ਕਿ ਖੁਦ ਆਪ ਇਹ ਲਾਵੇ ਨਾਲ ਭਰੀਆਂ ਪਹਾੜੀਆਂ ਦੀ ਲਪੇਟ ਵਿਚ ਫਸੀ ਪਈ ਸੀ।

ਰੁਕਦਿਆਂ ਹੀ ਰੋਜ਼ਮਿਲੀ ਦੇ ਮੂੰਹੋਂ ਨਿਕਲਿਆ, "ਕਿੰਨਾ ਮਨਮੋਹਣਾ ਦ੍ਰਿਸ਼ ਹੈ।"

ਜੀਨ ਰੋਜ਼ਮਿਲੀ ਨੂੰ ਜਾ ਮਿਲਿਆ। ਧੜਕਦੇ ਦਿਲ ਨਾਲ ਉਹਨੇ ਆਪਣਾ ਹੱਥ ਉਹਦੇ ਵਲ ਵਧਾਇਆ ਤਾਂ ਕਿ ਚਟਾਨ ਦੀਆਂ ਤੰਗ ਪੌੜੀਆਂ ਵਿਚੋਂ ਉਤਰਨ ਲਈ ਉਹ ਉਹਦੀ ਅਗਵਾਈ ਕਰ ਸਕੇ।

ਉਹ ਦੋਵੇਂ ਅੱਗੇ ਅੱਗੇ ਚਲਦੇ ਗਏ। ਕਪਤਾਨ ਬੋਜ਼ੀਰ ਆਪਣੀਆਂ ਨਿਕੀਆਂ ਨਿਕੀਆਂ ਲੱਤਾਂ ਨੂੰ ਅਕੜਾ ਕੇ ਸ੍ਰੀਮਤੀ ਰੋਲੈਂਡ ਨੂੰ ਆਪਣੀ ਬਾਂਹ ਦਾ ਸਹਾਰਾ ਦੇ ਰਿਹਾ ਸੀ ਕਿਉਂਕਿ ਥੱਲੇ ਡੂੰਘੀ ਖੱਡ ਦੇਖ ਕੇ ਉਸ ਦਾ ਸਿਰ ਚਕਰਾ ਰਿਹਾ ਸੀ।

ਸਭ ਤੋਂ ਪਿਛੇ ਰੋਲੈਂਡ ਤੇ ਪੀਅਰੇ ਆ ਰਹੇ ਸਨ। ਡਾਕਟਰ ਨੂੰ ਆਪਣੇ ਪਿਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਮਦਦ ਕਰਨੀ ਪਈ ਕਿਉਂਕਿ ਰੋਲੈਂਡ ਨੂੰ ਇਸ ਕਦਰ ਚੱਕਰ ਆ ਰਹੇ ਸਨ ਕਿ ਉਹ ਥੱਲੇ ਬੈਠ ਗਿਆ ਤੇ ਬੈਠਿਆ ਬੈਠਿਆਂ ਹੀ ਖਿਸਕਣ ਲੱਗਾ।

ਟੋਲੀ ਦੇ ਅੱਗੇ ਅੱਗੇ ਚਲਦੀਆਂ ਨੌਜਵਾਨ ਰੂਹਾਂ ਉਡਦੀਆਂ ਜਾਂਦੀਆਂ ਸਨ। ਅਚਾਨਕ ਚਟਾਨ ਵਿਚੋਂ ਕਿਸੇ ਫੁਟਦੇ ਚਸ਼ਮੇ ਦਾ ਛੱਲਾਂ ਮਾਰਦਾ ਲਿਸ਼ਕਦਾ ਪਾਣੀ ਉਨ੍ਹਾਂ ਦੀ ਨਜ਼ਰੀ ਪਿਆ। ਕੋਲ ਹੀ ਢਲਾਨ ਦੇ ਵਿਚਕਾਰ ਲਕੜੀ ਦਾ ਇਕ ਬੈਂਚ ਅਰਾਮ ਕਰਨ ਵਾਸਤੇ ਬਣਾਇਆ ਹੋਇਆ ਸੀ। ਚਸ਼ਮੇ ਵਿਚੋਂ ਫੁਟਕੇ ਪਾਣੀ ਪਹਿਲਾਂ ਇਕ ਛੋਟੀ ਜਿਹੀ ਛਪੜੀ ਵਿਚ ਪੈਂਦਾ ਜਿਹੜੀ ਪਾਣੀ ਨੇ ਮਿੱਟੀ ਖੋਰ ਖੋਰ ਕੇ ਆਪ ਹੀ ਬਣਾ ਲਈ ਸੀ। ਛਪੜੀ ਵਿਚੋਂ ਡਿਗਕੇ ਇਹ ਦੋ ਕੁ ਫੁੱਟ ਨੀਂਵਾ ਝਰਨਾ ਬਣਾਉਂਦਾ ਤੇ ਫੇਰ ਡੰਡੀ ਦੇ ਨਾਲ ਨਾਲ ਵਗ ਟੁਰਦਾ। ਇਸ ਦੇ ਬਹਾਉ ਦੇ ਕੰਢੇ ਕੰਢੇ ਮਖਮਲ ਵਰਗਾ ਹਰਾਂ ਘਾ ਉਗ ਪਿਆ ਸੀ ਤੇ ਵਗਦਾ ਵਗਦਾ ਇਹ ਪਾਣੀ ਮੈਦਾਨ ਵਿਚ ਉਂਗਰੇ ਕਾਂਨਿਆਂ ਤੇ ਘਾਵਾਂ ਵਿਚ ਸਮਾ ਜਾਂਦਾ।

ਰੋਜ਼ਮਿਲੀ ਜ਼ੋਰ ਨਾਲ ਬੋਲੀ, "ਮੈਨੂੰ ਤਾਂ ਬਹੁਤ ਤ੍ਰਿਹ ਲਗੀ ਹੈ।"

ਪਰ ਕਿੰਜ ਪੀਵੇ ਉਹ ਪਾਣੀ? ਰੋਜ਼ਮਿੱਲੀ ਬੁੱਕ ਨਾਲ ਪਾਣੀ ਪੀਣ ਦੀ ਕੋਸ਼ਿਸ਼ ਕਰਦੀ ਪਰ ਇਹ ਉਹਦੀਆਂ ਉਂਗਲਾਂ ਵਿਚੋਂ ਡੁਲ੍ਹ ਜਾਂਦਾ। ਜੀਨ ਨੂੰ ਇਕ ਫੁਰਨਾ ਫੁਰਿਆ। ਕੋਈ ਪਥੱਰ ਚੁੱਕ ਕੇ ਉਹਨੇ ਰਸਤੇ ਵਿਚ ਰਖ ਦਿੱਤਾ। ਪਥੱਰ ਤੇ ਪੈਰ ਟਿਕਾ ਕੇ ਰੋਜ਼ਮਿੱਲੀ ਸਿੱਧਾ ਚਸ਼ਮੇ ਤੋਂ ਪਾਣੀ ਪੀਣ ਲੱਗੀ ਜਿਹੜਾ ਹੁਣ ਉਹਦੇ ਮੂੰਹ ਦੀ ਉਚਾਈ ਦੇ ਬਰਾਬਰ ਸੀ। ਜਦੋਂ ਉਹਨੇ ਸਿਰ ਉਪਰ ਚੁਕਿਆ ਤਾਂ ਉਹਦੇ ਚਿਹਰੇ ਤੇ, ਵਾਲਾਂ ਅਤੇ ਪਲਕਾਂ ਉਪਰ ਹਜ਼ਾਰਾਂ ਛੋਟੇ ਛੋਟੇ ਪਾਣੀ ਦੇ ਗੋਲੇ ਮੋਤੀਆਂ ਵਾਂਗ ਚਮਕ ਰਹੇ ਸਨ। ਜੀਨ ਦਾ ਦਿਲ ਮਚਲ ਗਿਆ। ਉਹਦੇ ਵੱਲ ਝੁਕ ਕੇ ਮਲਕੜੇ ਜਿਹੇ ਉਹਦੇ ਕੰਨ ਵਿੱਚ ਕਹਿਣ ਲੱਗਾ:

"ਹੁਸਨ ਦੀਏ ਮਲਕਾ।"

ਜਿਵੇਂ ਕਿ ਰੋਜ਼ਮਿੱਲੀ ਕਿਸੇ ਬੱਚੇ ਨੂੰ ਝਾੜ ਪਾ ਰਹੀ ਹੋਵੇ: "ਚੁਪ!"

ਪਿਆਰ ਦੀਆਂ ਉਡਾਰੀਆਂ ਭਰਨ ਦਾ ਪਹਿਲਾਂ ਯਤਨ ਇਨ੍ਹਾਂ ਲਫਜ਼ਾਂ ਨਾਲ ਹੀ ਉਨ੍ਹਾਂ ਨੇ ਕੀਤਾ। ਜੀਨ ਦੇ ਮਨ ਵਿੱਚ ਧੁਖ-ਧੁਖੀ ਲੱਗੀ ਹੋਈ ਸੀ, "ਜਲਦੀ ਆ ਜਾ, ਬਾਕੀਆਂ ਦੇ ਆਉਣ ਤੋਂ ਪਹਿਲਾਂ ਪਹਿਲਾਂ ਕਿਤੇ ਦੂਰ ਨਿਕਲ ਜਈਏ।"

ਰੋਜ਼ਮਿੱਲੀ ਨੇ ਤਕਿਆ ਕਿ ਕਪਤਾਨ ਬੋਜ਼ੀਰ ਬਿਲਕੁਲ ਨੇੜੇ ਸੀ। ਪਿਛਾਂਹ ਝੁਕ ਕੇ ਉਸ ਨੇ ਸ਼੍ਰੀਮਤੀ ਰੋਲੈਂਡ ਨੂੰ ਦੋਹਾਂ ਹੱਥਾਂ ਦਾ ਸਹਾਰਾ ਦਿੱਤਾ ਹੋਇਆ ਸੀ। ਤੇ ਮਿਸਟਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋਲੈਂਡ ? ਉਹ ਕਾਫ਼ੀ ਦੂਰ ਪਿਛੇ ਘਾਟੀ ਦੀ ਉਚਾਈ ਤੇ ਬੈਠਾ ਪੱਬਾਂ ਤੇ ਕੂਹਣੀਆਂ ਭਾਰ ਕੱਛੂ ਦੀ ਚਾਲ ਆਪਣੇ ਆਪ ਨੂੰ ਘਸੀਟਦਾ ਆ ਰਿਹਾ ਸੀ ਤੇ ਪਿਉ ਨੂੰ ਵੇਖਦਾ ਸੰਭਾਲਦਾ ਪੀਅਰੇ ਉਹਦੇ ਅੱਗੇ ਅੱਗੇ ਚਲ ਰਿਹਾ ਸੀ।

ਰਸਤੇ ਦੀ ਨਿਮਾਨ ਕੁਝ ਘੱਟ ਗਈ। ਟੀਸੀ ਤੋਂ ਢਹੇ ਵਿਸ਼ਾਲ ਪਥਰਾਂ ਦੁਆਲੇ ਘੁੰਮਦਾ ਰਸਤਾ ਹੁਣ ਇਕ ਢਾਲੂ ਸੜਕ ਬਣ ਗਿਆ ਸੀ। ਰੋਜ਼ਮਿੱਲੀ ਅਤੇ ਜੀਨ ਦੌੜਨ ਲੱਗੇ ਤੇ ਜਲਦੀ ਹੀ ਸਮੁੰਦਰ ਤੱਟ ਦੀ ਮੋਟੀ ਰੇਤ ਤੇ ਪਹੁੰਚ ਗਏ। ਉਹ ਇਸ ਨੂੰ ਵੀ ਪਾਰ ਕਰ ਗਏ ਅਤੇ ਪਰੇ ਖੁਲ੍ਹੀ ਸਤਹ ਦੀਆਂ ਨੰਗੀਆਂ ਚਟਾਨਾਂ ਵੱਲ ਹੋ ਟੁਰੇ ਜਿਥੇ ਬਹੁਤ ਸਾਰਾ ਸਮੁੰਦਰੀ ਘਾ ਉਗਿਆ ਹੋਇਆ ਸੀ ਜਿਸ ਵਿਚ ਪਾਣੀ ਦੀਆਂ ਅਣਗਿਣਤ ਡੁਬਕਲੀਆਂ ਚਮਕ ਰਹੀਆਂ ਸਨ। ਇਸ ਚਮਕਦੀ ਕਾਲੀ ਤੇ ਹਰੀ ਜਗ੍ਹਾਂ ਤੋਂ ਕਾਂਗ ਕਾਫ਼ੀ ਥੱਲੇ ਜਾ ਚੁਕੀ ਸੀ।

ਜੀਨ ਨੇ ਆਪਣੀ ਪੈਂਟ ਗੋਡਿਆ ਤੱਕ ਚੜ੍ਹਾਂ ਲਈ ਤੇ ਕਮੀਜ਼ ਦੀਆਂ ਬਾਹਾਂ ਕੂਹਣੀਆਂ ਤੱਕ ਇਕਠੀਆਂ ਕਰ ਲਈਆਂ ਤਾਂ ਕਿ ਪਾਣੀ ਵਿੱਚ ਕਪੜੇ ਭਿਜਣ ਦਾ ਕੋਈ ਡਰ ਨਾ ਰਹੇ। ਪਹਿਲੀ ਡੁਬਕਣੀ ਨੂੰ ਹੰਭਲਾ ਮਾਰ ਕੇ ਪਾਰ ਕਰਦਾ ਹੋਇਆ ਉਹ ਚੀਕਿਆ, "ਚਲੋ ਅੱਗੇ।"

ਪਾਣੀ ਨੂੰ ਪਾਰ ਕਰਨ ਦਾ ਪੱਕਾ ਇਰਾਦਾ ਬਣਾ ਕੇ ਪਰ ਜ਼ਿਆਦਾ ਸਮਝਦਾਰੀ ਤੇ ਹੁਸ਼ਿਆਰੀ ਤੋਂ ਕੰਮ ਲੈਂਦੀ ਮੁਟਿਆਰ ਛੋਟੀਆਂ ਡੁਬਕਣੀਆਂ ਦੇ ਦੁਆਲੇ ਜਮ੍ਹਾਂ ਜਮਾਂ ਕੇ ਪੈਰ ਰਖਦੀ ਅੱਗੇ ਟੁਰਦੀ ਗਈ ਕਿਉਂਕਿ ਘਾ ਵਿੱਚ ਪੈਰ ਰਖਦਿਆਂ ਸਾਰ ਹੀ ਉਹ ਤਿਲਕ ਜਾਂਦੀ ਸੀ।

ਰੋਜ਼ਮਿਲੀ ਕਹਿਣ ਲੱਗੀ, "ਕੁਝ ਨਜ਼ਰ ਆ ਰਿਹਾ ਹੈ"

"ਹਾਂ, ਮੈਨੂੰ ਪਾਣੀ ਵਿੱਚ ਤੇਰੀ ਸੂਰਤ ਦਿਖ ਰਹੀ ਹੈ।"

"ਜੇ ਤੈਨੂੰ ਕੇਵਲ ਇਹੋ ਕੁਝ ਹੀ ਦਿਸਦਾ ਹੈ ਤਾਂ ਤੂੰ ਨਾਮ-ਮਾਤਰ ਵੀ ਕੋਈ ਮੱਛੀ ਨਹੀਂ ਫੜ ਸਕੇਗਾਂ"।

ਪਿਆਰ ਵਿਗੁੱਤੀ ਅਵਾਜ਼ ਵਿੱਚ ਉਹ ਬੋਲਿਆ, "ਦਿਲ ਕਰਦਾ ਹੈ ਦੁਨੀਆਂ ਦੀਆਂ ਸਾਰੀਆਂ ਗੱਲਾਂ ਛੱਡ ਕੇ ਤੇਰੀ ਸ਼ਕਲ ਨੂੰ ਜਾਲਾਂ ਨਾਲ ਕੈਦ ਕਰ ਲਵਾਂ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਝਣਕਾਰ ਵਰਗਾ ਹਾਸਾ ਹੱਸੀ, "ਕਰ ਲੈ ਕੋਸ਼ਿਸ਼ ਫੇਰ। ਦੇਖ ਇਹ ਸੂਰਤ ਕਿਵੇਂ ਤੇਰੇ ਜਾਲ ਨੂੰ ਚਕਮਾ ਦੇ ਦੇ ਕੇ ਖਿਸ਼ਕੇਗੀ।"

"ਅੱਛਾ, ਜੇ ਤੇਰਾ ਦਿਲ ਕਰਦੈ............।"

"ਹਾਂ ਹਾਂ, ਮੇਰਾ ਦਿਲ ਕਰਦਾ ਹੈ ਕਿ ਹਾਲ ਦੀ ਘੜੀ ਤੂੰ ਮੱਛੀਆਂ ਪਕੜ, ਹੋਰ ਕੁਝ ਨਹੀਂ।" ਵਿਚੋਂ ਹੀ ਉਹ ਬੋਲੀ।

"ਤੂੰ ਪੱਥਰ ਦਿਲ ਹੈਂ। ਚੱਲ ਅੱਗੇ ਚਲੀਏ, ਏਥੇ ਕੁਝ ਨਹੀਂ ਮਿਲਣਾ।"

ਤਿਲਕਣੇ ਪੱਥਰਾਂ ਤੋਂ ਬਚਣ ਲਈ ਉਹਨੇ ਰੋਜ਼ਮਿਲੀ ਨੂੰ ਆਪਣੇ ਹੱਥ ਦਾ ਸਹਾਰਾ ਦਿੱਤਾ। ਸੰਗਦੀ ਸੰਹਦੀ ਉਹ ਉਹਦੀ ਬਾਹ ਤੇ ਝੁਕ ਗਈ। ਉਹਦੀ ਛੋਹ ਨਾਲ ਜੀਨ ਅੰਦਰ ਪਿਆਰ ਤਰੰਗਾਂ ਉਠ ਕੇ ਬਲਵਾਨ ਹੋ ਗਈਆਂ। ਰੀਝਾਂ ਨਾਲ ਦਿਲ ਉਮੁਲ ਉਠਿਆ ਲਗਦਾ ਸੀ ਉਹਦੇ ਅੰਦਰ ਸੁੱਤੇ ਪਿਆਰ ਦਾ ਹੜ੍ਹ ਫੁਟ ਕੇ ਵਗਣ ਲਈ ਅੱਜ ਦੇ ਦਿਨ ਦਾ ਬੇਸਬਰੀ ਨਾਲ ਇੰਤਜਾਰ ਕਰ ਰਿਹਾ ਸੀ।

ਛੇਤੀ ਹੀ ਉਹ ਕਿਸੇ ਡੂੰਘੀ ਛਪੜੀ ਕੋਲ ਪਹੁੰਚੇ। ਇਸ ਛਪੜੀ ਦਾ ਪਾਣੀ ਇਕ ਅਣਦਿਖ ਪਤਲੀ ਆੜ ਰਾਹੀਂ ਸਮੁੰਦਰ ਨਾਲ ਜੁੜਿਆ ਹੋਇਆ ਸੀ। ਲਹਿਰਾਂ ਦੇ ਪਾਣੀ ਅੰਦਰ ਲੰਬਾ, ਸੁੰਦਰ, ਗੁਲਾਬੀ ਤੋਂ ਹਰਾ, ਵਾਲਾਂ ਵਾਂਗ ਚਮਕਦਾ ਘਾ ਇਜ ਰੁਮਕ ਰਿਹਾ ਸੀ ਜਿਵੇਂ ਇਹ ਪਾਣੀ ਵਿੱਚ ਤਰ ਰਿਹਾ ਹੋਵੇ।

ਰੋਜ਼ਮਿੱਲੀ ਚਿੱਲਾਈ : "ਦੇਖ, ਦੇਖ, ਮੈਨੂੰ ਨਜ਼ਰ ਆਈ-ਇਕ ਬਹੁਤ ਵੱਡੀ-ਉਥੇ।"

ਜੀਨ ਨੂੰ ਵੀ ਮੱਛੀ ਦਿਖ ਗਈ। ਉਹ ਛਪੜੀ ਵਿੱਚ ਉਤਰ ਗਿਆ ਤੇ ਪਾਣੀ ਉਹਦੇ ਲੱਕ ਤੋੜੀ ਆ ਗਿਆ। ਮੱਛੀ ਛਪਲ ਛਪਲ ਕਰਦੀ ਉਸਦੇ ਜਾਲ ਤੋਂ ਪਿਛਾਂਹ ਹੱਟ ਗਈ। ਜੀਨ ਨੇ ਇਸ ਨੂੰ ਪਾਣੀ ਵਿਚਲੇ ਘਾ ਵੱਲ ਸ਼ਿਸ਼ਕੇਰਿਆ ਕਿਉਂਕਿ ਉਥੇ ਇਸਨੂੰ ਨੱਪਣ ਦਾ ਜੀਨ ਨੂੰ ਕਾਫੀ ਭਰੋਸਾ ਸੀ। ਘਿਰੀ ਹੋਈ ਮੱਛੀ ਨੇ ਜ਼ੋਰ ਦੀ ਛਾਲ ਮਾਰੀ ਤੇ ਜਾਲ ਦੇ ਉਤੋਂ ਦੀ ਛਪੜੀ ਨੂੰ ਪਾਰ ਕਰਕੇ ਅਲੋਪ ਹੋ ਗਈ। ਬੜੇ ਚਾ ਨਾਲ ਦੇਖਦੀ ਮੁਟਿਆਰ ਕੂਕਣੋਂ ਨਾ ਰਹਿ ਸਕੀ, "ਉਹ ! ਬੱਚ ਗਈ।'

ਜੀਨ ਕ੍ਰਿਝਿਆ ਤੇ ਬਿਨਾਂ ਸੋਚੇ ਸਮਝੇ ਘਾ ਨਾਲ ਲੱਥ ਪੱਥ ਛਪੜੀ ਵਿੱਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੇ ਜਾਲ ਨਾਲ ਘੋਂਆਂ ਦੇ ਦਿੱਤਾ। ਜਦੋਂ ਉਸਨੇ ਜਾਲ ਪਾਣੀ ਵਿਚੋਂ ਬਾਹਰ ਕਢਿਆ ਤਾਂ ਇਸ ਵਿੱਚ ਤਿੰਨ ਚਮਕਦੀਆਂ ਝੀਂਗਾ ਮਛੀਆਂ ਨਜ਼ਰ ਆਈਆਂ ਜਿਹੜੀਆਂ ਕਿਤੇ ਅਦਿਖ ਜਗ੍ਹਾਂ ਤੇ ਛਪੜੀ ਵਿੱਚ ਛੁਪੀਆਂ ਹੋਈਆਂ ਸਨ ਤੇ ਅਚਾਨਕ ਹੀ ਜਾਲ ਧਰੂਣ ਨਾਲ ਵਿੱਚ ਫਸ ਗਈਆ।

ਆਪਣੀ ਜਿੱਤ ਦਾ ਇਨਾਮ ਉਹਨੇ ਰੋਜ਼ਮਿੱਲੀ ਨੂੰ ਭੇਟ ਕੀਤਾ। ਉਹ ਮੱਛੀਆਂ ਦੇ ਸਿਰਾਂ ਉਪਰਲੇ ਤਿਖੇ ਦੰਦਿਆਂ ਤੋਂ ਡਰਦੀ ਉਨ੍ਹਾਂ ਨੂੰ ਹੱਥ ਨਾ ਲਾਉਂਦੀ।

ਛੇਕੜ ਰੋਜ਼ਮਿਲੀ ਮੰਨ ਗਈ। ਆਪਣੀਆਂ ਦੋਹਾਂ ਉਂਗਲਾਂ ਨਾਲ ਫੜ ਫੜ ਕੇ ਉਹਨੇ ਇਕ ਇਕ ਕਰਕੇ ਮੱਛੀਆਂ ਆਪਣੀ ਟੋਕਰੀ ਵਿਚ ਪਾ ਲਈਆਂ। ਨਾਲ ਹੀ ਕੁਝ ਘਾ ਵੀ ਪਾ ਲਿਆ ਤਾਂ ਕਿ ਉਹ ਜੀਉਂਦੀਆਂ ਰਹਿਣ। ਪਿਛੋਂ ਕੋਈ ਘੱਟ ਡੂੰਘੀ ਛਪੜੀ ਦੇਖ ਕੇ ਝਿਜਕਦੀ ਝਿਜਕਦੀ ਉਹ ਆਪ ਵੀ ਪਾਣੀ ਵਿੱਚ ਵੜ ਗਈ। ਠੰਢੇ ਪਾਣੀ ਦੀ ਪੈਰਾਂ ਨੂੰ ਛੋਹ ਲਗਦਿਆਂ ਹੀ ਪਲ ਭਰ ਉਹਦਾ ਸਾਹ ਰੁਕਿਆ ਤੇ ਫੇਰ ਸੰਭਲ ਕੇ ਉਹ ਮੱਛੀਆਂ ਪਕੜਨ ਲੱਗ ਗਈ। ਉਹ ਬੜੀ ਹੁਨਰਮੰਦ ਤੇ ਹੁਸ਼ਿਆਰ ਸੀ। ਉਹਦੀ ਵੀਣੀ ਵਿੱਚ ਲਚਕ ਸੀ ਤੇ ਆਪ ਖ਼ੁਦ ਉਹ ਖਿਲਾੜੀਆਂ ਵਾਲੀ ਸਾਵਧਾਨੀ ਦੀ ਮਾਲਕ ਸੀ। ਤਕਰੀਬਨ ਹਰ ਹੰਭਲੇ ਵਿੱਚ ਉਹ ਕੁਝ ਮੱਛੀਆਂ ਪਕੜ ਕੇ ਬਾਹਰ ਕਢਦੀ। ਸਹਿਜੇ ਸਹਿਜੇ ਸਾਵਧਾਨੀ ਵਰਤਦੀ ਉਹ ਸ਼ਿਕਾਰ ਪਕੜਦੀ ਗਈ ਤੇ ਅਖੀਰ ਛਪੜੀ ਖਾਲੀ ਹੋ ਗਈ।

ਜੀਨ ਨੂੰ ਕੁਝ ਹੱਥ ਨਹੀਂ ਸੀ ਲੱਗ ਰਿਹਾ। ਪਰ ਕਦਮ ਕਦਮ ਤੇ ਉਹ ਰੋਜ਼ਮਿਲੀ ਦਾ ਪਿੱਛਾ ਕਰਦਾ ਰਿਹਾ। ਬਹਾਨੇ ਬਹਾਨੇ ਉਹ ਉਹਦੇ ਕਪੜੇ ਛੋਹਦਾਂ, ਉਹਦੇ ਉਪਰ ਝੁਕਦਾ, ਆਪਣੇ ਅਣਜਾਣਪੁਣੇ ਤੋਂ ਤੰਗ ਹੋਣ ਦਾ ਚਲਿਤਰ ਕਰਦਾ ਤੇ ਵਿਚੋਂ ਵਿਚੋਂ ਦਾਹੁੰਦਾ ਕਿ ਰੋਜ਼ਮਿਲੀ ਉਸ ਨੂੰ ਮੱਛੀ ਫੜਨ ਦਾ ਵੱਲ ਸਿਖਾਵੇ।

ਉਹ ਕਹਿਣ ਲੱਗਾ, "ਮੈਨੂੰ ਵੀ ਸਿਖਾਲ ਕਿਸ ਤਰ੍ਹਾਂ ਕਰਾਂ, ਦੱਸ ਨਾ!"

ਜਿਵੇਂ ਹੀ ਦੋਹਾਂ ਚਿਹਰਿਆਂ ਦ ਨਾਲ ਨਾਲ ਅਕਸ ਸਾਫ ਪਾਣੀ ਵਿਚੋਂ ਦਿਸਿਆ, ਜੀਨ ਰੋਜ਼ਮਿਲੀ ਦੇ ਅਕਸ ਤੇ ਮੁਸਕਰਾ ਪਿਆ। ਇਹ ਅਕਸ ਉਹਦੇ ਆਪਣੇ ਅਕਸ ਦੇ ਕਿੰਨਾ ਨੇੜੇ ਸੀ ਤੇ ਇੰਜ ਲਗਦਾ ਸੀ ਜਿਵੇਂ ਪਾਣੀ ਵਿਚੋਂ ਇਹ ਉਹਦੇ ਵੱਲ ਝਾਕ ਰਿਹਾ ਹੋਵੇ। ਕਦੇ ਕਦੇ ਜੀਨ ਆਪਣੀਆਂ ਉਗਲਾਂ ਦੇ ਪੋਟੇ ਬੁਲਾਂ ਨਾਲ ਛੋਹ ਕੇ ਅਕਸ ਵੱਲ ਚੁੰਮਣ ਸੁਟਦਾ ਤੇ ਇਹ ਚੁਮਣ ਅਕਸ ਉਪਰ ਡਿਗਦੇ ਲਗਦੇ।

ਸੁਨਿਆਰ ਜਨਾਨੀ ਆਖਣ ਲੱਗੀ, "ਤੂੰ ਕਿੰਨਾ ਤੰਗ ਕਰਦਾ ਹੈਂ। ਇਕੋ ਵੇਲੇ ਦੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੰਮ ਨਹੀਂ ਕਰਨੇ ਚਾਹੀਦੇ।"

ਉਹਦਾ ਜਵਾਬ ਸੀ, "ਮੈਂ ਤਾਂ ਸਿਰਫ ਇਕੋ ਹੀ ਕੰਮ ਕਰ ਰਿਹਾ ਹਾਂ। ਮੈਂ ਤੇਨੂੰ ਪਿਆਰ ਕਰਦਾ ਹਾਂ।"

ਉਹ ਸਿੱਧੀ ਖੜੀ ਹੋ ਗਈ ਤੇ ਗੰਭੀਰ ਆਵਾਜ਼ ਵਿੱਚ ਕਹਿਣ ਲੱਗੀ, "ਹੁਣ ਦੱਸ ਕੀ ਗੱਲ ਹੈ ? ਪਿਛਲੇ ਦਸਾਂ ਮਿੰਟਾਂ ਤੋਂ ਤੈਨੂੰ ਕੀ ਖੁਤਖੁਤੀ ਲਗੀ ਹੋਈ ਹੈ ? ਤੇਰਾ ਸਿਰ ਤਾਂ ਨਹੀਂ ਭੌਂ ਗਿਆ ?"

"ਨਹੀਂ, ਮੇਰਾ ਦਿਮਾਗ ਖਰਾਬ ਨਹੀਂ ਹੋਇਆ। ਮੈਂ ਤੇਰੇ ਪਿਆਰ ਦਾ ਦੀਵਾਨਾ ਹਾਂ ਤੇ ਆਖਰ ਤੈਨੂੰ ਦਸਣ ਦੀ ਹਿੰਮਤ ਮੈਂ ਅੱਜ ਕਰ ਹੀ ਲਈ ਹੈ।"

ਇਸ ਵੇਲੇ ਉਹ ਦੋਵੇਂ ਸਮੁੰਦਰੀ ਪਾਣੀ ਦੇ ਇਕ ਟੋਏ ਵਿੱਚ ਖੜੇ ਸਨ ਤੇ ਪਾਣੀ ਗੋਡਿਆਂ ਤਕ ਉੱਚਾ ਸੀ। ਨਿਚੜਦੇ ਹੱਥ ਉਨ੍ਹਾਂ ਦੇ ਜਾਲਾਂ ਤੇ ਝੁਕੇ ਹੋਏ ਸਨ ਤੇ ਉਹ ਇਕ ਦੂਜੇ ਦੀਆਂ ਤੱਕਣੀਆਂ ਦੀਆਂ ਡੂੰਘਾਣਾਂ ਨੂੰ ਮਾਪ ਰਹੇ ਸਨ।

ਰੋਜ਼ਮਿੱਲੀ ਨੇ ਮਜ਼ਾਕੀਆ ਰਉਂ ਵਿੱਚ ਪਰ ਜ਼ਰਾ ਖਿਝ ਕੇ ਕਿਹਾ, "ਬੜਾ ਗਲਤ ਵੇਲਾ ਚੁਣਿਆ ਈ ਇਹ ਗੱਲ ਕਰਨ ਦਾ। ਜੇ ਇਕ ਦਿਨ ਹੋਰ ਇੰਤਜ਼ਾਰ ਕਰ ਲੈਂਦਾ ਤਾਂ ਪਿਕਨਿਕ ਦਾ ਸਾਰਾ ਸੁਆਦ ਕਿਰਕਿਰਾ ਹੋਣ ਤੋਂ ਤਾਂ ਬੱਚ ਜਾਂਦਾ ?"

ਹੌਲੀ ਜਿਹੇ ਜੀਨ ਨੇ ਆਖਿਆ, "ਮੈਨੂੰ ਮਾਫ ਕਰ ਦੇ। ਹੁਣ ਮੈਥੋਂ ਇਹ ਪਿਆਰ ਲੁਕਾਇਆ ਨਹੀਂ ਸੀ ਜਾ ਸਕਦਾ। ਕਾਫੀ ਦੇਰ ਤੋਂ ਤੂੰ ਮੇਰਾ ਦਿਲ ਮੱਲੀ ਰਖਿਆ ਹੈ। ਪਰ ਅੱਜ ਤੂੰ ਮੇਰੇ ਦਿਮਾਗ ਤੇ ਵੀ ਹਾਵੀ ਹੋ ਗਈ ਹੈਂ।"

ਇਕ ਦਮ ਰੋਜ਼ਮਿੱਲੀ ਸਾਵਧਾਨ ਹੋ ਗਈ ਤੇ ਕਿਸੇ ਨਤੀਜੇ ਤੇ ਪਹੁੰਚਣ ਲਗੀ ਜਾਪੀ। ਉਹਨੇ ਮਨ-ਪਰਚਾਵੇ ਦਾ ਸਾਰਾ ਖਿਆਲ ਛੱਡ ਕੇ ਮਤਲਬ ਦੀ ਗੱਲ ਵੱਲ ਧਿਆਨ ਜੋੜਿਆ।

ਉਹ ਬੋਲੀ, "ਆ ਕਿਸੇ ਪੱਥਰ ਤੇ ਬਹਿ ਜਾਈਏ। ਉੱਥੇ ਬੈਠ ਕੇ ਅਸੀਂ ਠਰਮ੍ਹੇ ਨਾਲ ਗਲੱਬਾਤ ਕਰ ਸਕਾਂਗੇ।

ਉਹ ਕਿਸੇ ਉੱਚੀ ਚਟਾਨ ਤੇ ਚੜ੍ਹਨ ਲੱਗੇ। ਜਦੋਂ ਉਹ ਧੁਪ ਵਿੱਚ ਲਤਾਂ ਲਟਕਾ ਕੇ ਇਕ ਦੂਜੇ ਦੇ ਕੋਲ ਕੋਲ ਟਿਕ ਕੇ ਬਹਿ ਗਏ ਤਾਂ ਰੋਜ਼ਮਿੱਲੀ ਨੇ ਇੰਜ ਕਹਿਣਾ ਅਰੰਭ ਕੀਤਾ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਦੋਸਤ, ਤੂੰ ਹੁਣ ਬੱਚਾ ਨਹੀਂ ਹੈ। ਮੈਂ ਵੀ ਕੋਈ ਕੁਆਰੀ ਕੁੜੀ ਨਹੀਂ।ਅਸੀਂ ਦੋਵੇਂ ਚੰਗੀ ਤਰ੍ਹਾਂ ਸਮਝਦੇ ਹਾਂ ਕਿ ਅਸੀਂ ਕੀ ਕਰ ਰਹੇ ਹਾਂ ਤੇ ਇਸ ਹਰਕਤ ਦੇ ਨਤੀਜਿਆਂ ਤੋਂ ਵੀ ਅਸੀਂ ਚੰਗੀ ਤਰ੍ਹਾਂ ਜਾਣੂ ਹਾਂ। ਜੇ ਤੂੰ ਅੱਜ ਆਪਣਾ ਪਿਆਰ ਜਤਾ ਰਿਹਾ ਹੈਂ ਤਾਂ ਇਸ ਦਾ ਮਤਲਬ ਹੈ ਕਿ ਸੁਭਾਵਿਕ ਹੀ ਤੂੰ ਮੇਰੇ ਨਾਲ ਸ਼ਾਦੀ ਵੀ ਕਰੇਂਗਾ।"

ਜੀਨ ਦੇ ਕਿਆਸ ਵਿੱਚ ਵੀ ਨਹੀਂ ਸੀ ਕਿ ਸਥਿਤੀ ਇੰਨੀ ਪੱਧਰੀ ਹੋ ਕੇ ਝਟ ਉਹਦੇ ਸਾਹਮਣੇ ਆ ਜਾਵੇਗੀ। ਘਬਰਾਹਟ ਜਿਹੀ ਵਿੱਚ ਉਹਨੇ 'ਹਾਂ' ਕਹਿ ਦਿੱਤੀ।

"ਕੀ ਤੂੰ ਆਪਣੇ ਮਾਤਾ ਪਿਤ੍ਰਾਂ ਨਾਲ ਗੱਲ ਕਰ ਲਈ ਹੈ?"

ਨਹੀਂ, ਮੈਂ ਤਾਂ ਹਾਲੇ ਇਹੋ ਹੀ ਜਾਣਨਾ ਚਾਹੁੰਦਾ ਸਾਂ ਕਿ ਤੂੰ ਮੈਨੂੰ ਕਬੂਲ ਵੀ ਕਰੇਂਗੀ ਕਿ ਨਹੀਂ।"

ਰੋਜ਼ਮਿੱਲੀ ਨੇ ਆਪਣਾ ਹੱਥ ਵਧਾਇਆ ਜਿਹੜਾ ਅਜੇ ਵੀ ਗਿੱਲਾ ਸੀ ਤੇ ਜੀਨ ਨੇ ਖੁਸ਼ੀ ਵਿੱਚ ਲਰਜ਼ਦਾ ਆਪਣਾ ਹੱਥ ਓਹਦੇ ਹੱਥ ਤੇ ਧਰ ਦਿੱਤਾ। ਉਹ ਕਹਿਣ ਲੱਗੀ, "ਮੈਨੂੰ ਮਨਜ਼ੂਰ ਹੈ! ਆਸ ਕਰਦੀ ਹਾਂ ਕਿ ਤੂੰ ਵਫਾਦਾਰੀ ਨਿਭਾਵੇਂਗਾ ਤੇ ਚੰਗਾ ਵਰਤੇਂਗਾ। ਪਰ ਯਾਦ ਰਖੀਂ, ਇਸ ਰਿਸ਼ਤੇ ਕਾਰਣ ਮੈਂ ਤੇਰੇ ਮਾਤਾ ਪਿਤਾ ਨੂੰ ਹਰਗਿਜ਼ ਨਾਰਾਜ਼ ਨਹੀਂ ਕਰਨਾ ਚਾਹੁੰਦੀ।"

"ਤੂੰ ਸਮਝਦੀ ਏ ਕਿ ਮਾਂ ਨੂੰ ਇਸ ਬਾਰੇ ਕੋਈ ਭਿਣਕ ਨਹੀਂ? ਜੇ ਉਹ ਤੇਰੀ ਮੇਰੀ ਸ਼ਾਦੀ ਦੀ ਚਾਹਵਾਨ ਨਾ ਹੁੰਦੀ ਤਾਂ ਕੀ ਉਹ ਤੈਨੂੰ ਇੰਜ ਹੀ ਲਾਡ ਲਡਾਉਂਦੀ ਜਿਵੇਂ ਹੁਣ ਕਰਦੀ ਹੈ?"

ਖੈਰ ਕੁਝ ਵੀ ਹੈ, ਮੇਰਾ ਮਨ ਉਪਰਾਮ ਹੋ ਗਿਆ ਹੈ।"

ਉਹ ਦੋਵੇਂ ਚੁਪ ਹੋ ਗਏ। ਜੀਨ ਬੜਾ ਹੈਰਾਨ ਹੋਇਆ ਕਿ ਰੋਜ਼ਮਿੱਲੀ ਇਸ ਘਟਨਾ ਕਾਰਨ ਬਹੁਤੀਆਂ ਉਲਝਣਾ ਵਿੱਚ ਨਹੀਂ ਪਈ ਤੇ ਉਹਨੇ ਕਿੰਨੀ ਸਮਝਦਾਰੀ ਨਾਲ ਗੱਲਬਾਤ ਕੀਤੀ। ਉਹਨੂੰ ਉਮੀਦ ਸੀ ਕਿ ਰੋਜ਼ਮਿੱਲੀ ਕੋਈ ਨਖਰਾ ਕਰੇਗੀ, ਸ਼ਾਨ ਦਿਖਾਏਗੀ ਜਾਂ ਇਨਕਾਰ ਕਰਕੇ ਉਸ ਦਾ ਪਿਆਰ ਮੋੜ ਦੇਵੇਗੀ। ਜਾਂ ਇੰਜ ਕਹਿ ਲਉ ਕਿ ਕੋਈ ਮੋਮੋਠਗਣੀ ਪਿਕਨਿਕ ਦੇ ਵਾਤਾਵਰਨ ਵਿੱਚ ਰੰਗੀ ਇਕ ਪਿਆਰ ਡਰਾਮਾ ਖੇਲੇਗੀ। ਪਰ ਅਜਿਹਾ ਕੁਝ ਵੀ ਨਾ ਹੋਇਆ। ਮਾਮੂਲੀ ਜਿਹੀ ਗੱਲਬਾਤ ਪਿਛੋਂ ਉਹ ਸ਼ਾਦੀ ਦੇ ਬੰਧਣਾਂ ਵਿੱਚ ਬੱਝ ਗਿਆ। ਹੁਣ ਹੋਰ ਕੁਝ ਕਹਿਣ ਵਾਸਤੇ ਬਾਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਸੀ ਰਹਿ ਗਿਆ ਕਿਉਂਕਿ ਉਹ ਇਕ ਦੂਜੇ ਨੂੰ ਚੰਗੀ ਤਰ੍ਹਾਂ ਸਮਝ ਰਹੇ ਸਨ। ਦੋਹਾਂ ਨੂੰ ਬੜਾ ਅਸਚਰਜ ਹੋਇਆ ਤੇ ਉਹ ਉਲਝਣ ਵਿੱਚ ਵੀ ਪਏ ਕਿ ਇੰਨੀ ਛੇਤੀ ਇੰਨਾ ਕੁਝ ਵਾਪਰ ਗਿਆ। ਕੁਝ ਚਿਰ ਵਾਸਤੇ ਉਹ ਇੰਨੇ ਹੱਕੇ ਬੱਕੇ ਰਹੇ ਕਿ ਨਾ ਉਨ੍ਹਾਂ ਦੇ ਮੂੰਹੋਂ ਕੋਈ ਲਫਜ਼ ਨਿਕਲਿਆ ਤੇ ਨਾ ਹੀ ਉਨ੍ਹਾਂ ਦਾ ਧਿਆਨ ਮੱਛੀਆਂ ਪਕੜਨ ਵਿੱਚ ਰਿਹਾ। ਉਹ ਕੀ ਕਰਨ, ਇਸ ਗੱਲ ਦੀ ਉਨ੍ਹਾਂ ਨੂੰ ਕੋਈ ਸਮਝ ਨਾ ਰਹੀ।

ਰੋਲੈਂਡ ਦੀ ਆਵਾਜ਼ ਨੇ ਇਸ ਉਲਝਣ ਤੋਂ ਛੁਟਕਾਰਾ ਦੁਆਇਆ : "ਏਧਰ ਆਉ ਜੁਆਨੋ। ਬੋਜ਼ੀਰ ਨੂੰ ਦੇਖੋਂ ਮੱਛੀਆਂ ਫੜ ਫੜ ਕੇ ਲੁੱਚੇ ਨੇ ਸਮੁੰਦਰ ਖਾਲੀ ਕਰ ਸੁਟਿਆ।"

ਕਪਤਾਨ ਬੋਜ਼ੀਰ ਦੀ ਕਾਮਯਾਬੀ ਸਚ ਮੁਚ ਸ਼ਲਾਘਾਯੋਗ ਸੀ। ਕਮਰ ਤਕ ਭਿੱਜਾ ਉਹ ਟੋਏ ਟੋਏ ਫਿਰਦਾ ਤੇ ਮਤਲਬ ਦੀ ਥਾਂ ਉਹ ਇਕੋ ਹੀ ਨਜ਼ਰ ਨਾਲ ਭਾਂਪ ਲੈਂਦਾ। ਫੇਰ ਹੌਲੀ ਹੌਲੀ ਠਰਮ੍ਹੇ ਨਾਲ ਜਾਲ ਘੁਮਾਉਂਦਾ ਉਹ ਟੋਏ ਦਾ ਕੋਨਾ ਕੋਨਾ ਛਾਣ ਮਾਰਦਾ। ਜਦੋਂ ਉਹ ਜਾਲ ਵਿਚੋਂ ਮਛੀਆਂ ਟੋਕਰੀ ਵਿੱਚ ਪਾਉਣ ਲਈ ਬਾਹਰ ਕਢਦਾ ਤਾਂ ਹਲਕੇ ਭੂਰੇ ਰੰਗ ਦੀਆਂ ਸੋਹਣੀਆਂ ਚਮਕਦੀਆਂ ਇਹ ਮੱਛੀਆਂ ਉਹਦੀ ਤਲੀ ਤੇ ਇੰਜ ਟਪਦੀਆਂ ਜਿਵੇਂ ਇਹ ਭੁੰਮਰ ਪਾ ਰਹੀਆਂ ਹੋਣ। ਰੋਜ਼ਮਿੱਲੀ ਕਪਤਾਨ ਬੋਜ਼ੀਰ ਦੇ ਬਿਲਕੁਲ ਕੋਲ ਖੜੀ ਸੀ। ਉਹ ਬੜੀ ਖੁਸ਼ ਸੀ ਤੇ ਹੈਰਾਨ ਵੀ। ਬੋਜ਼ੀਰ ਦੀ ਜਿੰਨੀ ਸੁਹਣੀ ਨਕਲ ਉਹ ਲਾ ਸਕਦੀ ਸੀ, ਲਾਉਣ ਲੱਗੀ। ਉਹਨੂੰ ਰਤੀ ਭਰ ਨੀ ਖਿਆਲ ਨਹੀਂ ਸੀ ਕਿ ਹੁਣੇ ਹੁਣੇ ਉਹਨੇ ਭਵਿਖ ਬਾਰੇ ਕਿੰਨਾ ਵੱਡਾ ਕੌਲ-ਕਰਾਰ ਕਰ ਲਿਆ ਹੈ। ਬੇਸੁਧ ਜੀਨ ਉਸਦੇ ਪਿਛੇ ਪਿਛੇ ਟੁਰਦਾ ਰਿਹਾ। ਰੋਜ਼ਮਿੱਲੀ ਬੱਚਿਆਂ ਵਾਂਗ ਮੱਛੀਆਂ ਪਕੜ ਪਕੜ ਘਾ ਵਿਚ ਲਪੇਟ ਕੇ ਟੋਕਰੀ ਵਿੱਚ ਪਾਉਂਦੀ ਗਈ ਤੇ ਜੀਨ ਨੇ ਉਹਦੀ ਇਸ ਖੇਡ ਵਿੱਚ ਕੁਝ ਦਖਲ ਨਾ ਦਿੱਤਾ।

ਰੋਲੈਂਡ ਨੇ ਹੱਸ ਕੇ ਚੁਪ ਤੋੜੀ :, "ਲਓ ਆ ਗਈ ਸ੍ਰੀਮਤੀ ਰੋਲੈਂਡ ਵੀ, ਵਾਹ!" ਹੁਣ ਤਕ ਸ਼੍ਰੀਮਤੀ ਰੋਲੈਂਡ ਪੀਅਰੇ ਨਾਲ ਕੰਢੇ ਤੇ ਹੀ ਬੈਠੀ ਰਹੀ, ਕਿਉਂਕਿ ਉਨ੍ਹਾਂ ਵਿਚੋਂ ਕਿਸੇ ਦੀ ਵੀ ਚਾਹ ਨਹੀਂ ਸੀ ਕਿ ਪੱਥਰਾਂ ਵਿੱਚ ਇਧਰ ਉਧਰ ਦੌੜ ਭੱਜ ਕੇ, ਤੇ ਪਾਣੀਆਂ ਵਿੱਚ ਛਿਟੇ ਮਾਰ ਕੇ ਮਨ-ਪਰਚਾਵਾ ਕੀਤਾ ਜਾਵੇ। ਪਰ ਫੇਰ ਵੀ ਦੋਵੇਂ ਇਕਠੇ ਰਹਿਣੋਂ ਝਕਦੇ ਸਨ। ਮਾ ਉਹਦੇ ਕੋਲੋਂ ਡਰਦੀ ਸੀ, ਉਹਦਾ ਪੁੱਤਰ ਮਾਂ ਕੋਲੋਂ ਤੇ ਆਪਣੇ ਆਪ ਕੋਲੋਂ ਡਰਦਾ। ਪੀਅਰੇ ਨੂੰ ਆਪਣੀ ਬੇਰਹਿਮੀ ਦਾ ਡਰ ਸੀ ਜਿਸ ਤੇ ਉਹਦਾ ਕੋਈ ਬਸ ਨਹੀਂ ਸੀ ਚਲਦਾ।

ਫੇਰ ਉਹ ਦੋਵੇਂ ਸਮੁੰਦਰ ਕੰਢੇ ਰੇਤ ਵਿੱਚ ਇਕ ਦੂਜੇ ਕੋਲ ਬਹਿ ਗਏ ਜਿਥੇ ਨਿੱਘੀ ਨਿੱਘੀ ਧੁਪ ਵਿੱਚ ਸਮੁੰਦਰੀ ਪੌਣ ਠੰਢ ਘੋਲ ਰਹੀ ਸੀ। ਬੇਅੰਤ ਨੀਲੇ ਪਾਣੀਆਂ ਦਾ ਪਸਾਰਾ ਉਨ੍ਹਾਂ ਦੇ ਸਾਹਮਣੇ ਸੀ। ਉਸੇ ਵੇਲੇ ਦੋਹਾਂ ਦੇ ਮਨਾਂ ਵਿੱਚ ਇਹ ਖਿਆਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਇਆ "ਕੋਈ ਸਮਾਂ ਸੀ ਜਦੋਂ ਇਹੋ ਵਾਤਾਵਰਨ ਸਾਡੇ ਲਈ ਕਿੰਨਾਮਨ-ਭਾਉਣਾ ਹੋਇਆ ਕਰਦਾ ਸੀ। ਪਰ ਅੱਜ !"

ਪੀਅਰੇ ਨਾਲ ਗੱਲ ਕਰਨ ਦੀ ਉਹਦੀ ਹਿੰਮਤ ਨਾ ਹੋਈ ਕਿਉਂਕਿ ਉਹ ਜਾਣਦੀ ਸੀ ਕਿ ਉਹ ਰੁੱਖਾ ਹੀ ਬੋਲੇਗਾ। ਉਹਦਾ ਵੀ ਮਾਂ ਨਾਲ ਗੱਲ ਕਰਨ ਦਾ ·ਹੌਸਲਾ ਨਾ ਪਿਆ ਕਿਉਂਕਿ ਉਹ ਚੰਗੀ ਤਰ੍ਹਾਂ ਸਮਝਦਾ ਸੀ ਕਿ ਨਾ ਚਾਹੁੰਦਿਆ ਵੀ ਉਹ ਕੌੜਾ-ਕਸੈਲਾ ਬੋਲ ਬੈਠੇਗਾ।

ਗੋਲ ਗੋਲ ਛੋਟੇ ਪੱਥਰਾਂ ਨੂੰ ਪੀਅਰੇ ਆਪਣੀ ਸੋਟੀ ਨਾਲ ਕੁਰੇਦਣ ਲੱਗਾ। ਸ਼੍ਰੀਮਤੀ ਰੋਲੈਂਡ ਨੇ ਵੀ ਤਿੰਨ ਚਾਰ ਛੋਟੇ ਪੱਥਰ ਚੁਕ ਲਏ ਜਿਨ੍ਹਾ ਨੂੰ ਉਹ ਹੌਲੀ ਹੌਲੀ ਅਚੇਤੇ ਹੀ ਆਪਣੇ ਹੱਥਾਂ ਵਿੱਚ ਸੱਜੇ ਖੱਬੇ ਕਰਨ ਲੱਗ ਪਈ। ਉਹਦੀਆ ਏਧਰ ਉਧਰ ਬੇਮਤਲਬ ਘੁੰਮਦੀਆਂ ਨਜ਼ਰਾਂ ਜੀਨ ਅਤੇ ਰੋਜ਼ਮਿੱਲੀ ਉੱਤੇ ਜਾ ਟਿਕੀਆ ਜੋ ਸਮੁੰਦਰ ਕੰਢੇ ਘਾ ਵਿੱਚਕਾਰ ਮੱਛੀਆਂ ਫੜ ਰਹੇ ਸਨ। ਸ਼੍ਰੀਮਤੀ ਰੋਲੈਂਡ ਆਪਣੀਆਂ ਤਕਣੀਆਂ ਨਾਲ ਹੀ ਉਨ੍ਹਾਂ ਦਾ ਪਿੱਛਾ ਕਰਦੀ ਤੇ ਉਨ੍ਹਾਂ ਦੀਆਂ ਹਰਕਤਾਂ ਨੂੰ ਦੇਖਦੀ। ਸੂਖਮ ਭਾਵਨਾਵਾਂ ਨਾਲ ਮਾਂ ਘੋਖ ਗਈ ਕਿ ਉਨ੍ਹਾਂ ਵਿਚਕਾਰ ਕੋਈ ਖਾਸ ਗਲਬਾਤ ਹੋ ਰਹੀ ਹੈ। ਉਹ ਦੇਖਦੀ ਸੀ ਕਿ ਪਾਣੀ ਵਿੱਚ ਆਪਣੇ ਅਕਸ ਦੇਖਣ ਵੇਲੇ ਜੀਨ ਤੇ ਰੋਜ਼ਮਿੱਲੀ ਇਕ ਦੂਜੇ ਉੱਤੇ ਝੁਕੇ ਹੋਏ ਸਨ। ਉਸ ਨੇ ਇਹ ਵੀ ਦੇਖਿਆ ਕਿ ਆਪਣੇ ਦਿਲਾ ਨੂੰ ਟੋਹਦਾਂ ਇਹ ਜੋੜਾ ਸਿੱਧਾ ਖੜਾ ਹੋ ਕੇ ਇਕ ਦੂਜੇ ਦੀਆਂ ਅੱਖਾਂ ਵਿੱਚ ਤਕ ਰਿਹਾ ਹੈ ਤੇ ਛੇਕੜ ਕੋਈ ਫੈਸਲਾਕੁਨ ਗੱਲਬਾਤ ਕਰਨ ਲਈ ਉੱਚੇ ਪੱਥਰ ਤੇ ਚੜਦੇ ਵੀ ਉਹ ਮਾਂ ਦੀਆਂ ਅੱਖਾਂ ਤੋਂ ਉਹਲੇ ਨਾ ਰਹਿ ਸਕੇ।

ਦੁਮੇਲ ਤੇ ਉਨ੍ਹਾਂ ਦੇ ਜੁੱਸਿਆਂ ਦੀ ਰੂਪਰੇਖਾ ਸਾਫ ਸਾਫ ਚਿਤਰੀ ਹੋਈ ਸੀ। ਪੁਲਾੜ ਤੇ ਸਮੁੰਦਰ ਦੇ ਪਸਾਰ ਦੀ ਪਛੋਕੜ ਵਿੱਚ ਚਟਾਨ ਤੇ ਬੈਠੇ ਉਹ ਦੋ ਬੁਤਾਂ ਵਾਂਗ ਲੱਗ ਰਹੇ ਸਨ।

ਪੀਅਰੇ ਨੇ ਵੀ ਉਨ੍ਹਾਂ ਵੱਲ ਤਕਿਆ। ਇਕ ਰੁੱਖਾ ਜਿਹਾ ਹਾਸਾ ਉਹਦੇ ਬੁਲ੍ਹਾਂ ਵਿਚੋਂ ਅਚੇਤੇ ਹੀ ਛੁਟ ਗਿਆ।

ਬਿਨਾ ਉਹਦੇ ਵੱਲ ਮੂੰਹ ਫੇਰਿਆ ਸ਼੍ਰੀਮਤੀ ਰੋਲੈਂਡ ਬੋਲੀ ; "ਤੂੰ ਕੀ ਸਚ ਰਿਹਾ ਹੈਂ ?"

ਘਿਰਣਾ ਪੂਰਣ ਮੁਸਕਾਣ ਹਾਲੇ ਵੀ ਪੀਅਰੇ ਦੇ ਮੂੰਹ ਤੇ ਸੀ। ਉਹਨੇ ਜਵਾਬ ਦਿੱਤਾ, "ਮੈਨੂੰ ਨਸੀਹਤ ਮਿਲ ਰਹੀ ਹੈ। ਮੈਂ ਇਸ ਵੇਲੇ ਇਹ ਸਿਖ ਰਿਹਾ ਹਾਂ ਕਿ ਜ਼ਨਾਨੀਆ ਦੇ ਧੋਖੇ ਦਾ ਸ਼ਿਕਾਰ ਬਣਨ ਲਈ ਮਨੁੱਖ ਕਿਵੇਂ ਆਪਣੇ ਆਪ ਬਲੀ ਦੇ ਬਕਰੇ ਬਣਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨ੍ਹਾਂ ਸ਼ਬਦਾਂ ਦਾ ਕੋਈ ਗੁਝਾ ਮਤਲਬ ਸਮਝ ਕੇ ਸ਼੍ਰੀਮਤੀ ਰੋਲੈਂਡ ਦੇ ਮਨ ਵਿੱਚ ਗੁੱਸੇ ਤੇ ਬਗਾਵਤ ਦੀ ਲਹਿਰ ਦੌੜ ਗਈ ਤੇ ਉਹ ਕੜਕ ਕੇ ਬੋਲੀ :" ਕਿਹਦੇ ਵਾਸਤੇ ਇਹ ਲਚਜ਼ ਬੋਲੇ ਤੂੰ ?"

"ਜੀਨ ਵਾਸਤੇ। ਸਹੁੰ ਰੱਬ ਦੀ। ਉਨ੍ਹਾਂ ਨੂੰ ਦੇਖ ਕੇ ਹਾਸਾ ਆਉਂਦਾ ਹੈ।"

ਜ਼ਜਬਾਤੀ ਹੋ ਕੇ ਉਹ ਕੰਬਣ ਲੱਗੀ ਤੇ ਹੌਲੀ ਜਿਹੀ ਬੋਲੀ : ਓਹ ਪੀਅਰੇ, ਤੂੰ ਕਿੰਨਾ ਕਠੋਰ ਦਿਲ ਹੈਂ। "ਉਹ ਜ਼ਨਾਨੀ ਤਾਂ ਸਦਾਚਾਰ ਦੀ ਜਿਉਂਦੀ-ਜਾਗਦੀ ਮੂਰਤ ਹੈ। ਤੇਰੇ ਭਰਾ ਦੀ ਇਸ ਤੋਂ ਵਧੀਆਂ ਹੋਰ ਕਿਹੜੀ ਚੋਣ ਹੋ ਸਕਦੀ ਸੀ।"

ਪੀਅਰੇ ਜ਼ੋਰ ਨਾਲ ਹੱਸਿਆ— ਵਿਅੰਗ ਤੇ ਮਜ਼ਬੂਰੀ ਦਾ ਹਾਸਾ, "ਹਾ, ਹਾ ਹਾ ! ਸਦਾਚਾਰ ਦੀ ਮੂਰਤ ? ਮੇਰੇ ਖਿਆਲ ਵਿਚ ਸਭ ਜ਼ਨਾਨੀਆਂ ਸਦਾਚਾਰ ਦੀਆਂ ਮੂਰਤਾਂ ਹਨ ਤੇ ਉਨ੍ਹਾਂ ਦੇ ਪਤੀ ਮਹਾਂ ਮੂਰਖ, ਹਾ ਹਾ ਹਾ।"

ਬਿਨਾਂ ਉੱਤਰ ਦਿੱਤਿਆਂ ਸ਼੍ਰੀਮਤੀ ਰੋਲੈਂਡ ਉਠੀ ਤੇ ਰੇਤਲੀ ਢਲਾਨ ਤੇ ਕਾਹਲੀ ਕਾਹਲੀ ਕਦਮ ਪੁਟਦੀ ਉਹ ਹੇਠਾਂ ਉਤਰਨ ਲੱਗੀ। ਘਾ ਵਿਚ ਲੁਕੀਆਂ ਡੁਬਕਲੀਆਂ ਵਿੱਚ ਤਿਲਕ ਕੇ ਡਿਗਣ ਨਾਲ ਹੱਡ ਗੋਡੇ ਟੁਟਣ ਦਾ ਉਸ ਨੂੰ ਕੋਈ ਡਰ ਨਾ ਰਿਹਾ। ਟੋਇਆਂ ਤੋਂ ਬੇਧਿਆਨ ਉਹ ਨੱਕ ਦੀ ਸੇਧ ਆਪਣੇ ਦੂਜੇ ਪੁੱਤਰ ਵੱਲ ਭੱਜ ਤੁਰੀ।

ਉਹਨੂੰ ਆਉਂਦੀ ਨੂੰ ਦੇਖ ਕੇ ਜੀਨ ਚਿੱਲਾਇਆ ; "ਮਾਂ, ਤੂੰ ਸਾਡੇ ਕੋਲ ਆਉਣ ਦਾ ਮਨ ਬਣਾ ਲਿਆ ਹੈ ?"

ਕੋਈ ਉੱਤਰ ਦਿੱਤੇ ਬਿਨਾਂ ਮਾਂ ਨੇ ਜੀਨ ਦੀ ਬਾਂਹ ਫੜ ਲਈ ਜਿਵੇਂ ਉਹ ਕਹਿ ਰਹੀ ਹੋਵੇ, "ਮੈਨੂੰ ਬਚਾ ਲੈ ! ਮੈਨੂੰ ਬਚਾ ਲੈ।"

ਮਾਂ ਦੀ ਦੁਵਿਧਾ ਦੇਖ ਕੇ ਜੀਨ ਨੂੰ ਬੜਾ ਅਸਚਰਜ ਹੋਇਆ ਤੇ ਉਹ ਕਹਿਣ ਲੱਗਾ, "ਕੀ ਗੱਲ ਹੈ ਮਾਂ ? ਤੇਰਾ ਰੰਗ ਕਿਉਂ ਪੀਲਾ ਹੋ ਗਿਆ ਹੈ ?"

"ਇਨ੍ਹਾਂ ਪੱਥਰਾਂ ਤੋਂ ਮੈਨੂੰ ਬੜਾ ਡਰ ਲਗਦਾ ਹੈ। ਮੈਂ ਤਾਂ ਡਿਗਦੀ ਡਿਗਦੀ ਬਚੀ।"

ਜੀਨ ਨੇ ਮਾਂ ਨੂੰ ਸਹਾਰਾ ਦਿੱਤਾ ਤੇ ਆਪਣੇ ਮਨ ਪਰਚਾਵੇ ਦੀ ਖੇਡ ਵੱਲ ਉਹਦੀ ਰੁਚੀ ਮੋੜਨ ਦੀ ਕੋਸ਼ਿਸ਼ ਕੀਤੀ। ਸ਼੍ਰੀਮਤੀ ਰੋਲੈਂਡ ਨੂੰ ਕੁਝ ਵੀ ਨਾ ਚੰਗਾ ਲੱਗਾ ਤੇ ਉਹ ਬਿਲਕੁਲ ਬੇਧਿਆਨ ਰਹੀ। ਪਰ ਜੀਨ ਦੇ ਮਨ ਵਿੱਚ ਕੁਝ ਤੀਬਰ ਚਾਹਨਾ ਸੀ ਕਿ ਉਹ ਆਪਣੇ ਭੇਤ ਕਿਸੇ ਨਾਲ ਸਾਂਝੇ ਕਰੇ। ਉਹ ਮਾਂ ਨੂੰ ਪਾਸੇ ਜਿਹੇ ਲੈ ਗਿਆ ਤੇ ਹੌਲੀ ਜਿਹੇ ਕਹਿਣ ਲੱਗਾ : "ਮਾਂ ਬੁਝ ਮੈਂ ਕੀ ਕੀਤਾ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਕਿਉਂ, ਕਿਉਂ, ਪਤਾ ਨਹੀਂ ਮੈਨੂੰ।"

"ਬੁਝ।"

"ਮੈਂ ਨਹੀਂ ਬੁਝ ਸਕਦੀ।"

"ਅੱਛਾਂ, ਦੱਸਾਂ ? ਰੋਜ਼ਮਿੱਲੀ ਨੂੰ ਮੈਂ ਕਹਿ ਦਿੱਤਾ ਮੈਂ ਉਹਦੇ ਨਾਲ ਸ਼ਾਦੀ ਕਰਾਂਗਾ।"

ਮਾਂ ਚੁਪ ਰਹੀਂ। ਉਹਦਾ ਮਨ ਘੁੰਮਣ ਘੇਰੀਆਂ ਵਿਚ ਸੀ। ਉਹਦੀ ਆਤਮਾ ਦੁਖੀ ਸੀ। ਇਸ ਕਰਕੇ ਉਹ ਕੁਝ ਘੱਟ ਹੀ ਸਮਝੀ ਕਿ ਜੀਨ ਕੀ ਕਹਿ ਰਿਹਾ ਹੈ।

ਸ਼੍ਰੀਮਤੀ ਰੋਲੈਂਡ ਨੇ ਗੱਲ ਨੂੰ ਦੁਹਰਾਇਆ : "ਉਹਦੇ ਨਾਲ ਸ਼ਾਦੀ ?"

"ਹਾਂ, ਕੀ ਮੈਂ ਠੀਕ ਕੀਤਾ ?ਰੋਜ਼ਮਿੱਲੀ ਬਹੁਤ ਖੂਬਸੂਰਤ ਹੈ। ਤੇਰਾ ਕੀ ਖਿਆਲ ਹੈ, ਮਾਂ ?"

"ਹਾਂ, ਬੜੀ ਸੁਹਣੀ ਏ। ਤੂੰ ਬਿਲਕੁਲ ਠੀਕ ਕੀਤਾ ਹੈ।"

ਤਾ ਤੂੰ ਇਸ ਦੀ ਪਰਵਾਨਗੀ ਦੇਂਦੀ ਏਂ ?"

"ਹਾਂ ਮੈਨੂੰ ਮਨਜ਼ੂਰ ਹੈ।"

"ਮਾਂ ਤੂੰ ਬੜੇ ਅਜੀਬ ਢੰਗ ਨਾਲ 'ਹਾਂ' ਕਰ ਰਹੀ ਏਂ। ਇੰਜ ਜਾਪਦਾ ਹੈ ਤੈਨੂੰ ਇਸ ਗੱਲ ਵਿੱਚ ਖੁਸ਼ੀ ਪਰਤੀਤ ਨਹੀਂ ਹੋਈ।"

"ਨਹੀਂ, ਨਹੀਂ, ਮੈਂ ਬੜੀ ਖੁਸ਼ ਹਾਂ।"

"ਪੱਕਾ।"

"ਬਿਲਕੁਲ ਪੱਕਾ।"

ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਨ ਲਈ ਸ਼੍ਰੀਮਤੀ ਰੋਲੈਂਡ ਨੇ ਜੀਨ ਨੂੰ ਕਲਾਵੇ ਵਿੱਚ ਲੈ ਲਿਆ ਤੇ ਨਿੱਘੀ ਮਮਤਾ ਨਾਲ ਉਹਨੂੰ ਕਈ ਵਾਰ ਚੁੰਮਿਆ। ਉਹਦੀਆਂ ਅੱਖਾਂ ਵਿੱਚ ਖੁਸ਼ੀ ਦੇ ਹੰਝੂ ਆ ਗਏ।

ਸ਼੍ਰੀਮਤੀ ਰੋਲੈਂਡ ਨੇ ਅੱਖਾਂ ਪੂੰਝੀਆਂ। ਫੇਰ ਉਸ ਨੇ ਕਿਸੇ ਨੂੰ ਸਮੁੰਦਰ ਕੰਢੇ ਰੇਤ ਉਪਰ ਮੁਰਦੇ ਵਾਂਗ ਮੂੰਹਦੇ ਮੂੰਹ ਪਿਆ ਵੇਖਿਆ। ਇਹ ਸੀ ਦੂਜਾ ਭਰਾ, ਪੀਅਰੇ, ਮਾਯੂਸੀ ਦੀਆਂ ਸੋਚਾਂ ਵਿੱਚ ਗਲਤਾਨ।

ਸ਼੍ਰੀਮਤੀ ਰੋਲੈਂਡ, 'ਛੋਟੂ ਜੀਨ' ਨੂੰ ਜ਼ਰਾ ਹੋਰ ਪਰ੍ਹਾਂ ਲੈ ਗਈ, ਪਾਣੀ ਦੇ ਕਿਨਾਰੇ ਤੇ। ਓਥੇ ਉਨ੍ਹਾਂ ਨੇ ਵਿਆਹ ਦੇ ਮਾਮਲੇ ਤੇ ਜੀਨ ਦੇ ਚਾਅ ਮੁਤਾਬਿਕ ਲੰਮੀ ਚੋੜੀ ਗੱਲ-ਬਾਤ ਕੀਤੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਵਾਰਭਾਟਾ ਚੜ੍ਹਨਾ ਸ਼ੁਰੂ ਹੋ ਗਿਆ। ਉਹ ਪਿਛਾਂਹ ਹਟਣ ਲਈ ਮਜ਼ਬੂਰ ਹੋ ਗਏ ਤੇ ਆਪਣੇ ਸਾਥੀਆਂ ਨਾਲ ਜਾ ਮਿਲੇ। ਸਾਰੀ ਪਾਰਟੀ ਕੰਢਿਓਂ ਉੱਚੀ ਚੋਟੀ ਵੱਲ ਵਾਪਸ ਚੜ੍ਹਾਈ ਚੜ੍ਹਨ ਲੱਗੀ। ਪੀਅਰੇ ਵੀ ਜੋ ਸੁਤੇ ਹੋਣ ਦਾ ਬਹਾਨਾ ਕਰਦਾ ਸੀ, ਨਾਲ ਆ ਰਲਿਆ। ਸ਼ਾਮ ਦਾ ਖਾਣਾ ਉਨ੍ਹਾਂ ਬੜੇ ਸੁਆਦ ਨਾਲ ਖਾਧਾ ਤੇ ਸ਼ਰਾਬ ਦਾ ਦੌਰ ਵੀ ਖ਼ੂਬ ਚਲਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of Cost. and with
Compliments of the Department
of Education, Govt. of India,
NEW DELHI.

ਪਟਾਕਾ

ਘਰ ਮੁੜਨ ਵੇਲੇ ਜੀਨ ਤੋਂ ਬਿਨਾ ਸਾਰੇ ਆਦਮੀ ਊਂਘ ਰਹੇ ਸਨ। ਬੋਜ਼ੀਰ ਤੇ ਰੋਲੈਂਡ ਹਰ ਪੰਜ ਮਿੰਟ ਬਾਅਦ ਨਾਲ ਬੈਠੇ ਦੇ ਮੋਢਿਆਂ ਉਪਰ ਸਿਰ ਸੁਟ ਛਡਦੇ ਅਤੇ ਫੇਰ ਤ੍ਰਭਕ ਕੇ ਉਠਦੇ ਤੇ ਮੋਢੇ ਛੱਡਦੇ। ਘੁਰਾੜੇ ਬੰਦ ਕਰਕੇ ਆਪਣੇ ਆਪ ਨੂੰ ਸੰਭਾਲਦੇ, ਅਤੇ ਅੱਖਾਂ ਖੋਲ੍ਹ ਕੇ ਆਖਦੇ "ਮੌਸਮ ਬੜਾ ਸੁਹਣਾ ਹੈ"। ਬੱਸ ਇੰਨਾਂ ਕਹਿੰਦਿਆਂ ਹੀ ਦੂਜੇ ਬੰਨੇ ਰੁਖ ਕਰਕੇ ਫੇਰ ਸੌਂ ਜਾਂਦੇ। ਜ਼ਦੋਂ ਉਹ ਹਾਵਰ ਪਹੁੰਚੇ ਤਾਂ ਸੁਸਤੀ ਇੰਨੀ ਵੱਧ ਗਈ ਸੀ ਕਿ ਉਹ ਇਸ ਤੋਂ ਪੱਲਾ ਨਾ ਛੁਡਾ ਸਕੇ। ਬੋਜ਼ੀਰ ਦਾ ਇਹ ਹਾਲ ਸੀ ਕਿ ਉਸ ਨੇ ਜੀਨ ਦੇ ਫਲੈਟ ਤਕ ਜਾਣ ਤੋਂ ਵੀ ਇਨਕਾਰ ਕਰ ਦਿੱਤਾ ਜਿੱਥੇ ਚਾਹ ਪਾਣੀ ਉਨ੍ਹਾਂ ਦਾ ਇੰਤਜ਼ਾਰ ਕਰ ਰਿਹਾ ਸੀ। ਉਨ੍ਹਾਂ ਬੋਜ਼ੀਰ ਨੂੰ ਉਹਦੇ ਘਰ ਅੱਗੇ ਹੀ ਉਤਾਰ ਦਿੱਤਾ।

ਗਭਰੂ ਵਕੀਲ ਦਾ ਆਪਣੇ ਨਵੇਂ ਫਲੈਟ ਵਿੱਚ ਸੌਣ ਦਾ ਇਹ ਪਹਿਲਾ ਅਵਸਰ ਸੀ। ਬਚਪਨੇ ਜਿਹੇ ਦੀ ਖੁਸ਼ੀ ਵਿੱਚ ਉਹ ਮਟਕ ਰਿਹਾ ਸੀ। ਜਿਸ ਔਰਤ ਨਾਲ ਉਹਦੀ ਸਗਾਈ ਹੋ ਗਈ ਸੀ ਤੇ ਛੇਤੀ ਹੀ ਇਸ ਫਲੈਟ ਦਾ ਸ਼ਿੰਗਾਰ ਬਣਨ ਵਾਲੀਂ ਸੀ, ਉਹਨੂੰ ਇਹ ਫਲੈਟ ਦਿਖਾਉਂਣ ਦਾ ਮੌਕਾ ਮਿਲ ਗਿਆ ਤੇ ਇਸ ਕਰਕੇ ਜੀਨ ਦੇ ਪੈਰ ਭੋਂ ਤੇ ਨਹੀਂ ਸਨ ਲਗਦੇ।

ਨੌਕਰਾਣੀ ਕੁੜੀ ਜਾ ਚੁੱਕੀ ਸੀ। ਸ਼੍ਰੀਮਤੀ ਰੋਲੈਂਡ ਨੇ ਆਖਿਆ ਕਿ ਉਹ ਖੁਦ ਪਾਣੀ ਉਬਾਲੇਗੀ ਤੇ ਸਭ ਨੂੰ ਚਾਹ ਪਲਾਏਗੀ। ਉਹ ਜਿਆਦਾ ਰਾਤ ਤਕ ਨੌਕਰਾਂ ਨੂੰ ਅੰਗੀਠੀ ਅੱਗੇ ਜਾਗਦੇ ਰਹਿਣ ਵਾਸਤੇ ਕਹਿਣ ਦੇ ਹੱਕ ਵਿੱਚ ਨਹੀਂ ਸੀ ਕਿਉਂਕਿ ਨੌਕਰਾਂ ਦੇ ਊਘਲਾਉਣ ਨਾਲ ਅੱਗ ਲੱਗਣ ਦਾ ਡਰ ਵੀ ਹੋ ਸਕਦਾ ਹੈ।

ਸ਼੍ਰੀਮਤੀ ਰੋਲੈਂਡ, ਉਹਦੇ ਪੁੱਤਰ ਤੇ ਕੰਮ ਕਰਨ ਵਾਲੇ ਮਜਦੂਰਾਂ ਤੋਂ ਬਿਨਾਂ ਹਾਲੇ ਕਿਸੇ ਨੇ ਵੀ ਇਸ ਨਵੇਂ ਫਲੈਟ ਅੰਦਰ ਪੈਰ ਧਰ ਕੇ ਨਹੀਂ ਸੀ ਦੇਖਿਆ। ਇਸ ਕਰਕੇ ਇਹਦੀ ਸ਼ੁੰਦਰਤਾ ਦੇਖ ਕੇ ਸਭ ਲਈ ਚਕਾਚੌਂਦ ਹੋਣਾ ਜ਼ਰੂਰੀ ਗਲ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦੋਂ ਉਹ ਗੈਲਰੀ ਵਿੱਚ ਵੜੇ ਤਾਂ ਜੀਨ ਨੇ ਉਨ੍ਹਾਂ ਨੂੰ ਉਥੇ ਰੁਕਣ ਵਾਸਤੇ ਬੇਨਤੀ ਕੀਤੀ। ਉਹ ਮੋਮਬੱਤੀਆਂ ਤੇ ਲੈਂਪ ਜਗਾਉਣਾ ਚਾਹੁੰਦਾ ਸੀ। ਰੋਜ਼ਮਿਲੀ, ਜੀਨ ਦਾ ਪਿਤਾ ਤੇ ਉਹਦਾ ਭਰਾ ਹਨ੍ਹੇਰੇ ਵਿੱਚ ਖੜੇ ਰਹੇ। ਫੇਰ ਜੀਨ ਨੇ ਮੋੜਵੇਂ ਦਰਵਾਜ਼ੇ ਖੜਾਕ ਕਰਕੇ ਖੁੱਲਦਿਆਂ ਜੋਰ ਨਾਲ ਆਖਿਆ, "ਆ ਜਾਉ ਅੰਦਰ"।

ਫਾਨੂਸਾਂ ਦੀ ਲੋਅ ਵਿਚ ਸ਼ੀਸ਼ੇ ਦਾ ਬਰਾਂਡਾ ਝਿਲਮਿਲ ਝਿਲਮਿਲ ਕਰ ਰਿਹਾ ਸੀ। ਸਜਾਏ ਹੋਏ ਫੁੱਲਾਂ, ਖਜੂਰਾਂ ਅਤੇ ਰਬੜ ਦੇ ਬਿਰਛਾਂ ਵਿੱਚ ਲੁਕੀਆਂ ਰੰਗ ਬਰੰਗੀਆਂ ਬੱਤੀਆਂ ਬਰਾਂਡੇ ਨੂੰ ਕਿਸੇ ਥੀਏਟਰ ਦਾ ਦ੍ਰਿਸ਼ ਪਰਦਾਨ ਕਰ ਰਹੀਆਂ ਸਨ। ਦੇਖਦੇ ਸਾਰ ਪਲ ਕੁ ਲਈ ਸਭ ਦੀਆਂ ਅੱਖਾਂ ਚੁੰਧਿਆਂ ਗਈਆਂ। ਸ਼ਾਨੋਸ਼ੋਕਤ ਦੇਖ ਕੇ ਰੋਲੈਂਡ ਹੈਰਾਨ ਹੋ ਗਿਆ ਅਤੇ ਇਸ ਪਲਟੀ ਤਕਦੀਰ ਤੇ ਤਾੜੀਆਂ ਮਾਰਨ ਲਈ ਉਹਦਾ ਜੀਅ ਉਮ੍ਹਲ ਆਇਆ।

ਅੱਗੇ ਜਾ ਕੇ ਉਹ ਪਹਿਲੇ ਸਵਾਗਤੀ ਕਮਰੇ ਵਿੱਚ ਵੜੇ। ਇਹ ਇੱਕ ਛੋਟਾ ਜਿਹਾ ਕਮਰਾ ਸੀ ਜਿਹਦੇ ਸੁਨਹਿਰੀ ਪੜਦੇ ਇਹਦੀਆਂ ਕੁਰਸੀਆਂ ਦੇ ਰੰਗ ਨਾਲ ਮੇਲ ਖਾਂਦੇ ਸਨ। ਮੁਅਕਲਾਂ ਵਾਲਾਂ ਵੱਡਾ ਸਵਾਗਤੀ ਕਮਰਾ ਬਿਲਕੁਲ ਸਾਦਾ ਸੀ। ਪੜਦਿਆਂ ਦਾ ਰੰਗ ਗੂੜ੍ਹਾ ਸੀ ਅਤੇ ਕਮਰੇ ਵਿੱਚ ਸ਼ਾਨੋਸੌਕਤ ਦਾ ਗੰਭੀਰ ਵਾਤਾਵਰਣ ਸੀ।

ਜੀਨ ਕੁਰਸੀ ਤੇ ਬੈਠ ਗਿਆ। ਕਿਤਾਬਾਂ ਦਾ ਸ਼ੈਲਫ ਉਹਦੇ ਅੱਗੇ ਪਿਆ ਸੀ। ਭਾਰੀ ਤੇ ਮਜਬੂਰ ਜਿਹੀ ਆਵਾਜ਼ ਵਿੱਚ ਉਹਨੇ ਰੋਜ਼ਮਿਲੀ ਨੂੰ ਕਹਿਣਾ ਸ਼ੁਰੂ ਕੀਤਾ, "ਹਾਂ, ਮੇਮ ਸਾਹਿਬ, ਮਾਤਾ ਪਿਤਾ ਵਲੋਂ ਇਜਾਜ਼ਤ ਹੈ। ਇਸ ਪਰਵਾਨਗੀ ਬਦਲੇ ਮੈਨੂੰ ਇਹ ਭਰੋਸਾ ਦੁਆ ਕਿ ਜਿਸ ਮਸਲੇ ਤੇ ਅਸੀਂ ਗੱਲਬਾਤ ਕਰ ਚੁੱਕੇ ਹਾਂ ਉਹ ਤਿੰਨਾ ਮਹੀਨਿਆਂ ਦੇ ਅੰਦਰ ਅੰਦਰ ਸਿਰੇ ਚੜ੍ਹ ਜ਼ਾਵੇਗਾ।"

ਇਹ ਕਹਿੰਦਿਆਂ ਜੀਨ ਨੇ ਰੋਜ਼ਮਿੱਲੀ ਵੱਲ ਦੇਖਿਆ ਅਤੇ ਰੋਜ਼ਮਿੱਲੀ ਸ਼੍ਰੀਮਤੀ ਰੋਲੈਂਡ ਵੱਲ ਤਕ ਕੇ ਮੁਸਕਰਾਉਣ ਲੱਗੀ। ਸ਼੍ਰੀਮਤੀ ਰੋਲੈਂਡ ਨੇ ਰੋਜ਼ਮਿਲੀ ਦਾ ਹੱਥ ਫੜਿਆ ਤੇ ਬੜੇ ਹੀ ਨਿੱਘੇ ਪਿਆਰ ਨਾਲ ਆਪਣੇ ਹਥਾ ਵਿੱਚ ਘੁਟ ਲਿਆ।

ਜੀਨ ਦਾ ਚਿਹਰਾ ਦੱਗ ਦੱਗ ਕਰਨ ਲੱਗਾ। ਉਹ ਬੱਚਿਆਂ ਵਾਂਗ ਹੌਲੀ ਪਾਕੇ ਬੋਲਿਆ; "ਇਸ ਕਮਰੇ ਵਿੱਚ ਗੂੰਜਦੀ ਆਵਾਜ਼ ਕਿੰਨੀ ਸੁਹਣੀ ਲੱਗਦੀ ਹੈ। ਮੁਕੱਦਮਿਆਂ ਦੀ ਬਹਿਸ ਵਾਸਤੇ ਇਹ ਕਮਰਾ ਬੜਾ ਸ਼ਾਨਦਾਰ ਰਹੇਗਾ।"

ਜੀਨ ਨੇ ਲੈਕਚਰਬਾਜ਼ੀ ਸ਼ੁਰੂ ਕਰ ਦਿੱਤੀ "ਜਿਊਰੀ ਦੇ ਸਜਨੋ, ਜੇ ਕੇਵਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨਸਾਨੀਅਤ ਜਾਂ ਕਰੁਣਾ ਹੀ ਕਿਸੇ ਨੂੰ ਬਰੀ ਕਰਨ ਦਾ ਅਧਾਰ ਹੋਵੇ ਤਾਂ ਅਸੀਂ ਤੁਹਾਡੇ ਕੋਲੋਂ ਦਇਆ ਦਾ ਦਾਨ ਮੰਗੀਏ ਕਿਉਂਕਿ ਤੁਸੀਂ ਵੀ ਇਨਸਾਨ ਹੋ ਤੇ ਬੱਚਿਆਂ ਦੇ ਬਾਪ ਹੋ। ਪਰ ਦੂਜੇ ਬੰਨੇ ਹੈ ਇਨਸਾਫ, ਤੇ ਅਸੀਂ ਕੇਵਲ ਇਨਸਾਫ ਦਾ ਹੀ ਸਵਾਲ ਤੁਹਾਡੇ ਅੱਗੇ ਰਖਾਂਗੇ''।

ਪੀਅਰੇ ਨੇ ਸਾਰੇ ਕਮਰਿਆਂ ਵੱਲ ਇੱਕ ਝਾਤੀ ਮਾਰੀ। ਇਹ ਸਾਰੇ ਕਮਰੇ ਉਹਦੇ ਹੋਣੇ ਸਨ। ਆਪਣੇ ਭਰਾ ਦੇ ਬਚਪਨੇ ਤੇ ਉਹਨੂੰ ਖਿਝ ਆਉਣ ਲੱਗੀ ਸੀ। ਪੀਅਰੇ ਨੂੰ ਜੀਨ ਬਿਲਕੁਲ ਮੂਰਖ ਤੇ ਰੁੱਖਾ ਲਗਦਾ ਸੀ।

ਸ਼੍ਰੀਮਤੀ ਰੋਲੈਂਡ ਨੇ ਸੱਜੇ ਬੰਨੇ ਬੂਹਾ ਖੋਲਿਆ ਤੇ ਆਖ਼ਿਆ, "ਇਹ ਸੌਣ ਵਾਲਾ ਕਮਰਾ ਹੈ"

ਇਸ ਕਮਰੇ ਨੂੰ ਸਜਾਉਣ ਵਾਸਤੇ ਉਸਨੇ ਆਪਣਾ ਸਾਰਾ ਮਾਂ-ਪਿਆਰ ਢੇਰੀ ਕਰ ਦਿੱਤਾ ਸੀ। ਪੜਦੇ ਮੋਟੇ ਸੂਤੀ ਕਪੜੇ ਦੇ ਬਣੇ ਸਨ। ਇਹਨਾਂ ਦਾ ਡੀਜ਼ਾਇਨ ਕੁਝ ਇਸ ਤਰ੍ਹਾਂ ਦਾ ਸੀ; ਇੱਕ ਭੇਡਾਂ ਚਰਾਉਣ ਵਾਲੀ ਕੁੜੀ ਚਰਾਂਦ ਵਿੱਚ ਖੜੀ ਹੈ ਜਿਸ ਨੂੰ ਦੋ ਘੁੱਗੀਆਂ ਚੁੰਮ ਰਹੀਆਂ ਸਨ। ਇਸ ਤਰ੍ਹਾਂ ਕੰਧਾ ਉਪਰ, ਪੜਦਿਆਂ ਤੇ, ਬਿਸਤਰੇ ਅਤੇ ਕੁਰਸੀਆਂ ਉਪਰ ਚੜ੍ਹੇ ਕਪੜੇ ਨੇ ਪੇਂਡੂ ਰੋਮਾਂਟਿਕ ਵਾਤਾਵਰਨ ਬੰਨ੍ਹਿਆ ਹੋਇਆ ਸੀ ਜਿਹੜਾ ਬੜਾ ਹੀ ਮਨਮੋਹਣਾ ਸੀ।

ਰੋਜ਼ਮਿਲੀ ਕਮਰੇ ਵਿੱਚ ਵੜਦਿਆਂ ਜ਼ਰਾ ਗੰਭੀਰ ਹੋ ਗਈ ਤੇ ਕਹਿਣ ਲੱਗੀ, "ਕਿੰਨਾ ਸੁਹਣਾ ਹੈ ਸਭ ਕੁਝ"।

ਜੀਨ ਨੇ ਪੁੱਛਿਆ, "ਕੀ ਤੈਨੂੰ ਪਸੰਦ ਹੈ?"

"ਬਹੁਤ ਜ਼ਿਆਦਾ।"

"ਕਾਸ਼ ਤੂੰ ਜਾਣ ਸਕੇ ਕਿ ਇਸ ਵੇਲੇ ਮੈਂ ਕਿੰਨਾ ਖੁਸ਼ ਹਾਂ!" ਉਨ੍ਹਾਂ ਦੋਹਾਂ ਦੀਆਂ ਤੱਕਣੀਆਂ ਮਿਲੀਆਂ ਜਿਵੇਂ ਉਹ ਇੱਕ ਦੂਜੇ ਨੂੰ ਆਪਣੀ ਸਦੀਵੀ ਮੁਹੱਬਤ ਦਾ ਭਰੋਸਾ ਦਵਾਉਂਦੇ ਹੋਣ।

ਫੇਰ ਵੀ ਇਸ ਸੌਣ-ਕਮਰੇ ਵਿੱਚ ਵੜ ਕੇ ਰੋਜ਼ਮਿੱਲੀ ਥੋੜੀ ਜਿੰਨੀ ਸ਼ਰਮਾਈ ਤੇ ਭੰਵਲ-ਭੂਸੇ ਵਿੱਚ ਪਈ——ਇਹ ਕਮਰਾ ਜਿਸ ਵਿੱਚ ਉਹਨੇ ਸੁਹਾਗ-ਰਾਤ ਮਨਾਉਣੀ ਸੀ। ਅੰਦਰ ਆਉਂਦਿਆਂ ਹੀ ਉਹਨੇ ਦੇਖਿਆ ਕਿ ਪਲੰਘ ਬਹੁਤ ਵੱਡਾ ਹੈ, ਦੋਹਾਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੌਣ ਵਾਲਾ। ਇਹਦੀ ਚੋਣ ਸ਼੍ਰੀਮਤੀ ਰੋਲੈਂਡ ਨੇ ਆਪ ਕੀਤੀ ਸੀ। ਉਹਨੇ ਨਿਰਸੰਦੇਹ ਆਪਣੇ ਬੇਟੇ ਦੀ ਸ਼ਾਦੀ ਦਾ ਕਿਆਫਾ ਲਾ ਲਿਆ ਸੀ। ਮਾਂ ਵਲੋਂ ਇਹੋ ਜਿਹੀ ਤਿਆਰੀ ਬਾਰੇ ਸੋਚ ਕੇ ਰੋਜ਼ਮਿਲੀ ਦਾ ਦਿਲ ਖਿੜ ਗਿਆ ਕਿਉਂਕਿ ਇਸ ਸਾਰੇ ਉਪਰਾਲੇ ਦਾ ਮਤਲਬ ਉਹਦੇ ਉਪਰ ਇਸ ਪਰਿਵਾਰ ਦੀਆਂ ਲੱਗੀਆਂ ਆਸਾਂ ਸਨ। ਉਹਨੂੰ ਬਹੂ ਬਣਾ ਕੇ ਆਪਣੇ ਟੱਬਰ ਵਿੱਚ ਸ਼ਾਮਲ ਕਰਨ ਲਈ ਮਾਂ ਨੇ ਇਹ ਸਭ ਇੰਤਜ਼ਾਮ ਕੀਤਾ ਸੀ।

ਜਦੋਂ ਉਹ ਵਾਪਸ ਸਵਾਗਤੀ ਕਮਰੇ ਵਿੱਚ ਆਏ ਤਾਂ ਜੀਨ ਨੇ ਚਾਨਚੱਕ ਖੱਬੇ ਪਾਸੇ ਦਾ ਬੂਹਾ ਖੋਲ੍ਹਿਆ ਅੰਦਰੋਂ ਗੋਲ ਡਾਇਨਿੰਗ ਰੂਮ ਦੀ ਝਾਤੀ ਪਈ। ਇਸ ਕਮਰੇ ਵਿੱਚ ਤਿੰਨ ਤਾਕੀਆਂ ਸਨ ਤੇ ਇਹਦੀ ਸਜਾਵਟ ਦਾ ਸਾਰਾ ਸਮਾਨ ਜਪਾਨੀ ਸੀ। ਮਾਂ ਬੇਟੇ ਨੇ ਨਿਝਕ ਹੋ ਕੇ ਆਪਣੀ ਕਲਪਣਾ ਮੁਤਾਬਕ ਇਸ ਕਮਰੇ ਦੀ ਸਜਾਵਟ ਵਾਸਤੇ ਦਿਲ ਖੋਲ੍ਹ ਕੇ ਖਰਚ ਕੀਤਾ ਸੀ। ਇਸ ਕਮਰੇ ਵਿੱਚ ਬਾਂਸ ਦਾ ਬਣਿਆ ਫਰਨੀਚਰ, ਤਸਵੀਰਾਂ ਦੇ ਬੁੱਤ, ਸੁਹਣੀਆਂ ਪਲੇਟਾਂ ਤੇ ਸੁਨਹਰੀ ਰੰਗ ਦੀਆਂ ਕੱਢੀਆਂ ਝਾਲਰਾਂ ਲਟਕਦੀਆਂ ਸਨ। ਛੋਟੇ ਛੋਟੇ ਮਣਕਿਆਂ ਨਾਲ ਬਣੇ ਪੜਦੇ ਇਜ ਲੱਗਦੇ ਸਨ ਜਿਵੇਂ ਪਾਣੀ ਦੇ ਤੁਪਕਿਆਂ ਨੂੰ ਲੜੀਆਂ ਵਿੱਚ ਪਰੋ ਕੇ ਲਟਕਾਇਆਂ ਹੋਵੇ। ਹੱਥਾਂ ਨਾਲ ਖਿਚਣ ਵਾਲੇ ਪੱਖੇ ਕੰਧਾਂ ਵਿੱਚ ਮੇਖਾਂ ਗੱਡ ਕੇ ਲਟਕਾਏ ਗਏ ਸਨ। ਪੜਦੇ, ਸਜਾਵਟ ਵਾਲੀਆਂ ਕਿਰਪਾਨਾਂ, ਮੂੰਹ ਤੇ ਪਾਉਣ ਵਾਲੇ ਮਾਸਕ ਤੇ ਅਸਲੀ ਖੰਭਾ ਵਾਲੇ ਬਗਲੇ ਵੀ ਇਸ ਕਮਰੇ ਦਾ ਸ਼ਿੰਗਾਰ ਸਨ। ਚੀਨੀ, ਲੱਕੜੀ, ਹਾਥੀ-ਦੰਦ, ਕਾਗਜ਼ ਤੇ ਤਾਂਬੇ ਦੀਆਂ ਬਣੀਆਂ ਕਈ ਚੀਜ਼ਾਂ ਤੋਂ ਇਲਾਵਾ ਸਮੁੰਦਰੀ ਸ਼ੈਲ ਅਤੇ ਹੋਰ ਵੀ ਕਈ ਨਿਕੜ ਸੁਕੜ ਸਜਾਇਆ ਹੋਇਆ ਸੀ। ਕਮਰੇ ਵਿੱਚ ਰੱਖੀਆਂ ਸਜਾਵਟ ਦੀਆਂ ਚੀਜਾਂ ਤੋਂ ਇੰਜ ਪਰਭਾਵ ਪੈਂਦਾ ਸੀ ਕਿ ਇਨ੍ਹਾਂ ਦੇ ਸਜਾਉਣ ਵਾਲੇ ਦੇ ਹਥਾਂ ਅਤੇ ਅੱਖਾਂ ਵਿੱਚ ਸੁਹਜ-ਸੁਆਦ ਨਾ ਦੀ ਕੋਈ ਪਰਖ ਨਹੀਂ ਸੀ ਤੇ ਇਹ ਸਭ ਕੁਝ ਆਪਣੀ ਅਮੀਰੀ ਦਰਸਾਉਣ ਦੇ ਮੰਤਵ ਨਾਲ ਹੀ ਇੱਕਠਾ ਕੀਤਾ ਗਿਆ ਸੀ। ਘਰੋਗੀ ਸਜਾਵਟ ਵਾਸਤੇ, ਹੁਨਰ-ਭਰੀ ਸਿਖਿਆ ਸੁਹਜ ਸੁਆਦ ਦੀ ਰੁਚੀ ਅਤੇ ਸਮਝਦਾਰੀ ਦੀ ਲੋੜ ਹੁੰਦੀ ਹੈ। ਇਸ ਕਸੋਭਲੀ ਸਜਾਵਟ ਦੇ ਬਾਵਜੂਦ ਵੀ ਇਸ ਕਮਰੇ ਦੀ ਬੜੀ ਸਿਫਤ ਕੀਤੀ ਗਈ। ਕੇਵਲ ਪੀਅਰੇ ਨੇ ਹੀ ਇਸ ਸ਼ਲਾਘਾ ਦਾ ਵਿਅੰਗਮਈ ਢੰਗ ਨਾਲ ਵਿਰੋਧ ਕੀਤਾ। ਇਹ ਨੁਕਤਾ-ਚੀਨੀ ਜੀਨ ਦੇ ਕਲੇਜੇ ਵਿੱਚ ਸਿੱਧੀ ਤੀਰ ਵਾਂਗ ਜਾ ਵੱਜੀ।

ਮੇਜ਼ ਤੇ ਫਲਾਂ ਦੀਆਂ ਟੀਸੀਆਂ ਲਗੀਆਂ ਹੋਈਆਂ ਸਨ ਤੇ ਕੇਕ ਵੀ ਕਈਆਂ ਸ਼ਕਲਾਂ ਵਿੱਚ ਮੌਜੂਦ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੁੱਖ ਤਾਂ ਉੱਕੀ ਹੀ ਕਿਸੇ ਨੂੰ ਨਹੀਂ ਸੀ। ਉਨ੍ਹਾਂ ਨੇ ਕੁਝ ਫਲ ਖਾਧੇ ਤੇ ਪੇਸਟਰੀ ਦਾ ਵੀ ਸੁਆਦ ਦੇਖਿਆ। ਕੋਈ ਘੰਟਾ ਕੁ ਬੀਤਣ ਪਿਛੋਂ ਰੋਜ਼ਮਿੱਲੀ ਨੇ ਜਾਣ ਵਾਸਤੇ ਇਜਾਜ਼ਤ ਮੰਗੀ।

ਫੈਸਲਾ ਇਹ ਹੋਇਆ ਕਿ ਰੋਲੈਂਡ ਰੋਜ਼ਮਿੱਲੀ ਨੂੰ ਉਹਦੇ ਘਰ ਤਕ ਛੱਡਣ ਵਾਸਤੇ ਨਾਲ ਜਾਵੇਗਾ। ਉਹ ਝੱਟ ਪੱਟ ਚਲਣ ਵਾਸਤੇ ਤਿਆਰ ਹੋ ਗਏ। ਇਸ ਵੇਲੇ ਨੌਕਰ ਦੀ ਅਣਹੋਂਦ ਕਰਕੇ ਸ਼੍ਰੀਮਤੀ ਰੋਲੈਂਡ ਨੇ ਘਰ ਦੀ ਸੁਆਣੀ ਵਾਂਗ ਅਪਣੇ ਆਲੇ ਦੁਆਲੇ ਇੱਕ ਨਜਰ ਮਾਰੀ ਤਾਂ ਕਿ ਕਿਸੇ ਗੱਲ ਦੀ ਘਾਟ ਨਾ ਰਹਿ ਜਾਵੇ।

"ਮੈਂ ਤੈਨੂੰ ਲੈਣ ਵਾਸਤੇ ਮੁੜ ਕੇ ਆਵਾਂ ?" ਰੋਲੈਂਡ ਨੇ ਸ਼੍ਰੀਮਤੀ ਰੋਲੈਂਡ ਨੂੰ ਪੁੱਛਿਆ।

ਕੁਝ ਹਿਚਕਚਾਹਟ ਪਿਛੋਂ ਉਹਨੇ ਉੱਤਰ ਦਿੱਤਾ, "ਨਹੀਂ ਜੀ, ਤੁਸੀਂ ਘਰ ਜਾਉ ਤੇ ਆਰਾਮ ਕਰੋ। ਮੈਂ ਪੀਅਰੇ ਨਾਲ ਆ ਜਾਵਾਂਗੀ।"

ਰੋਲੈਂਡ ਅਤੇ ਰੋਜ਼ਮਿੱਲੀ ਦੇ ਟੁਰ ਜਾਣ ਪਿਛੋਂ ਛੇਤੀ ਹੀ ਸ਼੍ਰੀਮਤੀ ਰੋਲੈਂਡ ਨੇ ਮੋਮਬੱਤੀਆਂ ਬੁਝਾਈਆਂ, ਕੇਕ, ਖੰਡ ਤੇ ਮਿੱਠੀ-ਸ਼ਰਾਬ ਆਦਿ ਅਲਮਾਰੀ ਵਿੱਚ ਬੰਦ ਕਰਕੇ ਚਾਬੀ ਜੀਨ ਦੇ ਹੱਥ ਫੜਾ ਦਿੱਤੀ। ਇਸ ਤੋਂ ਪਿਛੋਂ ਉਹ ਸੌਣ-ਕਮਰੇ ਵਿੱਚ ਗਈ, ਬਿਸਤਰਾ ਸਿੱਧਾ ਕੀਤਾ, ਰਾਤ ਨੂੰ ਪੀਣ ਵਾਸਤੇ ਬੋਤਲ ਵਿੱਚ ਤਾਜ਼ਾ ਪਾਣੀ ਭਰਿਆ ਤੇ ਪਕਿਆਈ ਵਜੋਂ ਦੇਖਿਆ ਕਿ ਬਾਰੀਆਂ ਚੰਗੀ ਤਰ੍ਹਾਂ ਬੰਦ ਹਨ ਕਿ ਨਹੀਂ।

ਪੀਅਰੇ ਅਤੇ ਜੀਨ ਛੋਟੇ ਸਵਾਗਤੀ-ਕਮਰੇ ਵਿੱਚ ਬੈਠੇ ਰਹੇ। ਜੀਨ ਨੂੰ ਹਾਲੇ ਵੀ ਖਿਝ ਚੜ੍ਹੀ ਹੋਈ ਸੀ ਕਿ ਪੀਅਰੇ ਨੇ ਉਹਦੇ ਸੁਹਜ-ਸੁਆਦ ਬਾਰੇ ਵਿਅੰਗਮਈ ਲਫਜ਼ ਕਹੇ ਸਨ। ਦੂਜੇ ਬੰਨੇ ਪੀਅਰੇ ਜੀਨ ਨੂੰ ਇਸ ਫਲੈਟ ਵਿੱਚ ਤਕ ਕੇ ਵਿਸ ਘੋਲ ਰਿਹਾ ਸੀ।

ਉਹ ਚੁਪ ਚਾਪ ਬੈਠੇ ਸਿਗਰਟ ਪੀ ਰਹੇ ਸਨ। ਅਚਾਨਕ ਹੀ ਪੀਅਰੇ ਉੱਚੀ ਆਵਾਜ ਵਿੱਚ ਬੋਲਿਆ "ਧਰਮ ਨਾਲ, ਅੱਜ ਸ਼ਾਮ 'ਰੰਡੀ' ਦੀ ਬੱਸ ਹੋ ਗਈ। ਇਹ ਪਿਕਨਿਕ ਉਹਦੇ ਬਸ ਦੀ ਗੱਲ ਨਹੀਂ।"

ਨੇਕ ਬੰਦਿਆਂ ਦੇ ਜਜਬਾਤਾਂ ਨੂੰ ਜੇ ਕਦੇ ਕੋਈ ਠੇਸ ਪਹੁੰਚਾਵੇ ਤਾਂ ਉਨ੍ਹਾਂ ਉਤੇ ਇੱਕ ਦਮ ਕਹਿਰ ਦਾ ਭੂਤ ਸਵਾਰ ਹੋ ਜਾਂਦਾ ਹੈ। ਪੀਅਰੇ ਦੇ ਲਫਜ਼ ਸੁਣ ਕੇ ਜੀਨ ਤੇ ਵੀ ਇਹੋ ਜਿਹਾ ਗੁੱਸੇ ਦਾ ਭੂਤ ਸਵਾਰ ਹੋ ਗਿਆ। ਉਹਦਾ ਕਰੋਧ ਇੰਨਾ ਵੱਧ ਗਿਆ ਕਿ ਉਹਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਲਾ ਭਰ ਗਿਆ ਤੇ ਉਹ ਥਥਲਾ ਕੇ ਬੋਲਿਆ "ਅੱਗੇ ਵਾਸਤੇ ਰੋਜ਼ਮਿੱਲੀ ਨੂੰ ਮੇਰੇ ਸਾਹਮਣੇ 'ਰੰਡੀ' ਕਦੇ ਨਹੀਂ ਕਹਿਣਾ। ਮੈਂ ਇਹ ਹਰਗਿਜ ਬਰਦਾਸ਼ਤ ਨਹੀਂ ਕਰ ਸਕਦਾ।'

ਪੀਅਰੇ ਬੜੀ ਗੁਸਤਾਖੀ ਨਾਲ ਉਹਦੇ ਵੱਲ ਘੁੰਮਿਆ, "ਲਗਦਾ ਹੈ ਤੂੰ ਮੈਨੂੰ ਹੁਕਮ ਦੇ ਰਿਹਾ ਹੈਂ। ਤੇਰਾ ਦਿਮਾਗ ਖਰਾਬ ਤਾਂ ਨਹੀਂ ਹੋ ਗਿਆ ਹੈ ?"

"ਮੇਰਾ ਦਿਮਾਗ ਖਰਾਬ ਨਹੀਂ। ਮੈਂ ਤੇਰੇ ਭੈੜੇ ਸਲੂਕ ਤੋਂ ਹੁਣ ਤੰਗ ਆ ਚੁੱਕਾ ਹਾਂ।" ਪੀਅਰੇ ਨਫਰਤ ਦਾ ਹਾਸਾ ਹਸਿਆ, "ਤੇਰੇ ਨਾਲ ਭੈੜਾ ਸਲੂਕ ? ਤੂੰ ਰੋਜ਼ਮਿੱਲੀ ਦਾ ਪੱਖ ਲੈ ਕੇ ਮੇਰੇ ਨਾਲ ਲੜਨਾ ਚਾਹੁੰਦਾ ਹੈਂ।"

"ਰੋਜ਼ਮਿੱਲੀ ਮੇਰੀ ਪਤਨੀ ਬਣੇਗੀ।'

ਪੀਅਰੇ ਹੋਰ ਉੱਚੀ ਹੱਸਿਆ : "ਹਾ, ਹਾ "ਬਹੁਤ ਖੂਬ। ਹੁਣ ਮੈਂ ਸਮਝਿਆ ਕਿ ਉਹਨੂੰ 'ਰੰਡੀ' ਕਿਉਂ ਨਹੀਂ ਕਹਿਣਾ। ਪਰ ਆਪਣੀ ਸ਼ਾਦੀ ਦੀ ਮੈਨੂੰ ਖਬਰ ਸੁਣਾਉਣ ਲਈ ਤੂੰ ਬੜਾ ਅਜੀਬ ਤਰੀਕਾ ਅਪਣਾਇਆ ਹੈ ?'

"ਇਹ ਕੋਈ ਮਖੌਲ ਨਹੀਂ ! ਤੂੰ ਖਿੱਲੀ ਨਹੀਂ ਉਡਾ ਸਕਦਾ। ਸੁਣਿਆਂ ? ਮੈਂ ਹੁਣ ਇਹ ਮਜ਼ਾਕ ਸੁਣਨ ਲਈ ਬਿਲਕੁਲ ਤਿਆਰ ਨਹੀਂ।'

ਇਹ ਕਹਿੰਦਾ ਕਹਿੰਦਾ ਜੀਨ ਪੀਅਰੇ ਦੇ ਕੋਲ ਆ ਗਿਆ। ਜਿਸ ਔਰਤ ਨੂੰ ਉਹਨੇ ਪਿਆਰ ਕੀਤਾ ਤੇ ਆਪਣੇ ਵਾਸਤੇ ਚੁਣਿਆ, ਉਹਦੇ ਬਾਰੇ ਪੀਅਰੇ ਦੇ ਮੂੰਹੋਂ ਵਿਅੰਗਮਈ ਗੱਲਾਂ ਸੁਣ ਕੇ ਉਹਦੇ ਦਿਲ ਅੰਦਰ ਭਾਂਬੜ ਮੱਚ ਗਏ ਤੇ ਉਹ ਕੰਬਦੇ ਗੁੱਸੇ ਨਾਲ ਲਾਲ ਪੀਲਾ ਹੋ ਗਿਆ।

ਪੀਅਰੇ ਦੇ ਤਨ ਬਦਨ ਨੂੰ ਪਹਿਲਾਂ ਹੀ ਅੱਗ ਲੱਗੀ ਹੋਈ ਸੀ। ਭਰੇ ਫਿੱਸੇ ਪੀਅਰੇ ਦੇ ਮਨ ਵਿੱਚ ਜਿੰਨਾ ਦਬਿਆ ਹੋਇਆ ਗੁੱਸਾ ਤੇ ਕਰੋਧ ਸੀ, ਜਿੰਨੇ ਕੁਚਲੇ ਹੋਏ ਜ਼ਜ਼ਬਾਤ ਤੇ ਦੁਵਿਧਾ ਸੀ, ਸਾਰੇ ਦਾ ਸਾਰਾ ਉਬਾਲਾ ਖਾ ਕੇ ਉਹਦੇ ਦਿਮਾਗ ਨੂੰ ਚੜ੍ਹ ਗਿਆ ਤੇ ਉਹ ਆਪੇ ਤੋਂ ਬਾਹਰ ਹੋ ਕੇ ਕੜਕਿਆ "ਤੇਰੀ ਇੰਜ ਬੋਲਣ ਦੀ ਹਿੰਮਤ ? ਤੂੰ ? ਚੁੱਪ ਕਰ ਜਾਹ ਮੈਂ ਕਹਿੰਨਾ ਵਾਂ। ਇਹ ਮੇਰਾ ਹੁਕਮ ਹੈ, ਮੇਰਾ ਹੁਕਮ, ਸੁਣਦਾ ਕਿ ਨਹੀਂ ? ਮੇਰਾ ਹੁਕਮ।'

ਹਿੰਸਾ ਭਰੇ ਲਫਜ਼ ਸੁਣ ਕੇ ਜੀਨ ਹੈਰਾਨ ਹੋ ਗਿਆ ਤੇ ਕੁਝ ਸਕਿੰਟਾਂ ਲਈ ਉਹ ਚੁੱਪ ਕਰ ਗਿਆ। ਗੁੱਸੇ ਕਾਰਣ ਉਹਦੇ ਦਿਮਾਗ ਵਿੱਚ ਉਲਝਣਾਂ ਪੈ ਗਈਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਉਹ ਕੁਝ ਇਹੋ ਜਿਹੇ ਲਫਜ਼ਾਂ ਦੀ ਤਲਾਸ਼ ਕਰਨ ਲੱਗਾ ਜਿਹੜੇ ਸਿੱਧੇ, ਪੀਅਰੇ ਦੇ ਕਲੇਜੇ ਵਿੱਚੋ ਤੀਰ ਵਾਂਗ ਪਾਰ ਹੋ ਜਾਣ। ਉਹਨੇ ਆਪਣੇ ਆਪ ਨੂੰ ਸੰਭਾਲਣ ਦੀ ਬੜੀ ਕੋਸ਼ਿਸ਼ ਕੀਤੀ ਤਾਂ ਕਿ ਉਹ ਸੋਚੇ ਹੋਏ ਵਾਕ ਠੀਕ ਤਰਾਂ ਬੋਲ ਸਕੇ। ਹੌਲੀ ਹੌਲੀ ਲਫਜ਼ਾਂ ਨੂੰ ਛੁਰੀਆਂ ਦਾ ਰੂਪ ਦੇ ਕੇ ਉਹਨੇ ਕਹਿਣਾ ਜਾਰੀ ਕੀਤਾ ;

"ਮੈਨੂੰ ਬਹੁਤ ਦੇਰ ਤੋਂ ਮਹਿਸੂਸ ਹੋ ਚੁੱਕਾ ਹੈ ਕਿ ਤੂੰ ਮੇਰੇ ਨਾਲ ਈਰਖਾ ਕਰਦਾ ਹੈਂ। ਉਸੇ ਦਿਨ ਤੋਂ ਜਦੋਂ ਤੂੰ 'ਰੰਡੀ' ਕਹਿਣਾ ਸ਼ੁਰੂ ਕੀਤਾ ਕਿਉਂਕਿ ਤੈਨੂੰ ਪਤਾ ਸੀ 'ਰੰਡੀ' ਕਹਿਣ ਨਾਲ ਮੈਨੂੰ ਠੇਸ ਪਹੁੰਚਦੀ ਹੈ।

ਪੀਅਰੇ ਸੁਭਾਵਿਕ ਹੀ ਕੁੜਤੱਣ ਅਤੇ ਬੇਇਜ਼ਤੀ ਦੇ ਹਾਸੇ ਵਿੱਚ ਫੁੱਟ ਪਿਆ :

"ਹਾਂ, ਹਾਂ, ਮੈਂ ਤੇਰੇ ਨਾਲ ਈਰਖਾ ਕਰਦਾ ਹਾਂ। ਮੈਂ ਤੇਰੇ ਨਾਲ ਈਰਖਾ ? ਕਿਉਂ ? ਕਾਹਦੀ ਈਰਖਾ ? ਤੇਰੀ ਅਕਲ ਦੀ ਈਰਖਾ ? ਤੇਰੀ ਸ਼ਕਲ ਦੀ ਈਰਖਾ ?"

ਜੀਨ ਸਮਝ ਗਿਆ ਸੱਟ ਟਿਕਾਣੇ ਪਈ ਹੈ। "ਹਾਂ, ਹਾਂ, ਤੂੰ ਮੇਰੇ ਨਾਲ ਈਰਖਾ ਕਰਦਾ ਹੈਂ।" ਮੁੱਢ ਤੋਂ, ਬਚਪਨ ਤੋਂ। ਜਦੋਂ ਇਸ ਔਰਤ ਦਾ ਝੁਕਾ ਤੂੰ ਮੇਰੇ ਵੱਲ ਦੇਖਿਆ, ਤੂੰ ਆਪੇ ਤੋਂ ਬਾਹਰ ਹੋ ਗਿਆ ਕਿਉਂਕਿ ਉਹ ਤੇਰੇ ਵੱਲ ਮੂੰਹ ਵੀ ਨਹੀਂ ਸੀ ਕਰਦੀ।'

"ਮੈਂ ? ਮੈਂ ਤੇਰੇ ਨਾਲ ਜਲਣ ਰੱਖਦਾਂ ? ਉਸ ਬੁਧੂ ਗੁੱਡੀ ਬਦਲੇ, ਉਸ ਪਿਲਪਿਲੀ ਕਬੂਤਰੀ ਖਾਤਰ ?"

ਜੀਨ ਨੇ ਦੇਖਿਆ ਕਿ ਉਹਦੇ ਵਾਰ ਥਾਂ ਟਿਕਾਣੇਂ ਮਾਰ ਕਰੀ ਜਾਂਦੇ ਹਨ। ਉਹਨੇ ਕਹਿਣਾ ਜਾਰੀ ਰਖਿਆ :

"ਉਹ ਦਿਨ ਯਾਦ ਹੈ ਜਦੋਂ ਕਿਸ਼ਤੀ ਵਿੱਚ ਚੱਪੂ ਚਲਾ ਚਲਾ ਕੇ ਤੂੰ ਮੈਨੂੰ ਮਾਤ ਕਰਨਾ ਚਾਹੁੰਦਾ ਸੀ ? ਤੇ ਉਹਦੇ ਸਾਮ੍ਹਣੇ ਬਣਨ ਲਈ ਜੋ ਕੁਝ ਵੀ ਤੂੰ ਉਸ ਦਿਨ ਕਿਹਾ ਸੀ ? ਕਿਉਂ, ਤੂੰ ਤਾਂ ਜਲ ਜਲ ਕੇ ਭੁੱਜ ਗਿਆ ਹੈ ! ਤੇ ਫੇਰ ਜਦੋਂ ਇਹ ਮੇਰੀ ਕਿਸਮਤ ਖੁੱਲ੍ਹੀ, ਤੂੰ ਪਾਗਲ ਹੋ ਗਿਆ, ਤੇ ਮੈਨੂੰ ਨਫਰਤ ਦੀ ਨਿਗਾਹ ਨਾਲ ਦੇਖਣਾ ਆਰੰਭ ਦਿੱਤਾ। ਹਰ ਗੱਲੇ ਤੂੰ ਨਫਰਤ ਦਾ ਇਜ਼ਹਾਰ ਕੀਤਾ। ਤੂੰ ਘਰ ਵਿੱਚ ਸਾਰਿਆਂ ਦਾ ਅਮਨ ਚੈਨ ਖੋਹ ਲਿਆ ਹੈ। ਕੋਈ ਅਜਿਹੀ ਘੜੀ ਨਹੀਂ ਲੰਘਦੀ ਜਦੋਂ ਤੇਰਾ ਗੁੱਸਾ ਠੰਢਾ ਹੋਵੇ। ਹਰ ਵੇਲੇ ਜਲਿਆ ਰਹਿੰਦਾ ਹੈ।"

ਪੀਅਰੇ ਦਾ ਗੁੱਸਾ ਕਾਬੂ ਤੋਂ ਬਾਹਰ ਹੋ ਗਿਆ। ਉਹਨੇ ਕਚੀਚੀ ਵੱਟੀ ਤੇ ਮੁੱਠਾਂ ਘੁੱਟ ਲਈਆਂ। ਉਹਦੇ ਦਿਲ ਵਿੱਚ ਅੱਗ ਲੱਗ ਗਈ ਕਿ ਉਹ ਆਪਣੇ ਭਰਾ ਉੱਤੇ ਟੁੱਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇ ਪੈ ਜਾਵੇ ਤੇ ਉਹਨੂੰ ਸੰਘੀ ਤੋਂ ਫੜ ਲਵੇ।

"ਉਏ ਚੁੱਪ ਹੋ ਜਾ ਮੈਂ ਕਹਿੰਦਾ ! ਨਾ ਖੋਲ੍ਹ ਮੂੰਹ ਉਸ ਵਿਰਾਸਤ ਬਾਰੇ।"

ਜੀਨ ਤਿੱੜਕਿਆ : "ਕਿਉਂ ? ਤੇਰੇ ਰੋਮ ਰੋਮ 'ਚੋਂ' ਈਰਖਾ ਫੁਟ ਰਹੀ ਹੈ। ਮਾਂ ਬਾਪ ਲਈ ਤੇ ਮੇਰੇ ਲਈ ਇਕ ਵੀ ਅਜਿਹਾ ਲਫਜ਼ ਮੂੰਹੋਂ ਨਹੀਂ ਨਿਕਲਦਾ ਜਿਹਦੇ ਵਿੱਚ ਜਲਣ ਨਾ ਹੋਵੇ। ਕਿਉਂਕਿ ਤੂੰ ਜਲਣ ਦਾ ਸ਼ਿਕਾਰ ਹੋ ਚੁੱਕਾ ਹੈ, ਇਸ਼ ਕਰਕੇ ਮੈਂ ਤੈਨੂੰ ਫੁੱਟੀ ਅੱਖ ਨਹੀਂ ਭਾਉਂਦਾ। ਤੂੰ ਸਾਰਿਆਂ ਨਾਲ ਲੜਦਾ ਹੈ ਕਿਉਂਕਿ ਤੇਰੇ ਵਿੱਚ ਈਰਖਾ ਹੈ। ਹੁਣ ਜਦੋਂ ਮੈਂ ਅਮੀਰ ਬਣ ਗਿਆ ਹਾਂ ਤੂੰ ਇਹ ਬਰਦਾਸਤ ਨਹੀਂ ਕਰ ਸਕਦਾ। ਤੇਰੇ ਵਿੱਚ ਜ਼ਹਿਰ ਭਰ ਗਈ ਹੈ। ਤੂੰ ਮਾਂ ਨੂੰ ਇੰਜ ਸਤਾਉਂਦਾ ਹੈ ਜਿਵੇਂ ਇਹ ਉਹਦਾ ਕਸੂਰ ਹੋਵੇ।"

ਪੀਅਰੇ ਪਿਛਲਖੁਰੀ ਅੰਗੀਠੀ ਕੋਲ ਹੋ ਗਿਆ। ਉਹਦਾ ਮੂੰਹ ਅੱਧਾ ਖੁਲ੍ਹਾ ਸੀ ਤੇ ਅੱਖਾਂ ਟੱਡੀਆਂ ਹੋਇਆ ਸਨ। ਉਹ ਗੁੱਸੇ ਕਾਰਣ ਉਸ ਦੌਰੇ ਦਾ ਸ਼ਿਕਾਰ ਹੋ ਚੁੱਕਾ ਸੀ ਜਿਸ ਵਿੱਚ ਮਨੁੱਖ ਖੂਨ ਕਰ ਬਹਿੰਦਾ ਹੈ। ਉਹ ਹੌਲੀ ਜਿਹੀ ਕੰਬਦੇ ਸਵਰ ਵਿੱਚ ਬੋਲਿਆ :

"ਚੁੱਪ ਹੋ ਜਾ ! ਮੈਂ ਤੈਨੂੰ ਆਖਦਾ ਹਾਂ ਚੁੱਪ ਹੋ ਜਾ।" ਜੀਨ ਬੋਲਦਾ ਗਿਆ : "ਨਹੀਂ ! ਮੈਂ ਚੁੱਪ ਨਹੀਂ ਹੋਵਾਂਗਾ। ਬਹੁਤ ਦੇਰ ਤੋਂ ਮੈਂ ਇਹ ਸਭ ਕੁਝ ਤੈਨੂੰ ਦਸਣਾ ਚਾਹੁੰਦਾ ਸਾਂ। ਅੱਜ ਤੂੰ ਮੈਨੂੰ ਮੌਕਾ ਦੇ ਹੀ ਦਿੱਤਾ। ਇਹ ਤੇਰੀ ਬਦਕਿਸਮਤੀ ਹੈ। ਮੈਨੂੰ ਕਿਸੇ ਔਰਤ ਨਾਲ ਮੁਹਬਤ ਹੈ।ਤੈਨੂੰ ਇਸ ਬਾਰੇ ਇਲਮ ਹੈ ਤੇ ਤੂੰ ਜਾਣ ਬੁਝ ਕੇ ਉਸ ਔਰਤ ਦਾ ਮੇਰੇ ਸਾਮ੍ਹਣੇ ਮਖੌਲ ਉਡਾਉਂਦਾ ਹੈ। ਇਹ ਸਭ ਕੁਝ ਕਹਿਣ ਲਈ ਤੂੰ ਮੈਨੂੰ ਖੁਦ ਮਜਬੂਰ ਕੀਤਾ ਹੈ। ਤੇਰੇ ਭੈੜੇ ਦਿਨ ਆ ਗਏ ਨੇ। ਤੇਰੇ ਸੱਪ ਦੀ ਜ਼ਹਿਰ ਹੁਣ ਮੈਂ ਬਾਹਰ ਕੱਢ ਕੇ ਹੀ ਛੱਡਣੀ ਏਂ। ਮੈਂ ਦਸਾਂਗਾ ਕਿ ਕਿੱਦਾਂ ਦੂਜਿਆਂ ਦੀ ਇੱਜਤ ਕਰੀਦੀ ਹੈ।"

"ਤੇਰੀ ਇੱਜਤ ? ਓਏ ਤੇਰੀ ?"

"ਹਾਂ ਮੇਰੀ।"

"ਤੇਰੀ ਇੱਜਤ ? ਓਏ ਤੇਰੀ ? ਜਿਸਨੇ ਆਪਣੇ ਲਾਲਚ ਖਾਤਰ ਸਾਰੇ ਖਾਨਦਾਨ ਤੇ ਕਲੰਕ ਲਾ ਦਿੱਤੇ ?"

"ਤੂੰ ਕੀ ਬਕਦਾ ? ਕਹਿ ਫੇਰ ਕਹਿ !" "ਹਾਂ, ਮੈਂ ਕਹਿੰਦਾ ਹਾਂ ਵਿਰਾਸਤ ਕਿਸੇ ਹੋਰ ਮਨੁੱਖ ਦੀ ਕਬੂਲ ਕਰੇਂ ਤੇ ਪੁੱਤ ਦੂਜੇ ਦਾ ਕਹਾਵੇਂ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਣ ਕੇ ਜੀਨ ਤੇ ਬਿਜਲੀ ਪੈ ਗਈ। ਓਹ ਬੁੱਤ ਵਾਂਗ ਚੁੱਪ ਹੋ ਗਿਆ। ਉਹਦੀ ਸਮਝ ਵਿੱਚ ਕੁਝ ਨਾ ਪਿਆ, ਉਹਦੇ ਹਵਾਸ ਉੜ ਗਏ। ਇਹ ਤੁਹਮਤ, ਜਿਸ ਦਾ ਉਹਨੂੰ ਪਹਿਲਾਂ ਹੀ ਥੋੜਾ ਥੋੜਾ ਭਰਮ ਸੀ, ਸੁਣ ਕੇ ਧਰਤੀ ਉਹਦੇ ਪੈਰਾਂ ਹੇਠੋਂ ਨਿਕਲ ਗਈ।

"ਕੀ ਮਤਲਬ। ਇੱਕ ਬਾਰੀ ਫੇਰ ਕਹਿ ਤੇਰਾ ਭਾਵ ਕੀ ਹੈ ਇਸ ਗੱਲ ਤੋਂ।"

ਮੈਂ ਕਹਿੰਦਾ ਹਾਂ, ਸਾਰੀ ਦੁਨੀਆਂ ਘੁਸਰ ਮੁਸਰ ਕਰਦੀ ਹੈ, ਸਾਰੀ ਦੁਨੀਆਂ ਪਈ ਗੱਲਾਂ ਕਰਦੀ ਹੈ ਕਿ ਤੂੰ ਉਸ ਆਦਮੀ ਦਾ ਪੁੱਤ ਹੈ ਜਿਹੜਾ ਤੇਰੇ ਵਾਸਤੇ ਸਾਰੀ ਜਾਇਦਾਦ ਛੱਡ ਗਿਆ ਹੈ। ਕੋਈ ਇਜਤਦਾਰ ਆਦਮੀ ਅਜਿਹੀ ਦੌਲਤ ਨਹੀਂ ਕਬੂਲੇਗਾ ਜਿਸ ਨਾਲ ਉਹਦੀ ਮਾਂ ਦੀ ਇੱਜ਼ਤ ਨੂੰ ਵੱਟਾ ਲੱਗੇ।"

"ਪੀਅਰੇ—ਪੀਅਰੇ, ਤੂੰ ਕੀ ਬੋਲ ਰਿਹਾ ਹੈਂ। ਤੈਨੂੰ ਇਸ ਗੱਲ ਦੀ ਕੋਈ ਸਮਝ ਹੈ। ਕੀ ਤੂੰ, ਤੂੰ ਇਹ ਬੇਸ਼ਰਮੀ ਦੀਆਂ ਗੱਲਾਂ ਕਰਦਾ ਹੈਂ?"

"ਹਾਂ, ਮੈਂ! ਮੈਂ ਹੀ ਕਹਿ ਰਿਹਾ ਹਾਂ। ਕੀ ਤੈਨੂੰ ਦਿਸਦਾ ਨਹੀਂ ਕਿ ਇੱਕ ਮਹੀਨੇ ਤੋਂ ਗ਼ਮ ਮੈਨੂੰ ਘੁਣ ਵਾਂਗ ਖਾ ਰਿਹਾ ਹੈ? ਰਾਤਾਂ ਨੂੰ ਮੈਨੂੰ ਨੀਂਦ ਨਹੀਂ ਪੈਂਦੀ? ਮੈਂ ਆਪਣੇ ਦਿਨ ਇੱਕ ਜੰਗਲੀ ਦਰਿੰਦੇ ਵਾਂਗ ਛੁਪ ਛੁਪ ਕੇ ਕੱਟ ਰਿਹੈਂ? ਕਿ ਮੈਨੂੰ ਕੋਈ ਸਮਝ ਨਹੀਂ ਮੈਂ ਕੀ ਬੋਲਦਾ ਤੇ ਕੀ ਕਰਦਾ ਹਾਂ? ਕਿ ਮੈਨੂੰ ਕੋਈ ਪਤਾ ਨਹੀਂ ਮੇਰਾ ਕੀ ਬਣੇਗਾ? ਮੈਂ ਗਮ ਤੇ ਹਿਆ ਨਾਲ ਇੰਨਾ ਪਾਗਲ ਅਤੇ ਕੰਮ-ਬਖਤ ਹੋ ਗਿਆ ਹਾਂ? ਜੋ ਗੱਲ ਪਹਿਲਾਂ ਕੇਵਲ ਇੱਕ ਕਿਆਫ਼ਾ ਸੀ, ਹੁਣ ਸੱਚ ਹੋ ਗਈ ਹੈ।"

"ਪੀਅਰੇ, ਚੁੱਪ ਹੋ ਜਾ! ਮਾਂ ਨਾਲ ਦੇ ਕਮਰੇ ਵਿਚ ਹੈ। ਯਾਦ ਰੱਖ, ਇਹ ਸਭ ਕੁੱਝ ਉਹਦੇ ਕੰਨੀ ਪੈ ਸਕਦਾ ਹੈ। ਸ਼ਾਇਦ, ਉਹ ਸਭ ਸੁਣ ਰਹੀ ਹੈ।"

ਪਰ ਪੀਅਰੇ ਨੇ ਆਪਣਾ ਦਿਲ ਹੌਲਾ ਕਰਨਾ ਸੀ। ਉਹਨੇ ਸਭ ਕੁਝ ਕਹਿ ਸੁਣਾਇਆ, ਆਪਣੇ ਸ਼ੱਕ ਬਾਰੇ, ਆਪਣੀਆਂ ਦਲੀਲਾ ਤੇ ਮਨੌਤੀਆਂ ਬਾਰੇ। ਤਸਵੀਰ ਦੀ ਕਹਾਣੀ ਵੀ ਉਹਨੇ ਜਿਉਂ ਦੀ ਤਿਉਂ ਕਹਿ ਸੁਣਾਈ ਜਿਹੜੀ ਇੱਕ ਵਾਰ ਫੇਰ ਗੁੰਮ ਹੋ ਗਈ ਸੀ।

ਪਾਗਲਾਂ ਵਾਂਗ ਉਹ ਛੋਟੇ ਛੋਟੇ ਟੁੱਟੇ ਵਾਕ ਮੂੰਹੋ ਕਢਦਾ ਗਿਆ ਜਿੰਨਾਂ ਦਾ ਆਪਸ ਵਿੱਚ ਕੋਈ ਤਾਲ ਮੇਲ ਨਹੀਂ ਸੀ। ਉਹਨੂੰ ਸਾਮ੍ਹਣੇ ਬੈਠੇ ਜੀਨ ਦਾ ਤੇ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਕਮਰੇ ਵਿੱਚ ਬੈਠੀ ਮਾਂ ਦਾ ਕੋਈ ਖਿਆਲ ਨਾ ਰਿਹਾ। ਉਹ ਇੰਜ ਬੋਲਦਾ ਗਿਆ ਜਿਵੇਂ ਸੁਣਨ ਵਾਲਾ ਉੱਥੇ ਕੋਈ ਮੌਜੂਦ ਨਾ ਹੋਵੇ, ਕਿਉਂਕਿ ਉਹਨੇ ਬੋਲਣਾ ਸੀ, ਕਿਉਂਕਿ ਉਹਦਾ ਦਿਲ ਭੁੱਜਿਆ ਹੋਇਆ ਸੀ ਤੇ ਆਪਣੇ ਗ਼ਮ ਨੂੰ ਉਹਨੇ ਬੜੇ ਦੁੱਖ ਅਤੇ ਜਿਗਰੇ ਨਾਲ ਦਬਾ ਕੇ ਕਾਬੂ ਕੀਤਾ ਹੋਇਆ ਸੀ ਪਰ ਹੁਣ ਇਹ ਕਾਬੂ ਤੋਂ ਬਾਹਰ ਹੋ ਕੇ ਹੜ੍ਹ ਵਾਂਗ ਫੁੱਟ ਕੇ ਵੱਗ ਟੁਰਿਆ।

ਆਪਣੇ ਭਰਾ ਦੇ ਤੂਫਾਨੀ ਜਜ਼ਬਾਤਾਂ ਨਾਲ ਪਰਭਾਵਤ ਹੋ ਕੇ ਜਿਨ੍ਹਾਂ ਵਿੱਚ ਸਚਾਈ ਦੀ ਝਲਕ ਦਿਸ ਰਹੀ ਸੀ, ਜੀਨ ਭੰਬਲ ਭੂਸੇ ਵਿੱਚ ਪਿਆ ਬੂਹੇ ਦੇ ਆਸਰੇ ਖੜਾ ਹੋ ਗਿਆ। ਉਹਨੂੰ ਮਹਿਸੂਸ ਹੋਇਆ ਕਿ ਉਸ ਦਰਵਾਜ਼ੇ ਪਿਛੇ ਖੜੀ ਮਾਂ ਨੇ ਉਨ੍ਹਾਂ ਦਾ ਸਾਰਾ ਝਗੜਾ ਤੇ ਵਾਦ-ਵਿਵਾਦ ਸੁਣ ਲਿਆ ਸੀ। ਬੈਠਕ ਵਿੱਚ ਵੜਨ ਤੋਂ ਬਿਨਾਂ ਉਸ ਕਮਰੇ ਤੋਂ ਉਹ ਬਾਹਰ ਨਹੀਂ ਸੀ ਜਾ ਸਕਦੀ। ਉਹ ਬਾਹਰ ਨਾ ਆਈ। ਇਸ ਦਾ ਭਾਵ ਸੀ ਕਿ ਬਾਹਰ ਨਿਕਲਣ ਦੀ ਉਸ ਵਿੱਚ ਹੁਣ ਹਿੰਮਤ ਬਾਕੀ ਨਹੀਂ ਸੀ।

ਅੰਤ ਫਰਸ਼ ਤੇ ਜ਼ੋਰ ਨਾਲ ਪੈਰ ਮਾਰ ਕੇ ਪੀਅਰੇ ਚੀਖਿਆ, "ਓਹ! ਮੈਂ ਕਿੰਨਾ ਨਿਰਦਈ ਹਾਂ ਕਿ ਇਹ ਸੱਭ ਕੁਝ ਬੋਲ ਗਿਆ ਹਾਂ।"

ਉਹ ਨੰਗੇ ਸਿਰ ਹੀ ਪੌੜੀਆਂ ਵੱਲ ਭੱਜ ਗਿਆ।"

ਜੀਨ ਦੇ ਗੁੰਮ ਹੋ ਚੁੱਕੇ ਹੋਸ਼ ਹਵਾਸ ਗਲੀ ਵਾਲੇ ਬੂਹੇ ਦੇ ਠਾਹ ਕਰਕੇ ਬੰਦ ਹੋਣ ਦੀ ਆਵਾਜ਼ ਨੇ ਫੇਰ ਕਾਇਮ ਕਰ ਦਿੱਤੇ। ਕੁਝ ਪਲ ਬੀਤੇ, ਘੰਟਿਆਂ ਨਾਲੋਂ ਵੀ ਲੰਬੇ ਪਲ। ਬੁਧੂਆਂ ਦੇ ਦਿਮਾਗ ਵਾਂਗ ਉਹਦਾ ਮਨ ਵੀ ਸੋਚਾਂ ਤੋਂ ਕੋਰਾ ਹੋ ਗਿਆ। ਉਹਨੇ ਮਹਿਸੂਸ ਕੀਤਾ ਕਿ ਛੇਤੀ ਹੀ ਉਹਨੂੰ ਸੋਚ ਵਿਚਾਰ ਕੇ ਕੋਈ ਕਦਮ ਪੁਟਣਾ ਪਵੇਗਾ। ਇਸ ਦੇ ਬਾਵਜੂਦ ਵੀ ਉਹ ਉੱਥੇ ਰੁਕਿਆ ਰਿਹਾ। ਡਰ ਅਤੇ ਕਮਜ਼ੋਰੀ ਕਾਰਣ ਉਹਦੀ ਇਹ ਵੀ ਚਾਹਨਾ ਨਾ ਹੋਈ ਕਿ ਮਾਮਲੇ ਤੇ ਇੱਕ ਬਾਰੀ ਫੇਰ ਵਿਚਾਰ ਕਰੇ ਤੇ ਸਮਝਣ ਦੀ ਕੋਸ਼ਿਸ਼ ਕਰੇ। ਜੀਨ ਉਨ੍ਹਾਂ ਠਰੰਮੇ ਵਾਲਿਆਂ ਬੰਦਿਆਂ ਵਿਚੋਂ ਸੀ ਜਿਹੜੇ ਹਰ ਗੱਲ ਅਗਲੇ ਦਿਨ ਤੇ ਪਾ ਦਿੰਦੇ ਹਨ। ਤੇ ਜਦੋਂ ਕਦੀ ਇਹ ਜਰੂਰੀ ਹੋ ਜਾਵੇ ਕਿ ਫੈਸਲਾ ਮੌਕੇ ਤੇ ਹੀ ਕੀਤਾ ਜਾਵੇ ਤਾਂ ਸੁਭਾਵਿਕ ਹੀ ਕੁਝ ਪਲ ਉਹ ਸੋਚਣ ਲਈ ਕੱਢ ਲੈਂਦਾ।

ਪੀਅਰੇ ਦੀਆਂ ਕੜਕਦੀਆਂ ਬੋਲੀਆਂ ਨੇ ਜੀਨ ਦੇ ਮੂੰਹ ਨੂੰ ਤਾਲਾ ਲਾ ਦਿੱਤਾ ਸੀ। ਇਸ ਚੁਪ ਨੇ, ਕੰਧਾਂ ਤੇ ਫਰਨੀਚਰ ਦੀ ਭਾਂ ਭਾਂ ਨੇ ਅਤੇ ਮੋਮਬੱਤੀਆਂ ਤੇ ਲੈਂਪਾਂ ਦੀ ਲੋਅ ਨੇ ਜੀਨ ਉੱਤੇ ਸਦਮੇ ਦੀਆਂ ਉਹ ਸੱਟਾ ਮਾਰੀਆਂ ਕਿ ਉਹ ਆਪਣੇ ਭਰਾ ਵਾਂਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਉੱਥੋਂ ਭੱਜ ਜਾਣਾ ਚਾਹੁੰਦਾ ਸੀ ।

ਉਹਨੇ ਆਪਣੇ ਆਪ ਨੂੰ ਸਭਾਲਿਆਂ ਤੇ ਸੋਚਣ ਦੀ ਕੋਸ਼ਿਸ਼ ਕਰਨ ਲੱਗਾ ।

ਜੀਵਨ ਵਿੱਚ ਉਹਨੇ ਕਿਸੇ ਉਲਝਣ ਦਾ ਹਾਲੇ ਤਕ ਸਾਮ੍ਹਣਾ ਨਹੀਂ ਸੀ ਕੀਤਾ ॥ ਉਹ ਉਨ੍ਹਾਂ ਆਦਮੀਆਂ ਵਿਚੋਂ ਸੀ ਜਿਹੜੇ ਪਾਣੀ ਵਾਂਗ ਜਿਧਰ ਢਲਾਣ ਹੋਵੇ ਮੁੜ ਜਾਂਦੇ ਹਨ । ਸਕੂਲ ਵਿੱਚ ਉਹ ਚੰਗਾ ਪੜ੍ਹਾਕੂ ਹੋਣ ਕਰਕੇ ਸਜ਼ਾ ਤੋਂ ਬਚਿਆ ਰਿਹਾ । ਆਪਣੀ ਵਕਾਲਤ ਦੀ ਪੜ੍ਹਾਈ ਵੀ ਉਹਨੇ ਸੁਹਣੀ ਮੁਕਾ ਲਈ ਸੀ ਕਿਉਂਕਿ ਉਹਦੀ ਜ਼ਿੰਦਗੀ ਵਿਚ ਅਮਨ ਚੈਨ ਸੀ । ਸੰਸਾਰ ਵਿੱਚ ਸਭ ਕੁਝ ਉਹਨੂੰ ਕੁਦਰਤੀ ਤੇ ਸੁਭਾਵਕ ਲਗਦਾ ਰਿਹਾ ਅਤੇ ਮਾਮੂਲ ਤੋਂ ਉਲਟ ਉਹ ਕਦੇ ਸੋਚ ਵੀ ਨਹੀਂ ਸਕਿਆ ਸੀ । ਸੁਭਾਵਕ ਤੌਰ ਤੇ ਉਹਨੂੰ ਅਮਨ, ਸ਼ਾਂਤੀ, ਮਾਮੂਲ ਤੇ ਚੰਗਿਆਈ ਨਾਲ ਪਿਆਰ ਸੀ । ਦਿਮਾਗੀ ਤੌਰ ਤੇ ਉਹ ਸਨਕੀ ਨਹੀਂ ਸੀ । ਹੁਣ ਜਦੋਂ ਇਹ ਆਫਤ ਅਚਨਚੇਤ ਹੀ ਉਹਦੇ ਉਤੇ ਟੁੱਟ ਪਈ ਤਾਂ ਉਹਦੀ ਹਾਲਤ ਉਸ ਮਨੁੱਖ ਵਰਗੀ ਹੋ ਗਈ ਜਿਹੜਾ ਪਾਣੀ ਵਿੱਚ ਤਾਂ ਡਿੱਗ ਪਏ, ਪਰ ਤਰਨਾ ਸਿੱਖਣ ਦਾ ਜਿਹਨੂੰ ਕਦੇ ਮੌਕਾ ਨਾ ਮਿਲਿਆ ਹੋਵੇ ।

ਪਹਿਲਾਂ ਉਹਨੇ ਆਪਣੇ ਭਰਾ ਦੀ ਕਹੀ ਗੱਲ ਤੇ ਸ਼ੱਕ ਕਰਨ ਦੀ ਕੋਸ਼ਿਸ਼ ਕੀਤੀ । ਪੀਅਰੇ ਨੇ ਕਿਤੇ ਸਾੜੇ ਜਾਂ ਘਿਰਣਾ ਵਜੋਂ ਹੀ ਤਾਂ ਨਹੀਂ ਇਹ ਕਹਿਰ ਕੀਤਾ ?

ਪਰ ਜੇ ਪੀਅਰੇ ਇਸ ਦੁਵਿਧਾ ਕਾਰਣ ਕਮਲਾ ਨਾ ਹੋ ਗਿਆ ਹੁੰਦਾ ਤਾਂ ਕੀ ਉਹ ਕੰਮਬਖਤ ਮਾਂ ਬਾਰੇ ਇਹੋ ਜਿਹੇ ਅਪ-ਸ਼ਬਦ ਬੋਲਣ ਦੀ ਹਿੰਮਤ ਕਰਦਾ ? ਜੀਨ ਹਾਲੇ ਵੀ ਪੀਅਰੇ ਦੀਆਂ ਦੁਖ-ਭਰੀਆਂ ਚੀਕਾਂ, ਚਿਲਾਹਟਾਂ ਅਤੇ ਤਿਲਮਿਲਾਹਟਾਂ ਆਪਣੇ ਕੰਨਾ ਨਾਲ ਸੁਣ ਸਕਦਾ ਸੀ, ਅੱਖਾਂ ਨਾਲ ਦੇਖ ਸਕਦਾ ਸੀ ਤੇ ਆਪਣੇ ਮਾਸ ਨੂੰ ਚੀਰ ਕੇ ਲੰਘਦੀਆਂ ਮਹਿਸੂਸ ਕਰ ਸਕਦਾ ਸੀ । ਗੁੱਸੇ ਭਰਿਆ ਇਹ ਸਾਰਾ ਸ਼ੋਰ ਸਚਾਈ ਵਾਂਗ ਅਮੋੜ ਸੀ ਜਿਸ ਤੇ ਕਾਬੂ ਪਾਉਣਾ ਅਸੰਭਵ ਸੀ ।

ਜੀਨ ਇੰਨਾ ਕੁਚਲਿਆ ਗਿਆ ਸੀ ਕਿ ਉਹਦੇ ਵਿੱਚ ਉੱਠਣ ਦੀ ਤੇ ਕੁਝ ਕਰਨ ਦੀ ਹਿੰਮਤ ਨਾ ਰਹੀ । ਉਹਦੀ ਜ਼ਹਿਮਤ ਬਰਦਾਸ਼ਤ ਦੀਆਂ ਹੱਦਾਂ ਪਾਰ ਕਰ ਗਈ । ਉਹਨੇ ਮਹਿਸੂਸ ਕੀਤਾ ਦਰਵਾਜ਼ੇ ਪਿਛੇ ਖੜੀ ਮਾਂ ਨੇ ਸਭ ਕੁਝ ਸੁਣ ਲਿਆ ਤੇ ਉਹ ਹੁਣ ਉਹਦੀ ਉਡੀਕ ਕਰ ਰਹੀ ਹੈ ।

ਮਾਂ ਕੀ ਕਰ ਰਹੀ ਹੈ ? ਕੋਈ ਹਰਕਤ ਨਹੀਂ, ਕੋਈ ਹਲਚਲ ਨਹੀਂ, ਕੋਈ ਸਾਹ ਨਹੀਂ, ਕੋਈ ਹਟਕੋਰਾ ਨਹੀਂ ਜਿਸ ਤੋਂ ਦਰਵਾਜ਼ੇ ਪਿੱਛੇ ਕਿਸੇ ਇਨਸਾਨ ਦੀ ਹੋਂਦ ਦਾ ਪਤਾ ਲੱਗ ਸਕੇ । ਕੀ ਉਹ ਦੌੜ ਗਈ ਏ ? ਪਰ ਇਹ ਕਿਵੇਂ ਹੋ ਸਕਦਾ ਹੈ ? ਜੇ ਉਹ ਭੱਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਈ ਹੋਵੇਗੀ ਤਾ ਜਰੂਰ ਹੀ ਉਹਨੇ ਬਾਰੀ ਵਿਚੋਂ ਹੇਠ ਗਲੀ ਵਿੱਚ ਛਾਲ ਮਾਰ ਦਿੱਤੀ ਹੋਵੇਗੀ।

ਇਕ ਦਮ ਘਬਰਾਹਟ ਨੇ ਜੀਨ ਉਪਰ ਜ਼ਬਰਦਸਤ ਗਲਬਾ ਪਾ ਲਿਆ। ਦਰਵਾਜਾ ਖੋਲ੍ਹਣ ਦੀ ਬਜਾਏ ਉਹਨੇ ਖੜਾਕ ਬੂਹੇ ਨੂੰ ਧੱਕਾ ਮਾਰਿਆ ਤੇ ਤਾਬੜ ਤੋੜ ਸੌਣ-ਕਮਰੇ ਵਿੱਚ ਜਾ ਵੜਿਆ।

ਕਮਰਾ ਉਹਨੂੰ ਖਾਲੀ ਦਿਸਿਆ। ਕੇਵਲ ਇੱਕ ਮੋਮਬੱਤੀ ਡਰੈਸਿੰਗ ਟੇਬਲ ਤੇ ਜਲ ਰਹੀ ਸੀ। ਜੀਨ ਖਿੜਕੀ ਵੱਲ ਭੱਜਿਆ। ਖਿੜਕੀ ਬੰਦ ਸੀ। ਇਹ ਦੀਆਂ ਬਾਰੀਆਂ ਵੀ ਚੰਗੀ ਤਰ੍ਹਾਂ ਬੰਦ ਸਨ। ਉਹ ਘੁੰਮਿਆ ਤੇ ਚਿੰਤਾ-ਜਨਕ ਨਿਗਾ ਨਾਲ ਕਮਰੇ ਦੇ ਹਨੇਰੇ ਖੂੰਜਿਆਂ ਨੂੰ ਭਾਲਣ ਲੱਗਾ। ਉਹਨੇ ਦੇਖਿਆ ਮਾਂ ਉਥੇ ਮੂੰਹ ਭਾਰ ਪਈ ਸੀ। ਮਾਂ ਨੇ ਆਪਣਾ ਚਿਹਰਾ ਸਰ੍ਹਾਣੇ ਵਿੱਚ ਗੱਡਿਆ ਹੋਇਆ ਸੀ ਤੇ ਸਰ੍ਹਾਣੇ ਦੇ ਦੋਵੇਂ ਸਿਰੇ ਮਰੋੜ ਕੇ ਕੰਨਾਂ ਉਤੇ ਘੁੱਟੇ ਹੋਏ ਸਨ ਤਾਂ ਕਿ ਉਹ ਕੁਝ ਵੀ ਨਾ ਸੁਣ ਸਕੇ।

ਪਹਿਲਾਂ ਜੀਨ ਨੇ ਸੋਚਿਆ ਕਿ ਮਾਂ ਦਾ ਸਾਹ ਘੁੱਟਿਆ ਗਿਆ ਹੈ। ਉਹਨੇ ਮੋਢਿਆਂ ਤੋਂ ਫੜ ਕੇ ਉਸ ਨੂੰ ਸਿੱਧੀ ਕੀਤਾ ਪਰ ਉਹਨੇ ਸਰ੍ਹਾਣਾ ਹੱਥੋਂ ਨਾ ਛੱਡਿਆ ਤੇ ਮੂੰਹ ਊਵੇਂ ਹੀ ਸਰ੍ਹਾਣੇ ਵਿੱਚ ਤੁੰਨੀ ਰੱਖਿਆ। ਅਸਲ ਵਿੱਚ ਸਰ੍ਹਾਣੇ ਨੂੰ ਉਹਨੇ ਜ਼ੋਰ ਨਾਲ ਚੱਕ ਮਾਰਿਆ ਹੋਇਆ ਸੀ ਤਾਂ ਕਿ ਉਹ ਦੀਆਂ ਭੁੱਬਾਂ ਨਾ ਨਿਕਲ ਜਾਣ।

ਇਸ ਚਿੱਤ ਪਏ ਆਕੜੇ ਸਰੀਰ ਦੀ ਛੂਹ ਨੇ, ਤੇ ਬਾਹਵਾਂ ਵਿੱਚ ਜਕੜੇ ਸਰ੍ਹਾਣੇ ਨੇ ਮਾਂ ਦੀ ਅਸਹਿ ਪੀੜ ਦਾ ਜੀਨ ਨੂੰ ਇਹਸਾਸ ਕਰਾ ਦਿੱਤਾ। ਉਹਦੀਆਂ ਨਜ਼ਰਾਂ ਅਤੇ ਮਨ-ਮਨਾਵੇ ਤੋਂ ਬਚਣ ਲਈ ਮਾਂ ਨੇ ਸਰ੍ਹਾਣਾ ਆਪਣੇ ਦੰਦਾਂ ਤੇ ਹੱਥਾਂ ਵਿੱਚ ਫੜ ਕੇ ਮੂੰਹ ਸਿਰ ਉੱਤੇ ਘੁੱਟਿਆ ਹੋਇਆ ਸੀ। ਉਹਨੂੰ ਦੇਖ ਕੇ ਜੀਨ ਦਾ ਦਿਲ ਹਮਦਰਦੀ ਨਾਲ ਰੋ ਉਠਿਆ ਤੇ ਉਹਨੂੰ ਸਮਝ ਪਈ ਕਿ ਪੀੜਾਂ ਦੀ ਹੱਦ ਕਿਥੋਂ ਤਕ ਪਹੁੰਚ ਸਕਦੀ ਹੈ। ਉਹਦਾ ਦਿਲ, ਛੋਟਾ ਜਿੰਨਾ ਦਿਲ ਤਰਸ ਨਾਲ ਤੜਫ ਉਠਿਆ। ਹੁਣ ਉਹ ਜੱਜ ਨਹੀਂ ਸੀ, ਰਹਿਮ-ਦਿਲ ਜੱਜ ਵੀ ਨਹੀਂ। ਉਹ ਕੇਵਲ ਆਦਮੀ ਸੀ, ਇਨਸਾਨੀ ਕਮਜ਼ੋਰੀਆਂ ਵਾਲਾ ਆਦਮੀ, ਇਕ ਪੁੱਤਰ ਸੀ, ਕੋਮਲ ਹਿਰਦੇ ਵਾਲਾ ਪੁੱਤਰ। ਦੂਜਾ ਪੁੱਤਰ ਜੋ ਕੁਝ ਵੀ ਕਹਿ ਗਿਆ, ਉਹਨੇ ਮੂਲੋਂ ਹੀ ਨਾ ਗੌਲਿਆ। ਉਹਨੇ ਕੋਈ ਦਲੀਲਬਾਜ਼ੀ ਨਾ ਕੀਤੀ, ਨਾ ਹੀ ਉਹ ਕਿਸੇ ਗਿਣਤੀਆਂ ਵਿੱਚ ਪਿਆ। ਉਸਨੇ ਸਿਰਫ ਹੱਥਾਂ ਨਾਲ ਮਾਂ ਦੇ ਬੁੱਤ ਨੂੰ ਛੋਹਿਆ। ਪਰ ਉਹਦੇ ਹੱਥਾਂ ਵਿਚੋਂ ਉਹ ਸਰਾਣ੍ਹਾਂ ਨਾ ਛੁਡਾ ਸਕਿਆ। ਇਸ ਕਰਕੇ ਉਹਦੇ ਕਪੜਿਆਂ ਨੂੰ ਚੁੰਮਦਾ ਹੋਇਆ ਜੀਨ ਕੁਰਲਾਇਆ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਮਾਂ, ਮਾਂ, ਉਹ ਮੇਰੀ ਬਦਨਸੀਬ ਮਾਂ। ਮੇਰੇ ਵੱਲ ਤੂੰ ਦੇਖ।"

ਜੇ ਉਹਦੇ ਅੰਗ ਅੰਗ ਵਿੱਚ ਵੀਣਾ ਦੀ ਤਰੰਗ ਵਾਂਗ ਇੱਕ ਹਲਕੀ ਜਿਹੀ ਝੁਣਝੁਣੀ ਨਾ ਆਉਂਦੀ ਤਾਂ ਉਹ ਬਿਲਕੁਲ ਮੁਰਦਾ ਲੱਗਦੀ। ਜੀਨ ਨੇ ਮੁੜ ਆਖਿਆ :

"ਮਾਂ, ਮਾਂ, ਮੇਰੀ ਗੱਲ ਸੁਣ। ਇਹ ਸੱਭੋ ਕੁਝ ਝੂਠ ਹੈ। ਮੈਨੂੰ ਵਿਸ਼ਵਾਸ਼ ਹੈ ਕਿ ਇਹਦੇ ਵਿੱਚ ਕੋਈ ਸਚਾਈ ਨਹੀਂ ਹੈ।"

ਇੱਕ ਹਟਕੋਰੇ ਪਿਛੋਂ ਅਚਾਨਕ ਹੀ ਸਰਾਣੇ ਹੇਠੋਂ ਮਿਸਕੀਆਂ ਸ਼ੁਰੂ ਹੋ ਗਈਆਂ। ਫੇਰ ਉਹਦੀਆਂ ਸਾਰੀਆਂ ਨਸਾਂ ਢਿੱਲੀਆਂ ਪੈ ਗਈਆ। ਕੱਸੇ ਹੋਏ ਪੱਠੇ ਨਰਮ ਪੈ ਗਏ। ਜਕੜੀਆਂ ਉਂਗਲਾਂ ਖੁਲ੍ਹ ਗਈਆਂ ਤੇ ਸਰ੍ਹਾਣਾ ਹਥੋਂ ਉਹਨੇ ਛਡ ਦਿੱਤਾ। ਜੀਨ ਨੇ ਸਰ੍ਹਾਣਾ ਉਹਦੇ ਚਿਹਰੇ ਤੋਂ ਚੁੱਕ ਕੇ ਪਰ੍ਹਾਂ ਕਰ ਦਿਤਾ।

ਉਹ ਇੱਕ ਦਮ ਪੀਲੀ ਸੀ। ਰੱਤੀ ਮਾਸਾ ਖ਼ੂਨ ਵੀ ਉਹਦੇ ਵਿੱਚ ਨਹੀਂ ਸੀ ਲਗਦਾ। ਉਹਦੀਆਂ ਬੰਦ ਪਲਕਾਂ ਵਿਚੋਂ ਹੰਝੂ ਗਿਰ ਰਹੇ ਸਨ। ਉਹਦੇ ਗਲ ਦੁਆਲੇ ਬਾਹਵਾਂ ਪਾ ਕੇ ਜੀਨ ਨੇ ਭਿੱਜੀਆਂ ਅੱਖਾਂ ਨੂੰ ਮਲੂਕ ਚੁੰਮਣ ਦਿੱਤੇ ਤੇ ਕਹਿਣ ਲੱਗਾ :

ਮਾਂ, ਮਾਂ, ਮੈਨੂੰ ਵਿਸ਼ਵਾਸ ਹੈ ਕਿ ਇਹਦੇ ਵਿੱਚ ਕੋਈ ਸਚਾਈ ਨਹੀਂ। ਰੋ ਨਹੀਂ ਮਾਂ, ਇਹ ਸਭ ਝੂਠ ਹੈ।"

ਉਹ ਉੱਠੀ ਤੇ ਸਿੱਧੀ ਬੈਠ ਗਈ। ਉਹਨੇ ਜੀਨ ਵੱਲ ਤੱਕਿਆ। ਬੜੇ ਹੌਸਲੇ ਨਾਲ, ਜਿਹੜਾ ਹੌਸਲਾ ਕਿਸੇ ਕਿਸੇ ਮੌਕੇ ਤੇ ਆਪਾ ਮਾਰ ਮੁਕਾਉਣ ਲਈ ਦਰਕਾਰ ਹੁੰਦਾ ਹੈ, ਉਹ ਜੀਨ ਨੂੰ ਆਖਣ ਲੱਗੀ :

"ਨਹੀਂ, ਇਹ ਸੱਚ ਹੈ, ਮੇਰੇ ਬੱਚੇ।"

ਇੱਕ ਦੂਜੇ ਦੇ ਸਾਮ੍ਹਣੇ ਬੈਠੇ ਉਹ ਚੁੱਪ ਰਹਿ ਗਏ। ਹਾਲੇ ਤੱਕ ਵੀ ਉਹਦਾ ਸਾਹ ਘੁਟਦਾ ਰਿਹਾ। ਖੁਲ੍ਹਾ ਸਾਹ ਲੈਣ ਲਈ ਉਹਨੇ ਧੌਣ ਸਿੱਧੀ ਕਰਕੇ ਸਿਰ ਪਿਛਾਂਹ ਨੂੰ ਸੁਟਿਆ। ਅਖੀਰ ਉਹਨੇ ਆਪਣੇ ਆਪ ਨੂੰ ਸੰਭਾਲਿਆ ਤੇ ਕਹਿਣਾ ਸ਼ੁਰੂ ਕੀਤਾ :

"ਇਹ ਠੀਕ ਹੀ ਹੈ, ਪੁੱਤਰ। ਝੂਠ ਕਿਉਂ ਕਹਾਂ। ਇਹ ਸਭ ਕੁਝ ਸੱਚ ਹੈ। ਜੇ ਮੈਂ ਝੂਠ ਬੋਲ ਕੇ ਇਸ ਗੱਲ ਤੇ ਪੜਦਾ ਵੀ ਪਾਵਾਂ ਤਾਂ ਵੀ ਤੈਨੂੰ ਤਾਂ ਵਿਸ਼ਵਾਸ ਹੋਣ ਨਹੀਂ ਲੱਗਾ।

ਉਹ ਸੁਦੈਣ ਜਿਹੀ ਦਿਸਣ ਲੱਗੀ। ਜੀਨ ਘਬਰਾ ਗਿਆ। ਬਿਸਤਰੇ ਨਾਲ ਗੋਡੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੇਕ ਕੇ ਉਹ ਡੜਿਆਇਆ :

"ਉਹ ਮਾਂ, ਸ਼ਾਂਤ ਹੋ ਜਾ, ਸਬਰ ਕਰ, ਮਾਂ।" ਦ੍ਰਿੜ ਇਰਾਦੇ ਨਾਲ ਹੰਭਲਾ ਮਾਰ ਕੇ ਉਹ ਉਠ ਖਲੋਈ :

"ਮੇਰੇ ਬੱਚੇ, ਮੇਰੇ ਕੋਲ ਕਹਿਣ ਵਾਸਤੇ ਹੋਰ ਕੁਝ ਨਹੀਂ ਹੈ। ਅਲਵਿਦਾ।" ਉਹ ਬੂਹੇ ਵੱਲ ਹੋ ਟੁਰੀ। ਜੀਨ ਨੇ ਉਹਦਾ ਕਲਾਵਾ ਭਰ ਲਿਆ ਤੇ ਰੋਣ ਹਾਕਾ ਹੋ ਕੇ ਬੋਲਿਆ :

"ਕੀ ਤੂੰ ਝੱਲੀ ਹੋ ਗਈ ਏਂ, ਮਾਂ ? ਕਿਧਰ ਚੱਲੀ ਏਂ ?"

"ਮੈਨੂੰ ਕੋਈ ਪਤਾ ਨਹੀਂ। ਪਤਾ ਵੀ ਮੈਨੂੰ ਕਿਵੇਂ ਹੋ ਸਕਦਾ ਹੈ ! ਕਿਉਂਕਿ ਕਿਸੇ ਦਾ ਮੇਰੇ ਨਾਲ ਕੋਈ ਵਾਸਤਾ ਨਹੀਂ, ਇਸ ਕਰਕੇ ਮੇਰਾ ਹੁਣ ਏਥੇ ਕੀ ਕੰਮ ਹੈ ?"

ਉਹਨੇ ਜੀਨ ਤੋਂ ਲੜ ਛੁੜਾਉਣ ਦੀ ਬੜੀ ਖਿਚ-ਧੂ ਕੀਤੀ। ਪਰ ਜੀਨ ਨੇ ਉਹਦਾ ਕਲਾਵਾ ਭਰੀ ਰਖਿਆ ਤੇ ਉਹਦੇ ਕੋਲ ਬਾਰ ਬਾਰ ਕਹਿਣ ਵਾਸਤੇ ਕੇਵਲ ਇੱਕੋ ਹੀ ਸ਼ਬਦ ਸੀ :

"ਮਾਂ, ਮਾਂ, ਮਾਂ !"

ਪੁੱਤਰ ਦੇ ਕਲਾਵੇ ਵਿਚੋਂ ਨਿਕਲਣ ਦੀ ਕੋਸ਼ਿਸ਼ ਕਰਦੀ ਹੋਈ, ਉਹ ਬੋਲੀ :

"ਨਹੀਂ, ਨਹੀਂ ਮੈਂ ਹੁਣ ਤੇਰੀ ਮਾਂ ਨਹੀਂ ਰਹੀ। ਮੈਂ ਤੇਰੀ ਕੁਝ ਨਹੀਂ ਲੱਗਦੀ, ਨਾ ਮੈਂ ਹੋਰ ਕਿਸੇ ਦੀ ਕੁੱਝ ਲੱਗਦੀ ਹਾਂ। ਸਭ ਰਿਸ਼ਤੇ ਮੁਕ ਗਏ। ਤੇਰਾ ਕੋਈ ਪਿਤਾ ਨਹੀਂ, ਤੇਰੀ ਕੋਈ ਮਾਂ ਨਹੀ, ਮੇਰੇ ਬਦਨਸੀਬ ਬੱਚੇ ! ਅਲਵਿਦਾ।"

ਜੀਨ ਸਮਝ ਗਿਆ ਕਿ ਜੇ ਹੁਣ ਉਹਨੇ ਮਾਂ ਨੂੰ ਜਾਣ ਦਿੱਤਾ ਤਾਂ ਮੁੜ ਕਦੇ ਉਹਦਾ ਮੂੰਹ ਨਹੀਂ ਦੇਖ ਸਕੇਗਾ। ਇਸ ਕਰਕੇ ਉਹਨੇ ਬਾਹਵਾਂ ਵਿੱਚ ਚੁੱਕ ਕੇ ਉਹਨੂੰ ਕੋਲ ਪਈ ਆਰਾਮ ਕੁਰਸੀ ਤੇ ਜ਼ਬਰਦਸਤੀ ਬਿਠਾ ਦਿੱਤਾ। ਨੀਵਾਂ ਹੋ ਕੇ ਉਹਨੇ ਕੁਰਸੀ ਦੇ ਦੋਵੇਂ ਬਾਜੂਆਂ ਨੂੰ ਫੜ ਕੇ ਮਾਂ ਦੁਆਲੇ ਇੱਕ ਵਗਲਾ ਵੱਗ ਲਿਆ ਤੇ ਆਖਣ ਲੱਗਾ :

"ਤੂੰ ਏਥੋਂ ਨਹੀਂ ਜਾ ਸਕਦੀ, ਮਾਂ। ਮੈ ਤੈਨੂੰ ਪਿਆਰ ਕਰਦਾ ਹਾਂ ਤੇ ਤੈਨੂੰ ਆਪਣੇ ਕੋਲ ਰਖਾਂਗਾ। ਤੂੰ ਕੇਵਲ ਮੇਰੀ ਹੈਂ, ਮੇਰੀ ਮਾਂ।"

"ਨਹੀਂ, ਮੇਰੇ ਬੱਚੇ। ਇਹ ਸੰਭਵ ਨਹੀਂ ਹੋ ਸਕਦਾ। ਅੱਜ ਰਾਤ ਤਾਂ ਤੂੰ ਰੋਂਦਾ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਲ ਮੈਨੂੰ ਘਰੋਂ ਕੱਢ ਮਾਰੇਂਗਾ। ਤੂੰ ਵੀ ਮੈਨੂੰ ਮੁਆਫ ਨਹੀਂ ਕਰ ਸਕੇਂਗਾ।"

ਸੱਚੇ ਪਿਆਰ ਦਾ ਇਜ਼ਹਾਰ ਕਰਦਿਆਂ, ਭੁਬਿਆ ਕੇ ਉਹਨੇ ਜਵਾਬ ਦਿੱਤਾ "ਕੀ ਮੈਂ ਤੈਨੂੰ ਭੁੱਲ ਜਾਵਾਂਗਾ ? ਮੇਰੇ ਦਿਲ ਦਾ ਤੈਨੂੰ ਕੀ ਪਤਾ ਮਾਂ।" ਇਹ ਸੁਣ ਕੇ ਮਾਂ ਦੀ ਮਮਤਾ ਰੋ ਉੱਠੀ। ਦੋਹਾਂ ਹੱਥਾਂ ਨਾਲ ਉਹਦਾ ਸਿਰ ਫੜ ਕੇ ਓਹਨੇ ਆਪਣੇ ਕੋਲ ਖਿੱਚ ਲਿਆ ਤੇ ਉਸਦੇ ਮੂੰਹ ਨੂੰ ਚੁੰਮ ਚੁੰਮ ਢਾਵੀਂ ਹੋ ਗਈ।

ਫੇਰ ਉਹ ਸ਼ਾਂਤ ਹੋ ਗਈ। ਉਹਦੀ ਗਲ੍ਹ ਪੁੱਤਰ ਦੀ ਗਲ੍ਹ ਨਾਲ ਲੱਗੀ ਹੋਈ ਸੀ ਜਿਸ ਦੀ ਭਰਵੀਂ ਦਾੜ੍ਹੀ ਵਿਚੋਂ ਉਹਦੀ ਜਵਾਨੀ ਦੀ ਗਰਮਾਇਸ਼ ਉਹ ਮਹਿਸੂਸ ਕਰ ਸਕਦੀ ਸੀ। ਉਹਦੇ ਕੰਨ ਵਿੱਚ ਮਲਕੜੇ ਜਿਹੇ ਉਹ ਕਹਿਣ ਲੱਗੀ :

"ਨਹੀਂ, ਪੁੱਤਰ ਜੀਨ, ਕੱਲ ਤੂੰ ਵੀ ਮੈਨੂੰ ਮੁਆਫ ਨਹੀਂ ਕਰੇਂਗਾ। ਜੇ ਤੂੰ ਸਮਝਦਾ ਹੈ ਕਿ ਤੂੰ ਮੈਨੂੰ ਮਾਫ ਕਰ ਸਕਦਾ ਹੈ ਤਾਂ ਤੂੰ ਬੜੇ ਭੁਲੇਖੇ ਵਿੱਚ ਹੈਂ ਅੱਜ ਰਾਤ ਤੂੰ ਮੈਨੂੰ ਮਾਫ ਕਰ ਦਿੱਤਾ ਹੈ ਤੇ ਇਹਦੇ ਨਾਲ ਮੇਰੀ ਜਾਨ ਬਚ ਗਈ ਹੈ। ਪਰ ਹੁਣ ਤੈਨੂੰ ਮੁੜ ਕੇ ਮੇਰੀ ਮਨਹੂਸ ਸ਼ਕਲ ਨਹੀਂ ਦੇਖਣੀ ਚਾਹੀਦੀ।"

ਉਹਨੂੰ ਹੋਰ ਘੁਟ ਕੇ ਫੜਦਾ ਹੋਇਆ ਜੀਨ ਬੋਲਿਆ :

"ਇੰਜ ਨਾ ਕਹਿ ਮਾਂ !"

"ਹਾਂ ਛੋਟੇ, ਮੈਨੂੰ ਹੁਣ ਜਾਣਾ ਹੀ ਬਣਦਾ ਹੈ। ਕਦੋਂ ਤੇ ਮੈਂ ਕੀ ਕਰਾਂਗੀ ਤੇ ਕੀ ਕਹਾਂਗੀ ਇਸ ਦਾ ਮੈਨੂੰ ਇਲਮ ਨਹੀਂ। ਪਰ ਮੈਂ ਜਾਵਾਂਗੀ ਜ਼ਰੂਰ। ਤੈਨੂੰ ਤੱਕਣ ਦੀ ਤੇ ਕਲਾਵਾ ਭਰਨ ਦੀ ਹੁਣ ਮੇਰੀ ਹਿੰਮਤ ਨਹੀਂ ਪਵੇਗੀ। ਤੂੰ ਸਮਝ ਗਿਆ ਮੇਰੀਆਂ ਗੱਲਾਂ ?"

ਜੀਨ ਨੇ ਉਹਦੇ ਕੰਨ ਵਿੱਚ ਹੌਲੀ ਜਿਹੇ ਕਿਹਾ : "ਪਿਆਰੀ ਮਾਂ, ਤੂੰ ਮੇਰੇ ਕੋਲ ਰਹੇਂਗੀ ਕਿਉਂਕਿ ਇਹ ਮੇਰੀ ਚਾਹਨਾ ਹੈ ਤੇ ਮੈਨੂੰ ਤੇਰੀ ਲੋੜ ਹੈ। ਮਾਂ ਤੂੰ ਝੱਟ ਪੱਟ ਸਹੁੰ ਖਾ ਕਿ ਤੂੰ ਮੇਰਾ ਕਹਿਣਾ ਮੰਨ ਲਵੇਂਗੀ।

"ਨਹੀਂ, ਮੇਰੇ ਬੱਚੇ।"

"ਨਹੀਂ ਨਹੀਂ, ਮਾਂ। ਤੂੰ ਮੇਰੇ ਕੋਲ ਰਹੇਂਗੀ। ਸੁਣਿਆ ? ਤੂੰ ਮੇਰੇ ਪਾਸ ਰਹੇਂਗੀ।"

"ਨਹੀਂ ਪੁੱਤਰ, ਇਹ ਅਸੰਭਵ ਹੈ। ਇਕੱਠੇ ਰਹਿਣ ਨਾਲ ਸਾਡੇ ਸਾਰਿਆਂ ਦੀ ਜ਼ਿੰਦਗੀ ਨਰਕ ਬਣ ਜਾਵੇਗੀ। ਮੈਂ ਜਾਣਦੀ ਹਾਂ, ਪਿਛਲੇ ਪੂਰੇ ਇਕ ਮਹੀਨੇ ਤੋਂ ਮੈਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਤਾ ਹੈ ਕਿ ਇਸ ਨਾਲ ਕਿੰਨਾ ਤਸੀਹਾ ਪਹੁੰਚਦਾ ਹੈ। ਇਸ ਘੜੀ ਤੇਰਾ ਹਿਰਦਾ ਪੰਘਰ ਗਿਆ ਹੈ ਪਰ ਜਦੋਂ ਇਹ ਮੌਕਾ ਲੰਘ ਜਾਵੇਗਾ, ਜਦੋਂ ਤੂੰ ਮੈਨੂੰ ਪੀਅਰੇ ਦੀਆਂ ਨਜ਼ਰਾਂ ਨਾਲ ਤੱਕੇਂਗਾ ਤੇ ਜਦੋਂ ਤੂੰ ਚਿੱਤ ਵਿੱਚ ਲਿਆਵੇਂਗਾ ਜੋ ਹੁਣੇ ਹੁਣੇ ਮੈਂ ਮੰਨ ਚੁੱਕੀ ਹਾਂ, ਤਾਂ ਫਿਰ-ਓਹ ! ਪੁੱਤਰ ਜੀਨ, ਯਾਦ ਰਖੀ ਮੈਂ ਤੇਰੀ ਮਾਂ ਹਾਂ, ਤੇਰੀ ਮਾਂ।"

"ਮਾਂ ਤੂੰ ਮੈਨੂੰ ਛੱਡ ਕੇ ਨਾ ਜਾਵੀਂ। ਤੇਰੇ ਬਿਨਾਂ ਮੇਰਾ ਕੌਣ ਹੈ ?"

"ਪਰ ਸੋਚ ਜਰਾ ਪੁੱਤਰ, ਸ਼ਰਮਾਇਆਂ ਬਿਨਾਂ ਅਸੀਂ ਇੱਕ ਦੂਜੇ ਨੂੰ ਕਦੇ ਤੱਕ ਨਹੀਂ ਸਕਦੇ। ਜਦੋਂ ਤੂੰ ਮੇਰੇ ਵੱਲ ਦੇਖੇਂਗਾ ਮੈਂ ਸ਼ਰਮ ਨਾਲ ਮਰ ਜਾਵਾਂਗੀ, ਮੇਰੀਆਂ ਅੱਖਾਂ ਨਹੀਂ ਉੱਠ ਸਕਣਗੀਆਂ।"

"ਨਹੀਂ ਮਾਂ ਇੰਜ ਨਹੀਂ ਹੋਵੇਗਾ।"

"ਹਾਂ ਇਹ ਸੱਚ ਹੈ ! ਆਹ ! ਮੈਂ ਤੇਰੇ ਭਰਾ ਦੀਆਂ ਤੜਫਨੀਆਂ ਨੂੰ ਜਾਣਦੀ ਹਾ, ਪਹਿਲੇ ਦਿਨ ਤੋਂ ਹੀ ਮੈਨੂੰ ਪਤਾ ਲੱਗ ਗਿਆ ਸੀ। ਹੁਣ ਜਦੋਂ ਵੀ ਘਰ ਵਿੱਚ ਉਹਦੇ ਪੈਰਾਂ ਦੀ ਬਿੜਕ ਮੇਰੇ ਕੰਨੀ ਪੈਦੀ ਹੈ ਤਾਂ ਮੇਰਾ ਦਿਲ ਦਹਿਲ ਜਾਂਦਾ ਹੈ ਤੇ ਇੰਜ ਲਗਦਾ ਹੈ ਜਿਵੇਂ ਮੇਰੀ ਛਾਤੀ ਨੂੰ ਚੀਰ ਕੇ ਇਹ ਬਾਹਰ ਨਿਕਲਣ ਲੱਗਾ ਹੁੰਦਾ ਹੈ। ਜਦੋਂ ਉਹਦੀ ਆਵਾਜ਼ ਮੇਰੇ ਕੰਨੀ ਪੈਂਦੀ ਹੈ ਤਾਂ ਮੈਂ ਬੇਹੋਸ਼ ਹੋਣ ਨੂੰ ਕਰਦੀ ਹਾਂ। ਹੁਣ ਤੱਕ ਮੇਰਾ ਕੇਵਲ ਤੂੰ ਹੀ ਸੀ। ਇੱਕ ਤੂੰ ! ਹੁਣ ਤੂੰ ਵੀ ਮੇਰਾ ਨਾ ਰਿਹਾ। ਪੁੱਤਰ ਜੀਨ, ਹੁਣ ਦੱਸ ਕਿ ਮੈਂ ਤੁਹਾਡੇ ਦੋਹਾਂ ਵਿਚਕਾਰ ਕਿਵੇਂ ਰਹਿ ਸਕਦੀ ਹਾਂ ?'

',ਹਾਂ, ਮਾਂ, ਮੈਂ ਤੈਨੂੰ ਇੰਨਾ ਚਾਅ ਲਾਡ ਕਰਾਂਗਾ ਕਿ ਤੈਨੂੰ ਏਸ ਘਿਨਾਉਣੀ ਘਟਨਾ ਦਾ ਚੇਤਾ ਤੱਕ ਵੀ ਨਹੀਂ ਆਵੇਗਾ।'

"ਓਹ ! ਕਾਸ਼ ਇਹ ਮੁਮਕਿਨ ਹੋ ਸਕਦਾ।"

"ਹਾਂ ਇਹ ਸੰਭਵ ਹੈ।"

"ਤੇਰੇ ਹੁੰਦਿਆ ਤੇ ਤੇਰੇ ਭਰਾ ਦੇ ਏਥੇ ਹੁੰਦਿਆਂ ਮੈਂ ਇਹਨੂੰ ਕਿਵੇਂ ਭੁਲ ਸਕਦੀ ਹਾਂ ? ਕੀ ਤੁਹਾਡੇ ਦੋਹਾਂ ਵਿਚੋਂ ਕਿਸੇ ਨੂੰ ਵੀ ਇਹਦੇ ਬਾਰੇ ਖਿਆਲ ਨਹੀਂ ਆਵੇਗਾ ?"

"ਮੈਂ ਸਹੁੰ ਖਾਂਦਾ ਹਾਂ ਕਿ ਮੈਂ ਕਦੇ ਵੀ ਇਹ ਗੱਲ ਦਿਲ ਵਿੱਚ ਨਹੀ ਲਿਆਵਾਂਗਾ।"

"ਤੂੰ ਹਰ ਰੋਜ਼ ਹਰ ਘੜੀ ਇਹਦੇ ਬਾਰੇ ਸੋਚੇਗਾ।" "ਨਹੀਂ, ਮੈਂ ਸਹੁੰ ਖਾਂਦਾ ਹਾਂ। ਇਹ ਵੀ ਸੁਣ ਲੈ ਕਿ ਜੇ ਤੂੰ ਚਲੀ ਗਈ ਤਾਂ ਘਰ ਵਿੱਚ ਮੈਂ ਝਗੜਾ ਕਰਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਤਮ-ਹੱਤਿਆ ਕਰ ਲਵਾਂਗਾ।"

ਇਸ ਬਚਪਨੇ ਦੀ ਧਮਕੀ ਕਾਰਣ ਉਹ ਕੁਝ ਪਰੇਸ਼ਾਨ ਹੋਈ ਤੇ ਉਹਨੇ ਜੀਨ ਨੂੰ ਪਿਆਰ ਨਾਲ ਘੁੱਟ ਲਿਆ। ਬੜੇ ਹੀ ਨਿੱਘੇ ਦਿਲ ਨਾਲ ਉਹ ਉਹਨੂੰ ਥਪਕੀਆਂ ਦੇਣ ਲੱਗੀ।

ਜੀਨ ਨੇ ਗੱਲ ਜਾਰੀ ਰੱਖੀ : "ਮਾਂ ਜਿੰਨਾ ਤੂੰ ਸਮਝਦੀ ਹੈ, ਮੈਂ ਤੈਨੂੰ ਉਸ ਤੋਂ ਕਿਤੇ ਵੱਧ ਪਿਆਰ ਕਰਦਾ ਹਾਂ, ਕਿਤੇ ਵੱਧ। ਹੁਣ ਤੂੰ ਸਮਝਣ ਦੀ ਕੋਸ਼ਿਸ਼ ਕਰ, ਮਾਂ! ਤੂੰ ਏਥੇ ਕੇਵਲ ਇੱਕ ਹਫਤਾ ਰਹਿਣ ਦੀ ਕੋਸ਼ਿਸ਼ ਕਰ। ਮਾਂ, ਇੱਕ ਹਫਤੇ ਦਾ ਵਾਅਦਾ ਕਰ। ਮੇਰੀ ਇੰਨੀ ਗੱਲ ਤਾਂ ਤੈਨੂੰ ਮੰਨਣੀ ਹੀ ਪਏਗੀ।"

ਉਹਨੇ ਜੀਨ ਦੇ ਮੋਢਿਆਂ ਉਤੇ ਦੋਵੇਂ ਹੱਥ ਰੱਖ ਦਿੱਤੇ ਤੇ ਉਹਨੂੰ ਜ਼ਰਾ ਪਰ੍ਹਾਂ ਕਰਕੇ ਬੋਲੀ।

"ਮੇਰੇ ਬੱਚੇ, ਆ ਸ਼ਾਂਤ ਹੋ ਜਾਈਏ ਤੇ ਉਦਗਾਰਾਂ ਨੂੰ ਦਿਲ ਤੇ ਭਾਰੂ ਨਾ ਹੋਣ ਦੇਈਏ। ਪਹਿਲਾਂ ਮੇਰੀ ਗੱਲ ਸੁਣ ਲੈ। ਜੇ ਤੇਰੇ ਮੂਹੋਂ ਇੱਕ ਵੀ ਮੈਂ ਅਜਿਹੀ ਗੱਲ ਸੁਣੀ ਜਿਹੜੀਆਂ ਪਿਛਲੇ ਇੱਕ ਮਹੀਨੇ ਤੋਂ ਤੇਰੇ ਭਰਾ ਦੇ ਮੂਹੋਂ ਸੁਣਦੀ ਆਈ ਹਾਂ, ਜੇ ਤੇਰੀਆਂ ਤੱਕਣੀਆਂ ਵਿੱਚ ਇੱਕ ਵਾਰ ਵੀ ਮੈਨੂੰ ਇਸ ਗੱਲ ਦੀ ਝਲਕ ਪਈ ਜਿਵੇਂ ਪੀਅਰੇ ਦੀਆਂ ਅੱਖਾਂ ਵਿੱਚ ਮੈਂ ਦੇਖਦੀ ਸਾਂ, ਜੇ ਮੈਨੂੰ ਤੇਰੀ ਕਿਸੇ ਗੱਲ ਜਾਂ ਇੱਕ ਵੀ ਤੱਕਣੀ ਤੋਂ ਭਰਮ ਪਿਆ ਕਿ ਤੂੰ ਵੀ ਮੈਨੂੰ ਪੀਅਰੇ ਜਿੰਨੀ ਨਫਰਤ ਕਰਦਾ ਹੈ ਤਾਂ ਉਸ ਤੋਂ ਇੱਕ ਘੰਟੇ ਬਾਅਦ, ਸਮਝ ਗਿਆਂ, ਇੱਕ ਘੰਟੇ ਬਾਅਦ, ਮੈਂ ਸਦਾ ਵਾਸਤੇ ਏਥੋਂ ਚਲੀ ਜਾਵਾਂਗੀ।"

ਮੈਂ ਕਸਮ ਖਾਂਦਾ ਹਾਂ ਮਾਂ, ਕਿ———"

"ਮੈਨੂੰ ਗੱਲ ਪੂਰੀ ਕਰ ਲੈਣ ਦੇ। ਇੱਕ ਮਹੀਨੇ ਤੋਂ ਮੈਂ ਉਹ ਤਸੀਹੇ ਝੱਲੇ ਹਨ ਜਿਹੜੇ ਕੋਈ ਝੱਲ ਨਹੀਂ ਸਕਦਾ। ਜਿਸ ਘੜੀ ਤੋਂ ਮੈਂ ਜਾਣ ਗਈ ਕਿ ਤੇਰਾ ਭਰਾ, ਮੇਰਾਂ ਦੂਜਾ ਬੇਟਾ, ਮੇਰੇ ਉੱਤੇ ਸ਼ੱਕ ਕਰਨ ਲੱਗ ਪਿਆ ਅਤੇ ਉਹ ਮਿੰਟ ਮਿੰਟ ਅਸਲੀਅਤ ਦੇ ਨੇੜੇ ਪਹੁੰਚਦਾ ਗਿਆ, ਉਸੇ ਵੇਲੇ ਤੋਂ ਮੇਰੀ ਜ਼ਿੰਦਗੀ ਦਾ ਹਰ ਪਲ ਤਸੀਹਾ ਬਣ ਕੇ ਬੀਤਣ ਲੱਗਾ ਜਿਸ ਦੀ ਅਸਹਿ ਪੀੜ ਮੈਂ ਦੱਸ ਨਹੀਂ ਸਕਦੀ।"

ਵਿੰਨ੍ਹੇ ਹੋਏ ਕਲੇਜੇ ਕਾਰਣ ਉਹਦੀ ਆਵਾਜ਼ ਵਿੱਚ ਉਹ ਦਰਦ ਤੇ ਸੋਜ਼ ਸੀ ਕਿ ਸੁਣ ਕੇ ਜੀਨ ਦੀਆਂ ਅੱਖਾਂ ਭਰ ਆਈਆਂ। ਰਵਾਂ ਰਵੀ ਉਹਨੇ ਮਾਂ ਨੂੰ ਚੁੰਮਣ ਦੀ ਕੋਸ਼ਿਸ਼ ਕੀਤੀ ਪਰ ਉਹਨੇ ਜੀਨ ਨੂੰ ਪਿਛਾਂਹ ਹਟਾ ਦਿੱਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਮੈਨੂੰ ਤੰਗ ਨਾ ਕਰ। ਗੱਲ ਸੁਣੀ ਜਾਹ। ਮੇਰੇ ਕੋਲ ਦੱਸਣ ਸਮਝਾਉਣ ਨੂੰ ਬਹੁਤ ਕੁਝ ਹੈ। ਪਰ ਤੂੰ ਮੇਰੀ ਗੱਲ ਨੂੰ ਸਮਝੇਂਗਾ ਨਹੀਂ। ਹਾਂ, ਜੇ ਮੈਂ ਏਥੇ ਤੇਰੇ ਕੋਲ ਰਹਿਣਾ ਹੈ ਤਾਂ ਪੂਰੀ ਗੱਲ ਮੈਨੂੰ ਦਸਣੀ ਹੀ——ਨਹੀਂ, ਨਹੀਂ, ਮੈਂ ਦੱਸ ਨਹੀਂ ਸਕਦੀ।"

"ਬੋਲ ਮਾਂ, ਦੱਸ ਦੇ ਮੈਨੂੰ ਸਭ ਕੁਝ।" "ਤਾਂ ਫੇਰ ਦੱਸ ਕੇ ਦਿਲ ਹੌਲਾ ਕਰ ਲੈਂਦੀ ਹਾਂ। ਘੱਟ ਤੋਂ ਘੱਟ ਤੈਨੂੰ ਧੋਖਾ ਦੇਣ ਦੀ ਗੁਨਾਹਗਾਰ ਤਾਂ ਨਹੀਂ ਹੋਵਾਂਗੀ। ਹੁਣ ਮੇਰੀ ਹਿੰਮਤ ਨਹੀਂ ਪੈਂਦੀ ਕਿ ਦਰਵਾਜ਼ਾ ਖੋਲ੍ਹ ਕੇ ਬਾਹਰ ਆਵਾਂ। ਮੇਰਾ ਦਿਲ ਡਰਦਾ ਹੈ ਕਿ ਦਰਵਾਜ਼ੇ ਪਿਛੇ ਕਿਤੇ ਤੇਰਾ ਭਰਾ ਨਾ ਬੈਠਾ ਹੋਵੇ। ਤੇ ਤੂੰ ਚਾਹੁੰਦਾ ਹੈਂ ਕਿ ਮੈਂ ਸਦਾ ਤੇਰੇ ਨਾਲ ਰਹਾਂ। ਜੇ ਅਸੀਂ ਇਕੱਠੇ ਰਹਿਣਾ ਹੈ, ਇੱਕ ਦੂਜੇ ਵੱਲ ਤਕੱਣਾ ਤੇ ਗੱਲਬਾਤ ਦੀ ਹਿੰਮਤ ਕਰਨੀ ਹੈ ਅਤੇ ਘਰ ਵਿੱਚ ਸਾਰਾ ਦਿਨ ਇੱਕ ਦੂਜੇ ਦੇ ਮੱਥੇ ਲੱਗਣ ਦਾ ਹੌਸਲਾ ਕਰਨਾ ਹੈ ਤਾਂ ਤੇਰੇ ਵਾਸਤੇ ਇਹ ਜਰੂਰੀ ਨਹੀਂ ਕਿ ਤੂੰ ਮੈਨੂੰ ਮੁਆਫ਼ ਕਰ ਦੇਵੇਂ ਕਿਉਂਕਿ ਮੁਆਫੀ ਹਮੇਸ਼ਾ ਦਿਲ ਤੇ ਭਾਰੂ ਹੋ ਕੇ ਡੋਬੂ ਪਾਉਂਦੀ ਰਹਿੰਦੀ ਹੈ। ਇਸ ਸਭ ਕੁਝ ਨੂੰ ਸੰਭਵ ਕਰਨ ਲਈ ਜ਼ਰੂਰੀ ਹੈ ਕਿ ਜੋ ਵੀ ਗੁਨਾਹ ਮੈਂ ਕੀਤਾ ਹੈ, ਉਸ ਦੋਸ਼ ਨੂੰ ਦਿਲ ਵਿੱਚ ਲਿਆ ਕੇ ਤੂੰ ਮੈਨੂੰ ਨਫਰਤ ਦੀ ਨਿਗਾਹ ਨਾਲ ਨਾ ਦੇਖੀਂ। ਤੇਰੇ ਵਿੱਚ ਇੰਨਾ ਜਿਗਰਾ ਹੋਣਾ ਚਾਹੀਦਾ ਹੈ ਤੇ ਤੈਨੂੰ ਆਪਣੇ ਆਪ ਨੂੰ ਦੁਨੀਆਂ ਵਿੱਚ ਏਨਾ ਨਿਰਾਲਾ ਮਹਿਸੂਸ ਕਰਨਾ ਪਏਗਾ ਕਿ ਬਿਨਾ ਮੈਨੂੰ ਨਫਰਤ ਕੀਤਿਆਂ ਤੇ ਬਿਨਾਂ ਸ਼ਰਮਾਇਆਂ ਇਹ ਮੰਣਨ ਦੀ ਤੇ ਕਹਿਣੇ ਦੀ ਜੁਰਰਤ ਕਰਨੀ ਪਵੇਗੀ ਕਿ ਤੂੰ ਰੋਲੈਂਡ ਦਾ ਪੁਤਰ ਨਹੀਂ ਹੈਂ। ਮੈਂ ਬਹੁਤ ਦੁੱਖ ਪਾ ਚੁੱਕੀ ਹਾਂ ਤੇ ਹੋਰ ਦੁੱਖ ਝ਼ਲਣ ਦਾ ਹੁਣ ਮੇਰੇ ਵਿੱਚ ਦਮ ਨਹੀਂ ਹੈ। ਬਿਲਕੁੱਲ ਦਮ ਨਹੀਂ। ਮੈਂ ਬਹੁਤ ਦੁੱਖ ਪਾਇਆ, ਹੁਣ ਨਹੀਂ ਬਲਕਿ ਕਈ ਚਿਰਾ ਤੋਂ। ਤੂੰ ਇਸ ਗੱਲ ਨੂੰ ਨਹੀਂ ਸਮਝ ਸਕੇਂਗਾ। ਪੁੱਤਰ ਜੀਨ, ਜੇ ਅਸੀਂ ਇਕੱਠੇ ਰਹਿਣਾ ਹੈ ਤੇ ਅਸੀਂ ਇਕ ਦੂਜੇ ਨੂੰ ਪਿਆਰ ਨਾਲ ਚੁੰਮਣ ਦਾ ਹੌਂਸਲਾ ਕਰਨਾ ਹੈ ਤਾਂ ਤੂੰ ਆਪਣੇ ਆਪ ਨੂੰ ਯਕੀਨ ਕਰਾ ਕਿ ਤੇਰੀ ਮਾਂ 'ਉਹਦੀ' ਪਤਨੀ ਸੀ, 'ਉਹਦੀ' ਸੱਚੀ ਪਤਨੀ ਭਾਵੇਂ ਇਹ ਇੱਕ ਗੈਰ ਕਾਨੂੰਨੀ ਮੇਲ ਸੀ। ਮੈਂ ਆਪਣੇ ਦਿਲ ਵਿੱਚ ਇਸ ਘਟਨਾ ਕਰਕੇ ਸ਼ਰਮਿੰਦੀ ਨਹੀਂ ਹਾਂ। ਭਾਵੇਂ ਉਹ ਹੁਣ ਇਸ ਦੁਨੀਆਂ ਤੇ ਨਹੀਂ ਰਿਹਾ, ਮੈਂ ਹਾਲੇ ਵੀ ਉਹਨੂੰ ਪਿਆਰਦੀ ਹਾਂ। ਮੈਂ ਉਹਦੇ ਪਿਆਰ ਨੂੰ ਹਮੇਸ਼ਾ ਸੀਨੇ ਵਿੱਚ ਪਲੋਸਾਂਗੀ ਕਿਉਂਕਿ ਉਸ ਤੋਂ ਬਿਨਾਂ ਮੈਂ ਕਿਸੇ ਹੋਰ ਨੂੰ ਆਪਣਾ ਸਮਝਿਆ ਹੀ ਨਹੀਂ। ਉਹੀ ਮੇਰੀ ਜਿੰਦਗੀ ਸੀ, ਉਹੀ ਮੇਰੀ ਖੁਸ਼ੀ ਤੇ ਉਹੀ ਮੇਰੀਆਂ ਆਸਾਂ ਦਾ ਕੇਂਦਰ ਸੀ। ਉਹਨੂੰ ਦੇਖ ਕੇ ਮੈਨੂੰ ਚੰਦ ਚੜ੍ਹਦਾ ਸੀ, ਬੱਸ ਬਹੁਤ ਸਮੇਂ ਤੱਕ ਮੇਰੇ ਲਈ ਉਹੀ ਸਭ ਕੁਝ ਸੀ। ਛੋਟੇ, ਸੁਣ, ਮੈਂ ਰੱਬ ਨੂੰ ਹਾਜ਼ਰ ਨਾਜ਼ਰ ਸਮਝ ਕੇ ਕਹਿੰਦੀ ਹਾਂ ਕਿ ਜੇ ਉਹ ਮੇਰੀ ਜਿੰਦਗੀ ਵਿੱਚ ਨਾ ਆਉਂਦਾ ਤਾਂ ਮੇਰੀ ਜਿੰਦਗੀ ਵਿੱਚ ਕੋਈ ਸੁਖ-ਚੈਨ ਨਾ ਆਉਂਦਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਈ ਖੁਸ਼ੀ ਨਾ ਆਉਂਦੀ। ਕੋਈ ਸਨੇਹ ਨਾ ਹੁੰਦਾ, ਕੋਈ ਲਗਨ ਨਾ ਹੁੰਦੀ ਤੇ ਨਾ ਹੀ ਜ਼ਿੰਦਗੀ ਦੀਆਂ ਉਹ ਮਲੂਕ ਤੇ ਸੁਹਾਣੀਆਂ ਘੜੀਆ ਆਉਂਦੀਆਂ ਜਿੰਨਾ ਨੂੰ ਬੁਢਾਪੇ ਵਿੱਚ ਯਾਦ ਕਰਕੇ ਮਨ ਵਿੱਚ ਹਸਰਤ ਜਾਗ ਉਠਦੀ ਹੈ—ਇਹ ਸਭ ਕੁਝ ਮੈਨੂੰ ਬਿਲਕੁਲ ਨਾ ਪ੍ਰਾਪਤ ਹੁੰਦਾ। ਮੈਂ ਉਹਦੀ ਦੇਣਦਾਰ ਹਾ। ਬੱਸ ਦੁਨੀਆ ਵਿਚ ਮੇਰਾ ਕੇਵਲ ਉਹੋ ਹੀ ਸੀ ਤੇ ਤੁਸੀ ਦੋਵੇਂ, ਤੂੰ ਤੇ ਤੇਰਾ ਭਰਾ ਤੁਹਾਥੋਂ ਬਿਨਾ ਮੇਰਾ ਜੀਵਨ ਮੱਸਿਆ ਦੀ ਰਾਤ ਹੁੰਦਾ, ਸੁੰਨਾ ਹੁੰਦਾ। ਮੈਨੂੰ ਕਿਸੇ ਵੀ ਸ਼ੈ ਨਾਲ ਪਿਆਰ ਨਾ ਹੁੰਦਾ, ਨਾ ਹੀ ਮੈਨੂੰ ਕੁਝ ਗਿਆਨ ਹੁੰਦਾ ਤੇ ਮੇਰੀ ਕੋਈ ਚਾਹਨਾ ਵੀ ਨਾ ਹੁੰਦੀ। ਮੈਂ ਕਦੇ ਰੋਂਦੀ ਵੀ ਨਾ ਕਿਉਂਕਿ ਮੈਂ ਪਹਿਲਾਂ ਹੀ ਕਾਫੀ ਰੋ ਚੁੱਕੀ ਹਾਂ। ਪੁੱਤਰ ਜੀਨ, ਯਕੀਨ ਕਰ ਲੈ ਇਸ ਘਰ ਆਉਣ ਤੋਂ ਬਾਅਦ ਮੈਂ ਬਹੁਤ ਰੋ ਚੁੱਕੀ ਹਾ। ਮੈਂ ਖੁਸ਼ੀ ਖੁਸ਼ੀ ਆਪਣਾ ਆਪ 'ਉਹਦੇ' ਹਵਾਲੇ ਕਰ ਦਿੱਤਾ—ਆਪਣਾ ਸਰੀਰ, ਆਪਣੀ ਰੂਹ ਤੇ ਇਹ ਵੀ ਸਦਾ ਵਾਸਤੇ। ਦਸ ਸਾਲ ਤਕ ਮੈਂ ਉਹਦੀ ਪਤਨੀ ਬਣੀ ਰਹੀ ਤੇ ਪਰਮਾਤਮਾਂ ਦੇ ਸਨਮੁਖ ਉਹ ਮੇਰਾ ਪਤੀ ਰਿਹਾ—ਉਸ ਪ੍ਰਮਾਤਮਾ ਦੇ ਸਾਮ੍ਹਣੇ ਜਿਸ ਨੇ ਸਾਨੂੰ ਇੱਕ ਦੂਜੇ ਵਾਸਤੇ ਬਣਾਇਆ ਸੀ। ਫੇਰ ਮੈਂ ਭਾਂਪਿਆਂ ਕਿ ਉਹਦਾ ਪਿਆਰ ਮੇਰੇ ਵਾਸਤੇ ਘਟਣ ਲੱਗ ਪਿਆ। ਭਾਵੇਂ ਉਹਦਾ ਵਤੀਰਾ ਬਹੁਤ ਸੁਹਣਾ ਸੀ ਤੇ ਉਹ ਮੇਰਾ ਖਿਆਲ ਵੀ ਬੜਾ ਕਰਦਾ ਪਰ ਮੈਂ ਉਹਦੇ ਵਾਸਤੇ ਉਹ ਖਿੱਚ ਨਾ ਰਹੀ ਜਿਹੜੀ ਮੈਂ ਪਹਿਲਾਂ ਸੀ। ਖੇਲ੍ਹ ਖਤਮ ਹੋ ਗਿਆ, ਉਫ! ਮੈਂ ਕਿਵੇਂ ਕੁਰਲਾਈ ਸੀ ਓਸ ਵੇਲੇ! ਕੰਮਬਖਤ ਜੀਵਨ ਕਿੰਨਾ ਛਲੀਆ ਹੈ। ਕੁਝ ਵੀ ਸਦਾ ਕਾਇਮ ਨਹੀਂ ਰਹਿੰਦਾ। ਅਸੀਂ ਫੇਰ ਏਥੇ ਆ ਗਏ ਤੇ ਮੁੜ ਉਹਨੂੰ ਮੈਂ ਕਦੇ ਨਾ ਮਿਲ ਸਕੀ। ਨਾ ਹੀ 'ਉਹ' ਕਦੇ ਏਥੇ ਆਇਆ। ਉਹਨੇ ਆਪਣੇ ਪੱਤਰਾਂ ਵਿੱਚ ਕਈ ਵਾਅਦੇ ਕੀਤੇ ਤੇ ਮੈਂ ਸਦਾ ਉਹਦੇ ਆਉਣ ਦੀ ਆਸ ਲਾਈ ਰੱਖੀ। ਪਰ ਉਹ ਕਦੇ ਨਾ ਆਇਆ ਤੇ ਹੁਣ ਉਹਦਾ ਇਸ ਸੰਸਾਰ ਤੋਂ ਦਾਣਾ—ਪਾਣੀ ਮੁੱਕ ਗਿਆ ਹੈ। ਪਰ ਉਹ ਵਿਸਰ ਕੇ ਵੀ ਸਾਨੂੰ ਪਿਆਰਦਾ ਰਿਹਾ ਕਿਉਂਕਿ ਤੂੰ ਉਹਦੇ ਖਿਆਲਾਂ ਦਾ ਕੇਂਦਰ ਰਿਹਾ। ਜਿਥੋਂ ਤਕ ਮੇਰਾ ਤਅੱਲਕ ਹੈ, ਮੈਂ ਮਰਦੇ ਦਮ ਤੱਕ ਉਹਦੀ ਪਿਆਰੀ ਯਾਦ ਨੂੰ ਸੀਨੇ ਵਿੱਚ ਘੁੱਟ ਰਖਾਂਗੀ ਤੇ ਉਹਦੇ ਨਾਲ ਆਪਸੀ ਸਬੰਧ ਤੋਂ ਕਦੇ ਮੁਨਕਰ ਨਹੀ ਹੋਵਾਂਗੀ। ਮੈਂ ਤੈਨੂੰ ਇਸ ਕਰਕੇ ਪਿਆਰ ਕਰਦੀ ਹਾਂ ਕਿਉਂਕਿ ਤੂੰ ਉਹਦਾ ਬੱਚਾ ਹੈ ਤੇ ਤੇਰੀਆਂ ਅੱਖਾਂ ਸਾਮ੍ਹਣੇ ਵੀ ਮੈਂ ਉਹਦੇ ਨਲ ਸਬੰਧ ਰੱਖਣ ਤੇ ਸ਼ਰਮਿੰਦੀ ਨਹੀਂ ਹਾ। ਸਮਝ ਗਿਆਂ ਗੱਲ ਨੂੰ? ਮੈਂ ਬਿਲਕੁੱਲ ਇਸ ਸਬੰਧ ਤੇ ਸ਼ਰਮਿੰਦੀ ਨਹੀਂ ਹੋ ਸਕਦੀ। ਜੇਕਰ ਤੇਰੀ ਇਹ ਚਾਹਨਾ ਹੈ ਕਿ ਮੈਂ ਤੇਰੇ ਨਾਲ ਰਹਾਂ, ਤੈਨੂੰ ਇਹ ਅਸਲੀਅਤ ਕਬੂਲਣੀ ਪਵੇਗੀ ਕਿ ਤੂੰ ਉਹਦੀ ਔਲਾਦ ਹੈ। ਸਾਨੂੰ ਉਹਦੇ ਬਾਰੇ ਕਦੇ ਕਦੇ ਗੱਲਬਾਤ ਕਰਨੀ ਲਾਜ਼ਮੀ ਹੈ, ਤੈਨੂੰ ਉਹਦੀ ਯਾਦ ਨੂੰ ਸਤਕਾਰਨਾ ਪਵੇਗਾ ਤੇ ਜਦੋਂ ਸਾਡੀਆਂ ਤੱਕਣੀਆਂ ਮਿਲਣ ਤਾਂ ਸਾਨੂੰ ਉਹਦਾ ਥੋੜ੍ਹਾ ਜਿੰਨਾਂ ਖਿਆਲ ਕਰਨਾ ਜਰੂਰੀ ਹੋਵੇਗਾ। ਜੇ ਤੂੰ ਇਹ ਨਹੀਂ ਕਰੇਗਾ, ਜੇ ਤੂੰ ਇਹ ਨਹੀਂ ਕਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕਦਾ ਤਾਂ, ਜੀਨ ਪੁੱਤਰ, ਮੈਨੂੰ ਰੁਖਸਤ ਦੇ, ਕਿਉਂਕਿ ਇਸ ਹਾਲਤ ਵਿੱਚ ਸਾਡੇ ਵਾਸਤੇ ਇਕਠਾ ਰਹਿਣਾ ਅਸੰਭਵ ਹੈ। ਫੈਸਲਾ ਹੁਣ ਤੇਰੇ ਹੱਥ ਹੈ।'

ਬੜੀ ਮੁਲੈਮੀ ਨਾਲ ਜੀਨ ਨੇ ਜਵਾਬ ਦਿੱਤਾ: "ਮਾਂ ਤੂੰ ਮੇਰੇ ਨਾਲ ਰਹੇਂਗੀ।"

ਉਹਨੇ ਜੀਨ ਨੂੰ ਬਾਹਵਾਂ ਵਿੱਚ ਘੁੱਟ ਲਿਆ ਤੇ ਮੁੜ ਅਥਰੂ ਕੇਰਨੇ ਅਰੰਭ ਦਿੱਤੇ। ਫੇਰ ਉਹਨੇ ਗਲ੍ਹ ਨਾਲ ਗਲ੍ਹ ਜੋੜ ਕ ਕਹਿਣਾ ਜਾਰੀ ਕੀਤਾ: "ਠੀਕ ਹੈ ਪੁੱਤਰ, ਪਰ ਪੀਅਰੇ? ਉਹਦਾ ਕੀ ਬਣੇਗਾ?" ਜੀਨ ਨੇ ਹੌਲੀ ਜਿਹੇ ਆਖਿਆ: "ਇਸ ਦਾ ਵੀ ਕੋਈ ਉਪਾ ਸੋਚਾਂਗੇ। ਹੁਣ ਤੂੰ ਤੇ ਪੀਅਰੇ ਇਕੋ ਘਰ ਵਿੱਚ ਕਦਾਚਿਤ ਨਹੀਂ ਰਹਿ ਸਕਦੇ।"

ਆਪਣੇ ਵੱਡੇ ਪੁੱਤਰ ਦੇ ਚੇਤੇ ਨੇ ਉਹਦੇ ਸ਼ਰੀਰ ਵਿੱਚ ਦਰਦ ਦੀ ਇੱਕ ਕੰਬਣੀ ਲਿਆ ਦਿੱਤੀ।

"ਬਿਲਕੁਲ ਨਹੀਂ, ਮੈਂ ਉਹਦੇ ਨਾਲ ਬਿਲਕੁਲ ਨਹੀਂ ਰਹਿ ਸਕਦੀ।' ਉਹਨੇ ਆਪਣੇ ਆਪ ਨੂੰ ਜੀਨ ਦੀ ਛਾਤੀ ਤੇ ਸੁੱਟ ਦਿੱਤਾ। ਦੁਖੀ ਆਤਮਾ ਨਾਲ ਉਹ ਚੀਕ ਉੱਠੀ:

"ਮੈਨੂੰ ਉਹਦੇ ਕੋਲੋਂ ਬਚਾ ਲੈ, ਜੀਨ, ਉਹਦੇ ਕੋਲੋਂ ਬਚਾ ਲੈ। ਕੁਝ ਵੀ ਕਰ, ਜਿਵੇਂ ਤੇਰਾ ਜੀ ਕਰੇ——-ਪਰ ਮੈਨੂੰ ਰੱਖ ਲੈ।"

"ਹਾਂ, ਹਾਂ, ਮਾਂ, ਮੈਂ ਇਹਦਾ ਉਪਾ ਸੋਚ ਲਵਾਂਗਾ।"

"ਲੱਭ ਲੈ ਕੋਈ ਉਪਾ, ਕਰ ਲੈ ਕੋਈ ਹੀਲਾ ਝੱਟ ਪੱਟ। ਮੈਨੂੰ ਕੱਲੀ ਨਾ ਛੱਡੀਂ। ਮੈਨੂੰ ਪੀਅਰੇ ਦੇ ਪਰਛਾਵੇਂ ਤੋਂ ਵੀ ਭੈ ਆਉਂਦਾ......ਇੰਨਾ ਡਰ ਹੈ ਉਹਦਾ।"

"ਹਾਂ, ਹਾਂ, ਮੈਂ ਜ਼ਰੂਰ ਕੋਈ ਰਾਹ ਲਭ ਲਵਾਂਗਾ। ਇਹ ਮੇਰਾ ਵਾਅਦਾ ਰਿਹਾ।"

"ਪਰ ਛੇਤੀ ਕਰੀਂ ਜੀਨ। ਤੂੰ ਸਮਝ ਨਹੀਂ ਸਕਦਾ ਕਿ ਮੇਰੇ ਦਿਲ ਤੇ ਕੀ ਗੁਜਰਦੀ ਹੈ ਜਦੋਂ ਉਹ ਮੇਰੇ ਸਾਮ੍ਹਣੇ ਆਉਂਦਾ ਹੈ।'

ਇਸ ਤੋਂ ਪਿਛੋਂ ਉਹਨੇ ਜੀਨ ਦੇ ਕੰਨਾਂ ਵਿੱਚ ਹੌਲੀ ਹੌਲੀ ਘੁਸਰ ਮੁਸਰ ਕੀਤੀ:

"ਮੈਨੂੰ ਏਥੇ ਹੀ ਰੱਖ ਲੈ, ਇਸੇ ਫਲੈਟ ਵਿੱਚ।'

ਜੀਨ ਥੋੜ੍ਹਾ ਜਿੰਨਾ ਝਿਜਕਿਆ ਤੇ ਇਸ ਸੁਝਾ ਤੇ ਵਿਚਾਰ ਕਰਨ ਲੱਗਾ। ਆਪਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਝ ਤੇ ਨੇਕ-ਖਿਆਲੀ ਨਾਲ ਉਹਨੇ ਇਸ ਤਜ਼ਵੀਜ਼ ਦੇ ਖਤਰੇ ਦਾ ਕਿਆਫਾ ਲਾ ਲਿਆ। ਪਰ ਕਾਫੀ ਦੇਰ ਤਕ ਉਹਨੂੰ ਮਾਂ ਨਾਲ ਬਹਿਸ ਕਰਨੀ ਪਈ। ਉਹਦੇ ਡਰ ਅਤੇ ਸੰਸੇ ਨੂੰ ਦੂਰ ਕਰਨ ਲਈ ਉਹਨੂੰ ਭਾਰੀਆਂ ਦਲੀਲਾਂ ਪੇਸ਼ ਕਰਨੀਆ ਪਈਆਂ।

ਮਾਂ ਨੇ ਹਾੜਾ ਕੀਤਾ, "ਸਿਰਫ ਅੱਜ ਦੀ ਰਾਤ, ਇਹੋ ਰਾਤ। ਕੱਲ ਤੂੰ ਰੋਲੈਂਡ ਨੂੰ ਦੱਸ ਦਈਂ ਕਿ ਮੇਰੀ ਤਬੀਅਤ ਖਰਾਬ ਹੋ ਗਈ ਸੀ,

"ਇਹ ਸੰਭਵ ਨਹੀਂ ਕਿਉਂਕਿ ਪੀਅਰੇ ਘਰ ਚਲਿਆ ਗਿਆ ਹੈ। ਚੱਲ ਉੱਠ, ਹੌਸਲਾ ਕਰ। ਕੱਲ ਤੋਂ ਬਾਅਦ ਮੈਂ ਸਭ ਪ੍ਰਬੰਧ ਕਰ ਦਿਆਂਗਾ, ਇਹ ਮੇਰਾ ਵਚਨ ਰਿਹਾ। ਮੈਂ ਸਵੇਰੇ ਨੌਂ ਵਜੇ ਘਰ ਪਹੁੰਚ ਜਾਵਾਂਗਾ। ਚੱਲ ਆਪਣੀ ਟੋਪੀ ਰੱਖ ਤੇ ਮੈਂ ਤੈਨੂੰ ਘਰ ਪਹੁੰਚਾ ਕੇ ਆਵਾਂ।"

ਸ਼ਰਮਾਕਲ ਢੰਗ ਨਾਲ ਮਜਬੂਰ ਹੋ ਕੇ ਬਚਿਆਂ ਵਾਂਗ ਮੰਨਦੀ ਹੋਈ ਉਹ ਬੋਲੀ:

"ਜਿਵੇਂ ਤੂੰ ਚਾਹੁੰਦਾ ਹੈ, ਮੈਂ ਉਵੇਂ ਹੀ ਕਰਾਂਗੀ।"

ਉਹਨੇ ਖੜੀ ਹੋਣ ਦਾ ਯਤਨ ਕੀਤਾ। ਪਰ ਸੱਟ ਬੜੀ ਭਾਰੀ ਲੱਗੀ ਸੀ ਤੇ ਉਹ ਸੰਭਲ ਕੇ ਖੜੀ ਨਾ ਹੋ ਸਕੀ।

ਜੀਨ ਨੇ ਉਹਨੂੰ ਪਾਣੀ ਪਿਲਾਇਆ ਤੇ ਦੁਆਈ ਸੁੰਘਾਈ। ਉਹਦੀਆਂ ਪੁੜਪੁੜੀਆਂ ਤੇ ਉਹਨੇ ਸਿਰਕਾ ਵੀ ਮਲਿਆ। ਛੇਕੜ ਉਹ ਤੁਰਨ ਲਾਇਕ ਹੋ ਗਈ ਤੇ ਉਹਨੇ ਜੀਨ ਦੀ ਬਾਂਹ ਦਾ ਸਹਾਰਾ ਵੀ ਲੈ ਲਿਆ। ਜਦੋਂ ਉਹ ਟਾਉਨ-ਹਾਲ ਕੋਲੋਂ ਲੰਘੇ ਤਾਂ ਘੜੀ ਰਾਤ ਦੇ ਤਿੰਨ ਵਜਾ ਰਹੀ ਸੀ।

ਘਰ ਦੇ ਬੂਹੇ ਤੇ ਪਹੁੰਚ ਕੇ, ਜੀਨ ਮਾਂ ਨੂੰ ਚੁੰਮਣ ਦੇ ਕੇ ਕਹਿਣ ਲੱਗਾ, "ਰੱਬ ਰਾਖਾ, ਮਾਂ! ਜਿਗਰਾ ਰੱਖਣਾ।"

ਦੱਬੇ ਦੱਬੇ ਕਦਮ ਰੱਖਦੀ ਉਹ ਚੁੱਪ-ਚਾਪ ਪੌੜੀਆਂ ਚੜ੍ਹ ਗਈ। ਆਪਣੇ ਕਮਰੇ ਵਿਚ ਪਹੁੰਚ ਕੇ ਉਹਨੇ ਜਲਦੀ ਨਾਲ ਕਪੜੇ ਉਤਾਰੇ ਤੇ ਬਿਸਤਰੇ ਵਿੱਚ ਵੜ ਗਈ। ਰੋਲੈਂਡ ਘੁਰਾੜੇ ਮਾਰ ਰਿਹਾ ਸੀ।

ਘਰ ਵਿੱਚ ਇਕੱਲੇ ਪੀਅਰੇ ਨੂੰ ਹੀ ਨੀਂਦ ਨਹੀਂ ਪਈ ਸੀ। ਉਹਨੇ ਮਾਂ ਦੇ ਮੁੜ ਵਾਪਸ ਆਉਣ ਦੀ ਪੈੜਚਲ ਨੂੰ ਸੁਣ ਲਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੀਅਰੇ ਦਾ ਇਰਾਦਾ

ਕਮਰੇ ਵਿੱਚ ਵਾਪਸ ਆ ਕੇ ਜੀਨ ਸੋਫੇ ਤੇ ਢਹਿ ਪਿਆ। ਗ਼ਮ ਅਤੇ ਫਿਕਰ ਨੇ ਜਿਥੇ ਉਹਦੇ ਭਰਾ ਵਿੱਚ ਇੱਕ ਸ਼ਿਕਾਰ ਵਾਂਗ ਉਥੋਂ ਭੱਜ ਨਿਕਲਣ ਵਾਸਤੇ ਉਤੇਜਨਾ ਪੈਦਾ ਕੀਤੀ ਸੀ, ਜ਼ੀਨ ਦੇ ਠੰਢੇ ਅਤੇ ਆਲਸੀ ਸੁਭਾ ਵਿੱਚ ਇਨ੍ਹਾਂ ਨੇ ਕੁਝ ਦੂਜੇ ਕਿਸਮ ਦਾ ਅਸਰ ਕੀਤਾ। ਉਹਦਾ ਅੰਗ ਅੰਗ ਝੂਠਾ ਪੈ ਗਿਆ। ਉਹ ਏਨੀ ਕਮਜ਼ੋਰੀ ਮਹਿਸੂਸ ਕਰਨ ਲੱਗਾ ਕਿ ਉਹਦੇ ਵਿੱਚ ਹਿੱਲਣ ਜੁਲਣ ਦਾ ਦਮ ਵੀ ਨਾ ਰਿਹਾ ਉਠ ਕੇ ਬਿਸਤਰੇ ਵਿਚ ਜਾਣ ਦੀ ਵੀ ਉਹਦੀ ਹਿੰਮਤ ਨਾ ਰਹੀ। ਉਹਦਾ ਜੁੱਸਾ ਤੇ ਆਤਮਾ ਦੋਵੇਂ ਸਿੱਥਲ ਹੋ ਗਏ ਜਿਵੇਂ ਸਭ ਕੁਝ ਮਾਯੂਸੀ ਵਿੱਚ ਕੁਚਲਿਆ ਗਿਆ ਹੋਵੇ। ਪੀਅਰੇ ਵਾਂਗ, ਜੀਨ ਦੇ ਵਾਤਸਲ ਪਿਆਰ ਦੀ ਪਵਿਤਰਤਾ ਨੂੰ ਕੋਈ ਠੇਸ ਨਹੀਂ ਸੀ ਪਹੁੰਚੀ ਜਿਹੜੀ ਵਾਤਸਲ ਪਵਿਤਰਤਾ ਅਣਖੀ ਰੂਹਾਂ ਵਿੱਚ ਚੁਪਚਾਪ ਮਾਣ ਦਾ ਰੂਪ ਧਾਰਕੇ ਲੁਕੀ ਰਹਿੰਦੀ ਹੈ। ਜੀਨ ਦਾ ਦਿਲ ਭਰ ਆਇਆ ਕਿਉਂਕਿ ਕਿਸਮਤ ਦੇ ਕੜਛੇ ਨੇ ਉਹਦੇ ਪਿਆਰੇ ਹਿਤਾਂ ਨੂੰ ਵੀ ਖਤਰੇ ਵਿੱਚ ਪਾ ਦਿੱਤਾ।

ਛੇਕੜ ਜਦੋਂ ਉਹਦਾ ਮਨ ਸ਼ਾਂਤ ਹੋ ਗਿਆ ਤੇ ਉਹਦੇ ਖਿਆਲ ਵੀ ਨਿਰਮਲ ਪਾਣੀ ਵਾਂਗ ਸਾਫ ਹੋ ਗਏ ਤਾਂ ਉਹਨੇ ਹਾਲਾਤ ਦਾ ਟਾਕਰਾ ਕੀਤਾ ਜਿਹੜੇ ਹੁਣੇ ਹੁਣੇ ਉੱਘੜ ਕੇ ਉਹਦੇ ਸਾਮ੍ਹਣੇ ਆਏ ਸਨ। ਜੇ ਆਪਣੀ ਪੈਦਾਇਸ਼ ਦਾ ਭੇਤ ਕਿਸੇ ਹੋਰ ਢੰਗ ਨਾਲ ਉਹਨੂੰ ਦ੍ਰਿਸ਼ਟੀਗੋਚਰ ਹੁੰਦਾ, ਤਾਂ ਨਿਸਚੇ ਹੀ ਉਹਦਾ ਪਾਰਾ ਚੜ੍ਹਨਾ ਸੀ ਤੇ ਬੜੀ ਡੂੰਘੀ ਚੋਟ ਵੱਜਣੀ ਸੀ। ਭਰਾ ਨਾਲ ਹੋਏ ਝਗੜੇ ਨੇਂ ਤੇ ਜਬਰਦਸਤ ਅਤੇ ਨਿਰਦਈ ਪੜਦਾਫਾਸ਼ੀ ਨੇ ਉਹਦੀ ਨਸ ਨਸ ਵਿੱਚ ਕੰਬਣੀ ਛੇੜ ਦਿੱਤੀ। ਮਾਂ ਵਲੋਂ ਅਸਲੀਅਤ ਕਬੂਲਣ ਨਾਲ ਜਨਮੇ ਦੁਖਦਾਇਕ ਜਜ਼ਬਾਤਾਂ ਨੇ ਜੀਨ ਵਿੱਚ ਬਗਾਵਤ ਦੀ ਕੋਈ ਸ਼ਕਤੀ ਬਾਕੀ ਨਾ ਰਹਿਣ ਦਿੱਤੀ। ਇਸ ਘਟਨਾ ਨਾਲ ਉਹਦੇ ਸਲੋਨੇ ਸੁਭਾ ਨੂੰ ਉਹ ਧੱਕਾ ਲੱਗਾ ਕਿ ਆਪ-ਮੁਹਾਰੇ ਤਰਸ ਅਤੇ ਹਮਦਰਦੀ ਨੇ ਉਹਦੇ ਮਨ ਵਿੱਚੋਂ ਸਧਾਰਣ ਸਦਾਚਾਰ ਦੀਆਂ ਸਭ ਪਵਿੱਤਰ ਭਾਵਨਾਵਾਂ ਤੇ ਭਰਮਾਂ ਨੂੰ ਮਲੀਆ-ਮੇਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰ ਦਿੱਤਾ ।

ਇਸ ਤੋਂ ਵੀ ਵੱਧ ਜੀਨ ਇਹੋ ਜਿਹਾ ਮਨੁੱਖ ਨਹੀਂ ਸੀ ਜਿਹੜਾ ਕਿਸੇ ਗੱਲ ਦਾ ਵਿਰੋਧ ਕਰ ਸਕੇ । ਜਦੋਂ ਕਿਸੇ ਹੋਰ ਦੇ ਖਿਲਾਫ ਉਹਨੇ ਕੋਈ ਜੱਦੋਂਜਹਿਦ ਨਹੀਂ ਸੀ ਕੀਤੀ ਤਾਂ ਆਪਣੀ ਅੰਤਰ-ਆਤਮਾ ਦੇ ਉਲਟ ਉਹਨੇ ਕੀ ਕਰਨਾ ਸੀ । ਇਸ ਕਰਕੇ ਉਹਨੇ ਹਾਲਾਤ ਨੂੰ ਜਿਊਂ ਦਾ ਤਿਊਂ ਮੰਨ ਲਿਆ । ਫੇਰ ਉਹ ਆਪਣੇ ਆਲੇ ਦੁਆਲੇ ਉੱਠਣ ਵਾਲੀਆਂ ਖਿੱਝ-ਖਿਝਾ ਦੀਆਂ ਗੱਲਾਂ ਬਾਰੇ ਸੋਚ ਕੇ ਤਿਲਮਲਾਉਣ ਲੱਗਾ ਕਿਉਂਕਿ ਇੰਨ੍ਹਾਂ ਊਜਾਂ ਦਾ ਉਹਦੇ ਤੇ ਅਸਰ ਹੋਣਾ ਸੁਭਾਵਕ ਸੀ । ਇਹੋ ਜਿਹੀ ਨਰਕੀ ਜ਼ਿੰਦਗੀ ਉਹਦੇ ਸ਼ਾਂਤ ਤੇ ਆਰਾਮ-ਪਸੰਦ ਸੁਭਾ ਨਾਲ ਕਿਵੇਂ ਮੇਲ ਖਾ ਸਕਦੀ ਸੀ । ਉਹਨੇ ਸੋਚਿਆ ਕਿ ਇਹੋ ਜਿਹੀਆਂ ਗੱਲਾਂ ਤਾਂ ਹੋ ਕੇ ਹੀ ਰਹਿਣੀਆਂ ਹਨ ਤੇ ਇਨ੍ਹਾਂ ਨੂੰ ਦੂਰ ਕਰਨ ਲਈ ਉਹਨੇ ਅੱਡੀ ਚੋਟੀ ਦਾ ਜ਼ੋਰ ਲਾਉਣੇ ਹਾ ਪ੍ਰਣ ਕਰ ਲਿਆ । ਹੁਣ ਇਹ ਜ਼ਰੂਰੀ ਹੋ ਗਿਆ ਕਿ ਮੁਸ਼ਕਲ ਦਾ ਹੱਲ ਝਟ ਪਟ ਲਭਿਆ ਜਾਵੇ......ਹੋ ਸਕੇ ਤਾਂ ਭਲਕੇ ਹੀ । ਕਦੇ ਕਦੇ ਉਸੇ ਵੇਲੇ ਹੀ ਕੁਝ ਕਰ ਗੁਜ਼ਰਨ ਦਾ ਵਲਵਲਾ ਉੱਬਲ ਪੈਂਦਾ ਹੈ । ਕਮਜ਼ੋਰ-ਦਿਲ ਆਦਮੀਆਂ ਦੀ ਸਾਰੀ ਸ਼ਕਤੀ ਦਾ ਭੰਡਾਰ ਇਹੋ ਛਿਨ ਭੰਗਰ ਦਾ ਵਲਵਲਾ ਹੁੰਦਾ ਹੈ ਕਿਉਂਕਿ ਲੰਮਾ ਜੇਰਾ ਰੱਖਣ ਦਾ ਉਨ੍ਹਾਂ ਵਿੱਚ ਦਮ ਨਹੀਂ ਹੁੰਦਾ । ਇੱਕ ਵਕੀਲ ਦੇ ਦਿਮਾਗ ਨਾਲ, ਜਿਹਨੂੰ ਗੁੰਝਲਦਾਰ ਮਸਲਿਆਂ ਅਤੇ ਘਰੇਲੂ ਝਗੜੇ ਸੁਲਝਾਉਣ ਅਤੇ ਘੋਖਣ ਦੀ ਟਰੇਨਿੰਗ ਹੁੰਦੀ ਹੈ, ਉਹਨੇ ਝਟ ਪਟ ਆਪਣੇ ਭਰਾ ਦੀ ਮਾਨਸਿਕ ਹਾਲਤ ਵਜੋਂ ਪੈਦਾ ਹੋਣ ਵਾਲੇ ਸਿੱਟਿਆਂ ਦਾ ਜਾਇਜ਼ਾ ਲੈ ਲਿਆ । ਨਾ ਚਾਹੁੰਦਿਆ ਵੀ ਉਹ ਇਕ ਤਜਰਬੇਕਾਰ ਵਕੀਲ ਵਾਂਗ ਇਨ੍ਹਾਂ ਸਿਟਿਆਂ ਦਾ ਇਸ ਢੰਗ ਨਾਲ ਟਾਕਰਾ ਕਰਨ ਲੱਗ ਪਿਆ ਜਿਵੇਂ ਉਹ ਕਿਸੇ ਤੂਫਾਨੀ ਸਦਾਚਾਰਕ ਦੁਰਘਟਨਾਂ ਪਿਛੋਂ ਮੁਅੱਕਲਾਂ ਦੇ ਆਪੋ ਵਿਚਲੇ ਭਵਿੱਖਤ ਸਬੰਧਾਂ ਬਾਰੇ ਕੋਈ ਇੰਤਜ਼ਾਮ ਕਰ ਰਿਹਾ ਹੋਵੇ ।

ਘਰ ਵਿੱਚ ਰਹਿੰਦਿਆਂ ਪੀਅਰੇ ਦੇ ਮੱਥੇ ਲੱਗਣ ਤੋਂ ਬਚਣ ਦਾ ਕੋਈ ਰਾਹ ਨਹੀਂ ਸੀ । ਆਪਣੇ ਫਲੈਟ ਵਿੱਚ ਰਹਿ ਕੇ ਜੀਨ ਆਪ ਤਾਂ ਉਹਦੇ ਕੋਲੋਂ ਪੱਲਾ ਛੁੜਾ ਸਕਦਾ ਸੀ, ਪਰ ਇਕੋ ਛੱਤ ਹੇਠਾਂ ਰਹਿ ਕੇ ਉਹਨਾਂ ਦੀ ਮਾਂ ਵਾਸਤੇ ਇਹ ਅਸੰਭਵ ਸੀ ।

ਸੋਫੇ ਤੇ ਬੇਹਿਸ ਪਿਆ ਉਹ ਦੇਰ ਤਕ ਸੋਚ ਵਿੱਚ ਡੁੱਬਾ ਰਿਹਾ ਤੇ ਮਨਸੂਬੇ ਬਣਾ ਕੇ ਢਾਹੁੰਦਾ ਗਿਆ । ਪਰ ਉਹ ਕਿਸੇ ਤਸੱਲੀਬਖਸ਼ ਨਤੀਜੇ ਤੇ ਨਾ ਪੁੱਜ ਸਕਿਆ ।

ਅਚਣਚੇਤ ਹੀ ਫੇਰ ਜੀਨ ਨੂੰ ਇਹ ਖਿਆਲ ਸੁੱਝਿਆ ; "ਕੀ ਇਜ਼ੱਤ-ਆਬਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲਾ ਕੋਈ ਮਨੁੱਖ ਅਜਿਹੀ ਵਿਰਾਸਤ ਕਬੂਲ ਕਰੇਗਾ ਜਿਹੜੀ ਉਹਨੇ ਰੱਖ ਲਈ ਹੈ ?"

ਪਹਿਲਾਂ ਉਹਦੇ ਦਿਲ ਨੇ ਇੱਕ ਦਮ ਉੱਤਰ ਦਿਤਾ : "ਨਹੀ" ਤੇ ਉਹਨੇ ਇਰਾਦਾ ਕਰ ਲਿਆ ਕਿ ਉਹ ਸਾਰੀ ਵਿਰਾਸਤ ਦਾਨ ਕਰ ਦੇਵੇਗਾ, ਭਾਵੇਂ ਇੰਜ ਕਰਨਾ ਕੋਈ ਸੌਖੀ ਗੱਲ ਨਹੀਂ ਸੀ। ਉਹ ਆਪਣਾ ਸਾਰਾ ਫਰਨੀਚਰ ਵੇਚ ਦੇਵੇਗਾ ਤੇ ਆਮ ਲੋਕਾਂ ਵਾਂਗ ਕੰਮ ਕਰੇਗਾ ਜਿਵੇਂ ਹਰ ਕਿਸੇ ਨੂੰ ਜੀਵਨ ਦੇ ਮੁੱਢ ਵਿੱਚ ਕਰਨਾ ਪੈਂਦਾ ਹੈ। ਇਸ ਮਰਦਊ ਪਰ ਦੁਖੀ ਫੈਸਲੇ ਨੇ ਉਹਦੇ ਹੌਂਸਲੇ ਨੂੰ ਵੰਗਾਰਿਆ। ਉਹ ਉਠਿਆ ਤੇ ਖਿੜਕੀ ਦੇ ਸ਼ੀਸ਼ੇ ਨਾਲ ਮੱਥਾ ਜੋੜ ਕੇ ਝੁਕ ਗਿਆ। ਪਹਿਲਾ ਉਹ ਗਰੀਬ ਸੀ। ਉਹ ਫੇਰ ਗਰੀਬ ਹੋ ਜਾਵੇਗਾ। ਇਹ ਗਰੀਬੀ ਉਹਦੀ ਜਾਨ ਤਾਂ ਨਹੀਂ ਨਾ ਲੈਣ ਲੱਗੀ। ਗਲੀ ਦੇ ਦੂਜੇ ਪਾਸੇ ਗੈਸ ਨਾਲ ਜਲ ਰਿਹਾ ਲੈਂਪ ਉਹਦੀ ਨਜ਼ਰੀ ਪਿਆ। ਹਨੇਰੇ ਵਿੱਚ ਪਟੜੀ ਉਤੇ ਕਵੇਲੇ ਤੁਰੀ ਜਾਂਦੀ ਇੱਕ ਜ਼ਨਾਨੀ ਨੂੰ ਦੇਖ ਕੇ ਝੱਟ ਉਹਨੂੰ ਰੋਜ਼ਮਿੱਲੀ ਦਾ ਧਿਆਨ ਆਇਆ ਤੇ ਉਹਦੇ ਦਿਲ ਵਿੱਚ ਇੱਕ ਚੁਭਕੀ ਪਈ। ਵਿਰਾਸਤ ਦਾਨ ਕਰ ਦੇਣ ਦੇ ਸਾਰੇ ਭਿਆਨਕ ਨਤੀਜੇ ਇੱਕ ਇੱਕ ਕਰਕੇ ਉਹਦੇ ਦਿਮਾਗ ਵਿਚੋਂ ਲੰਘਣ ਲੱਗੇ। ਰੋਜਮਿਲੀ ਨਾਲ ਹੋਣ ਵਾਲੀ ਸ਼ਾਦੀ ਤਿਆਗਣੀ ਪਏਗੀ, ਆਪਣੀਆਂ ਖੁਸ਼ੀਆਂ ਦੀ ਤੇ ਹੋਰ ਸਭ ਕੁਝ ਦੀ ਉਹਨੂੰ ਆਹੂਤੀ ਦੇਣੀ ਪਏਗੀ। ਰੋਜ਼ਮਿੱਲੀ ਨਾਲ ਮੰਗਣੀ ਤੋਂ ਬਾਅਦ ਕੀ ਉਹ ਹੁਣ ਇਸ ਕੁਰਬਾਨੀ ਲਈ ਤਿਆਰ ਹੈ ? ਉਹਦੇ ਨਾਲ ਰਿਸ਼ਤਾ ਰੋਜ਼ਮਿੱਲੀ ਨੇ ਇਸ ਕਰਕੇ ਕਬੂਲ ਕੀਤਾ ਸੀ ਕਿਉਂਕਿ ਉਹ ਅਮੀਰ ਹੈ। ਭਾਵੇਂ ਗਰੀਬ ਹੋ ਕੇ ਵੀ ਰੋਜ਼ਮਿੱਲੀ ਉਹਨੂੰ ਅਪਣਾ ਸਕੇਗੀ, ਪਰ ਇਹੋ ਜਿਹੀ ਕੁਰਬਾਨੀ ਲਈ ਉਹਨੂੰ ਮਜਬੂਰ ਕਰਨਾ ਕਿੱਥੋਂ ਤੱਕ ਮੁਨਾਸਬ ਹੈ। ਕੀ ਇਹ ਚੰਗਾ ਨਹੀਂ ਹੋਵੇਗਾ ਕਿ ਜੀਨ ਵਿਰਾਸਤ ਦੇ ਪੈਸੇ ਨੂੰ ਅਮਾਨਤ ਦੇ ਤੌਰ ਤੇ ਕੁਝ ਦੇਰ ਲਈ ਆਪਣੇ ਪਾਸ ਰੱਖ ਲਏ ਤੇ ਪਿਛੋਂ ਇਸ ਨੂੰ ਗਰੀਬਾਂ ਅਪਹਜਾਂ ਵਿੱਚ ਵੰਡ ਦੇਵੇ ? ਉਹਦੀ ਅੰਤਰ-ਆਤਮਾ ਵਿਚਲੀ 'ਮੈਂ' ਨੇ ਸਚਾਈ ਦਾ ਨਕਾਬ ਪਾ ਰੱਖਿਆ ਸੀ ਤੇ ਉਥੇ ਉਹਦੇ ਸਾਰੇ ਨਿਜੀ ਸਵਾਰਥਾਂ ਵਿੱਚਕਾਰ ਘੋਲ ਹੋ ਰਿਹਾ ਸੀ। ਉਹਦੀਆਂ ਸ਼ੁਰੂ ਦੀਆਂ ਸਦਭਾਵਨਾਵਾਂ ਮਕਰ ਦਲੀਲਾਂ ਅੱਗੇ ਖੇਰੂੰ ਖੇਰੂੰ ਹੋ ਗਈਆਂ। ਇੱਕ ਵਾਰੀ ਫੇਰ ਇਨ੍ਹਾਂ ਸਦ-ਭਾਵਨਾਵਾਂ ਨੇ ਸੁਰਜੀਤ ਹੋਣ ਦਾ ਯਤਨ ਕੀਤਾ, ਪਰ ਫੇਰ ਅਲੋਪ ਹੋ ਗਈਆਂ।

ਮੁੜ ਕੇ ਫੇਰ ਉਹ ਬੈਠ ਗਿਆ ਤੇ ਕਿਸੇ ਨਿਰਣੇ ਦੀ ਭਾਲ ਕਰਨ ਲੱਗਾ। ਉਹ ਕਿਸੇ ਇਹੋ ਜਿਹੇ ਬਹਾਨੇ ਦੀ ਤਲਾਸ਼ ਵਿੱਚ ਸੀ ਜਿਸ ਨਾਲ ਉਹਦੇ ਸਾਰੇ ਸੰਸੇ, ਭਰਮ ਦੂਰ ਹੋ ਜਾਣ ਤੇ ਉਹਦੀ ਜ਼ਮੀਰ ਵਿੱਚਲੀ ਸਚਾਈ ਨੂੰ ਵੀ ਯਕੀਨ ਆ ਜਾਵੇ। ਉਹ ਕੋਈ ਵੀਹ ਵਾਰੀ ਆਪਣੇ ਆਪ ਨੂੰ ਇਹ ਪ੍ਰਸ਼ਨ ਪਹਿਲਾਂ ਹੀ ਪੁੱਛ ਚੁੱਕਾ ਸੀ ; ਕਿਉਂਕਿ ਮੈਂ 'ਉਸ' ਆਦਮੀ ਦਾ ਪੁੱਤਰ ਹਾਂ, ਤੇ ਇਸ ਸਚਾਈ ਤੋਂ ਮੈਂ ਕੇਵਲ ਜਾਣੂ ਹੀ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਲਕਿ ਇਹਨੂੰ ਕਬੂਲ ਵੀ ਕਰਦਾ ਹਾਂ ਤਾਂ ਕੀ ਇਹ ਜ਼ਾਹਿਰ ਨਹੀ ਕਿ ਮੈਂ ਉਹਦੀ ਵਿਰਾਸਤ ਨੂੰ ਵੀ ਕਬੂਲ ਕਰ ਲਵਾਂ ? ਪਰ ਇਹ ਦਲੀਲ ਉਹਦੀ ਜ਼ਮੀਰ ਦੀਆਂ ਡੂੰਘਾਣਾਂ ਵਿਚੋਂ ਨਿਕਲੀ 'ਨਾ' ਦਾ ਗਲ ਨਾ ਘੁੱਟ ਸਕੀ ।

ਫੇਰ ਉਹਨੂੰ ਅਚਣਚੇਤ ਹੀ ਖਿਆਲ ਆਇਆ : ਕਿਉਂਕਿ ਮੈਂ ਉਸ ਆਦਮੀ ਦਾ ਪੁੱਤਰ ਨਹੀਂ ਹਾਂ ਜਿਸ ਨੂੰ ਅੱਜ ਤਕ ਮੈਂ ਆਪਣਾ ਪਿਤਾ ਸਮਝਦਾ ਆਇਆ ਹਾਂ, ਮੈਂ ਉਹਦੇ ਪਾਸੋਂ ਕੁਝ ਵੀ ਲੈਣ ਦਾ ਹੱਕਦਾਰ ਨਹੀਂ ਹਾਂ, ਨਾ ਉਹਦੇ ਜਿਉਂਦੇ ਜੀ ਤੇ ਨਾ ਹੀ ਉਹਦੇ ਮਰਨ ਉਪਰੰਤ । ਨਾ ਤਾਂ ਇਹ ਮੁਨਾਸਬ ਹੋਵੇਗਾ ਤੇ ਨਾ ਇਨਸਾਫ ਕਿਉਂਕਿ ਇੰਜ ਕਰਨਾ ਆਪਣੇ ਭਰਾ ਦੇ ਹੱਕ ਤੇ ਦੱਬਾ ਮਾਰਨ ਦੇ ਬਰਾਬਰ ਹੋਵੇਗਾ ।

ਇਸ ਮਸਲੇ ਤੇ ਇਸ ਤਰਾਂ ਦੀ ਨਵੇਂ ਢੰਗ ਦੀ ਵਿਚਾਰ-ਧਾਰਾ ਉਹਨੂੰ ਬੜੀ ਸੁਖਾਵੀਂ ਲੱਗੀ ਤੇ ਉਹਦੀ ਜ਼ਮੀਰ ਨੂੰ ਕੁਝ ਕੁਝ ਸੰਤੋਖ ਹੋਣ ਲੱਗਾ । ਮੁੜ ਕੇ ਫੇਰ ਉਹ ਬਾਰੀ ਵੱਲ ਹੋ ਟੁਰਿਆ ।

"ਹਾਂ" ਉਹਨੇ ਆਪਣੇ ਆਪ ਨੂੰ ਆਖਿਆ, "ਮੈਨੂੰ ਆਪਣੇ ਟੱਬਰ ਵਿਚੋਂ ਹਿੱਸੇ ਆਉਂਦੀ ਵਿਰਾਸਤ ਨੂੰ ਜ਼ਰੂਰ ਹੀ ਠੁਕਰਾ ਦੇਣਾ ਚਾਹੀਦਾ ਹੈ । ਇਹ ਸਾਰੀ ਦੀ ਸਾਰੀ ਪੀਅਰੇ ਵਾਸਤੇ ਛਡ ਦੇਣੀ ਚਾਹੀਦੀ ਹੈ ਕਿਉਂਕਿ ਮੈਂ ਉਹਦੇ ਬਾਪ ਦਾ ਪੁੱਤਰ ਨਹੀਂ ਹਾਂ । ਇਹ ਤਾਂ ਇਨਸਾਫ ਦੀ ਗੱਲ ਹੈ । ਤਾਂ ਕੀ ਫੇਰ ਇਹ ਇਨਸਾਫ ਨਹੀਂ ਹੋਵੇਗਾ ਕਿ ਮੈਂ ਆਪਣੇ ਬਾਪ ਦੀ ਦੌਲਤ ਰੱਖ ਲਵਾਂ ?"

ਅਸਲੀਅਤ ਪਛਾਨਣ ਤੋਂ ਬਾਅਦ ਉਹਨੇ ਇਹ ਫੈਸਲਾ ਕਰ ਲਿਆ ਕਿ ਉਹ ਰੋਲੈਂਡ ਦੀ ਦੌਲਤ ਵਿੱਚੋਂ ਕੋਈ ਹਿੱਸਾ ਨਹੀਂ ਲਏਗਾ ਤੇ ਸਾਰੀ ਦੀ ਸਾਰੀ ਛੱਡ ਦੇਵੇਗਾ । ਏਸ ਕਰਕੇ ਜੀਨ ਆਪਣੇ ਆਪ ਵਿਚ ਰਜ਼ਾਮੰਦ ਹੋ ਗਿਆ ਤੇ ਛੇਕੜ ਮੰਨ ਹੀ ਗਿਆ ਕਿ ਉਹ ਮਾਰਸ਼ਲ ਦੀ ਛੱਡੀ ਹੋਈ ਦੌਲਤ ਨੂੰ ਰੱਖ ਲਵੇਗਾ ਕਿਉਂਕਿ ਜੇ ਉਹਨੇ ਦੋਹਾਂ ਪਾਸਿਓਂ ਕੁਝ ਕਬੂਲਣ ਦੀ ਨਾ ਕਰ ਦਿੱਤੀ ਤਾਂ ਅਸਲੋਂ ਹੀ ਉਹ ਇੱਕ ਭਿਖਾਰੀ ਬਣ ਜਾਵੇਗਾ ।

ਇਸ ਨਾਜ਼ਕ ਮਸਲੇ ਨੂੰ ਹੱਲ ਕਰਕੇ ਜੀਨ ਘਰ ਵਿੱਚ ਪੀਅਰੇ ਦੀ ਰਿਹਾਇਸ਼ ਵਾਲੇ ਸਵਾਲ ਤੇ ਵਿਚਾਰ ਕਰਨ ਲੱਗਾ । ਪੀਅਰੇ ਤੋਂ ਕਿਵੇਂ ਛੁਟਕਾਰਾ ਪਾਇਆ ਜਾਵੇ ? ਇਸ ਸਮੱਸਿਆ ਦਾ ਕੋਈ ਪਾਏਦਾਰ ਹੱਲ ਨਾ ਮਿਲਣ ਕਰਕੇ ਉਹਨੂੰ ਲਾਚਾਰੀ ਜਿਹੀ ਹੋਣ ਲੱਗੀ । ਠੀਕ ਏਸੇ ਵੇਲੇ ਬੰਦਰਗਾਹ ਵਿੱਚ ਪ੍ਰਵੇਸ਼ ਕਰ ਰਹੇ ਇਕ ਜਹਾਜ਼ ਦੇ ਘੁੱਗੂ ਨਾਲ ਉਹਨੂੰ ਇੱਕ ਫੁਰਨਾ ਫੁਰਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਖਿਆਲ ਨੂੰ ਮਨ ਵਿੱਚ ਲੈ ਕੇ ਉਹ ਬਿਸਤਰੇ ਵਿੱਚ ਲੇਟ ਗਿਆ ਤੇ ਬਿਨਾਂ ਕਪੜੇ ਬਦਲਿਆਂ ਸਰਘੀ ਵੇਲੇ ਤਕ ਪਾਸੇ ਪਰਤਦਾ ਰਿਹਾ।

ਕੋਈ ਨੌਂ ਕੁ ਵਜੇ ਤੋਂ ਬਾਅਦ ਉਹ ਇਸ ਮੰਤਵ ਨਾਲ ਘਰੋਂ ਬਾਹਰ ਨਿਕਲਿਆ ਕਿ ਉਹਦੀ ਸਕੀਮ ਨੇਪੇਰੇ ਚੜ੍ਹਦੀ ਹੈ ਕਿ ਨਹੀਂ। ਕੁਝ ਲੋਕਾਂ ਨੂੰ ਮਿਲਦਾ ਮਿਲਾਉਂਦਾ ਤੇ ਪੁੱਛ ਗਿੱਛ ਕਰਦਾ ਉਹ ਆਪਣੇ ਮਾਂ-ਪਿਉ ਦੇ ਘਰ ਵਲ ਹੋ ਟੁਰਿਆ। ਆਪਣੇ ਸੌਣ-ਕਮਰੇ ਵਿੱਚ ਪਈ ਮਾਂ ਜੀਨ ਦੀ ਉਡੀਕ ਕਰ ਰਹੀ ਸੀ।

ਮਾਂ ਨੇ ਜੀਨ ਨੂੰ ਆਖਿਆ, "ਜੇ ਤੂੰ ਨਾ ਆਉਂਦਾ ਤਾਂ ਮੈਂ ਹੇਠਾਂ ਜਾਣ ਦੀ ਕਦੇ ਹਿੰਮਤ ਨਾ ਕਰਦੀ।"

ਹੁਣੇ ਹੁਣੇ ਪੌੜੀਆਂ ਤੋਂ ਰੋਲੈਂਡ ਦੀ ਆਵਾਜ ਸੁਣਾਈ ਦਿੱਤੀ, "ਓਏ, ਅੱਜ ਖਾਣ ਪੀਣ ਨੂੰ ਕੁਝ ਨਹੀਂ ? ਗੱਲ ਕੀ ਹੈ ?"

ਕਿਸੇ ਪਾਸਿਉਂ ਕੋਈ ਉੱਤਰ ਨਾ ਆਉਣ ਕਰਕੇ ਉਹ ਗੁੜ੍ਹਕਿਆ :

"ਜੋਜ਼ਫੀਨ, ਗੱਲ ਕੀ ਏ ? ਕੀ ਕਰਦੀ ਪਈ ਏਂ ਤੂੰ ?"

ਹੇਠਲੀ ਮੰਜ਼ਲ ਦੀ ਡੂੰਘਾਈ ਤੋਂ ਕੁੜੀ ਦੀ ਆਵਾਜ਼ ਆਈ : "ਹਾਂ ਜਨਾਬ, ਕੀ ਗੱਲ ਏ,"

"ਤੇਰੀ ਮਾਲਕਣ ਕਿੱਥੇ ਏ ?"

"ਉਹ ਉੱਪਰ ਮਿਸਟਰ ਜੀਨ ਕੋਲ ਹੈ"। ਰੋਲੈਂਡ ਨੇ ਸਿਰ ਚੁੱਕਿਆ ਤੇ ਹਾਕਾ ਮਾਰਨ ਲੱਗਾ : "ਲੂਈ !" ਸ਼੍ਰੀਮਤੀ ਰੋਲੈਂਡ ਨੇ ਅੱਧਾ ਬੂਹਾ ਖੋਹਲ ਕੇ ਉੱਤਰ ਦਿੱਤਾ ; "ਹਾਂ, ਕੀ ਗੱਲ ਹੈ ?"

"ਕੀ ਅੱਜ ਖਾਣ ਪੀਣ ਨੂੰ ਕੁਝ ਨਹੀਂ ? ਹੱਦ ਮੁੱਕ ਗਈ ?"
"ਅਸੀਂ ਆ ਰਹੇ ਹਾਂ ਜੀ।" ਉਹ ਪੌੜੀਆਂ ਉਤਰਨ ਲੱਗੀ। ਜੀਨ ਉਹਦੇ ਪਿਛੇ ਪਿੱਛੇ ਆ ਰਿਹਾ ਸੀ।

ਗਭਰੂ ਨੂੰ ਦੇਖ ਕੇ ਰੋਲੈਂਡ ਚਿਲਾਇਆ : "ਓਏ ਤੂੰ ? ਲੱਗਦਾ ਤੂੰ ਆਪਣੇ ਫਲੈਟ ਤੋਂ ਹੁਣੇ ਹੀ ਤੰਗ ਆ ਗਿਆ ਹੈ ?"

"ਨਹੀਂ, ਪਾਪਾ। ਮੈਂ ਤਾਂ ਸਵੇਰੇ ਮਾਂ ਨਾਲ ਕੋਈ ਸਲਾਹ ਕਰਨੀ ਸੀ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਨ ਹੱਥ ਫੈਲਾ ਕੇ ਅੱਗੇ ਵਧਿਆ ਤੇ ਜਦੋਂ ਉਹਦੀਆਂ ਉਂਗਲਾਂ ਨੇ ਬੁਢੇ ਆਦਮੀ ਦੀ ਹੱਥ ਘੁੱਟਣੀ ਵਿੱਚ ਪਿਤਰੀ ਨਿੱਘ ਨੂੰ ਮਹਿਸੂਸ ਕੀਤਾ ਤਾਂ ਉਹਦੇ ਦਿਲ ਵਿੱਚ ਇੱਕ ਅਣੋਖੇ ਜਜ਼ਬੇ ਦਾ ਉਬਾਲ ਉਠਿਆ ਕਿਉਂਕਿ ਉਥੋਂ ਰੁਖਸਤ ਹੋਣ ਦਾ ਅਤੇ ਸਦਾ ਵਾਸਤੇ ਵਿਛੜਨ ਦਾ ਖਿਆਲ ਉਹਦੇ ਮਨ ਨੂੰ ਸਤਾ ਰਿਹਾ ਸੀ।

ਸ਼੍ਰੀਮਤੀ ਰੋਲੈਂਡ ਨੇ ਪੁਛਿਆ "ਪੀਅਰੇ ਨਹੀਂ ਆਇਆ ?" ਉਹਦੇ ਪਤੀ ਨੇ ਮੋਢੇ ਛੰਡੇ ਤੇ ਕਿਹਾ : "ਨਹੀਂ, ਪਰ ਕੋਈ ਗੱਲ ਨਹੀਂ। ਉਹ ਸਦਾ ਦੇਰ ਕਰਕੇ ਹੀ ਆਉਂਦਾ ਹੈ। ਅਸੀਂ ਖਾਣਾ ਸ਼ੁਰੂ ਕਰਦੇ ਹਾਂ, ਉਹ ਆਪੇ ਹੀ ਆ ਜਾਵੇਗਾ।"

ਮਾਂ ਨੇ ਜੀਨ ਵੱਲ ਤੱਕਿਆ :

"ਤੂੰ ਜਾ ਬੱਚੇ ਤੇ ਉਹਨੂੰ ਲੈ ਆ। ਅਸੀਂ ਉਹਦੀ ਉਡੀਕ ਬਿਨਾ ਹੀ ਸ਼ੁਰੂ ਕਰ ਦੇਂਦੇ ਹਾਂ ਤੇ ਇਹਦੇ ਨਾਲ ਉਹਦੇ ਮਨ ਨੂੰ ਠੇਸ ਪਹੁੰਚਦੀ ਹੈ।"

ਗਭਰੂ ਕਮਰੇ ਤੋਂ ਬਾਹਰ ਚਲਾ ਗਿਆ। ਉਹ ਇੱਕ ਕਮਜ਼ੋਰ ਆਦਮੀ ਦੇ ਗੁਸੇ ਵਾਲੇ ਇਰਾਦੇ ਨਾਲ ਪਉੜੀਆਂ ਚੜ੍ਹਨ ਲੱਗਾ ਤੇ ਇੰਜ ਮਹਿਸੂਸ ਕਰ ਰਿਹਾ ਸੀ ਜਿਵੇਂ ਕਿਸੇ ਨਾਲ ਲੜਾਈ ਵਾਸਤੇ ਜਾ ਰਿਹਾ ਹੋਵੇ।

ਜੀਨ ਨੇ ਦਰਵਾਜ਼ਾ ਖੜਕਾਇਆ। ਪੀਅਰੇ ਨੇ ਉੱਤਰ ਦਿੱਤਾ :

"ਆ ਜਾ ਅੰਦਰ।" ਜੀਨ ਅੰਦਰ ਵੜਿਆ। ਉਹਦਾ ਭਰਾ ਟੇਬਲ ਤੇ ਸਿਰ ਸੁਟੀ ਕੁਝ ਲਿਖ ਰਿਹਾ ਸੀ। "ਸ਼ੁਭ ਪਰਭਾਤ।" ਜੀਨ ਨੇ ਆਖਿਆ। "ਸ਼ੁਭ ਪਰਭਾਤ" ਕਹਿ ਕੇ ਪੀਅਰੇ ਉਠਿਆ। ਉਨ੍ਹਾਂ ਨੇ ਇੰਜ ਹੱਥ ਮਿਲਾਏ ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ।

"ਨਾਸ਼ਤੇ ਵਾਸਤੇ ਹੇਠਾਂ ਨਹੀਂ ਚਲਣਾ ?"

"ਅਸਲ ਵਿੱਚ ਗੱਲ ਇਹ ਹੈ ਕਿ ਮੇਰਾ ਕਰਨ ਵਾਲਾ ਕੋਈ ਕੰਮ ਬਾਕੀ ਹੈ।"

ਵਡੇ ਭਰਾ ਦੀ ਆਵਾਜ਼ ਥਿੜ੍ਹਕੀ। ਉਹਦੀਆਂ ਫਿਕਰਮੰਦ ਨਿਗਾਹਾਂ ਵਿੱਚ ਇਹ ਸਵਾਲ ਸੀ ; "ਜੀਨ ਹੁਣ ਕੀ ਕਰੇਗਾ।"

"ਹੇਠਾਂ ਸਭ ਤੇਰੀ ਉਡੀਕ ਕਰ ਰਹੇ ਨੇ।"

"ਅੱਛਾ ਮਾਂ ਵੀ ਉਥੇ ਹੀ ਏ ?"

"ਹਾਂ, ਉਹਨੇ ਹੀ ਤਾਂ ਤੈਨੂੰ ਲਿਆਉਣ ਵਾਸਤੇ ਮੈਨੂੰ ਘੱਲਿਆ ਹੈ।"

"ਤਾਂ ਫੇਰ ਮੈਂ ਚਲਦਾ ਹਾਂ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾਇਨਿੰਗ ਰੂਮ ਦੇ ਦਰਵਾਜ਼ੇ ਤੇ ਪਹੁੰਚ ਕੇ ਉਹਨੇ ਕੁਝ ਜੇ—ਜਿਕ ਕੀਤੀ ਕਿ ਪਹਿਲਾਂ ਉਹ ਅੰਦਰ ਵੜੇ ਕਿ ਜੀਨ। ਪਿਛੋਂ ਉਸ ਨੇ ਬੂਹੇ ਨੂੰ ਧੱਕਾ ਮਾਰ ਕੇ ਖੋਹਲਿਆ ਤੇ ਆਪਣੇ ਮਾਤਾ-ਪਿਤਾ ਨੂੰ ਮੇਜ਼ ਦੇ ਆਮ੍ਹਣੇ ਸਾਮ੍ਹਣੇ ਬੈਠੇ ਦੇਖਿਆ।

ਬਿਨਾ ਕੁਝ ਬੋਲਿਆਂ ਪੀਅਰੇ ਮਾਂ ਵੱਲ ਹੋਇਆ ਤੇ ਨਿੰਮ ਕੇ ਉਹਨੇ ਆਪਣਾ ਮੱਥਾ ਮਾਂ ਸਾਮ੍ਹਣੇ ਚੁੰਮਣ ਲਈ ਅੱਗੇ ਕਰ ਦਿੱਤਾ ਜਿਵੇਂ ਅੱਜ ਕਲ ਉਹ ਕਰਨ ਲੱਗ ਪਿਆ ਸੀ। ਪਹਿਲਾਂ ਵਾਂਗ ਪੀਅਰੇ ਨੇ ਮਾਂ ਦੇ ਮੂੰਹ ਤੇ ਆਪ ਚੁੰਮਣ ਦੇਣਾ ਅੱਜ-ਕੱਲ ਬੰਦ ਕੀਤਾ ਹੋਇਆ ਸੀ। ਉਹਨੇ ਬੱਸ ਏਨਾ ਹੀ ਕਿਆਸ ਲਗਾਇਆ ਕਿ ਮਾਂ ਦੇ ਬੁਲ੍ਹ ਉਹਦੇ ਮੱਥੇ ਵੱਲ ਵਧੇ ਸਨ ਪਰ ਚੁੰਮਣ ਦੀ ਜੁੰਬਸ਼ ਉਹਨੂੰ ਬਿਲਕੁਲ ਨਾ ਮਹਿਸੂਸ ਹੋਈ। ਇਸ ਸਨੇਹ-ਰਹਿਤ ਅਤੇ ਬੇਜਾਨ ਚੁੰਮਣ ਤੋਂ ਪਿਛੋਂ ਉਹ ਸਿੱਧਾ ਖੜਾ ਹੋ ਗਿਆ। ਉਹਦੇ ਦਿੱਲ ਦੀ ਧੜਕਣ ਏਸ ਵੇਲੇ ਕਾਫੀ ਤੇਜ਼ ਸੀ।

ਪੀਅਰੇ ਨੇ ਆਪਣੇ ਆਪ ਨੂੰ ਇਹ ਸਵਾਲ ਕੀਤਾ : "ਮੇਰੇ ਜਾਣ ਪਿਛੋਂ ਕੱਲ ਰਾਤੀਂ ਜੀਨ ਅਤੇ ਮਾਂ ਨੇ ਆਪਸ ਵਿੱਚ ਕੀ ਗੱਲ ਕੀਤੀ ਹੋਵੇਗੀ ?"

ਬੜੇ ਹੀ ਮੋਹ ਨਾਲ ਜੀਨ "ਮਾਂ," "ਪਿਆਰੀ ਅੰਮਾਂ" ਜਿਹੇ ਲਫਜ਼ ਬਾਰ ਬਾਰ ਕਹਿੰਦਾ ਰਿਹਾ। ਉਹਨੇ ਮਾਂ ਦਾ ਬੜਾ ਧਿਆਨ ਰੱਖਿਆ ਤੇ ਉਠ ਉਠ ਕੇ ਉਹਨੂੰ ਖਾਣ ਵੇਲੇ ਚੀਜ਼ਾਂ ਫੜਾਉਂਦਾ ਰਿਹਾ। ਉਹਦੇ ਗਲਾਸ ਵਿੱਚ ਸ਼ਰਾਬ ਵੀ ਜੀਨ ਹੀ ਪਾਉਂਦਾ ਰਿਹਾ। ਪੀਅਰੇ ਸਮਝ ਗਿਆ ਕਿ ਇਹ ਦੋਵੇਂ ਮਿਲ ਕੇ ਰੋਏ ਹੋਣਗੇ ਪਰ ਉਨ੍ਹਾਂ ਦੇ ਖਿਆਲਾਂ ਦੀਆਂ ਡੂੰਘਾਣਾ ਤੱਕ ਉਹ ਨਾ ਪਹੁੰਚ ਸਕਿਆ। ਕੀ ਜੀਨ ਆਪਣੀ ਮਾਂ ਨੂੰ ਦੋਸ਼ੀ ਮੰਨਣ ਲੱਗਾ ਹੈ ਜਾਂ ਉਹਨੇ ਆਪਣੇ ਭਰਾ ਨੂੰ ਇੱਕ ਬੇਸ਼ਰਮ ਗੁੰਡਾ ਸਮਝ ਲਿਆ ਹੈ ?

ਮਾਂ ਉਪਰ ਇਹ ਭਿਆਨਕ ਦੋਸ਼ ਲਾਉਣ ਤੋਂ ਬਾਅਦ ਪੀਅਰੇ ਨੇ ਆਪਣੇ ਆਪ ਨੂੰ ਲੱਖ ਲਾਹਣਤਾਂ ਪਾਈਆਂ ਸਨ। ਇਨ੍ਹਾਂ ਹੀ ਲਾਹਣਤਾਂ ਕਰਕੇ ਉਹਦਾ ਹੁਣ ਮਨ ਭਰ ਆਇਆ ਤੇ ਉਹਦਾ ਮੂੰਹ ਬੰਦ ਹੋ ਗਿਆ ਸੀ। ਇਸ ਹਾਲਤ ਵਿੱਚ ਉਹ ਨਾ ਕੁਝ ਖਾ ਸਕਦਾ ਸੀ ਤੇ ਨਾ ਕੁਝ ਬੋਲ ਸਕਦਾ ਸੀ।

ਇਸ ਵੇਲੇ ਇਥੋਂ ਭੱਜ ਜਾਣ ਦੀ ਬਲਵਾਨ ਚਾਹਨਾ ਨੇ ਉਹਦੇ ਮਨ ਤੇ ਗਲਬਾ ਪਾ ਲਿਆ। ਇਸ ਘਰ ਤੋਂ ਉਹ ਅਲਹਿਦਾ ਹੋ ਜਾਣਾ ਚਾਹੁੰਦਾ ਸੀ। ਇਹ ਘਰ ਹੁਣ ਉਹਦਾ ਬਿਲਕੁਲ ਨਹੀਂ ਸੀ। ਉਹ ਇਨ੍ਹਾਂ ਘਰਦਿਆਂ ਤੋਂ ਵੀ ਦੂਰ ਹੋ ਜਾਣਾ ਚਾਹੁੰਦਾ ਸੀ ਜਿਨ੍ਹਾਂ ਨਾਲ ਉਹਦਾ ਸਬੰਧ ਹੁਣ ਕੱਚੀ ਤੰਦ ਤੋਂ ਵੱਧ ਪੱਕਾ ਨਹੀਂ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਝੱਟ ਪਟ ਕਿਤੇ ਚਲਾ ਜਾਣਾ ਚਾਹੁੰਦਾ ਸੀ, ਇਸ ਦੀ ਚਿੰਤਾ ਨਹੀਂ ਸੀ ਕਿ ਕਿੱਥੇ। ਉਹਨੇ ਮਹਿਸੂਸ ਕਰ ਲਿਆ ਸੀ ਕਿ ਹੁਣ ਸਭ ਕੁਝ ਵਿਗੜ ਚੁਕਾ ਹੈ ਤੇ ਉਨ੍ਹਾਂ ਵਿਚਕਾਰ ਉਹਦਾ ਰਹਿਣਾ ਬਿਲਕੁਲ ਅਸੰਭਵ ਹੋ ਗਿਆ ਹੈ। ਉਹ ਨਾ ਚਾਹੁੰਦਾ ਹੋਇਆ ਵੀ ਘਰ ਵਾਲਿਆਂ ਨੂੰ ਦੁਖ ਦੇਵੇਗਾ। ਉਹਦੀ ਹੋਂਦ ਅਤੇ ਉਹਦੀ ਹਾਜ਼ਰੀ ਹੀ ਬਾਕੀਆਂ ਲਈ ਦੁਖਦਾਇਕ ਹੋਵੇਗੀ। ਨਾਲ ਹੀ ਘਰਦਿਆਂ ਦੀਆਂ ਸ਼ਕਲਾ ਦੇਖ ਕੇ ਉਹਨੂੰ ਵੀ ਅਸਹਿ ਪੀੜ ਹੋਵੇਗੀ।

ਜੀਨ ਰੋਲੈਂਡ ਨਾਲ ਗੱਲਾਂ ਕਰ ਰਿਹਾ ਸੀ, ਪਰ ਪੀਅਰੇ ਬਿਲਕੁਲ ਅਵੇਸਲਾ ਸੀ। ਉਹਨੇ ਕੋਈ ਧਿਆਨ ਨਾ ਦਿੱਤਾ ਕਿ ਉਹ ਕੀ ਗੱਲਾਂ ਕਰ ਰਹੇ ਸਨ। ਫੇਰ ਉਹਨੂੰ ਜਾਪਿਆ ਕਿ ਭਰਾ ਦੇ ਵਾਰਤਾਲਾਪ ਵਿੱਚ ਕੁਝ ਮਤਲਬ ਦੀ ਗੱਲ ਹੈ ਤੇ ਉਹਨੇ ਉਧਰ ਧਿਆਨ ਕਰਨਾ ਸ਼ੁਰੂ ਕਰ ਦਿੱਤਾ।

ਜੀਨ ਕਹਿ ਰਿਹਾ ਸੀ :

"ਉਨ੍ਹਾਂ ਦੇ ਜਹਾਜ਼ਾਂ ਦੀ ਲੜੀ ਵਿੱਚ ਇਹ ਸਭ ਤੋਂ ਵਧੀਆ ਸਮੁੰਦਰੀ ਜਹਾਜ਼ ਹੋਵੇਗਾ। ਇਹ ਛੇ ਹਜ਼ਾਰ ਪੰਜ ਸੌ ਟਨ ਦਾ ਜਹਾਜ਼ ਹੋਵੇਗਾ ਤੇ ਇਹ ਆਪਣੇ ਪਹਿਲੇ ਸਫਰ ਤੇ ਅਗਲੇ ਮਹੀਨੇ ਜਾਵੇਗਾ।"

ਰੋਲੈਂਡ ਚੌਂਕਿਆ :

"ਇੰਨੀ ਜਲਦੀ ! ਮੈਂ ਤਾਂ ਸਮਝਦਾ ਸੀ ਕਿ ਇਹ ਜਹਾਜ਼ ਇਨ੍ਹਾਂ ਗਰਮੀਆਂ ਵਿੱਚ ਸਮੁੰਦਰ ਵਿਚੋਂ ਨਿਕਲਣ ਜੋਗਾ ਨਹੀਂ ਹੋਵੇਗਾ।"!

"ਤੁਹਾਨੂੰ ਐਵੇਂ ਭਰਮ ਹੈ। ਕੰਮ ਇੰਨੀ ਤੇਜ਼ੀ ਨਾਲ ਕੀਤਾ ਗਿਆ ਹੈ ਕਿ ਪਹਿਲਾ ਸਫਰ ਪੱਤਝੜ ਤੋਂ ਪਹਿਲਾਂ ਪਹਿਲਾਂ ਇਸ ਜਹਾਜ਼ ਨੇ ਕਰਨਾ ਹੈ। ਮੈਂ ਅੱਜ ਸਵੇਰੇ ਹੀ ਕੰਪਨੀ ਦੇ ਦਫਤਰ ਗਿਆ ਸੀ ਤੇ ਉਥੋਂ ਦੇ ਇੱਕ ਮੈਨੇਜਰ ਨਾਲ ਗੱਲਬਾਤ ਕੀਤੀ ਸੀ।"

"ਮਿਸਟਰ ਮਾਰਚੈਂਡ ਨਾਲ ਜਿਹੜਾ ਕੰਪਨੀ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾ ਖਾਸ ਦੋਸਤ ਹੈ।"

"ਕੀ ਤੇਰੀ ਉਹਦੇ ਨਾਲ ਜਾਣ-ਪਛਾਣ ਹੈ ?"

"ਹਾਂ, ਉਹਦੇ ਤਕ ਰਸਾਈ ਹਾਸਲ ਕਰਨ ਲਈ ਮੈਨੂੰ ਕਿਸੇ ਦਾ ਅਹਿਸਾਨ ਲੈਣਾ ਪਿਆ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਵਾਹ ਵਾਹ ! ਜਦੋਂ ਇਹ ਲੌਰੇਨ ਜਹਾਜ਼ ਬੰਦਰਗਾਹ ਵਿੱਚ ਠਿੱਲ ਕੇ ਆਵੇਗਾ, ਤਾਂ ਤੂੰ ਮੈਨੂੰ ਜਹਾਜ਼ ਦਿਖਾਉਣ ਲਈ ਲੈ ਕੇ ਜਾਵੇਗਾ ?"

"ਬਿਲਕੁਲ ! ਇਹ ਕੋਈ ਮੁਸ਼ਕਲ ਗੱਲ ਨਹੀਂ।"

ਜੀਨ ਕੁਝ ਝਿਜਕਿਆ ਤੇ ਫੇਰ ਵਿਸ਼ੇ ਨੂੰ ਬਦਲ ਕੇ ਉਹਨੇ ਕਹਿਣਾ ਜਾਰੀ ਰੱਖਿਆ : "ਬਹੁਤਾ ਕੀ ਕਹਿਣਾ, ਐਟਲਾਂਟਿਕ ਸਮੁੰਦਰ ਵਿੱਚ ਘੁੰਮਣ ਵਾਲੇ ਇਨ੍ਹਾਂ ਜ਼ਹਾਜ਼ਾਂ ਵਿੱਚ ਜਿੰਦਗੀ ਬੜੀ ਸਵਾਦਲੀ ਹੁੰਦੀ ਹੈ। ਮਹੀਨੇ ਦਾ ਅੱਧੇ ਨਾਲੋਂ ਬਹੁਤਾ ਹਿੱਸਾ ਦੋ ਸੁੰਦਰ ਸ਼ਹਿਰਾਂ-ਨਿਊ ਯਾਰਕ ਤੇ ਹਾਵਰ-ਵਿੱਚ ਬੀਤਦਾ ਹੈ ਤੇ ਬਾਕੀ ਦਾ ਹਿੱਸਾ ਸਮੁੰਦਰੀ ਸਫਰ ਵਿੱਚ, ਮੁਸਾਫਰਾਂ ਤੇ ਮਨਮੋਹਣੇ ਲੋਕਾਂ ਨਾਲ। ਉਥੇ ਵੱਡੀਆਂ ਵੱਡੀਆਂ ਵਾਕਫੀਆਂ ਕਾਇਮ ਕੀਤੀਆਂ ਜਾ ਸਕਦੀਆਂ ਹਨ ਜਿਹੜੀਆਂ ਬਾਅਦ ਵਿੱਚ ਲਾਹੇਬੰਦ ਸਾਬਤ ਹੋ ਸਕਦੀਆਂ ਹਨ। ਜਰਾ ਤਸੱਬਰ ਕਰੋ ਕਿ ਜਹਾਜ਼ ਦਾ ਕਪਤਾਨ, ਜੇ ਥੋੜ੍ਹੀ ਜਿੰਨੀ ਕੋਲੇ ਵਿਚੋਂ ਵੀ ਬੱਚਤ ਕਰ ਲਵੇ ਤਾਂ ਸਾਲ ਵਿੱਚ ਬਹੁਤਾ ਨਹੀਂ ਤਾਂ ਪੱਚੀ ਹਜ਼ਾਰ ਫਰਾਂਕ ਦੀ ਆਮਦਨੀ ਕਰ ਸਕਦਾ ਹੈ।"

"ਫੂ...ਊ...!" ਰੋਲੈਂਡ ਚਿੱਲਾਇਆ, ਜਿਸ ਦਾ ਭਾਵ ਸੀ ਕਿ ਪੱਚੀ ਹਜ਼ਾਰ ਫਰਾਂਕ ਦੀ ਰਕਮ ਅਤੇ ਕਪਤਾਨ ਦੀ ਕਿਸਮਤ ਉਤੇ ਉਹ ਰਸ਼ਕ ਕਰ ਰਿਹਾ ਸੀ।

ਜੀਨ ਨੇ ਗੱਲਬਾਤ ਦਾ ਸਿਲਸਿਲਾ ਜਾਰੀ ਰੱਖਿਆ :

"ਹਿਸਾਬ ਕਿਤਾਬ ਰੱਖਣ ਵਾਲਾ ਅਫਸਰ ਦਸ ਹਜ਼ਾਰ ਫਰਾਂਕ ਬਣਾ ਲੈਂਦਾ ਹੈ ਤੇ ਡਾਕਟਰ ਦੀ ਤਨਖਾਹ ਪੰਜ ਹਜ਼ਾਰ ਉੱਕੀ-ਪੁਕੀ। ਇਸ ਤੋਂ ਇਲਾਵਾ ਰਹਿਣਾ, ਖਾਣਾ-ਪੀਣਾ, ਬੱਤੀ ਤੇਲ ਅਤੇ ਨੌਕਰ ਡਾਕਟਰ ਵਾਸਤੇ ਮੁਫਤ ਹੁੰਦਾ ਹੈ। ਇਹ ਸਭ ਕੁਝ ਮਿਲ-ਮਿਲਾ ਕੇ ਡਾਕਟਰ ਦੀ ਤਨਖਾਹ ਘੱਟ ਤੋਂ ਘੱਟ ਕੋਈ ਦਸ ਹਜ਼ਾਰ ਫਰਾਂਕ ਸਾਲਾਨਾ ਦੇ ਨੇੜੇ ਤੇੜੇ ਢੁਕ ਜਾਂਦੀ ਹੈ। ਖਾਸੀ ਤਕੜੀ ਰਕਮ ਬਣ ਜਾਂਦੀ ਹੈ।"

ਪੀਅਰੇ ਨੇ ਸਿਰ ਉਤਾਹਾਂ ਚੁੱਕਿਆ। ਉਹਦੀਆਂ ਤੱਕਣੀਆਂ ਭਰਾ ਦੀਆਂ ਤੱਕਣੀਆਂ ਨਾਲ ਟਕਰਾਈਆਂ ਤੇ ਉਹ ਜੀਨ ਦੀ ਗੱਲਬਾਤ ਦਾ ਭਾਵ ਤਾੜ ਗਿਆ।

ਸਧਾਰਣ ਜਿਹੀ ਜੇ-ਜਿੱਕ ਪਿਛੋਂ ਪੀਅਰੇ ਨੇ ਸਵਾਲ ਕੀਤਾ :

"ਇਨ੍ਹਾਂ ਜਹਾਜ਼ਾਂ ਵਿੱਚ ਡਾਕਟਰ ਦੀ ਨੌਕਰੀ ਹਾਸਲ ਕਰਨੀ ਮੁਸ਼ਕਿਲ ਹੁੰਦੀ ਹੈ ?"

"ਹੈ ਵੀ ਤੇ ਨਹੀਂ ਵੀ। ਸਾਰੀ ਗੱਲ ਹਾਲਾਤ ਅਤੇ ਰਸੂਖ ਤੇ ਨਿਰਭਰ ਹੁੰਦੀ ਹੈ।" ਕਾਫੀ ਦੇਰ ਤਕ ਚੁੱਪ ਵਰਤੀ ਰਹੀ। ਫੇਰ ਪੀਅਰੇ ਨੇ ਕਿਹਾ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਕੀ ਅਗਲੇ ਹਫਤੇ 'ਲੌਰੇਨ' ਜਹਾਜ਼ ਸਫਰ ਵਾਸਤੇ ਜਾ ਰਿਹਾ ਹੈ ?"

"ਹਾਂ, ਸਤ ਤਾਰੀਖ ।"

ਉਹ ਦੋਵੇਂ ਫੇਰ ਚੁੱਪ ਹੋ ਗਏ ।

ਪੀਅਰੇ ਸੋਚ ਰਿਹਾ ਸੀ ਕਿ ਜੇ ਉਹਨੂੰ 'ਲੌਰੇਨ' ਜਹਾਜ਼ ਵਿੱਚ ਡਾਕਟਰ ਦੀ ਜਗ੍ਹਾਂ ਮਿਲ ਜਾਵੇ ਤਾਂ ਹਾਲ ਦੀ ਘੜੀ ਸਾਰੇ ਦੁੱਖਾਂ ਦਾ ਅੰਤ ਹੋ ਸਕਦਾ ਹੈ । ਬਾਅਦ ਵਿੱਚ ਭਾਵੇਂ ਉਹ ਸੋਚ ਵਿਚਾਰ ਕੇ ਇਹ ਨੌਕਰੀ ਛੱਡ ਹੀ ਦੇਵੇ । ਉਹ ਆਪਣੀ ਰੋਜ਼ੀ ਕਮਾਉਣ ਦੇ ਕਾਬਲ ਹੋ ਜਾਵੇਗਾ ਤੇ ਟੱਬਰ ਦੇ ਅੱਗੇ ਹੱਥ ਫੈਲਾ ਕੇ ਉਹਨੂੰ ਕੁਝ ਮੰਗਣ ਦੀ ਲੋੜ ਨਹੀਂ ਰਹੇਗੀ । ਹਾਲੇ ਪਿਛਲੀ ਰਾਤ ਹੀ ਉਹਨੂੰ ਆਪਣੀ ਘੜੀ ਵੇਚਣੀ ਪਈ ਸੀ ਕਿਉਂਕਿ ਹੁਣ ਉਹਨੇ ਆਪਣੀ ਮਾਂ ਪਾਸੋਂ ਕਦੇ ਪੈਸੇ ਨਹੀਂ ਮੰਗੇ ਸਨ । ਆਪਣੇ ਜੇਬ-ਖਰਚ ਵਾਸਤੇ ਉਹ ਘੜੀ ਵੇਚਣ ਲਈ ਮਜਬੂਰ ਹੋ ਗਿਆ ਸੀ । ਉਸ ਘਰ ਵਿਚੋਂ ਪੀਅਰੇ ਕੇਵਲ ਰੋਟੀ ਹੀ ਖਾਂਦਾ ਸੀ । ਇੱਥੋਂ ਰਹਿਣਾ ਉਹਦੇ ਵਾਸਤੇ ਹੁਣ ਨਰਕ ਤੋਂ ਘੱਟ ਨਹੀਂ ਸੀ । ਥੋੜ੍ਹੀ ਜਿਹੀ ਹਿਚਕਚਾਹਟ ਪਿਛੋਂ ਉਹਨੇ ਕਿਹਾ :

"ਜੇ ਕਿਤੇ ਮੈਨੂੰ 'ਲੌਰਨ' ਜਹਾਜ਼ ਤੇ ਡਾਕਟਰ ਦੀ ਨੌਕਰੀ ਮਿਲ ਜਾਵੇ ਤਾਂ ਮੈਂ ਖੁਸ਼ੀ ਖੁਸ਼ੀ ਸਮੁੰਦਰਾਂ ਤੇ ਚਲਾ ਜਾਵਾਂਗਾ ।"

ਜੀਨ ਨੇ ਆਖਿਆ, "ਤੈਨੂੰ ਕਿਉਂ ਨਹੀਂ ਮਿਲ ਸਕਦੀ ਇਹ ਨੌਕਰੀ ?"

"ਇਸ ਕਰਕੇ ਕਿ ਟਰਾਂਸ ਐਟਲਾਂਟਿਕ ਕੰਪਨੀ ਵਿੱਚ ਮੇਰੀ ਕੋਈ ਜਾਣ-ਪਛਾਣ ਨਹੀਂ ਹੈ ।"

ਹੈਰਾਨ ਹੋ ਕੇ ਰੋਲੈਂਡ ਨੇ ਪੁਛਿਆ :

"ਕਾਮਯਾਬੀ ਪ੍ਰਾਪਤ ਕਰਨ ਲਈ ਬਣਾਏ ਤੇਰੇ ਸਭ ਮਨਸੂਬੇ......ਉਨ੍ਹਾਂ ਦਾ ਕੀ ਬਣੇਗਾ ?"

ਪੀਅਰੇ ਨੇ ਉਤਰ ਦਿੱਤਾ :

"ਕਦੀ ਕਦੀ ਅਜਿਹੇ ਵੇਲੇ ਵੀ ਆ ਜਾਂਦੇ ਹਨ ਜਦੋਂ ਸਭ ਕੁਝ ਤਿਆਗ ਦੇਣਾ ਪੈਂਦਾ ਹੈ ਤੇ ਆਪਣੀਆਂ ਪਿਆਰੀਆਂ ਉਮੀਦਾਂ ਦਾ ਖੂਨ ਕਰਨਾ ਪੈਂਦਾ ਹੈ । ਨਾਲੇ ਇਹ ਤਾਂ ਹਾਲੇ ਸ਼ੁਰੂਆਤ ਹੀ ਹੈ, ਕੁਝ ਹਜ਼ਾਰ ਫਰਾਂਕ ਜੋੜਨ ਦਾ ਮੌਕਾ ਤਾਂਕਿ ਅਗਲਾ ਕਦਮ ਪੁੱਟਿਆ ਜਾ ਸਕੇ ।"

- ਪਿਤਾ ਨੂੰ ਪੀਅਰੇ ਦੀ ਗੱਲ ਦਾ ਵਿਸ਼ਵਾਸ਼ ਹੋ ਗਿਆ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਤੇਰੀ ਗੱਲ ਠੀਕ ਹੈ। ਦੋ ਸਾਲ ਵਿੱਚ ਤੂੰ ਛੇ ਸੱਤ ਹਜ਼ਾਰ ਫਰਾਂਕ ਬਚਾ ਸਕਦਾ ਹੈਂ ਤੇ ਜੇ ਇਸ ਰਕਮ ਨੂੰ ਚੰਗੇ ਵਸੀਲੇ ਤੇ ਲਗਾ ਦਿੱਤਾ ਜਾਵੇ ਤਾਂ ਇਹਦੇ ਨਾਲ ਕਾਫੀ ਕੁਝ ਬਣਨ ਦੀ ਉਮੀਦ ਕੀਤੀ ਜਾ ਸਕਦੀ ਹੈ। ਕਿਉਂ ਲੂਈ, ਤੇਰਾ ਕੀ ਵਿਚਾਰ ਹੈ ?"

"ਮੈਂ ਵੀ ਸੋਚਦੀ ਹਾਂ ਕਿ ਪੀਅਰੇ ਦੀ ਸਲਾਹ ਨੇਕ ਹੈ।"

ਰੋਲੈਂਡ ਚਿੱਲਾਇਆ :

"ਮੈਂ ਜਾ ਕੇ ਮਿਸਟਰ ਪੋਲਿਨ ਨਾਲ ਗੱਲ ਕਰਾਂਗਾ, ਉਹਦੇ ਨਾਲ ਮੇਰੀ ਖਾਸੀ ਵਾਕਫੀਅਤ ਹੈ। ਉਹ ਇੱਕ ਵਿਉਪਾਰਕ ਅਦਾਲਤ ਦਾ ਜੱਜ ਹੈ ਤੇ ਕੰਪਨੀ ਦੇ ਕਾਰੋਬਾਰ ਨਾਲ ਉਹਦਾ ਵਾਹ ਪੈਂਦਾ ਰਹਿੰਦਾ ਹੈ। ਇਸ ਤੋਂ ਇਲਾਵਾ ਮੇਰੀ ਹੋਰ ਵੀ ਕਿਸੇ ਨਾਲ ਜਾਣ-ਪਛਾਣ ਹੈ।"

ਜੀਨ ਨੇ ਆਪਣੇ ਭਰਾ ਤੋਂ ਪੁੱਛਿਆ :

"ਕੀ ਮੈਂ ਫੇਰ ਮਿਸਟਰ ਮਾਰਚੈਂਡ ਦੇ ਕੰਨੀ ਵੀ ਇਹ ਗੱਲ ਅੱਜ ਕੱਢ ਦਿਆਂ ?"

"ਹਾਂ, ਜ਼ਰੂਰ ਉਹਦੇ ਨਾਲ ਗੱਲ ਕਰ ਲੈਣੀ।" ਫੇਰ ਕੁਝ ਚਿਰ ਸੋਚ ਕੇ ਪੀਅਰੇ ਨੇ ਆਖਣਾ ਜਾਰੀ ਰਖਿਆ :

"ਸਭ ਤੋਂ ਚੰਗਾ ਢੰਗ ਸ਼ਾਇਦ ਇਹ ਹੋਵੇਗਾ ਕਿ ਮੈਂ ਆਪਣੇ ਮੈਡੀਕਲ ਕਾਲਜ ਦੇ ਪ੍ਰੋਫੈਸਰਾਂ ਨੂੰ ਚਿੱਠੀ ਪੱਤਰ ਲਿਖਾਂ ਕਿਉਂਕਿ ਉਹ ਸਾਰੇ ਮੈਨੂੰ ਬੜਾ ਹੋਣਹਾਰ ਵਿਦਿਆਰਥੀ ਸਮਝਦੇ ਸਨ। ਇਨ੍ਹਾਂ ਜਹਾਜ਼ਾਂ ਤੇ ਕੰਮ ਕਰਨ ਵਾਲੇ ਡਾਕਟਰ ਤਕਰੀਬਨ ਕੋਈ ਬਹੁਤੇ ਵਧੀਆਂ ਡਾਕਟਰ ਨਹੀਂ ਹੁੰਦੇ। ਪ੍ਰੋਫੈਸਰਾਂ ਦੀਆਂ ਲਿਖੀਆਂ ਚੰਗੀਆਂ ਅਤੇ ਤਕੜੀਆਂ ਚਿਠੀਆਂ ਹਲਕੀਆਂ ਸਿਫਾਰਸ਼ਾਂ ਨਾਲੋਂ ਬਹੁਤੀਆਂ ਅਸਰਦਾਰ ਸਾਬਤ ਹੋ ਸਕਣਗੀਆਂ। ਬੱਸ ਲੋੜ ਕੇਵਲ ਏਸ ਗੱਲ ਦੀ ਰਹੇਗੀ ਕਿ ਇਨ੍ਹਾਂ ਸਾਰੀਆਂ ਚਿੱਠੀਆਂ ਨੂੰ ਤੇਰੇ ਦੋਸਤ ਮਿਸਟਰ ਮਾਰਚੈਂਟ ਰਾਹੀਂ ਇੰਤਜਾਮੀਆਂ ਬੋਰਡ ਤੱਕ ਪਹੁੰਚਾਣਾ ਪਵੇਗਾ।"

ਜੀਨ ਨੇ ਇਹ ਕੰਮ ਨੇਪਰੇ ਚੜ੍ਹਾਨ ਦੀ ਹਾਮੀ ਭਰੀ।

"ਬੜਾ ਅੱਛਾ ਖਿਆਲ ਹੈ, ਸੱਚ ਮੁੱਚ ਬਹੁਤ ਹੀ ਵਧੀਆ।" ਪੀਅਰੇ ਮੁਸਕਰਾਇਆ ਜਿਵੇਂ ਉਹਨੂੰ ਸਬਰ ਆ ਗਿਆ ਹੋਵੇ ਤੇ ਆਪਣੇ ਕਾਮਯਾਬ ਹੋਣ ਦੀ ਖੁਸ਼ੀ ਵੀ ਉਹਨੂੰ ਮਿਲ ਗਈ ਹੋਵੇ ਕਿਉਂਕਿ ਹੁਣ ਉਹ ਆਪਣੇ ਆਪ ਨੂੰ ਹੋਰ ਤਸੀਹੇ ਨਹੀਂ ਸੀ ਦੇ ਸਕਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਤੂੰ ਆਪਣੇ ਪ੍ਰੋਫੈਸਰਾਂ ਨੂੰ ਅੱਜ ਚਿੱਠੀਆਂ ਲਿਖੇਂਗਾ ?" ਜੀਨ ਨੇ ਪੁਛਿਆ।

"ਝਟਪਟ, ਇਸੇ ਵਕਤ ਮੈਂ ਜਾਂਦਾ ਹਾਂ ਤੇ ਹੁਣੇ ਲਿਖਣਾ ਸ਼ੁਰੂ ਕਰਦਾ ਹਾਂ, ਮੈਂ ਕਾਫੀ ਨਹੀਂ ਪੀਆਂਗਾ, ਅੱਗੇ ਹੀ ਮੇਰੇ ਡੌਰ-ਭੌਰ ਉਡੇ ਹੋਏ ਨੇ।"

ਪੀਅਰੇ ਉਠਿਆ ਤੇ ਕਮਰੇ ਤੋਂ ਬਾਹਰ ਚਲਾ ਗਿਆ।

ਜੀਨ ਮਾਂ ਵੱਲ ਘੁੰਮਿਆ ਤੇ ਕਹਿਣ ਲੱਗਾ: "ਮਾਂ ਅੱਜ ਤੈਨੂੰ ਕੋਈ ਕੰਮ ਤਾਂ ਨਹੀਂ ?"

"ਨਹੀਂ, ਕੁਝ ਨਹੀਂ।"

"ਫੇਰ ਤੂੰ ਮੇਰੇ ਨਾਲ ਰੋਜ਼ਮਿੱਲੀ ਦੇ ਘਰ ਚਲੇਂਗੀ ?"

"ਹਾਂ, ਹਾਂ, ਪਰ ਗੱਲ ਕੀ ਏ ?"

"ਤੈਨੂੰ ਪਤਾ ਹੈ ਕਿ ਅੱਜ ਮੇਰਾ ਓਥੇ ਜਾਣਾ ਜ਼ਰੂਰੀ ਹੈ।"

"ਹਾਂ, ਠੀਕ ਹੈ।"

ਮਿਸਟਰ ਰੋਲੈਂਡ ਨੂੰ ਆਮ ਕਰਕੇ ਗੱਲ ਬਾਤ ਦੀ ਕਦੇ ਸਮਝ ਨਹੀਂ ਸੀ ਲੱਗਦੀ। ਉਹਨੇ ਪੁਛਿਆ: "ਪਰ ਜ਼ਰੂਰੀ ਕਿਉਂ ਹੈ"

"ਕਿਉਂਕਿ ਮੈਂ ਉਹਦੇ ਨਾਲ ਵਾਅਦਾ ਕੀਤਾ ਹੋਇਆ ਹੈ ਕਿ ਮੈਂ ਆਵਾਂਗਾ।"

"ਅੱਛਾ ? ਇਹ ਗੱਲ ਹੈ।" ਰੋਲੈਂਡ ਨੇ ਆਪਣੀ ਪਾਈਪ ਵਿੱਚ ਤਮਾਖੂ ਭਰਨਾ ਸ਼ੁਰੂ ਕਰ ਦਿੱਤਾ ਤੇ ਮਾਂ ਪੁੱਤਰ ਆਪਣੀਆਂ ਟੋਪੀਆਂ ਲੈਣ ਵਾਸਤੇ ਕੋਠੇ ਤੇ ਚੜ੍ਹ ਗਏ।

ਜਦੋਂ ਉਹ ਗਲੀ ਵਿੱਚ ਜਾ ਰਹੇ ਸਨ ਤਾਂ ਜੀਨ ਨੇ ਕਿਹਾ:

"ਮਾਂ, ਤੂੰ ਮੇਰੀ ਬਾਂਹ ਫੜੇਂਗੀ ?"

ਤੁਰਨ ਵੇਲੇ ਉਹ ਮਾਂ ਨੂੰ ਬਾਂਹ ਫੜਾਉਣ ਦਾ ਆਦੀ ਨਹੀਂ ਸੀ। ਉਹ ਦੋਵੇਂ ਕੇਵਲ ਨਾਲ ਨਾਲ ਹੋ ਕੇ ਤੁਰਦੇ ਸਨ। ਪਰ ਅੱਜ ਮਾਂ ਨੇ ਉਹਦੀ ਬਾਂਹ ਫੜ ਲਈ ਤੇ ਉਹਦੇ ਉੱਤੇ ਉਹ ਕੁਝ ਝੁਕ ਵੀ ਗਈ।

ਕੁਝ ਸਮੇਂ ਤਕ ਉਹ ਚੁਪ-ਚਾਪ ਚਲਦੇ ਰਹੇ। ਫੇਰ ਜੀਨ ਨੇ ਕਿਹਾ:

"ਦੇਖਿਆ ਮਾਂ, ਪੀਅਰੇ ਬਾਹਰ ਜਾਣ ਵਾਸਤੇ ਰਜ਼ਾਮੰਦ ਹੋ ਗਿਆ ਏ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਂ ਨੇ ਜਵਾਬ ਦਿੱਤਾ, "ਬੇਚਾਰਾ ਅਭਾਗਾ ਮੁੰਡਾ।"

"ਅਭਾਗਾ ਮੁੰਡਾ, ਕਿਉਂ? ਜਦੋਂ ਲੋਰੇਨ ਜਹਾਜ਼ ਤੇ ਉਹਦੀ ਨੌਕਰੀ ਲੱਗ ਜਾਵੇਗੀ ਤਾਂ ਉਹ ਅਭਾਗਾ ਨਹੀਂ ਰਹੇਗਾ।"

"ਮੈਂ ਸਮਝਦੀ ਹਾਂ ਕਿ ਇਹ ਠੀਕ ਹੈ। ਪਰ ਮੈਂ ਤੇ ਹੋਰ ਕਈ ਗੱਲਾਂ ਬਾਰੇ ਸੋਚ ਰਹੀ ਹਾਂ।'

ਕਦਮ ਨਾਲ ਕਦਮ ਮਿਲਾ ਕੇ ਤੁਰਦੀ ਉਹ ਸਿਰ ਹੇਠਾਂ ਸੁੱਟ ਕੇ ਸੋਚਦੀ ਰਹੀ। ਜਦੋਂ ਅਸੀਂ ਭੇਤਾਂ-ਭਰੇ ਖਿਆਲਾਂ ਦੇ ਸਿੱਟਿਆਂ ਬਾਰੇ ਗੱਲ ਕਰਦੇ ਹਾਂ ਤਾਂ ਸਾਡੀ ਅਵਾਜ਼ ਦਾ ਲਹਿਜ਼ਾ ਹੀ ਹੋਰ ਹੁੰਦਾ ਹੈ। ਕੁਝ ਇਹੋ ਜਿਹੇ ਲਹਿਜ਼ੇ ਨਾਲ ਮਾਂ ਚੌਂਕੀ :

"ਜ਼ਿੰਦਗੀ ਕਿੰਨੀ ਜ਼ਾਲਮ ਹੈ। ਸਬੱਬ ਨਾਲ ਜੇ ਕਦੇ ਖੁਸ਼ੀ ਦੀ ਕੋਈ ਘੜੀ ਨਸੀਬ ਹੁੰਦੀ ਹੈ ਤਾਂ ਇਸ ਨੂੰ ਮਾਨਣਾ ਗੁਨਾਹ ਹੋ ਜਾਂਦਾ ਹੈ ਤੇ ਪਿਛੋਂ ਇਸ ਖੁਸ਼ੀ ਦੀ ਕਿੰਨੀ ਮਹਿੰਗੀ ਕੀਮਤ ਦੇਣੀ ਪੈਂਦੀ ਹੈ।"

ਮੱਧਮ ਆਵਾਜ਼ ਵਿੱਚ ਜੀਨ ਨੇ ਆਖਿਆ : "ਮਾਂ ਤੂੰ ਇਸ ਦੁਖਾਂਤ ਦੀ ਕੋਈ ਗੱਲ ਹੀ ਨਾ ਕਰ।"

"ਮੈਂ ਆਪਣੇ ਆਪ ਨੂੰ ਇਹਦੇ ਬਾਰੇ ਗੱਲ ਕਰਨੋਂ ਕਿਵੇਂ ਵਰਜ ਸਕਦੀ ਹਾਂ? ਮੈਨੂੰ ਤਾਂ ਪਲ ਪਲ ਇਹਦਾ ਖਿਆਲ ਆਉਂਦਾ ਹੈ।"

"ਤੂੰ ਸਭ ਕੁਝ ਭੁੱਲ ਜਾਵੇਂਗੀ।"

ਫੇਰ ਉਹ ਚੁੱਪ ਹੋ ਗਈ। ਪਛਤਾਵੇ ਦਾ ਪਰਗਟਾਵਾ ਕਰਦਿਆ ਉਹਨੇ ਕਹਿਣਾ ਜਾਰੀ ਰੱਖਿਆ :

"ਕਾਸ਼! ਮੈਂ ਕਿਸੇ ਦੂਸਰੇ ਆਦਮੀ ਨਾਲ ਸ਼ਾਦੀ ਕਰਾ ਲੈਂਦੀ ਤਾਂ ਕਿੰਨੀ ਪਰਸੰਨ ਰਹਿੰਦੀ।'

ਇਸ ਵੇਲੇ ਉਹਦਾ ਕ੍ਰੋਧ ਰੋਲੈਂਡ ਦੇ ਵਿਰੁੱਧ ਭੜਕ ਪਿਆਂ। ਆਪਣੀ ਭੁੱਲ ਅਤੇ ਇਸ ਤੋਂ ਉਪਜੀ ਗਮੀ ਦੀ ਸਾਰੀ ਜ਼ਿੰਮੇਵਾਰੀ ਉਹਨੇ ਰੋਲੈਂਡ ਦੀ ਸਾਧਾਰਣਤਾ, ਉਹਦੇ ਕੋਝੇਪਨ, ਉਹਦੀ ਸਮਝ ਦੀ ਘਾਟ ਅਤੇ ਉਹਦੇ ਉਜੱਡਪੁਣੇ ਸਿਰ ਮੜ੍ਹ ਦਿੱਤੀ। ਇਹ ਉਸ ਆਦਮੀ ਦੇ ਕੋਝੇਪਨ ਦਾ ਹੀ ਨਤੀਜਾ ਸੀ ਕਿ ਉਹ ਉਹਨੂੰ ਧੋਖਾ ਦੇਣ ਤੇ ਮਜਬੂਰ ਹੋ ਗਈ। ਇਸੇ ਕੋਝ ਦਾ ਸਿੱਟਾ ਸੀ ਕਿ ਉਹਦਾ ਇੱਕ ਪੁੱਤਰ ਹਾਲੋਂ-ਬੇਹਾਲ ਹੋ ਗਿਆ ਤੇ ਇਸੇ ਕਾਰਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਉਹਨੂੰ ਆਪਣੇ ਦੂਜੇ ਪੁੱਤਰ ਸਾਮ੍ਹਣੇ ਉਸ ਦਰਦਨਾਕ ਦੋਸ਼ ਦਾ ਇਕਬਾਲ ਕਰਨਾ ਪਿਆ ਜਿਹੜਾ ਕਿਸੇ ਮਾਂ ਦੇ ਕਲੇਜੇ ਵਿਚੋਂ ਧੂਹ ਕੇ ਹੀ ਕਢਿਆ ਜਾ ਸਕਦਾ ਹੈ।

ਮਾਂ ਨੇ ਗੱਲਬਾਤ ਦਾ ਸਿਲਸਿਲਾ ਜਾਰੀ ਰਖਿਆ :

"ਇੱਕ ਮੁਟਿਆਰ ਕੁੜੀ ਵਾਸਤੇ ਮੇਰੇ ਪਤੀ ਵਰਗੇ ਆਦਮੀ ਨਾਲ ਵਿਆਹ ਕਰਨਾ ਬੜੀ ਭਿਆਨਕ ਗੱਲ ਹੈ।"

ਜੀਨ ਨੇ ਕੋਈ ਉੱਤਰ ਨਾ ਦਿੱਤਾ। ਉਹ ਉਸ ਆਦਮੀ ਬਾਰੇ ਸੋਚ ਰਿਹਾ ਸੀ ਜਿਸ ਨੂੰ ਅੱਜ ਤਕ ਉਹ ਆਪਣਾ ਪਿਤਾ ਮਨੰਦਾ ਆਇਆ ਸੀ। ਰੋਲੈਂਡ ਦੇ ਕੋਝੇ ਵਿਉਹਾਰ ਤੇ ਪੇਚੀਦਾ ਖਿਆਲਾਂ ਨੇ, ਪੀਅਰੇ ਦੇ ਵਿਅੰਗ ਅਤੇ ਨੌਕਰਾਣੀ ਦੇ ਵਤੀਰੇ ਨੇ ਵੀ ਜੀਨ ਨੂੰ ਵਿਸ਼ਵਾਸ਼ ਕਰਾ ਦਿੱਤਾ ਕਿ ਰੋਲੈਂਡ ਉੱਜਡ ਅਤੇ ਘਟੀਆ ਆਦਮੀ ਸੀ। ਇਸ ਵਿਸ਼ਵਾਸ਼ ਦਾ ਸਿੱਟਾ ਇਹ ਹੋਇਆ ਕਿ ਆਪਣੀ ਮਾਂ ਦੇ ਦੁਖਦਾਇਕ ਇਕਬਾਲੀਆ ਬਿਆਨ ਉਤੇ ਉਹਨੂੰ ਕੋਈ ਅਸਚਰਜਤਾ ਨਾ ਹੋਈ। ਉਹਨੂੰ ਕਿਸੇ ਦੂਜੇ ਆਦਮੀ ਦਾ ਪੁੱਤਰ ਹੋਣ ਦਾ ਕੋਈ ਬਹੁਤਾ ਦੁੱਖ ਨਹੀਂ ਸੀ ਹੋਇਆ। ਕੱਲ ਵਾਲੇ ਦੁਖਾਂਤ ਦੀ ਜਜ਼ਬਾਤੀ ਠੇਸ ਤੋਂ ਬਾਅਦ, ਜੋ ਜੀਨ ਨੇ ਕਿਸੇ ਬਗ਼ਾਵਤ ਅਤੇ ਗੁੱਸੇ ਦਾ ਪ੍ਰਗਟਾਵਾ ਨਹੀਂ ਕੀਤਾ, ਜਿਸ ਗੁੱਸੇ ਦਾ ਸ਼੍ਰੀਮਤੀ ਰੋਲੈਂਡ ਨੂੰ ਡਰ ਸੀ, ਤਾਂ ਇਸ ਦਾ ਕਾਰਣ ਇਹ ਸੀ ਕਿ ਬਹੁਤ ਸਮੇਂ ਤਕ ਜੀਨ ਦੇ ਅਚੇਤ ਮਨ ਵਿੱਚ ਇਸ ਸਾਦਾ-ਦਿਲ ਬੁੱਧੂ ਰੋਲੈਂਡ ਦਾ ਪੁੱਤਰ ਹੋਣ ਕਰਕੇ ਇੱਕ ਚੀਸ ਪੈਂਦੀ ਰਹੀ ਸੀ।

ਉਹ ਹੁਣ ਰੋਜ਼ਮਿੱਲੀ ਦੇ ਘਰ ਅੱਗੇ ਪਹੁੰਚ ਗਏ ਸਨ।

ਰੋਜ਼ਮਿੱਲੀ ਇੱਕ ਖੁਲ੍ਹੇ ਡੁਲ੍ਹੇ ਘਰ ਦੇ ਚੁਬਾਰੇ ਵਿੱਚ ਰਹਿੰਦੀ ਸੀ ਤੇ ਇਹ ਘਰ ਉਹਦਾ ਆਪਣਾ ਸੀ। ਘਰ ਦੀਆਂ ਬਾਰੀਆਂ ਵਿਚੋਂ ਹਾਵਰ ਬੰਦਰਗਾਹ ਦਾ ਸਾਰਾ ਪਾਣੀ ਨਜ਼ਰ ਆਉਂਦਾ ਸੀ ਜਿਸ ਵਿੱਚ ਜਹਾਜ ਲੰਗਰ ਸੁਟੀ ਖੜੇ ਰਹਿੰਦੇ ਸਨ।

ਜਦੋਂ ਰੋਜ਼ਮਿੱਲੀ ਨੇ ਸ਼੍ਰੀਮਤੀ ਰੋਲੈਂਡ ਨੂੰ ਘਰ ਅੰਦਰ ਵੜਦਿਆਂ ਦੇਖਿਆ ਤਾਂ ਆਮ ਰਿਵਾਜ ਅਨੁਸਾਰ ਹੱਥ ਅਗਾਹਾਂ ਵਧਾਉਣ ਦੀ ਬਜਾਏ, ਉਹਨੇ ਆਪਣੀਆਂ ਬਾਹਾਂ ਫੈਲਾਈਆਂ ਤੇ ਉਹਨੂੰ ਘੁੱਟ ਕੇ ਜੱਫੀ ਪਾ ਲਈ। ਰੋਜ਼ਮਿੱਲੀ ਸ਼੍ਰੀਮਤੀ ਰੋਲੈਂਡ ਦੇ ਆਉਣ ਦਾ ਸਬੱਬ ਸਮਝ ਗਈ ਸੀ।

ਬੂਟੇਦਾਰ ਮਖਮਲ ਦਾ ਬਣਿਆ ਕਮਰੇ ਵਿਚਲਾ ਫਰਨੀਚਰ ਛੀਂਟ ਦੇ ਕਪੜੇ ਨਾਲ ਸਦਾ ਢਕਿਆ ਰਹਿੰਦਾ ਸੀ। ਕੰਧਾਂ ਉਪਰ ਫੁੱਲਦਾਰ ਨਮੂਨਿਆਂ ਨਾਲ ਸ਼ਸ਼ੋਭਤ ਚਾਹ ਉਕਰੀਆਂ ਹੋਈਆਂ ਪਲੇਟਾਂ ਲਟਕ ਰਹੀਆਂ ਸਨ ਜਿਹੜੀਆਂ ਰੋਜ਼ਮਿੱਲੀ ਦੇ ਪਹਿਲੇ ਪਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਪਤਾਨ ਦੀਆਂ ਖਰੀਦਾਂ ਸਨ। ਇਨ੍ਹਾਂ ਪਲੇਟਾਂ ਉਪਰ ਸਮੁੰਦਰੀ ਪਰ ਜ਼ਜ਼ਬਾਤੀ ਝਲਕੀਆਂ ਉਕਰੀਆਂ ਹੋਈਆਂ ਸਨ। ਇੱਕ ਪਲੇਟ ਉਪਰ ਇੱਕ ਮਾਹੀਗੀਰ ਦੀ ਪਤਨੀ ਕੰਢੇ ਤੇ ਖੜ੍ਹੀ ਰੁਮਾਲ ਹਲਾ ਰਹੀ ਹੈ ਤੇ ਉਹਦੇ ਪਤੀ ਨੂੰ ਵਾਹੋ-ਦਾਹੀ ਲਈ ਜਾਂਦੀ ਬੇੜੀ ਦੂਰ ਸਮੁੰਦਰ ਦੇ ਦੁਮੇਲ ਵਿੱਚ ਅਲੋਪ ਹੋ ਜਾਂਦੀ ਹੈ। ਦੂਜੀ ਪਲੇਟ ਦੀ ਝਲਕੀ ਵਿੱਚ ਉਸੇ ਕੰਢੇ ਉਪਰ ਉਹੀ ਜ਼ਨਾਨੀ ਆਪਣੇ ਪਤੀ ਦੀ ਕਿਸ਼ਤੀ ਨੂੰ ਸਮੁੰਦਰ ਦੀਆਂ ਤੂਫਾਨੀ ਲਹਿਰਾਂ ਵਿੱਚ ਗਰਕ ਹੁੰਦਿਆਂ ਦੇਖ ਕੇ ਦੂਰੋਂ ਹੀ ਬੇਬਸੀ ਵਿੱਚ ਮੂਧੀ ਹੋ ਕੇ, ਹੱਥ ਮਲਦੀ ਨਜ਼ਰ ਆਉਂਦੀ ਹੈ ਤੇ ਅਕਾਸ਼ ਵਿੱਚ ਬਿਜਲੀ ਦੀਆਂ ਚਮਕਾਂ ਦਿਖਾਈਆਂ ਗਈਆਂ ਹਨ।

ਦੂਜੀਆਂ ਦੋ ਪਲੇਟਾਂ ਵਿੱਚ ਵੀ ਇਹੋ ਜਿਹੀਆਂ ਝਲਕੀਆਂ ਸਨ ਪਰ ਜਰਾਂ ਉੱਚੀ ਸ਼੍ਰੇਣੀ ਦੇ ਲੋਕਾਂ ਦੀਆਂ। ਪਹਿਲੀ ਪਲੇਟ ਵਿੱਚ ਚਮਕਦੇ ਵਾਲਾਂ ਵਾਲੀ ਇੱਕ ਨੌਜੁਆਨ ਔਰਤ ਹੁਣੇ ਹੁਣੇ ਠਿਲ੍ਹੇ ਡਾਕ ਜ਼ਹਾਜ਼ ਦੇ ਜੰਗਲੇ ਨਾਲ ਬੇਸੁੱਧ ਹੋ ਕੇ ਝੁਕੀ ਹੋਈ ਹੈ ਤੇ ਉਹ ਦੂਰ ਹੋਏ ਕੰਢੇ ਨੂੰ ਪਛਤਾਵੇ ਦੇ ਹੰਝੂਆਂ ਕਾਰਣ ਗੜੁੱਚ ਅੱਥਾਂ ਨਾਲ ਤੱਕ ਰਹੀ ਹੈ। ਅਗਲੀ ਪਲੇਟ ਦੀ ਝਲਕੀ ਵਿੱਚ ਇਹੋ ਔਰਤ ਬਾਰੀ ਲਾਗੇ ਬੈਠੀ ਹੋਈ ਸਮੁੰਦਰ ਵੱਲ ਤੱਕਦੀ ਤੱਕਦੀ ਕੁਰਸੀ ਉਤੇ ਹੀ ਬੇਹੋਸ਼ ਹੋ ਜਾਂਦੀ ਹੈ ਤੇ ਇੱਕ ਚਿੱਠੀ ਉਹਦੀ ਗੋਦ ਵਿਚੋਂ ਹੇਠਾਂ ਦਰੀ ਉਤੇ ਡਿੱਗੀ ਦਿਖ ਰਹੀ ਹੈ।

ਹੁਣ ਉਹ ਮਰ ਚੁੱਕਾ ਹੈ। ਕਿੰਨੀ ਹੌਲਨਾਕ ਮਾਯੂਸੀ ਦੀ ਗਲ ਹੈ!

ਇਨ੍ਹਾਂ ਸਾਫ ਜਜ਼ਬਾਤੀ ਵਿਸ਼ਿਆਂ ਦੀ ਸਧਾਰਣ ਗ਼ਮਗੀਨੀ ਤਕ ਕੇ ਮਿਲਣ ਆਉਣ ਵਾਲਿਆਂ ਦੀ ਰੂਹ ਕੰਬ ਉਠਦੀ।

ਕੁਰਸੀਆਂ ਸਜਾ ਕੇ ਰੱਖੀਆਂ ਹੋਈਆਂ ਸਨ। ਕੁਝ ਤਾਂ ਕੰਧਾਂ ਦੇ ਨਾਲ ਸਜੀਆਂ ਸਨ ਤੇ ਕੁਝ ਟੇਬਲ ਦੇ ਆਲੇ-ਦੁਆਲੇ। ਚਿੱਟੇ ਦੁੱਧ ਵਰਗੇ ਪੜਦਿਆਂ ਦੇ ਵਲ ਬਹੁਤ ਹੀ ਤਰਤੀਬੇ ਤੇ ਸਿੱਧੇ ਸਨ ਤੇ ਜੀ ਵਿੱਚ ਆਉਂਦਾ ਸੀ ਕਿ ਇਨ੍ਹਾਂ ਨੂੰ ਥੋੜਾ ਬਹੁਤ ਉਲਟਾਇਆ ਪਲਟਾਇਆ ਜਾਵੇ। ਬਾਦਸ਼ਾਹੀ ਢੰਗ ਨਾਲ ਰੱਖੇ ਗਿਲਟ ਦੇ ਕਲਾਕ ਉੱਪਰ ਧੂੜ ਦਾ ਇਕ ਵੀ ਕਿਣਕਾ ਨਹੀਂ ਸੀ ਦਿਸਦਾ। ਨਾਲ ਹੀ ਸ਼ਕਤੀ ਦੇ ਦੇਵਤੇ ਦੀ ਝੁਕੀ ਹੋਈ ਪਿੱਠ ਤੇ ਪਈ ਦੁਨੀਆਂ ਦੀ ਗਲੋਬ ਇੰਜ ਜਾਪਦੀ ਸੀ ਜਿਵੇਂ ਗਰਮ- ਘਰ ਵਿੱਚ ਕੋਈ ਤਰਬੂਜ਼ ਪੱਕਣਾ ਰਖਿਆ ਹੋਵੇ।

ਦੋਹਾਂ ਜ਼ਨਾਨੀਆਂ ਨੇ ਬੈਠਣ ਲਗਿਆਂ ਕੁਰਸੀਆਂ ਨੂੰ ਆਪਣੀ ਜਗ੍ਹਾਂ ਤੋਂ ਜਰਾ ਸਰਕਾ ਲਿਆ।

"ਕੀ ਤੂੰ ਅੱਜ ਬਾਹਰ ਗਈ ਸੀ?" ਸ਼੍ਰੀਮਤੀ ਰੋਲੈਂਡ ਨੇ ਰੋਜ਼ਮਿੱਲੀ ਨੂੰ ਸੰਬੋਧਨ ਕੀਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਨਹੀਂ ! ਸੱਚੀ ਗੱਲ ਤਾਂ ਇਹ ਹੈ ਕਿ ਮੈਂ ਥੱਕ ਕੇ ਚੂਰ ਹੋ ਚੁੱਕੀ ਹਾਂ।"

ਫੇਰ ਜੀਨ ਅਤੇ ਉਹਦੀ ਮਾਂ ਦਾ ਧੰਨਵਾਦ ਕਰਦਿਆਂ ਰੋਜ਼ਮਿੱਲੀ ਨੇ ਦੱਸਿਆ ਕਿ ਕਿਸ ਤਰ੍ਹਾਂ ਉਹਨੇ ਕਲ੍ਹ ਵਾਲੀ ਪਿਕਨਿਕ ਨੂੰ ਮਾਣਿਆ ਸੀ। ਉਹਨੇ ਕਿਹਾ, "ਮੈਂ ਤਾਂ ਆਪਣੀਆਂ 'ਪਰੌਨ' ਮੱਛੀਆਂ ਅੱਜ ਸਵੇਰੇ ਹੀ ਖਾਧੀਆਂ ਹਨ ਤੇ ਸੱਚਮੁੱਚ ਇਹ ਬੜੀਆਂ ਸੁਆਦ ਸਨ। ਜੇ ਤੁਸੀਂ ਚਾਹੋ ਤਾਂ ਕਿਸੇ ਦਿਨ ਫੇਰ ਇਹੋ ਜਿਹੀ ਪਿਕਨਿਕ ਮਨਾਉਣ ਵਾਸਤੇ ਮੈਂ ਤਿਆਰ ਹਾਂ।"

ਜੀਨ ਨੇ ਗਲ ਟੋਕ ਕੇ ਆਖਿਆ ;

"ਦੂਜੀ ਪਿਕਨਿਕ ਬਾਰੇ ਸੋਚਣ ਤੋਂ ਪਹਿਲਾਂ ਕੀ ਇਹ ਚੰਗਾ ਨਹੀਂ ਹੋਵੇਗਾ ਕਿ ਪਹਿਲੀ ਪਿਕਨਿਕ ਦਾ ਹੀ ਹਾਲੇ ਭੋਗ ਪਾ ਲਿਆ ਜਾਵੇ ?"

"ਕੀ ਮਤਲਬ ਤੇਰਾ ? ਮੇਰੇ ਖਿਆਲ ਵਿੱਚ ਤਾਂ ਪਹਿਲੀ ਪਿਕਨਿਕ ਖਤਮ ਹੋ ਚੁਕੀ ਹੈ।"

"ਵਾਹ, ਮੇਮ ਸਾਹਿਬ, ਜਿਹੜੀ ਮੱਛੀ ਮੈਂ ਸੈਂਟੇ ਜੁਈਨ ਦੀਆਂ ਚਟਾਨਾਂ ਤੇ ਪਕੜੀ ਸੀ, ਉਹ ਤਾਂ ਮੈਂ ਹਾਲੇ ਘਰ ਲਿਜਾਣੀ ਹੈ।"

ਜੀਨ ਦਾ ਮਤਲਬ ਸਮਝ ਕੇ ਰੋਜ਼ਮਿੱਲੀ ਨੇ ਸ਼ਰਾਰਤੀ ਅੱਖਾਂ ਨਾਲ ਪੁੱਛਿਆ :

"ਤੂੰ ? ਕਿਹੜੀ ਸੀ ਉਹ ਮੱਛੀ ? ਕੀ ਫੜਿਆ ਸੀ ਤੂੰ ?"

"ਇੱਕ ਤੀਵੀਂ ! ਮਾਂ ਤੇ ਮੈਂ ਦੋਵੇਂ ਪੁੱਛਣ ਆਏ ਹਾਂ ਕਿ ਮੇਮ ਸਾਹਿਬ ਨੇ ਕਿਤੇ ਇਰਾਦਾ ਤਾਂ ਨਹੀਂ ਬਦਲ ਲਿਆ ?"

ਮੁਸਕਰਾ ਕੇ ਰੋਜ਼ਮਿੱਲੀ ਨੇ ਜਵਾਬ ਦਿੱਤਾ।

"ਨਹੀਂ ਮਿਸਟਰ, ਮੈਂ ਕਦੇ ਆਪਣੇ ਇਰਾਦੇ ਨਹੀਂ ਬਦਲਦੀ।"

ਜੀਨ ਨੇ ਆਪਣਾ ਮੋਕਲਾ ਖੁਲ੍ਹਾ ਹੱਥ ਅੱਗੇ ਵਧਾਇਆ ਤੇ ਰੋਜ਼ਮਿੱਲੀ ਨੇ ਆਪਣਾ ਹੱਥ ਪੱਕੇ ਇਰਾਦੇ ਦੀ ਜੁੰਬਸ਼ ਨਾਲ ਉਹਦੇ ਹੱਥ ਉੱਤੇ ਧਰ ਦਿੱਤਾ। ਫੇਰ ਜ਼ੀਨ ਨੇ ਪੁੱਛਿਆ :

"ਜਿੰਨੀ ਛੇਤੀ ਹੋ ਸਕੇ, ਮਨਜ਼ੂਰ ਹੈ ?"

"ਜਦੋਂ ਵੀ ਤੂੰ ਚਾਹੇਂ।"

"ਛੇਆਂ ਹਫਤਿਆਂ ਵਿੱਚ ਵਿੱਚ ?"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਮੈਨੂੰ ਕੋਈ ਫਰਕ ਨਹੀਂ ਪੈਂਦਾ। ਮੇਰੀ ਹੋਣ ਵਾਲੀ ਸੱਸ ਦਾ ਕੀ ਵਿਚਾਰ ਹੈ ?"

ਸ੍ਰੀਮਤੀ ਰੋਲੈਂਡ ਨੇ ਉਦਾਸ ਜਿਹੀ ਮੁਸਕਾਣ ਵਿੱਚ ਉੱਤਰ ਦਿੱਤਾ :

"ਜਿਥੋਂ ਤਕ ਮੇਰਾ ਤਅੱਲਕ ਹੈ, ਮੈਂ ਕੁਝ ਨਹੀਂ ਕਹਿਣਾ ਹੈ। ਮੈਂ ਤਾਂ ਕੇਵਲ ਤੇਰਾ ਧੰਨਵਾਦ ਕਰਦੀ ਹਾਂ ਕਿ ਤੂੰ ਜੀਨ ਨੂੰ ਪਿਆਰਿਆ ਹੈ ਤੇ ਇਸੇ ਕਰਕੇ ਉਹਦੀਆਂ ਖੁਸ਼ੀਆਂ ਦਾ ਕੋਈ ਠਿਕਾਣਾ ਨਹੀਂ।"

"ਜੋ ਕੁਝ ਵੀ ਹੋ ਸਕਿਆ ਅਸੀਂ ਕਰਾਂਗੇ ਮਾਂ।"

ਰੋਜ਼ਮਿੱਲੀ ਦਾ ਅੱਜ ਪਹਿਲੀ ਵਾਰੀ ਦਿਲ ਭਰ ਆਇਆ ਸੀ। ਉਹ ਉੱਠੀ ਤੇ ਸ੍ਰੀਮਤੀ ਰੋਲੈਂਡ ਦੇ ਗਲ ਵਿੱਚ ਉਹਨੇ ਬਾਹਾਂ ਦਾ ਹਾਰ ਪਾ ਦਿੱਤਾ। ਉਹਨੇ ਬੱਚਿਆਂ ਵਾਂਗ ਕਾਫੀ ਦੇਰ ਤਕ ਸ੍ਰੀਮਤੀ ਰੋਲੈਂਡ ਨੂੰ ਗੱਲਵੱਕੜੀ ਪਾ ਰੱਖੀ। ਇਸ ਪਿਆਰ-ਭਰੀ ਗੱਲਵੱਕੜੀ ਨੇ ਅਬਲਾ ਦੇ ਅੱਲੇ ਫੱਟਾਂ ਤੇ ਮਲ੍ਹਮ ਲਾ ਦਿੱਤੀ। ਉਹ ਆਪਣੇ ਹਾਵ-ਭਾਵ ਮੂੰਹੋਂ ਨਾ ਕੱਢ ਸਕੀ, ਜਿਹੜੇ ਖੁਸ਼ੀ ਤੇ ਗ਼ਮੀ ਦਾ ਮਿਲਗੋਭਾ ਬਣ ਕੇ ਰਹਿ ਗਏ। ਉਹਦਾ ਇੱਕ ਪੁੱਤਰ ਖੁੱਸ ਗਿਆ ਸੀ ਪਰ ਬਦਲੇ ਵਿੱਚ ਉਹਨੂੰ ਪੁਤਰੀ ਨਸੀਬ ਹੋ ਰਹੀ ਸੀ।

ਮੁੜ ਕੇ ਜਦੋਂ ਉਹ ਆਮ੍ਹੋ ਸਾਮ੍ਹਣੇ ਬੈਠ ਗਈਆਂ ਤਾਂ ਉਨ੍ਹਾਂ ਨੇ ਇੱਕ ਦੂਜੀ ਦੇ ਹੱਥ ਘੁਟ ਕੇ ਫੜ ਲਏ ਤੇ ਇੱਕ ਦੂਜੇ ਵੱਲ ਮੁਸਕਰਾ ਕੇ ਤਕਦੀਆਂ ਰਹੀਆਂ। ਜੀਨ ਦਾ ਉਨ੍ਹਾਂ ਦੋਹਾਂ ਨੂੰ ਕੋਈ ਖਿਆਲ ਨਾ ਰਿਹਾ।

ਪਿਛੋਂ ਉਨ੍ਹਾਂ ਨੇ ਕਈਆਂ ਚੀਜ਼ਾਂ ਬਾਰੇ ਸੋਚਿਆ ਜਿਹੜੀਆਂ ਨੇੜੇ ਆ ਰਹੀ ਸ਼ਾਦੀ ਲਈ ਜ਼ਰੂਰੀ ਸਨ। ਜਦੋਂ ਮਾਮਲੇ ਤੇ ਹਰ ਪੱਖ ਤੋਂ ਵਿਚਾਰ ਪੂਰੀ ਹੋ ਗਈ ਤੇ ਫੈਸਲੇ ਹੋ ਗਏ ਤਾਂ ਰੋਜ਼ਮਿੱਲੀ ਨੂੰ ਇੱਕ ਨਿਗੂਣੀ ਜਿਹੀ ਗੱਲ ਦਾ ਚੇਤਾ ਆ ਗਿਆ। ਉਹ ਪੁੱਛਣ ਲੱਗੀ :

ਮੇਰਾ ਖਿਆਲ ਹੈ ਤੁਸੀਂ ਮਿਸਟਰ ਰੋਲੈਂਡ ਦੀ ਸਲਾਹ ਤਾਂ ਲੈ ਹੀ ਲਈ ਹੋਵੇਗੀ ?"

ਮਾਂ-ਪੁੱਤ ਦੇ ਚਿਹਰਿਆਂ ਉੱਪਰ ਸ਼ਰਮ ਦਾ ਅਹਿਸਾਸ ਨਮੂਦਾਰ ਹੋ ਗਿਆ। ਮਾਂ ਨੇ ਹੀ ਇਸ ਪ੍ਰਸ਼ਨ ਦਾ ਉੱਤਰ ਦਿੱਤਾ :

"ਨਹੀਂ, ਅਸੀਂ ਉਹਨੂੰ ਨਹੀਂ ਪੁਛਿਆ, ਨਾਲੇ ਉਹਦੀ ਸਲਾਹ ਲੈਣ ਦਾ ਕੋਈ ਫਾਇਦਾ ਹੈ ?'

ਇਹ ਕਹਿੰਦਿਆਂ ਸ੍ਰੀਮਤੀ ਰੋਲੈਂਡ ਕੁਝ ਝੇਂਪ ਗਈ ਕਿਉਂਕਿ ਉਹਨੂੰ ਮਹਿਸੂਸ ਹੋਇਆ ਕਿ ਇਹ ਰੋਲੈਂਡ ਨਾਲ ਜ਼ਿਆਦਤੀ ਸੀ ਤੇ ਇਸ ਕਰਕੇ ਇਸ ਬਿਆਨ ਦੀ ਵਿਆਖਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਝਾ ਕੇ ਉਹਨੇ ਅੱਗੇ ਕਿਹਾ :

"ਅਸੀਂ ਸਭ ਕੁਝ ਉਹਨੂੰ ਦੱਸੇ ਪੁੱਛੇ ਬਿਨਾਂ ਹੀ ਕਰ ਲੈਂਦੇ ਹਾਂ। ਆਪਣੇ ਫੈਸਲੇ ਤੋਂ ਉਹਨੂੰ ਜਾਣੂ ਕਰਾ ਦੇਣਾ ਹੀ ਕਾਫੀ ਹੁੰਦਾ ਹੈ।"

ਰੋਜ਼ਮਿੱਲੀ ਮੁਸਕਰਾਉਣ ਲੱਗ ਪਈ। ਉਹਨੂੰ ਇਸ ਗੱਲ ਤੇ ਜ਼ਰਾ ਵੀ ਅਚੰਭਾ ਨਾ ਹੋਇਆ। ਘਰ ਦਾ ਬੁੱਢਾ ਭੌਂਦੂ ਬੁਢਾ ਹੋਣ ਕਰਕੇ, ਰੋਲੈਂਡ ਵਲ ਇਹੋ ਜਿਹਾ ਵਤੀਰਾ ਰੋਜ਼ਮਿਲੀ ਨੂੰ ਸੁਭਾਵਿਕ ਹੀ ਲਗਾ। ਸ੍ਰੀਮਤੀ ਰੋਲੈਂਡ ਅਤੇ ਜੀਨ ਵਾਪਸ ਮੁੜ ਕੇ ਗਲੀ ਵਿੱਚ ਜਾ ਰਹੇ ਸਨ ਤਾਂ ਉਹ ਕਹਿਣ ਲੱਗੀ : "ਚੱਲ ਤੇਰੇ ਫਲੈਟ ਤੇ ਚੱਲੀਏ। ਮੇਰਾ ਆਰਾਮ ਕਰਨ ਨੂੰ ਜੀ ਕਰਦਾ ਹੈ।"

ਸ਼੍ਰੀਮਤੀ ਰੋਲੈਂਡ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਹਦੇ ਵਾਸਤੇ ਕੋਈ ਪਨਾਹ ਨਹੀਂ, ਕੋਈ ਢੋਆ ਨਹੀਂ, ਜਿਵੇਂ ਆਪਣੇ ਹੀ ਘਰ ਤੋਂ ਉਹਨੂੰ ਭੈ ਆ ਰਿਹਾ ਹੋਵੇ। ਉਹ ਜੀਨ ਦੇ ਫਲੈਟ ਅੰਦਰ ਗਏ। ਅੰਦਰ ਵੜਦਿਆਂ ਸਾਰ ਹੀ ਜਦੋਂ ਉਨ੍ਹਾਂ ਬੂਹਾ ਬੰਦ ਕੀਤਾ, ਤਾਂ ਮਾਂ ਨੂੰ ਸੁੱਖ ਦਾ ਸਾਹ ਆਇਆ, ਜਿਵੇਂ ਕਿ ਅੰਦਰੋਂ ਕੁੰਡੀ ਮਾਰਨ ਨਾਲ ਹੀ ਉਹਦੀ ਜਾਨ ਦਾ ਬਚਾਅ ਹੋ ਗਿਆ ਹੋਵੇ। ਅੰਦਰ ਆ ਕੇ ਆਪਣੀ ਚਾਹਨਾ ਦੇ ਮੁਤਾਬਿਕ ਆਰਾਮ ਕਰਨ ਦੀ ਬਜਾਏ ਉਹਨੇ ਅਲਮਾਰੀਆਂ ਖੋਹਲ੍ਹੀਆਂ ਤੇ ਧੋਣ ਵਾਲੇ ਕਪੜਿਆਂ ਦੇ ਢੇਰ, ਜੁਰਾਬਾਂ ਤੇ ਰੁਮਾਲ ਗਿਣਨੇ ਸ਼ੁਰੂ ਕਰ ਦਿੱਤੇ। ਉਹਨੇ ਕਪੜੇ ਰੱਖਣ ਦਾ ਸਾਰਾ ਤੌਰ ਤਰੀਕਾ ਹੀ ਬਦਲ ਦਿੱਤਾ। ਮੁੜ ਇਨ੍ਹਾਂ ਨੂੰ ਉਹਨੇ ਇਸ ਢੰਗ ਨਾਲ ਰੱਖ ਦਿੱਤਾ ਜਿਵੇਂ ਘਰੇਲੂ ਚਤੁਰ ਸੁਆਣੀ ਨੂੰ ਜਚਦਾ ਹੁੰਦਾ ਹੈ। ਕਪੜੇ ਸਭਾਂਲਣ ਤੋਂ ਵਿਹਲੀ ਹੋ ਕੇ ਉਹਨੇ ਆਪਣੇ ਮੁਕਾਏ ਕੰਮ ਤੇ ਵਿਚਾਰ ਕਰਨੀ ਅਰੰਭ ਦਿੱਤੀ। ਉਹਨੇ ਜੀਨ ਨੂੰ ਹਾਕ ਮਾਰੀ ;

"ਜੀਨ, ਆਈਂ। ਦੇਖ ਕਿੰਨਾ ਸੁੰਦਰ ਲਗਣ ਲਗ ਪਿਆ ਹੈ।"

ਜੀਨ ਉਠ ਕੇ ਆਇਆ ਤੇ ਮਾਂ ਨੂੰ ਖੁਸ਼ ਕਰਨ ਵਾਸਤੇ ਉਹਦੇ ਕੰਮ ਦੀ ਸ਼ਲਾਘਾ ਕੀਤੀ।

ਮੁੜ ਕੇ ਜੀਨ ਜਦੋਂ ਬੈਠ ਗਿਆ ਤਾਂ ਅਚਨਚੇਤ, ਦੱਬੇ ਪੈਰਾਂ ਨਾਲ ਉਹ ਉਹਦੀ ਕੁਰਸੀ ਪਿੱਛੇ ਜਾ ਖੜੋਈ। ਆਪਣੀ ਸੱਜੀ ਬਾਂਹ ਜੀਨ ਦੀ ਗਰਦਨ ਦੁਆਲੇ ਵਗਲ ਕੇ ਉਹਨੂੰ ਚੁੰਮਿਆ ਤੇ ਨਾਲ ਹੀ ਚਿੱਟੇ ਕਾਗਜ ਵਿੱਚ ਲਪੇਟਿਆ ਇੱਕ ਪੈਕਟ ਉਹਨੇ ਅੰਗੀਠੀ ਤੇ ਟਿੱਕਾ ਦਿੱਤਾ ਜਿਹੜਾ ਉਹਨੇ ਦੂਜੇ ਹੱਥ ਵਿੱਚ ਫੜਿਆ ਹੋਇਆ ਸੀ।

"ਇਹ ਕੀ ਹੈ ?" ਜੀਨ ਨੇ ਪੁੱਛਿਆ।

ਮਾਂ ਨੇ ਕੋਈ ਉੱਤਰ ਨਾ ਦਿੱਤਾ। ਜੀਨ ਸਮਝ ਗਿਆ ਕਿਉਂਕਿ ਉਹ ਫੋਟੋ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਰੇਮ ਦੀ ਬਣਤਰ ਤੋਂ ਜਾਣੂ ਸੀ ।

"ਲਿਆ ਇਹ ਮੈਨੂੰ ਫੜਾ ।" ਜੀਨ ਨੇ ਕਿਹਾ । ਪਰ ਮਾਂ ਨੇ ਬਹਾਨਾ ਕੀਤਾ ਜਿਵੇਂ ਉਹਨੇ ਕੁਝ ਸੁਣਿਆ ਹੀ ਨਾ ਹੋਵੇ ਤੇ ਅਲਮਾਰੀ ਵੱਲ ਵਾਪਸ ਚਲੀ ਗਈ। ਉਹ ਉਠਿਆ ਤੇ ਇਸ ਪੁਰਾਣੀ ਉਦਾਸ ਨਿਸ਼ਾਨੀ ਨੂੰ ਉਥੋਂ ਚੁੱਕ ਕੇ ਅਗਲੇ ਕਮਰੇ ਵਿੱਚ ਲੰਘ ਗਿਆ ਅਤੇ ਆਪਣੇ ਡੈਸਕ ਵਿੱਚ ਇਹਨੂੰ ਬੰਦ ਕਰਕੇ ਦੋਹਰਾ ਤਾਲਾ ਲਾ ਦਿੱਤਾ । ਉਹਦੀ ਮਾਂ ਨੇ ਆਪਣੀ ਅੱਖ ਤੋਂ ਡੁਲ੍ਹਕਦਾ ਇੱਕ ਅੱਥਰੂ ਪੂੰਝਿਆ ਤੇ ਥਿੜ੍ਹਕਦੀ ਹੋਈ ਆਵਾਜ਼ ਵਿੱਚ ਉਹ ਕਹਿਣ ਲੱਗੀ :

"ਮੈਂ ਦੇਖਣ ਚੱਲੀ ਹਾਂ ਕਿ ਤੇਰੀ ਨਵੀਂ ਨੌਕਰਾਣੀ ਰਸੋਈ ਸਾਂਭ ਸੁਆਰ ਕੇ ਵੀ ਰੱਖਦੀ ਹੈ ਕਿ ਨਹੀਂ । ਇਸ ਵੇਲੇ ਉਹ ਬਾਹਰ ਗਈ ਹੋਈ ਏ ਤੇ ਇਸ ਕਰਕੇ ਮੈਂ ਉਹਦੇ ਕੀਤੇ ਹਰ ਕੰਮ ਤੇ ਨਜ਼ਰ ਮਾਰ ਸਕਦੀ ਹਾਂ ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਲਵਿਦਾ

ਪ੍ਰੋਫੈਸਰਾਂ ਵਲੋਂ ਆਪਣੇ ਵਿਦਿਆਰਥੀ ਡਾਕਟਰ ਪੀਅਰੇ ਦੇ ਹੱਕ ਵਿੱਚ ਵਧਾ ਚੜ੍ਹਾ ਕੇ ਲਿਖੀਆਂ ਸਫਾਰਸ਼ੀ ਚਿੱਠੀਆਂ ਮਿਸਟਰ ਮਾਰਚੈਂਡ ਨੇ ਟਰਾਂਸਐਟਲਾਂਟਿਕ ਕੰਪਨੀ ਨੂੰ ਪੇਸ਼ ਕੀਤੀਆਂ। ਇਨ੍ਹਾਂ ਚਿੱਠੀਆਂ ਦੀ ਤਾਈਦ ਵਿਉਪਾਰਕ ਅਦਾਲਤ ਦੇ ਜੱਜ ਪੋਲਿਨ, ਕਪਤਾਨ ਬੋਜ਼ੀਰ ਦੇ ਇੱਕ ਦੋਸਤ, ਤੇ ਹੋਰ ਕਈਆਂ ਨੇ ਕੀਤੀ।

ਪੁੱਛ-ਗਿੱਛ ਤੋਂ ਪਤਾ ਲੱਗਾ ਕਿ 'ਲੋਰੇਨ' ਜਹਾਜ਼ ਤੇ ਹਾਲੇ ਕਿਸੇ ਡਾਕਟਰ ਦੀ ਨਿਯੁਕਤੀ ਨਹੀਂ ਹੋਈ ਸੀ। ਇਸ ਕਰਕੇ ਥੋੜੇ ਦਿਨਾਂ ਦੇ ਵਿੱਚ ਵਿੱਚ ਪੀਅਰੇ ਦੀ ਨੌਕਰੀ ਲੱਗਣ ਦੀ ਕਾਫੀ ਉਮੀਦ ਹੋ ਗਈ। ਇੱਕ ਦਿਨ ਸਵੇਰੇ ਜਦੋਂ ਉਹ ਬਾਥਰੂਮ ਵਿਚੋਂ ਬਾਹਰ ਆਇਆ ਤਾਂ ਉਹਦੀ ਨਿਯੁਕਤੀ ਦਾ ਹੁਕਮ ਉਹਨੂੰ ਨੌਕਰਾਣੀ ਜੋਜ਼ਫੀਨ ਨੇ ਫੜਾਇਆ।

ਹੁਣ ਪੀਅਰੇ ਦੀ ਜਜ਼ਬਾਤੀ ਹਾਲਤ ਉਸ ਕੈਦੀ ਦੇ ਦਿਲ ਵਰਗੀ ਹੋ ਗਈ ਜਿਹਨੂੰ ਆਪਣੀ ਫਾਂਸੀ ਦੀ ਸਜ਼ਾ ਬਦਲ ਕੇ ਉਮਰ-ਕੈਦ ਦਾ ਸੁਨੇਹਾ ਮਿਲ ਗਿਆ ਹੋਵੇ। ਵਿਦਾਇਗੀ ਦੇ ਖਿਆਲ ਨੇ ਅਤੇ ਜਹਾਜ਼ ਦੀ ਆਰਾਮ ਵਾਲੀ ਜ਼ਿੰਦਗੀ ਦੇ ਤਸੱਵਰ ਨੇ ਉਹਦੇ ਦੁੱਖਾਂ-ਦਰਦਾਂ ਉਪਰ ਕਿਸੇ ਹੱਦ ਤਕ ਮਲ੍ਹਮ ਪੱਟੀ ਦਾ ਕੰਮ ਕੀਤਾ। ਉਹ ਅਠਕੇਲੀਆਂ ਕਰਦੀਆਂ ਸਮੁੰਦਰੀ ਲਹਿਰਾਂ ਤੇ ਝੂਟੇ ਲਏਗਾ, ਸਦਾ ਇੱਧਰ ਉਧਰ ਘੁੰਮੇਗਾ ਤੇ ਸੈਰ ਸਪਾਟੇ ਕਰੇਗਾ।

ਹੁਣ ਉਹ ਆਪਣੇ ਪਿਤਾ ਦੇ ਘਰ ਵਿੱਚ ਇਕ ਅਜਨਬੀ ਵਾਂਗ ਰਹਿ ਰਿਹਾ ਸੀ, ਚੁੱਪ ਚਾਪ ਤੇ ਗੁੰਮ ਸੁੰਮ। ਉਸੇ ਸ਼ਾਮ ਤੋਂ ਜਦੋਂ ਉਹਨੇ ਤਲਾਸ਼ ਕੀਤਾ ਹੋਇਆ ਸ਼ਰਮਨਾਕ ਭੇਤ ਆਪਣੇ ਭਰਾ ਦੇ ਸਾਮ੍ਹਣੇ ਹੀ ਗਲੱਛ ਦਿੱਤਾ ਸੀ, ਉਹ ਮਹਿਸੂਸ ਕਰ ਰਿਹਾ ਸੀ ਕਿ ਆਪਣੇ ਟੱਬਰ ਨਾਲੋਂ ਅਖਰੀਲਾ ਬੰਧਨ ਵੀ ਉਹਨੇ ਤੋੜ ਸੁੱਟਿਆ ਹੈ। ਪਛਤਾਵਾ ਉਹਨੂੰ ਰਹਿ ਰਹਿ ਕੇ ਕਲਤਾ ਰਿਹਾ ਸੀ ਕਿ ਉਹਨੇ ਇਹ ਭੇਤ ਜੀਨ ਨੂੰ ਕਿਉਂ ਦੱਸਿਆ ਹੈ। ਉਹ ਆਪਣੇ ਆਪ ਨੂੰ ਕਮੀਨਾ, ਘਿਨਾਉਣਾ ਤੇ ਕਾਲੇ-ਦਿਲ ਵਾਲਾ ਸਮਝਣ ਲੱਗ ਪਿਆ, ਪਰ ਫੇਰ ਵੀ ਦਿਲ ਦੀ ਭੜਾਸ ਕੱਢ ਲੈਣ ਕਰਕੇ ਉਹਨੂੰ ਤਸੱਲੀ ਅਤੇ ਸੰਤੋਖ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਭਾਸ ਹੋਇਆ ਸੀ ।

ਪੀਅਰੇ ਦੀਆਂ ਤੱਕਣੀਆਂ ਕਦੇ ਵੀ ਮਾਂ ਅਤੇ ਭਰਾ ਦੀਆਂ ਤੱਕਣੀਆਂ ਨਾਲ ਨਹੀਂ ਟਕਰਾਈਆਂ ਸਨ । ਇੱਕ ਦੂਜੇ ਤੋਂ ਕੰਨੀ ਕਤਰਾਉਣ ਲਈ ਉਨ੍ਹਾਂ ਦੀਆਂ ਅੱਖਾਂ ਨੇ ਇਹੋ ਜਿਹੇ ਤੌਰ-ਤਰੀਕੇ ਅਤੇ ਫੁਰਤੀ ਅਪਣਾ ਲਈ ਸੀ ਜਿਵੇਂ ਇੱਕ ਦੂਜੇ ਦੇ ਰਾਹ ਲੰਘਣੋਂ ਦੁਸ਼ਮਣ ਆਪਸ ਵਿੱਚ ਭੈ ਖਾਂਦੇ ਹਨ । ਪੀਅਰੇ ਹਮੇਸ਼ਾ ਆਪਣੇ ਆਪ ਨੂੰ ਇਹੋ ਸਵਾਲ ਕਰਦਾ : "ਮਾਂ ਨੇ ਜੀਨ ਨੂੰ ਕੀ ਕਿਹਾ ਹੋਵੇਗਾ ? ਕੀ ਉਹਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੋਵੇਗਾ ਜਾਂ ਉਹ ਮਨੁਕਰ ਹੋ ਗਈ ਹੋਵੇਗੀ ? ਮੇਰੇ ਭਰਾ ਦਾ ਕੀ ਵਿਸ਼ਵਾਸ ਹੋਵੇਗਾ ? ਉਹ ਮਾਂ ਬਾਰੇ ਕੀ ਸੋਚਦਾ ਹੈ ? ਮੇਰੇ ਬਾਰੇ ਉਹ ਕਿਹੋ ਜਿਹੇ ਖਿਆਲ ਦਿਲ ਵਿੱਚ ਰੱਖਦਾ ਹੈ ?" ਇਨ੍ਹਾਂ ਸਵਾਲਾਂ ਦਾ ਉਹਦੇ ਕੋਲ ਕੋਈ ਉੱਤਰ ਨਹੀਂ ਸੀ । ਇਸੇ ਕਰਕੇ ਉਹਦਾ ਪਾਰਾ ਚੜ੍ਹ ਜਾਂਦਾ ਸੀ । ਨਾਲੇ ਉਨ੍ਹਾਂ ਸਾਰਿਆਂ ਨਾਲ ਉਹ ਘੱਟ ਵੱਧ ਹੀ ਬੋਲ ਚਾਲ ਰੱਖਦਾ ਸੀ । ਪਿਉ ਦੀ ਹਾਜ਼ਰੀ ਵਿੱਚ ਥੋੜ੍ਹੀ ਬਹੁਤ ਗੱਲਬਾਤ ਹੁੰਦੀ ਪਰ ਉਹਦੀ ਇਹੋ ਕੋਸ਼ਿਸ਼ ਹੁੰਦੀ ਕਿ ਉਹਨੂੰ ਕਿਸੇ ਕਿਸਮ ਦੇ ਸਵਾਲ ਦਾ ਜਵਾਬ ਨਾ ਦੇਣਾ ਪਵੇ ।

ਨੌਕਰੀ ਦੀ ਚਿੱਠੀ ਮਿਲਦਿਆਂ ਸਾਰ ਹੀ ਪੀਅਰੇ ਨੇ ਇਹ ਸਾਰੇ ਪਰਿਵਾਰ ਨੂੰ ਦਿਖਾਈ । ਉਹਦਾ ਪਿਤਾ ਜੋ ਛੇਤੀ ਹੀ ਹਰ ਗੱਲ ਤੇ ਖੁਸ਼ ਹੋ ਜਾਂਦਾ ਸੀ, ਤਾਲੀਆਂ ਮਾਰਨ ਲੱਗ ਪਿਆ । ਜੀਨ ਨੇ ਬੜੀ ਸੰਜੀਦਗੀ ਨਾਲ ਤਨੋ ਮਨੋ ਖੁਸ਼ ਹੋ ਕੇ ਵਧਾਈ ਦਿੱਤੀ :

"ਮੈਂ ਤੈਨੂੰ ਤਹਿ ਦਿਲ ਤੋਂ ਵਧਾਈ ਦੇਂਦਾ ਹਾਂ । ਇਸ ਨੌਕਰੀ ਲਈ ਹੋਰ ਵੀ ਕਈ ਉਮੀਦਵਾਰ ਸਨ । ਇਹ ਸਭ ਤੇਰੇ ਪ੍ਰੋਫੈਸਰਾਂ ਦੀਆਂ ਚਿੱਠੀਆਂ ਦਾ ਪ੍ਰਤਾਪ ਹੈ ।"

ਉਹਦੀ ਮਾਂ ਸਿਰ ਨੀਵਾਂ ਕਰਕੇ ਹੌਲੀ ਜਿਹੇ ਬੋਲੀ :

ਮੈਂ ਬਹੁਤ ਖੁਸ਼ ਹਾਂ ਕਿ ਤੈਨੂੰ ਸਫਲਤਾ ਪ੍ਰਾਪਤ ਹੋਈ ਹੈ ।"

ਰੋਟੀ ਖਾਣ ਪਿਛੋਂ ਕਈਆਂ ਗੱਲਾ ਦਾ ਪੁਛ-ਪੁਛਾ ਕਰਨ ਵਾਸਤੇ ਪੀਅਰੇ ਕੰਪਨੀ ਦੇ ਦਫਤਰ ਗਿਆ । ਉਹਨੇ ਕੱਲ ਠਿਲ੍ਹਣ ਵਾਲੇ ਜਹਾਜ਼ ਦੇ ਡਾਕਟਰ ਦਾ ਨਾਂ ਵੀ ਪਤਾ ਕੀਤਾ ਤਾਂ ਕਿ ਉਹਦੇ ਪਾਸੋ ਨਵੇਂ ਜੀਵਨ ਬਾਰੇ ਤੇ ਆਪਣੀਆਂ ਜਰੂਰਤਾਂ ਬਾਰੇ ਲੋੜੀਂਦੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ ।

ਦੂਜਾ ਡਾਕਟਰ ਜਹਾਜ਼ ਤੇ ਹੀ ਸੀ । ਪੀਅਰੇ ਉਹਦੇ ਕਮਰੇ ਵਿੱਚ ਗਿਆ । ਕਮਰਾ ਕੀ ਸੀ, ਜਹਾਜ਼ ਤੇ ਦਮ-ਘੁਟਵੀਂ ਜਿਹੀ ਇੱਕ ਕੋਠੜੀ ਸ਼ੀ । ਉਥੋਂ ਇੱਕ ਨੌਜੁਆਨ ਆਦਮੀ ਨੇ ਉਹਦਾ ਸੁਆਗਤ ਕੀਤਾ । ਨੌਜੁਆਨ ਡਾਕਟਰ ਦੀ ਹਲਕੇ ਰੰਗ ਦੀ ਦਾੜ੍ਹੀ ਪੀਅਰੇ ਦੇ ਆਪਣੇ ਭਰਾ ਵਰਗੀ ਸੀ । ਕਾਫੀ ਦੇਰ ਤਕ ਉਨ੍ਹਾਂ ਵਿੱਚਕਾਰ ਗੱਲਬਾਤ ਦਾ ਸਿਲਸਿਲਾ ਜਾਰੀ ਰਿਹਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ਾਲ ਜਹਾਜ਼ ਦੀਆਂ ਗੜੈਂ ਗੜੈਂ ਕਰਦੀਆਂ ਡੂੰਘਾਈਆਂ ਵਿਚ ਨਿਰੰਤਰ ਰਾਮਰੌਲਾ ਪੈ ਰਿਹਾ ਸੀ। ਹਾਕਾਂ ਅਤੇ ਦੌੜ ਭੱਜ ਦੀਆਂ ਲਗਾਤਾਰ ਅਵਾਜ਼ਾਂ ਦੇ ਨਾਲ ਨਾਲ ਜਹਾਜ਼ ਵਿੱਚ ਸਮਾਨ ਦੀ ਲੱਦ ਲਦਾਈ ਹੋ ਰਹੀ ਸੀ। ਭਾਰਾ ਸਮਾਨ ਲਦ ਰਹੀਆਂ ਕਰੇਨਾਂ ਦੀ ਹੱਲਚੱਲ ਨੇ, ਡਿਊਟੀ ਅਫਸਰਾਂ ਦੀਆਂ ਸੀਟਿਆਂ ਨੇ, ਡੈਕ ਉਪਰ ਘੜੀਸੇ ਜਾਂਦੇ ਸੰਗਲਾਂ ਦੀ ਖਾੜ ਖਾੜ ਅਤੇ ਪਫ਼ ਪਫ਼ ਕਰਦੇ ਇੰਜਣ ਨਾਲ ਘੁੰਮਦੀਆਂ ਪੁਲੀਆਂ ਦੇ ਸ਼ੋਰ ਨੇ ਵਿਸ਼ਾਲ ਜਹਾਜ਼ ਦੇ ਜੁੱਸੇ ਨੂੰ ਹਲਕੀਆਂ ਜਿਹੀਆ ਕੰਬਣੀਆਂ ਲਿਆ ਛੱਡੀਆਂ ਸਨ।

ਆਪਣੇ ਸਾਥੀ ਡਾਕਟਰ ਦੇ ਕਮਰੇ ਤੋਂ ਬਾਹਰ ਆ ਕੇ ਜਦੋਂ ਪੀਅਰੇ ਨੇ ਆਪਣੇ ਆਪ ਨੂੰ ਗਲੀ ਵਿੱਚ ਮਹਿਸੂਸ ਕੀਤਾ ਤਾਂ ਇੱਕ ਨਵੀਂ ਵੇਦਨਾ ਨੇ ਉਹਨੂੰ ਆ ਨੱਪਿਆ। ਇਸ ਵੇਦਨਾ ਨੇ ਉਹਨੂੰ ਅਜਿਹੀ ਅਡੋਹ ਧੁੰਦ ਵਾਂਗ ਘੇਰ ਲਿਆ ਜਿਹੜੀ ਧਰਤੀਆਂ ਤੋਂ ਉਠ ਕੇ ਸਮੁੰਦਰਾਂ ਉੱਤੇ ਛਾ ਜਾਂਦੀ ਹੈ ਤੇ ਆਪਣੇ ਸੁੰਘਣੇ-ਪਨ ਵਿੱਚ ਦੂਰ ਗੰਦੇ ਕਿਨਾਰਿਆਂ ਤੋਂ ਬਿਮਾਰਾਂ ਦੀ ਹਵਾੜ ਵਰਗੀ ਅਜੀਬ ਜਿਹੀ ਬਦਬੋ ਸਮੋ ਲਿਆਉਂਦੀ ਹੈ।

ਵੱਡੀ ਤੋਂ ਵੱਡੀ ਮੁਸੀਬਤ ਸਮੇਂ ਵੀ ਉਹਨੇ ਕਦੇ ਆਪਣੇ ਆਪ ਨੂੰ ਅੱਜ ਵਰਗੀ ਭੈੜੀ ਦਸ਼ਾ ਵਿੱਚ ਫਸਿਆ ਨਹੀਂ ਸੀ ਮਹਿਸੂਸ ਕੀਤਾ ਉਹਦਾ ਆਖਰੀ ਬੰਧਨ ਟੁੱਟ ਚੁੱਕਾ ਸੀ। ਹੁਣ ਉਹਨੂੰ ਕਿਸੇ ਗਲ ਦੀ ਚਿੰਤਾ ਨਹੀਂ ਸੀ। ਆਪਣੇ ਦਿਲ ਵਿਚ ਸਭ ਪਿਆਰ ਮੁਹਬਤਾਂ ਤੋੜਨ ਦਾ ਦਰਦ ਹਾਲੇ ਤੱਕ ਪੀਅਰੇ ਨੇ ਮਹਿਸੂਸ ਨਹੀਂ ਸੀ ਕੀਤਾ। ਪਰ ਹੁਣ ਗੁਆਚੇ ਕੁੱਤੇ ਵਾਂਗ ਇਸ ਦਰਦ ਵਿਛੋੜੇ ਨੇ ਉਹਦੇ ਅੰਦਰਲੇ ਨੂੰ ਜਕੜ ਲਿਆ।

ਇਹ ਕੋਈ ਆਚਰਣਕ ਜਾਂ ਮਨ ਨੂੰ ਡੋਬੂ ਪਾਉਣ ਵਾਲਾ ਦੁਖ-ਦਰਦ ਨਹੀਂ ਸੀ। ਇਹ ਤਾਂ ਘਰ-ਘਾਟ ਦੀ ਅਣਹੋਂਦ ਕਰਕੇ ਇੱਕ ਦਰਿੰਦੇ ਦੀ ਲਾਚਾਰੀ ਦਾ ਦੁੱਖ ਸੀ, ਇੱਕ ਅਵਾਰਾ ਜੀਵਧਾਰੀ ਦਾ ਦੁਖ ਜਿਹਦੇ ਸਿਰ ਤੇ ਕੋਈ ਛੱਤ ਨਾ ਹੋਵੇ ਤੇ ਉਤੋਂ ਮੀਂਹ, ਹਨ੍ਹੇਰੀ, ਤੂਫਾਨ ਅਤੇ ਸੰਸਾਰ ਦੀਆਂ ਹੋਰ ਸਾਰੀਆਂ ਮਾਰੂ ਸ਼ਕਤੀਆਂ ਇੱਕਠੀਆਂ ਹੋ ਕੇ ਹਮਲਾ ਕਰਨ ਲਈ ਟੁਟ ਪੈਣ। ਜਹਾਜ਼ ਤੇ ਪੈਰ ਰਖਦਿਆਂ ਤੇ ਲਹਿਰਾਂ ਉਪਰ ਡਕੇ ਡੋਲੇ ਖਾਂਦੀ ਜਹਾਜ਼ ਦੀ ਸਾਹ-ਘੁਟਦੀ ਕੋਠੜੀ ਵਿੱਚ ਵੜਦਿਆਂ ਹੀ ਪੀਅਰੇ ਦਾ ਰੋਮ ਰੋਮ ਕੰਬ ਗਿਆ ਸੀ। ਉਹਨੇ ਤਾਂ ਆਰਾਮ-ਦੇਹ ਵਿਛੌਣਿਆਂ ਵਿਚ ਰਾਤਾ ਕੱਟੀਆਂ ਹੋਈਆਂ ਸਨ ਤੇ ਹੁਣ ਉਹਦੀ ਰੂਹ ਆਉਣ ਵਾਲੇ ਖਤਰਨਾਕ ਦਿਨਾਂ ਦੇ ਫਿਕਰਾਂ ਨੂੰ ਕਬੂਲ ਨਾ ਕਰ ਸਕੀ। ਹੁਣ ਤੱਕ ਧਰਤੀ ਵਿੱਚ ਗੱਡੀਆਂ ਪੱਕੀਆਂ ਕੰਧਾਂ ਨੇ ਉਹਦੀ ਰਾਖੀ ਕੀਤੀ ਸੀ ਅਤੇ ਇਕੋ ਜਗ੍ਹਾ ਤੇ ਠੰਡੀਆਂ-ਤੱਤੀਆਂ ਰੋਕਣ ਵਾਲੀ ਛੱਤ ਹੇਠਾਂ ਸੌਣ ਦੇ ਵਿਸ਼ਵਾਸ ਨੇ ਉਹਨੂੰ ਸੁਰੱਖਿਆ ਦਾ ਅਹਿਸਾਸ ਦਿੱਤਾ ਸੀ। ਪੱਕੇ ਘਰ ਦੇ ਨਿੱਘ ਵਿੱਚ ਜੋ ਹੇਠੀ ਜੇਠੀ ਝੱਲੀ ਜਾ ਸਕਦੀ ਸੀ ਉਹ ਹੁਣ ਨਿਰੰਤਰ ਇੱਕ ਖਤਰਾ ਤੇ ਵਬਾਲ ਬਣੀ ਰਹੇਗੀ।

ਉਹਦੇ ਪੈਰਾਂ ਹੇਠਾਂ ਹੁਣ ਧਰਤੀ ਕੋਈ ਹੋਵੇਗੀ ਨਹੀਂ। ਕੇਵਲ ਸਮੁੰਦਰ ਹੋਵੇਗਾ ਜੋ ਬੜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੜੇ ਸਾਹ ਲੈਂਦਾ ਹੈ। ਸੁਕਦਾ ਹੈ ਤੇ ਅਪਣੇ ਵਿੱਚ ਲਪੇਟ ਲੈਂਦਾ ਹੈ। ਉਹਦੇ ਦੁਆਲੇ ਕੋਈ ਖੁਲ੍ਹੀ ਜਗ੍ਹਾ ਨਹੀਂ ਹੋਵੇਗੀ ਜਿੱਥੇ ਉਹ ਘੁੰਮ ਸਕੇ ਤੇ ਰਸਤਾ ਭੁੱਲ ਕੇ ਬੇਮਤਲਬ ਹੀ ਭੌਂਦਾ ਰਹੇ। ਹੁਣ ਹੋਵੇਗੀ ਥੋੜੇ ਜਿਹੇ ਫੁੱਟ ਜਗ੍ਹਾਂ ਜਿਥੇ ਉਹ ਇੱਕ ਮੁਜਰਮ ਵਾਂਗ ਆਪਣੇ ਦੂਸਰੇ ਸਾਥੀਆਂ ਨਾਲ ਤੁਰ ਫਿਰ ਸਕੇਗਾ। ਕੋਈ ਬਿਰਛ ਨਹੀਂ ਹੋਣਗੇ, ਬਾਗ ਬਗੀਚੇ, ਗਲੀਆਂ ਅਤੇ ਮਕਾਨ ਨਹੀਂ ਹੋਣਗੇ, ਹੋਵੇਗਾ ਕੇਵਲ ਪਾਣੀ ਤੇ ਉੱਪਰ ਆਕਾਸ਼। ਆਪਣੇ ਪੈਰਾ ਥੱਲੇ ਪੀਅਰੇ ਜਹਾਜ਼ ਦੀ ਨਿਰੰਤਰ ਚਾਲ ਨੂੰ ਮਹਿਸੂਸ ਕਰੇਗਾ। ਸਮੁੰਦਰੀ ਝੱਖੜਾ ਵੇਲੇ ਡਿਗਣ ਤੋਂ ਸੰਭਲਣ ਖਾਤਰ ਉਹ ਪਾਰਟੀਸ਼ਨਾਂ ਦਾ ਆਸਰਾ ਭਾਲੇਗਾ, ਦਰਵਾਜ਼ਿਆਂ ਨਾਲ ਚੰਬੜੇਗਾ, ਤੇ ਆਪਣੀ ਕਮਜ਼ੋਰ ਜਿਹੀ ਸੀਟ ਨੂੰ ਜੱਫੇ ਮਾਰੇਗਾ। ਸ਼ਾਤ ਅਤੇ ਸੁਹਾਣੇ ਮੌਸਮ ਵਿੱਚ ਪ੍ਰੋਪੈਲਰ ਦੇ ਬਰ-ਬਰ ਕਰਨ ਦਾ ਸ਼ੋਰ ਉਹਦੇ ਕੰਨ ਪਾੜੇਗਾ। ਮਾਰੋਮਾਰ ਕਰਦਾ ਉਹਨੂੰ ਆਪਣੇ ਵਿਚ ਲਪੇਟੀ ਦੌੜਦੀ ਮਹਿਸੂਸ ਹੋਵੇਗਾ।

ਪੀਅਰੇ ਨੇ ਸੋਚਿਆ ਕਿ ਇੱਕ ਅਵਾਰਾ ਗਰਦ ਮੁਜਰਮ ਦੀ ਬਦਨਸੀਬ ਜ਼ਿੰਦਗੀ ਉਹਨੂੰ ਇਸ ਕਰਕੇ ਗੁਜ਼ਾਰਨੀ ਪਏਗੀ ਕਿਉਂਕਿ ਉਹਦੀ ਮਾਂ ਘੜੀ ਪਲ ਦੀ ਕਮਜ਼ੋਰੀ ਖਾਤਰ ਆਪਣੇ ਆਚਰਣ ਤੋਂ ਗਿਰ ਗਈ ਸੀ।

ਉਹ ਸਿੱਧਾ ਚਲਦਾ ਗਿਆ। ਦੂਜੇ ਦੇਸ਼ਾਂ ਨੂੰ ਟੁਰ ਜਾਣ ਵਾਲਿਆਂ ਦੀ ਮਾਯੂਸੀ ਅਤੇ ਗਮਗੀਨੀ ਦੇਖ ਦੇ ਪਲ ਕੁ ਲਈ ਉਹਦਾ ਦਿਲ ਭਰ ਆਇਆ।

ਕੋਲੋਂ ਲੰਘਦੇ ਬੇ-ਪਛਾਣ ਰਾਹੀਆਂ ਵਾਸਤੇ ਉਹਦੇ ਦਿਲ ਵਿੱਚ ਕਿਸੇ ਕੋਝੀ ਨਫਰਤ ਦਾ ਅਹਿਸਾਸ ਨਹੀਂ ਸੀ ਹੁੰਦਾ। ਪਰ ਉਹਦੇ ਅੰਦਰ ਇਕ ਅਫਸੋਸ-ਨਾਕ ਚਾਹਨਾ ਜ਼ਰੂਰ ਉਠਦੀ ਸੀ। ਉਹ ਰਾਹ ਜਾਂਦਿਆਂ ਨੂੰ ਦਸਣਾ ਚਾਹੁੰਦਾ ਸੀ ਕਿ ਉਹ ਫਰਾਂਸ ਛੱਡ ਕੇ ਜਾ ਰਿਹਾ ਹੈ। ਉਹ ਚਾਹੁੰਦਾ ਸੀ ਕਿ ਲੋਕ ਉਹਨੂੰ ਸੁਣ ਕੇ ਦਿਲਾਸਾ ਦੇਣ। ਹਥ ਅੱਡ ਕੇ ਮੰਗਦੇ ਹੋਏ ਭਿਖਾਰੀ ਵਾਂਗ ਉਹਦੇ ਸੀਨੇ ਵਿੱਚ ਇੱਕ ਲੋੜ ਸੀ, ਬੜੀ ਹੀ ਭਾਰੀ ਲੋੜ, ਭਾਵ ਉਹਦੀ ਵਿਦਾਇਗੀ ਦਾ ਕਿਸੇ ਨੂੰ ਤਾਂ ਦੁਖ-ਦਰਦ ਮਹਿਸੂਸ ਹੋਣਾ ਚਾਹੀਦਾ ਹੈ।

ਪੀਅਰੇ ਨੂੰ ਮਾਰੋਸਕੋ ਦਾ ਧਿਆਨ ਆਇਆ। ਕੇਵਲ ਪੋਲੈਂਡ-ਨਿਵਾਸੀ ਬੁਢਾ ਹੀ ਅਜ਼ਿਹਾ ਮਨੁੱਖ ਸੀ ਜਿਹੜਾ ਉਹਨੂੰ ਪਿਆਰ ਕਰਦਾ ਸੀ ਤੇ ਜਿਹਦੇ ਦਿਲ ਵਿਚ ਉਹਦੀ ਵਿਦਇਗੀ ਕਾਰਣ ਹੌਲ ਪੈ ਸਕਦਾ ਸੀ। ਡਾਕਟਰ ਨੇ ਮਨ ਵਿੱਚ ਫੈਸਲਾ ਕਰ ਲਿਆ ਕਿ ਉਹ ਬੁੱਢੇ ਪਾਸ ਏਸੇ ਸਮੇਂ ਜਾਵੇਗਾ।

ਜਦੋਂ ਉਹ ਦੁਕਾਨ ਵਿੱਚ ਵੜਿਆ ਤਾਂ ਬੁੱਢਾ ਦਵਾਈ—ਫਰੋਸ਼ ਸੰਗੇਮਰਮਰ ਦੇ ਮਾਮ-ਜਿਸਤੇ ਵਿੱਚ ਕੋਈ ਨੁਸਖਾ ਰਗੜ ਰਿਹਾ ਸੀ। ਪੀਅਰੇ ਨੂੰ ਦੇਖ ਕੇ ਉਹਨੇ ਝਟਕੇ ਜਿਹੇ ਨਾਲ ਕੰਮ ਬੰਦ ਕਰ ਦਿੱਤਾ ਅਤੇ ਆਖਣ ਲੱਗਾ :

"ਅੱਜਕਲ ਨਜਰੀ ਨਹੀਂ ਆਉਂਦਾ ਤੂੰ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੁਆਨ ਡਾਕਟਰ ਨੇ ਉਹਨੂੰ ਸਮਝਾਇਆ ਕਿ ਉਹਦੇ ਕਰਨ ਵਾਲੇ ਕਈ ਝਮੇਲੇ ਪਏ ਸਨ। ਪਰ ਵਿਚਲੀ ਗਲ ਉਹਨੇ ਦਸੀ ਕੋਈ ਨਾ। ਬੈਠਦਿਆਂ ਪੀਅਰੇ ਨੇ ਪੁਛਿਆ :

"ਕੰਮ ਧੰਦਾ ਕਿਵੇਂ ਚਲਦਾ ਹੈ ?"

ਕੰਮਕਾਰ ਦਾ ਹਾਲ ਭੈੜਾ ਹੀ ਸੀ। ਆਪੋ ਵਿੱਚ ਮੁਕਾਬਲਾ ਬੜਾ ਜ਼ਬਰਦਸਤ ਸੀ। ਲੋਕੀਂ ਬੜੇ ਘੱਟ ਬਿਮਾਰ ਹੁੰਦੇ ਸਨ ਤੇ ਉਸ ਮੁਹੱਲੇ ਵਿੱਚ ਵਸੇਵਾ ਵੀ ਗਰੀਬ ਕਾਮੇ ਲੋਕਾਂ ਦਾ ਸੀ। ਸਸਤੀਆਂ ਦਵਾਈਆਂ ਤੋਂ ਇਲਾਵਾ ਹੋਰ ਕਿਸੇ ਦਵਾਈ ਦੀ ਵਿਕਰੀ ਨਹੀਂ ਸੀ। ਕਦੇ ਕਦਾਈਂ ਵਰਤੀਆਂ ਜ਼ਾਣ ਵਾਲੀਆਂ ਅਤੇ ਕਸੂਤੀ ਬੀਮਾਰੀ ਦੀਆਂ ਦਵਾਈਆਂ ਡਾਕਟਰ ਲਿਖਦੇ ਨਹੀਂ ਸਨ। ਪੰਜ ਛੇ ਗੁਣਾ ਨਫਾ ਤਾਂ ਇਸ ਕਿਸਮ ਦੀਆਂ ਦਵਾਈਆਂ ਦੀ ਵਿਕਰੀ ਵਿੱਚ ਹੀ ਹੁੰਦਾ ਹੈ। ਬੁੱਢੇ ਨੇ ਆਖਰ ਗੱਲ ਮੁਕਾਈ :

"ਜੇ ਤਿੰਨ ਮਹੀਨੇ ਹੋਰ ਇਹੋ ਹੀ ਹਾਲ ਰਿਹਾ ਤਾਂ ਦੁਕਾਨ ਬੰਦ ਕਰਨ ਤਕ ਨੌਬਤ ਪਹੁੰਚ ਜਾਵੇਗੀ। ਡਾਕਟਰ ਸਾਹਿਬ, ਜੇ ਮੈਨੂੰ ਤੇਰਾ ਸਹਾਰਾ ਨਾ ਹੁੰਦਾ ਤਾਂ ਹੁਣ ਤਕ ਮੈਂ ਕਦੋਂ ਦਾ ਦੁਕਾਨ ਬੰਦ ਕਰਕੇ ਬੂਟ-ਪਾਲਿਸ਼ ਕਰਨ ਲਈ ਮਜ਼ਬੂਰ ਹੋ ਜਾਂਦਾ।"

ਪੀਅਰੇ ਦੇ ਦਿਲ ਵਿੱਚ ਚੁਭਕੀ ਪਈ ਅਤੇ ਉਹਨੇ ਫੈਸਲਾ ਕਰ ਲਿਆ ਕਿ ਪੈਂਦੀ ਸੱਟੇ ਹੀ ਚੋਟ ਮਾਰ ਦੇਵੇ ਕਿਉਂਕਿ ਗੱਲ ਦੱਸਣੀ ਤਾਂ ਉਹਨੂੰ ਪੈਣੀ ਹੀ ਸੀ।

"ਓਫ, ਮੇਰਾ ਸਹਾਰਾ ? ਹੁਣ ਮੈਂ ਤੇਰੀ ਕੋਈ ਸਹਾਇਤਾ ਨਹੀਂ ਕਰ ਸਕਦਾ। ਅਗਲੇ ਮਹੀਨੇ ਦੇ ਸ਼ੁਰੂ ਵਿੱਚ ਮੈਂ ਹਾਵਰ ਨੂੰ ਅਲਵਿਦਾ ਕਹਿ ਰਿਹਾ ਹਾਂ।"

ਮਾਰੋਸਕੋ ਦੇ ਦਿਲ ਨੂੰ ਏਨਾ ਧੱਕਾ ਲੱਗਾ ਕਿ ਉਹ ਐਨਕ ਉਤਾਰ ਕੇ ਰੋ ਉੱਠਿਆ :

"ਤੂ—ਤੂੰ ! ਕੀ ਕਹਿ ਰਿਹਾ ਤੂੰ ?"

"ਅਭਾਗੇ ਦੋਸਤ, ਮੈਂ ਇਥੋਂ ਜਾ ਰਿਹਾ ਹਾਂ।"

ਬੁੱਢੇ ਆਦਮੀ ਦੇ ਖਾਨਿਉਂ ਗਈ। ਉਸ ਨੇ ਮਹਿਸੂਸ ਕੀਤਾ ਕਿ ਉਹਦੀ ਆਖਰੀ ਉਮੀਦ ਦਾ ਦੀਪ ਵੀ ਬੁਝ ਗਿਆ। ਉਹਦੇ ਦਿਲ ਵਿੱਚ ਇਸ ਆਦਮੀ ਦੇ ਵਿਰੁੱਧ ਇੱਕ ਦਮ ਨਫਰਤ ਭਰ ਗਈ। ਪੀਅਰੇ ਕਰਕੇ ਹੀ ਉਹ ਹਾਵਰ ਆਇਆ ਸੀ, ਉਹਨੂੰ ਹੀ ਉਹਨੇ ਦਿਲ ਵਿੱਚ ਵਸਾਇਆ ਸੀ ਤੇ ਉਹਦੇ ਉੱਤੇ ਉਹਦਾ ਅਥਾਹ ਭਰੋਸਾ ਸੀ। ਅੱਜ ਇਹੋ ਪੀਅਰੇ ਉਹਨੂੰ ਇੰਜ ਬੇਸਹਾਰਾ ਛੱਡ ਕੇ ਜਾ ਰਿਹਾ ਸੀ।

ਥਥਲਾ ਕੇ ਮਾਰੋਸਕੋ ਕਹਿਣ ਲੱਗਾ : "ਹੁਣ ਤੇਰੀ ਵਾਰੀ ਵੀ ਆ ਗਈ ਮੈਨੂੰ ਧੋਖਾ ਦੇਣ ਦੀ ? ਤੂੰ ਵੀ ਮੈਨੂੰ ਛੱਡ ਚਲਿਆਂ ?"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੀਅਰੇ ਦਾ ਦਿਲ ਭਰ ਆਇਆ । ਉਹਨੇ ਚਾਹਿਆ ਕਿ ਉਹ ਮਾਰੋਸਕੋ ਨੂੰ ਕਲਾਵੇ ਵਿੱਚ ਲੈ ਲਵੇ ।

"ਮੈਂ ਤੈਨੂੰ ਧੋਖਾ ਕੋਈ ਨਹੀਂ ਦੇ ਰਿਹਾ । ਏਥੇ ਮੈਨੂੰ ਕੋਈ ਮੁਨਾਸਬ ਜਗ੍ਹਾ ਨਹੀਂ ਮਿਲੀ ਜਿਥੇ ਮੈਂ ਆਪਣੀ ਪ੍ਰੈਕਟਿਸ ਜਮਾ ਸਕਾਂ । ਇਸ ਕਰਕੇ ਮੈਂ ਸਮੁੰਦਰੋਂ ਪਾਰ ਜਾਣ ਵਾਲੇ ਜਹਾਜ਼ ਵਿੱਚ ਡਾਕਟਰ ਬਣ ਕੇ ਜਾ ਰਿਹਾ ਹਾਂ ।"

"ਉਹ ਮਿਸਟਰ ਪੀਅਰੇ, ਤੂੰ ਸੱਚੇ ਦਿਲੋਂ ਵਚਨ ਦਿੱਤਾ ਸੀ ਕਿ ਤੂੰ ਸਾਰੀ ਉਮਰ ਮੇਰੀ ਸਹਾਇਤਾ ਕਰੇਂਗਾ ।"

ਉਹ ਫੇਰ ਕਹਿਣ ਲੱਗਾ:

"ਅੱਛਾ, ਕੀ ਪੀਏਂਗਾ? ਮੈਨੂੰ ਅਪਣੇ ਪੈਰਾਂ ਤੇ ਆਪ ਹੀ ਖੜਾ ਹੋਣਾ ਪਏਗਾ । ਮੇਰੇ ਕੋਲ ਤਾਂ ਫੁੱਟੀ ਕੌਡੀ ਵੀ ਨਹੀਂ ।"

ਮਾਰੋਸਕੋ ਨੇ ਗੱਲ ਨੂੰ ਦੁਹਰਾਇਆ;

"ਜੋ ਕੁਝ ਵੀ ਤੂੰ ਕਰਨ ਲੱਗਾ ਹੈਂ, ਸਭ ਗਲਤ ਹੈ, ਬਿਲਕੁਲ ਗਲਤ ਕੰਮ । ਮੇਰੇ ਵਾਸਤੇ ਹੁਣ ਰਹਿ ਕੀ ਗਿਆ ਹੈ ! ਮੈਂ ਭੁੱਖਾ ਮਰ ਜਾਵਾਂਗਾ । ਇਸ ਬੁਢਾਪੇ ਵਿਚ ਮੈਂ ਕਾਹਦੇ ਜੋਗਾ ਰਹਿ ਗਿਆ ਹਾਂ ? ਤੂੰ ਗਲਤ ਕੰਮ ਕਰ ਰਿਹਾ ਹੈਂ । ਤੂੰ ਇੱਕ ਕਮੰਬਖ਼ਤ ਗਰੀਬ ਆਦਮੀ ਨੂੰ ਛੱਡ ਰਿਹਾ ਹੈਂ ਜੋ ਤੇਰੇ ਭਰੋਸੇ ਹੀ ਇਥੇ ਆਇਆ ਹੈ । ਇਹ ਠੀਕ ਨਹੀਂ ਹੈ ।"

ਪੀਅਰੇ ਨੇ ਗੱਲ ਸਮਝਾਉਣੀ ਚਾਹੀ, ਕਾਰਣ ਦੱਸੇ ਅਤੇ ਇਹ ਸਾਬਤ ਕਰਨ ਦਾ ਜਤਨ ਕੀਤਾ ਕਿ ਉਹਦੇ ਪਾਸ ਇੰਜ ਕਰਨ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ ਰਹਿ ਗਿਆ । ਇਸ ਮੌਕੇ ਤੇ ਤਿਲਾਂਜਲੀ ਕਾਰਣ ਕ੍ਰੋਧ ਵਿਚ ਆਕੇ ਮਾਰੋਸਕੋ ਨੇ ਉਸਦੀ ਇੱਕ ਨਾ ਸੁਣੀ ਤੇ ਅਖੀਰ ਰਾਜਸੀ ਘਟਨਾਵਾਂ ਦੀਆਂ ਸਾਫ ਸਾਫ ਉਦਾਹਰਣਾ ਦੇ ਕੇ ਉਹਨੇ ਗੱਲ

੮੦

"ਤੁਸੀਂ ਫਰਾਂਸੀਸੀ ਲੋਕ ਅਪਣੀ ਜ਼ਬਾਨ ਦੇ ਕਦੇ ਪੱਕੇ ਨਾ ਰਹੇ ।"

ਪੀਅਰੇ ਖਿੱਝ ਕੇ ਉਠ ਖਲੋਇਆ ਅਤੇ ਉੱਚੀ ਆਵਾਜ਼ ਵਿਚ ਕਹਿਣ ਲੱਗਾ;

"ਤੂੰ ਅਨਿਆ ਕਰ ਰਿਹੈਂ, ਮਿਸਟਰ ਮਾਰੋਸਕੋ । ਜਿਹੜਾ ਫੈਸਲਾ ਮੈਂ ਕੀਤਾ ਹੈ, ਇਹਦੇ ਵਾਸਤੇ ਜਿਗਰੇ ਦੀ ਲੋੜ ਪੈਂਦੀ ਹੈ ਅਤੇ ਤੈਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ। ਅੱਛਾ, ਸ਼ੁਭ ਦਿਹਾੜਾ । ਮੈਂ ਉਮੀਦ ਕਰਦਾ ਹਾਂ ਕਿ ਜਦੋਂ ਅਸੀਂ ਫੇਰ ਮਿਲਾਂਗੇ ਤਾਂ ਤੂੰ ਜਾਇਜ਼ ਗੱਲ ਕਰੇਂਗਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੀਅਰੇ ਦੁਕਾਨ ਤੋਂ ਬਾਹਰ ਚਲਾ ਗਿਆ। ਉਹਨੇ ਸੋਚਿਆ,"ਮੇਰੇ ਜਾਣ ਨਾਲ ਕਿਸੇ ਨੂੰ ਵੀ ਅਸਲੀ ਦੁੱਖ ਨਹੀਂ ਹੋਵੇਗਾ।"

ਉਹਨੇ ਸਾਰੇ ਲੋਕਾਂ ਦਾ ਧਿਆਨ ਕੀਤਾ ਜਿਨ੍ਹਾਂ ਨੂੰ ਵੀ ਉਹ ਜਾਣਦਾ ਸੀ। ਉਹਦੇ ਮਨ ਵਿਚ ਜਿਹੜੇ ਚਿਹਰਿਆਂ ਦੀ ਝਲਕੀ ਪਈ, ਉਹਨਾਂ ਵਿਚਕਾਰ ਬੀਅਰ ਦੀ ਦੁਕਾਨ ਵਾਲੀ ਕੁੜੀ ਦਾ ਚਿਹਰਾ ਵੀ ਉਹਦੇ ਖਿਆਲ ਵਿਚ ਆਇਆ। ਉਸੇ ਕੁੜੀ ਨੇ ਤਾਂ ਉਹਦੇ ਦਿਲ ਵਿਚ ਮਾਂ ਬਾਰੇ ਭਰਮ ਪਾਇਆ ਸੀ।

ਪੀਅਰੇ ਨੇ ਕੁਝ ਜੋ-ਜ਼ਿੱਕ ਕੀਤੀ ਕਿਉਂਕਿ ਉਸਦੇ ਦਿਲ ਵਿਚ ਕੁੜੀ ਵਿਰੁਧ ਸੁਭਾਵਿਕ ਹੀ ਰੋਸ ਸੀ। ਫਰ ਉਹਦੇ ਖਿਆਲਾਂ ਨੇ ਇਉਂ ਪਲਟਾ ਖਾਧਾ, "ਆਖਰ ਉਹਦੀ ਗੱਲ ਤਾਂ ਸੱਚੀ ਨਿਕਲੀ"। ਪੀਅਰੇ ਨੇ ਫੈਸਲਾ ਕਰ ਲਿਆ ਕਿ ਉਹ ਉਹਦ ਘਰ ਦਾ ਥਹੁ ਪਤਾ ਮਾਲੂਮ ਕਰੇਗਾ।

ਇਤਫ਼ਾਕ ਇਹ ਹੋਇਆ ਕਿ ਬੀਅਰ ਦੀ ਦੁਕਾਨ ਲੋਕਾਂ ਨਾਲ ਮੂੰਹੋਂ ਮੂੰਹ ਭਰੀ ਸੀ। ਛੁੱਟੀ ਵਾਲਾ ਦਿਨ ਹੋਣ ਕਰਕੇ ਗਾਹਕ, ਦੁਕਾਨਦਾਰ ਅਤੇ ਮੁਲਾਜ਼ਮ ਹੱਲਾ ਮਚਾ ਰਹੇ ਸਨ, ਹੱਸ ਰਹੇ ਸਨ ਅਤੇ ਬੀਅਰ ਵਾਸਤੇ ਸ਼ੋਰ ਕਰ ਰਹੇ ਸਨ। ਦੁਕਾਨ ਦਾ ਮਾਲਕ ਖੁਦ ਆਪ ਕੰਮ ਕਰ ਰਿਹਾ ਸੀ। ਕਦੇ ਇਕ ਟੇਬਲ ਵਲ ਤੇ ਕਦੇ ਦੂਜੇ ਵਲ ਉਹ ਭੱਜ ਰਿਹਾ ਸੀ। ਖਾਲੀ ਗਲਾਸ ਉਹ ਮੋੜ ਕੇ ਲੈ ਜਾਂਦਾ ਤੇ ਝੱਗ ਨਾਲ ਉਛਲਦੇ ਭਰੇ ਗਲਾਸ ਗਾਹਕਾਂ ਅੱਗੇ ਰਖਦਾ।

ਕਾਊਂਟਰ ਦੇ ਲਾਗੇ ਜਦੋਂ ਪੀਅਰੇ ਨੂੰ ਖਾਲੀ ਜਗ੍ਹਾ ਮਿਲ ਗਈ ਤਾਂ ਉਥੇ ਹੀ ਬੈਠ ਕੇ ਉਹ ਕੁੜੀ ਦੀ ਉਡੀਕ ਕਰਨ ਲੱਗਾ। ਉਹਨੂੰ ਉਮੀਦ ਸੀ ਕਿ ਕੁੜੀ ਉਹਨੂੰ ਦੇਖ ਲਏਗੀ ਤੇ ਪਛਾਣ ਲਏਗੀ।

ਪਰ ਉਹ ਕੁੜੀ, ਅਪਣੇ ਪੇਟੀਕੋਟ ਦੀ ਝੋਲ ਨਾਲ ਦਿਲ ਭਰਮਾਂਉਂਦੀ ਅਤੇ ਬਿਨਾਂ ਅੱਖ ਮਿਲਾਇਆਂ ਉਹਦੇ ਅਗਿਉਂ ਕਈ ਵਾਰੀ ਇਧਰ ਉਧਰ ਲੰਘਦੀ ਰਹੀ।

ਅਖੀਰ ਉਹਨੇ ਇਕ ਸਿੱਕੇ ਨਾਲ ਟੇਬਲ ਤੇ ਟਿਕ ਟਿਕ ਕੀਤੀ। ਕੁੜੀ ਹਾਜ਼ਰ ਹੋ ਗਈ ਅਤੇ ਕਹਿਣ ਲੱਗੀ:

"ਕੀ ਲਉਗੇ ਜਨਾਬ?"

ਕੁੜੀ ਨੇ ਪੀਅਰੇ ਵਲ ਦੇਖਿਆ ਵੀ ਨਾ। ਉਹਦਾ ਦਿਮਾਗ ਤਾਂ ਬੀਅਰ ਦੇ ਗਲ਼ਾਸਾਂ ਦੀ ਗਿਣਤੀ ਕਰ ਰਿਹਾ ਸੀ ਜਿਹੜੇ ਉਹਨੇ ਗਾਹਕਾਂ ਨੂੰ ਦਿੱਤੇ ਸਨ।

ਪੀਅਰੇ ਬੋਲਿਆ,

"ਆਪਣੇ ਮਿਤਰਾਂ ਨੂੰ ਸ਼ੁਭ ਦਿਹਾੜਾ ਕਹਿਣ ਦਾ ਇਹ ਕੀ ਸਲੀਕਾ ਹੈ?"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁੜੀ ਨੇ ਨਜ਼ਰਾਂ ਉਹਦੇ ਵਲ ਚੁੱਕੀਆਂ ਅਤੇ ਕਾਹਲੀ ਵਿਚ ਕਹਿਣ ਲੱਗੀ:

"ਉਹ ਤੂੰ! ਅੱਜ ਤੇ ਚੰਗਾ ਭਲਾ ਲਗਦਾ ਏਂ! ਪਰ ਅੱਜ ਮੇਰਾ ਬਿਲਕੁਲ ਵਿਹਲ ਨਹੀਂ ਹੈ। ਬੀਅਰ ਪੀਏਂਗਾ?"

"ਹਾਂ, ਇੱਕ ਗਲਾਸ।"

ਜਦੋਂ ਉਹ ਬੀਅਰ ਲੈ ਆਈ ਤਾਂ ਪੀਅਰੇ ਨੇ ਗੱਲ ਅੱਗੇ ਤੋਰੀ:

"ਅਲਵਿਦਾ ਕਹਿਣ ਆਇਆ ਹਾਂ, ਮੈਂ ਇਥੋਂ ਜਾ ਰਿਹਾ ਹਾਂ।"

ਬੜੀ ਬੇਸਬਰੀ ਨਾਲ ਉਸਨੇ ਉੱਤਰ ਦਿੱਤਾ:

"ਤੂੰ, ਕਿੱਥੇ ਜਾ ਰਿਹੈਂ?

"ਅਮਰੀਕਾ!"

"ਸੁਣਿਆ, ਬੜਾ ਸੋਹਣਾ ਦੇਸ਼ ਹੈ।"

ਇਸ ਤੋਂ ਅੱਗੇ ਉਹ ਇੱਕ ਸ਼ਬਦ ਵੀ ਨਾ ਬੋਲੀ। ਅੱਜ ਵਰਗੇ ਦਿਨ ਉਹਦੇ ਨਾਲ ਗਲਬਾਤ ਛੇੜਨੀ ਪੀਅਰੇ ਵਾਸਤੇ ਬੜੀ ਭਾਰੀ ਮੂਰਖਤਾ ਸੀ ਕਿਉਂਕਿ ਦੁਕਾਨ ਵਿਚ ਏਨੇ ਤਾਂ ਲੋਕ ਸਨ।

ਪੀਅਰੇ ਸਮੁੰਦਰ ਵੱਲ ਹੋ ਤੁਰਿਆ। ਜਦੋਂ ਉਹ ਖੰਭੇ ਕੋਲ ਪਹੁੰਚਿਆ ਤਾਂ ਉਹਨੂੰ ਆਪਣੀ 'ਪਰਲ' ਕਿਸ਼ਤੀ ਆਉਂਦੀ ਨਜ਼ਰੀਂ ਪਈ ਜਿਸ ਵਿਚ ਉਹਦਾ ਪਿਤਾ ਅਤੇ ਕਪ-ਤਾਨ ਬੋਜ਼ੀਰ ਬੈਠੇ ਸਨ। ਮਲਾਹ ਪਾਪਾਗ੍ਰਿਸ ਚੱਪੂ ਚਲਾ ਰਿਹਾ ਸੀ ਤੇ ਇਹ ਦੋਵੇਂ ਪਿਛਲੀ ਸੀਟ ਤੇ ਪ੍ਰਸੰਨਚਿਤ ਬੈਠੇ ਪਾਈਪ ਤੇ ਕਸ਼ ਲਾ ਰਹੇ ਸਨ। ਉਹਨਾਂ ਨੂੰ ਲੰਘਦਿਆਂ ਵੇਖਕੇ ਪੀਅਰੇ ਦੇ ਮਨ ਵਿਚ ਖਿਆਲ ਆਇਆ "ਭੋਲੇ ਆਦਮੀਆਂ ਦਾ ਅੱਲਾ ਬੇਲੀ।"

ਸਮੁੰਦਰੀ ਲਹਿਰਾਂ ਨੂੰ ਰੋਕਣ ਵਾਲੀ ਕੰਧ ਉਪਰ ਪਏ ਇਕ ਬੈਂਚ ਤੇ ਉਹ ਬੈਠ ਗਿਆ ਅਤੇ ਪਸ਼ੂਆਂ ਵਾਲੀ ਜਾਗੋਮੀਟੀ ਵਿਚ ਬੇਸੁਰਤ ਹੋਣ ਦੀ ਕੋਸ਼ਿਸ਼ ਕਰਨ ਲੱਗਾ।

ਸ਼ਾਮੀ ਜਦੋਂ ਉਹ ਘਰ ਪਹੁੰਚਿਆ ਤਾਂ ਅੱਖਾਂ ਉਪਰ ਚੁੱਕਣ ਦੀ ਹਿੰਮਤ ਕੀਤੇ ਬਿਨਾਂ ਉਹਦੀ ਮਾਂ ਆਖਣ ਲੱਗੀ;

"ਸਫ਼ਰ ਵਾਸਤੇ ਤੈਨੂੰ ਕਈਆਂ ਚੀਜ਼ਾਂ ਦੀ ਲੋੜ ਹੋਵੇਗੀ। ਮੈਨੂੰ ਤਾ ਇਨ੍ਹਾਂ ਗੱਲਾਂ ਦੀ ਸਮਝ ਨਹੀਂ।"

ਤੇਰੇ ਕਪੜਿਆਂ ਬਾਰੇ ਮੈਂ ਦਰਜ਼ੀ ਪਾਸ ਹੋ ਆਈ ਹਾਂ। ਹੋਰ ਵੀ ਕਿਸੇ ਚੀਜ਼ ਵਸਤ ਦੀ ਲੋੜ ਹੈ? ਹੋ ਸਕਦੈ ਮੈਂ ਕਿਸੇ ਗੱਲੋਂ ਉੱਕ ਜਾਵਾਂ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਨਾ ਕਹਿਣ ਲਈ''ਕਿਸੇ ਚੀਜ਼ ਵਸਤ ਦੀ ਲੋੜ ਨਹੀਂ '' ਪੀਅਰੇ ਨੇ ਬੁਲ੍ਹ ਤੋਂ ਬੁਲ੍ਹ ਚੁੱਕਿਆ ਪਰ ਫੇਰ ਉਹਨੇ ਸੋਚਿਆ ਕਿ ਚੰਗੀ ਤਰ੍ਹਾਂ ਰਹਿਣ ਲਈ ਲੋੜੀਂਦੇ ਕਪੜੇ ਆਦਿ ਤਾਂ ਉਹਨੂੰ ਲੈ ਹੀ ਲੈਣੇ ਚਾਹੀਦੇ ਹਨ। ਉਹ ਠੰਢੀ ਆਵਾਜ਼ ਵਿਚ ਕਹਿਣ ਲੱਗਾ ;

"ਮੈਨੂੰ ਆਪ ਕੁਝ ਸਮਝ ਨਹੀ ਆਉਦੀ। ਕੰਪਨੀ ਦੇ ਦਫਤਰ ਜਾ ਕੇ ਪਤਾ ਕਰ ਆਵਾਂਗਾ।"

ਉਥੋਂ ਉਹ ਆਵਸ਼ਕ ਚੀਜ਼ਾਂ ਦੀ ਲਿਸਟ ਲੈ ਆਇਆ। ਉਹਦੇ ਕੋਲੋਂ ਲਿਸਟ ਫੜਦਿਆਂ ਮਾਂ ਨੇ ਇੱਕ ਲੰਮੇ ਸਮੇ ਪਿੱਛੋ ਉਹਦੇ ਵੱਲ ਤੱਕਿਆ। ਮਾਂ ਦੀਆਂ ਤੱਕਣੀਆਂ ਵਿੱਚ ਉਸ ਗ਼ਰੀਬ ਕੁੱਤੇ ਵਾਲੀ ਕੋਮਲ, ਗਮਗੀਨ ਅਤੇ ਦਿਲ ਹਿਲਾਉਣ ਵਾਲੀ ਆਜ਼ਜ਼ੀ ਸੀ ਜਿਸ ਨੇ ਹੁਣੇ ਹੁਣੇ ਮਾਲਕ ਪਾਸੋਂ ਮਾਰ ਖਾਧੀ ਹੋਵੇ ਤੇ ਮੁਆਫੀ ਮੰਗ ਰਿਹਾ ਹੋਵੇ।

ਅਕਤੂਬਰ ਦੀ ਪਹਿਲੀ ਤਾਰੀਖ ਲੋਰੇਨ ਜਹਾਜ਼ ਹਾਵਰ ਬੰਦਰਗਾਹ ਵਿੱਚ ਠਿਲ੍ਹ ਆਇਆ। ਜਹਾਜ਼ ਨੇ ਆਪਣੀ ਮੰਜਲ ਨਿਊਯਾਰਕ ਵਲ ਜਾਣ ਲਈ ਸੱਤ ਤਾਰੀਖ ਲੰਗਰ ਚੁਕਣੇ ਸਨ। ਪਾਅਰੇ ਨੂੰ ਜ਼ਹਾਜ਼ ਉਪਰ ਇੱਕ ਕੋਠੜੀ ਮਿਲ ਗਈ ਜਿੱਥੇ ਉਹਦੀ ਆਉਣ ਵਾਲੀ ਜਿੰਦਗੀ ਕੈਦ ਰਹਿਣੀ ਸੀ।

ਅਗਲੇ ਦਿਨ ਜਦੋਂ ਉਹ ਬਾਹਰ ਜਾ ਰਿਹਾ ਸੀ ਤਾਂ ਪੌੜੀਆ ਤੇ ਹੀ ਮਾਂ ਨਾਲ ਉਹਦਾ ਟਾਕਰਾ ਹੋ ਗਿਆ। ਉਹ ਉਹਦਾ ਇੰਤਜਾਰ ਕਰ ਰਹੀ ਸੀ। ਮੱਧਮ ਆਵਾਜ਼ ਵਿਚ ਉਹ ਗੁਣ-ਗੁਣਾਈ :

"ਜਹਾਜ਼ ਤੇ ਕੋਠੜੀ ਸਵਾਰਨ ਲਈ ਮੇਰੀ ਮੱਦਦ ਦੀ ਲੋੜ ਹੈ ?"

"ਨਹੀਂ, ਸ਼ੁਕਰੀਆ। ਸਭ ਕੁਝ ਹੋ ਗਿਆ ਹੈ।"

"ਤੇਰੀ ਕੋਠੜੀ ਦੇਖਣ ਵਾਸਤੇ ਜੀ ਬਹੁਤ ਕਰਦਾ ਹੈ।" ਉਹਨੇ ਹੋਲੀ ਜਿਹੇ ਕਿਹਾ।

"ਉਹ ਜਾ ਕੇ ਦੇਖਣ ਦੇ ਲਾਇਕ ਨਹੀਂ। ਬੜੀ ਕੋਝੀ ਅਤੇ ਤੰਗ ਹੈ।"

ਏਨਾ ਕਹਿ ਕੇ ਉਹ ਅੱਗੇ ਤੁਰ ਗਿਆ ਅਤੇ ਮਾਂ ਨੂੰ ਬੇਸੁਧ ਕਰਕੇ ਉਥੇ ਹੀ ਛੱਡ ਗਿਆ। ਉਹ ਕੰਧ ਨਾਲ ਲੱਗੀ ਹੋਈ ਸੀ। ਉਹਦੇ ਮੂੰਹ ਉਤੇ ਮੌਤ ਵਰਗੀ ਪਲੱਤਣ ਫਿਰ ਗਈ।

ਰੋਲੈਂਡ ਨੇ 'ਲੋਰੇਨ' ਜਹਾਜ਼ ਓਸੇ ਦਿਨ ਹੀ ਦੇਖਿਆ ਸੀ। ਸ਼ਾਮ ਦੀ ਰੋਟੀ ਵੇਲੇ ਉਹ ਬੱਸ ਇਸੇ ਆਲੀਸ਼ਾਨ ਜਹਾਜ਼ ਦੀਆਂ ਸਿਫਤਾਂ ਕਰਦਾ ਰਿਹਾ। ਉਹਨੂੰ ਇਸ ਗੱਲ ਦੀ ਬੜੀ ਹੈਰਾਨੀ ਹੋਈ ਕਿ ਉਹਦੀ ਪਤਨੀ ਉਹ ਜਹਾਜ਼ ਦੇਖਣ ਦੀ ਕੋਈ ਚਾਹਨਾ ਨਹੀ ਰੱਖਦੀ, ਜਿਸ ਜਹਾਜ ਵਿੱਚ ਉਨ੍ਹਾਂ ਦੇ ਪੁੱਤਰ ਨੇ ਜਾਣਾ ਸੀ।

ਅਗਲੇ ਕੁਝ ਦਿਨ ਪੀਅਰੇ ਘੱਟ ਵੱਧ ਹੀ ਘਰ ਰਿਹਾ। ਉਹ ਥੋੜ੍ਹਾ ਜਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਬਰਾਇਆ ਹੋਇਆ ਵੀ ਸੀ। ਸੁਭਾ ਉਹਦਾ ਚਿੜਚਿੜਾ ਅਤੇ ਹੋਰ ਵੀ ਕੌੜਾ ਹੋ ਗਿਆ ਸੀ। ਉਹਦੀਆਂ ਨਿਰਦਈ ਗੱਲਾ ਸਭ ਦੇ ਸੀਨੇ ਚੀਰਨ ਲੱਗੀਆਂ। ਪਰ ਰਵਾਨਾ ਹੋਣ ਤੋਂ ਪਹਿਲੀ ਰਾਤ ਅਚਾਨਕ ਉਹ ਬਦਲਿਆ ਹੋਇਆ ਅਤੇ ਮਿੱਠਾ ਦਿੱਸਣ ਲੱਗਾ। ਜਹਾਜ਼ ਉਪਰ ਸੌਣ ਤੋਂ ਪਹਿਲਾਂ ਅਜ ਪਹਿਲੀ ਵਾਰ ਉਹ ਆਪਣੇ ਮਾਤਾ ਪਿਤਾ ਨੂੰ ਗੱਲ ਲੱਗ ਕੇ ਮਲ ਰਿਹਾ ਸੀ। ਉਹਨੇ ਆਖਿਆ ;

"ਕੱਲ੍ਹ ਤੁਸੀਂ ਮੈਨੂੰ ਅਲਵਿਦਾ ਕਹਿਣ ਲਈ ਜਹਾਜ਼ ਤੇ ਆਉਗੇ ?"

"ਹਾਂ , ਹਾਂ , ਜਰੂਹ, ਕਿਉਂ ਲੂਈ, ਚਲਾਂਗੇ ਨਾ ?"

ਮੱਧਮ ਆਵਾਜ਼ ਵਿੱਚ ਉਹਨੇ ਉੱਤਰ ਦਿੱਤਾ, "ਜ਼ਰੂਰ"।

ਪੀਅਰੇ ਨੇ ਗੱਲ ਜਾਰੀ ਰੱਖੀ ;

"ਠੀਕ ਗਿਆਰਾਂ ਵਜੇ ਅਸੀਂ ਚੱਲਣਾ ਹੈ। ਸਾਢੇ ਨੌ ਵਜੇ ਤੋ' ਪਹਿਲਾਂ ਪਹਿਲਾਂ ਤੁਸੀਂ ਜਰੂਰ ਉੱਥੇ ਪਹੁੰਚ ਜਾਣਾ।"

ਰੋਲੈਂਡ ਕੂਕਿਆ, "ਮੇਰੀ ਇੱਕ ਹੋਰ ਸਕੀਮ ਹੈ। ਤੈਨੂੰ ਵਿਦਾ ਕਰਕੇ ਅਸੀਂ ਜਲਦੀ ਜਲਦੀ ਉਥੋਂ ਨਿਕਲ ਤੁਰਾਂਗੇ ਅਤੇ ਆਪਣੀ 'ਪਰਲ' ਕਿਸ਼ਤੀ ਉਪਰ ਸਵਾਰ ਹੋ ਕੇ ਬੰਦਰਗਾਹ ਤੋਂ ਦੂਰ ਖੁਲ੍ਹੇ ਸਮੁੰਦਰ ਵਿਚ ਤੇਰੀ ਉਡੀਕ ਕਰਾਂਗੇ। ਉੱਥੇ ਤੈਨੂੰ ਆਖਰੀ ਵਾਰ ਫੇਰ ਦੇਖਾਂਗੇ। ਕਿਉ ਲੂਈ, ਕੀ ਸਲਾਹ ਹੈ ?"

"ਬਿਲਕੁਲ ਠੀਕ।"

ਰੋਲੈਂਡ ਨੇ ਗੱਲ ਅੱਗੇ ਤੋਰੀ ;

"ਇਸ ਤਰੀਕੇ ਨਾਲ ਅਸੀਂ ਭੀੜ ਵਿੱਚ ਤੇਰੀ ਨਜ਼ਰ ਤੋਂ ਉਹਲੇ ਨਹੀਂ ਹੋ ਸਕਾਂਗੇ ਕਿਉਂਕਿ ਜਹਾਜ਼ਾਂ ਦੇ ਚੱਲਣ ਵੇਲੇ ਘ੍ਰਹੀ ਤੇ ਕਾਫੀ ਭੀੜ ਹੋ ਜਾਂਦੀ ਹੈ। ਏਨੀ ਭੀੜ ਵਿੱਚ ਆਪਣੇ ਪਿਆਰੇ ਕਦੋਂ ਨਜ਼ਰ ਆਉਂਦੇ ਹਨ। ਇਹ ਠੀਕ ਰਹੇਗਾ ?"

"ਹਾ, ਚੱਲੋ , ਇਹ ਇੰਤਜਾਮ ਠੀਕ ਹੈ"। ਪੀਅਰੇ ਨੇ ਕਿਹਾ।

ਇਸ ਤੋਂ ਇੱਕ ਘੰਟੇ ਬਾਅਦ ਪੀਅਰੇ ਇਕ ਲੰਮੇ, ਤੰਗ ਅਤੇ ਮੁਰਦੇ ਦੀ ਸੀੜ੍ਹੀ ਵਰਗੇ ਮਲਾਹੀ ਬਿਸਤਰੇ ਉਪਰ ਪਿਆ ਸੀ। ਕਾਫ਼ੀ ਦੇਰ ਤਕ ਉਹ ਅੱਖਾ ਖੋਲ ਕੇ ਲਿਟਿਆ ਰਿਹਾ ਅਤੇ ਪਿਛਲੇ ਦੋ ਮਹੀਨਿਆਂ ਵਿੱਚ ਜੋ ਕੁਝ ਉਹਦੇ ਜੀਵਨ ਵਿੱਚ ਤੇ ਇਸ ਤੋਂ ਵੀ ਵੱਧ ਉਹਦੀ ਆਤਮਾ ਵਿੱਚ ਵਾਪਰਿਆ ਸੀ ਉਹਦੇ ਬਾਰੇ ਸੋਚਦਾ ਰਿਹਾ। ਭਾਵੇ ਉਹਨੇ ਦੁਖ ਝਲਿਆ ਸੀ ਅਤੇ ਦੂਜਿਆਂ ਨੂੰ ਸਤਾਇਆ ਸੀਂ, ਪਰ ਹੁਣ ਉਹਦੀ ਕੁੜੱਤਨ ਅਤੇ ਬਦਲੇ ਦੀ ਸਾਰੀ ਭਾਵਨਾ ਝੱਗ ਦੀ ਲਹਿਰ ਵਾਂਗ ਮਿਟ ਚੁੱਕੀ ਸੀ। ਕਿਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਅਤੇ ਕਿਸੇ ਗੱਲੋਂ' ਵੀ ਹੁਣ ਉਹਦੇ ਵਿਚ ਗੁੱਸੇ ਹੋਣ ਦਾ ਹੌਸਲਾ ਨਾ ਰਿਹਾ। ਆਪਣੇ ਜੀਵਨ ਵਾਂਗ ਉਹਨੇ ਆਪਣੇ ਗੁੱਸੇ ਨੂੰ ਡੱਕੇ ਡੋਲੇ ਖਾਣ ਦਿੱਤਾ। ਦਿਲ ਦੀ ਕਸ਼ਮਕਸ਼ ਕਰਕੇ ਦੂਜਿਆਂ ਤੇ ਚੋਟਾਂ ਮਾਰ ਮਾਰ ਕੇ, ਨਫ਼ਰਤ ਦੇ ਜਜ਼ਬੇ ਕਾਰਣ, ਗੱਲ ਕੀ ਸਭ ਪਾਸਿਉਂ ਉਹ ਏਨਾ ਤੰਗ ਆ ਗਿਆ ਸੀ ਕਿ ਉਹਦੇ ਵਿੱਚ ਇਨ੍ਹਾਂ ਗੱਲਾਂ ਨੂੰ ਹੋਰ ਬਰ-ਦਾਸ਼ਤ ਕਰਨ ਦਾ ਮਾਦਾ ਬਾਕੀ ਨਾ ਰਿਹਾ। ਉਹ ਕੋਸ਼ਿਸ਼ ਕਰਨ ਲੱਗਾ ਕਿ ਉਹਦਾ ਦਿਲ ਸਭ ਕੁਝ ਭੁੱਲ ਭੁਲਾ ਕੇ ਸ਼ਾਂਤ ਹੋ ਜਾਵੇ ਜਿਵੇਂ ਨੀਂਦ ਵੇਲੇ ਹੋ ਜਾਂਦਾ ਹੈ। ਆਪਣੇ ਆਲੇ-ਦੁਆਲੇ ਪੀਅਰੇ ਜਹਾਜ਼ ਦੀਆਂ ਅਜੀਬ ਆਵਾਜ਼ਾਂ ਸੁਣਨ ਲੱਗਾ। ਬੰਦਰਗਾਹ ਵਿੱਚ ਰਾਤ ਦੀ ਸ਼ਾਂਤੀ ਹੋਣ ਕਰਕੇ ਇਹ ਆਵਾਜ਼ਾਂ ਵੀ ਨਿਮ੍ਹੀਆਂ ਨਿਮ੍ਹੀਆਂ ਸਨ ਤੇ ਮੁਸ਼ਕਲ ਨਾਲ ਹੀ ਸੁਣਾਈ ਦੇਂਦੀਆਂ ਸਨ। ਉਹਦੇ ਦਿਲ ਵਿਚਲਾ ਜ਼ਖਮ ਜਿਹੜਾ ਇਸ ਵੇਲੇ ਤਕ ਪੱਛਿਆ ਹੋਇਆ ਸੀ, ਹੁਣ ਸੁੱਕੇ ਹੋਏ ਫੋੜੇ ਵਾਂਗ ਕੇਵਲ ਥੋੜ੍ਹਾ ਜਿੰਨਾਂ ਹੀ ਦਰਦ ਕਰਦਾ ਸੀ।

ਪੀਅਰੇ ਉਦੋਂ ਤੱਕ ਘੂਕ ਸੁੱਤਾ ਰਿਹਾ ਜਦੋਂ ਤੱਕ ਕਿ ਮਲਾਹਾਂ ਦੀ ਹੱਲਚੱਲ ਨੇ ਉਹਨੂੰ ਜਗਾ ਨਾ ਦਿੱਤਾ। ਦਿਨ ਚੜ੍ਹ ਰਿਹਾ ਸੀ। ਪੈਰਿਸ ਤੋਂ ਮੁਸਾਫਰਾਂ ਦੀ ਭਰੀ ਗੱਡੀ ਬੰਦਰਗਾਹ ਤੇ ਪਹੁੰਚ ਚੁੱਕੀ ਸੀ।

ਫੇਰ ਉਹ ਜਹਾਜ਼ ਵਿਚਲੇ ਲੋਕਾਂ ਦੇ ਭੀੜ ਭੜੱਕੇ ਵਿਚ ਏਧਰ ਉਧਰ ਘੁੰਮਣ ਲੱਗਾ। ਸਮੁੰਦਰੀ ਸਫਰ ਸ਼ੁਰੂ ਹੋਣ ਵਾਲੇ ਰਾਮਰੌਲੇ ਵਿਚ ਲੋਕ ਇੱਕ ਦੂਜੇ ਨੂੰ ਹਾਕਾਂ ਮਾਰ ਰਹੇ ਸਨ, ਹਾਕਾਂ ਦਾ ਜਵਾਬ ਦਿਤਾ ਜਾ ਰਿਹਾ ਸੀ ਅਤੇ ਪੁਛਗਿਛ ਕਰਦੇ ਅਪਣੇ ਅਪਣੇ ਕਮਰੇ ਲੱਭ ਰਹੇ ਸਨ। ਪੀਅਰੇ ਨੇ ਆਪਣੇ ਕਪਤਾਨ ਨੂੰ ਸਲੂਟ ਕੀਤਾ ਤੇ ਆਪਣੇ ਸਾਥੀ ਲੇਖਾ ਅਧਿਕਾਰੀ ਨਾਲ ਹੱਥ ਮਿਲਾਇਆ। ਇਸ ਤੋਂ ਬਾਅਦ ਉਹ ਉਸ ਕਮਰੇ ਵਿੱਚ ਵੜਿਆ ਜਿੱਥੋਂ ਅੰਗਰੇਜ਼ ਲੋਕ ਨੁਕਰਾਂ ਵਿੱਚ ਬੈਠੇ ਊਂਘ ਰਹੇ ਸਨ। ਇਹ ਇੱਕ ਵੱਡਾ ਕਮਰਾ ਸੀ ਜਿਸ ਦੀਆਂ ਸੰਗੇਮਰਮਰ ਦੀਆਂ ਕੰਧਾ ਤੇ ਸੁਨਹਿਰੀ ਬਾਡਰ ਖਣਿਆ ਹੋਇਆ ਸੀ। ਇਸ ਵਿੱਚ ਲੰਬੇ ਟੇਬਲਾਂ ਦੀ ਇਕ ਲਾਈਨ ਅਤੇ ਉਹਨਾਂ ਦੀ ਦੋਹੀਂ ਪਾਸੀਂ ਲਾਲ ਮਖਮਲ ਨਾਲ ਢਕੀਆਂ ਘੁੰਮਣ ਵਾਲੀਆਂ ਕੁਰਸੀਆਂ ਪਈਆਂ ਸਨ।

ਚਮਕਦੀਆਂ ਚੀਜ਼ਾਂ ਤੇ ਲਿਸ਼ਕਾਰਾ ਪੈਣ ਕਰਕੇ ਲੰਮਾ ਕਮਰਾ ਹੋਰ ਵੀ ਵੱਡਾ ਜਾਪ ਰਿਹਾ ਸੀ। ਜਹਾਜ਼ ਦਾ ਇਹ ਵੱਡਾ ਹਾਲ ਕਮਰਾ ਸੀ ਜਿਥੇ ਸਭ ਮਹਾਂਦੀਪਾਂ ਦੇ ਅਮੀਰ ਲੋਕਾਂ ਨੇ ਮਿਲ ਕੇ ਖਾਣਾ ਖਾਣਾ ਸੀ। ਇਸ ਹਾਲ ਕਮਰੇ ਦੀ ਅਮੀਰੀ ਅਤੇ ਐਸ਼ਵਰਜ ਵੱਡੇ ਵੱਡੇ ਹੋਟਲਾਂ ਅਤੇ ਥੀਏਟਰਾਂ ਵਰਗੀ ਸੀ। ਇਹ ਚਮਕ ਦਮਕ ਸਾਫ ਨਜ਼ਰੀਂ ਆਉਂਦੀ ਸੀ ਤੇ ਆਪਣਾ ਪ੍ਰਗਟਾਵਾ ਆਪ ਕਰ ਰਹੀ ਸੀ। ਇਹੋ ਜਿਹੀ ਸ਼ਾਨ ਸ਼ੌਕਤ ਲਖਪਤੀ ਲੋਕਾਂ ਦੀਆਂ ਅੱਖਾਂ ਨੂੰ ਬੜੀ ਸੁਹਾਵੀ ਲਗਦੀ ਹੈ। ਡਾਕਟਰ ਅਗਲੀ ਕੋਠੜੀ ਵਿਚ ਵੜਨ ਲੱਗਾ ਸੀ ਜਦੋਂ ਉਹਨੂੰ ਯਾਦ ਆਇਆ ਕਿ ਪਿਛਲੀ ਰਾਤ ਵਿਦੇਸ਼ ਜਾਣ ਵਾਲੇ ਆਦਮੀਆਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਇੱਜੜ ਜਹਾਜ਼ ਤੇ ਚੜ੍ਹਿਆ ਸੀ। ਇਸ ਟੋਲੇ ਨੂੰ ਦੇਖਣ ਲਈ ਉਹ ਜਹਾਜ਼ ਦੇ ਤਹਿ-ਖਾਨੇ ਵਿਚ ਚਲਾ ਗਿਆ। ਜਦੋਂ ਉਹ ਉਥੇ ਵੜਿਆ ਤਾਂ ਦਲਿਦਰੀ ਅਤੇ ਆਜ਼ਜ਼ ਮਨੁੱਖਤਾ ਦੀ ਸੜਾਂਦ ਨੇ ਉਹਦਾ ਜੀਅ ਕੱਚਾ ਕੱਚਾ ਕਰ ਦਿੱਤਾ। ਆਦਮ ਬੋ ਪਸ਼ੂਆਂ ਦੀ ਬੋ ਨਾਲੋਂ ਵੀ ਬਹੁਤੀ ਦੁਖਦਾਇੱਕ ਸੀ। ਕੋਲੇ ਦੀ ਖਾਨ ਦੀਆਂ ਗੈਲਰੀਆਂ ਵਰਗੀ ਸਾਹ ਘੁਟਵੀਂ ਅਤੇ ਘੁੱਪ ਹਨ੍ਹੇਰੀ ਸੁਰੰਗ ਵਿਚ, ਉਹਨੇ ਸੈਂਕੜੇ ਮਰਦ ਇਸਤਰੀਆਂ ਅਤੇ ਬੱਚੇ ਦੇਖੇ। ਉਨ੍ਹਾਂ ਵਿਚੋਂ ਕੁਝ ਫਟਿੱਆਂ ਤੇ ਇੱਕ ਦੂੱਜੇ ਉਤੇ ਪਏ ਸਨ। ਬਾਕੀ ਦੇ ਹੇਠਾਂ ਫਰਸ਼ ਉਤੇ ਢੇਰ ਹੋਏ ਰੁਲਦੇ ਸਨ। ਹਨੇਰੇ ਵਿਚ ਉਨ੍ਹਾਂ ਦੇ ਚੇਹਰੇ ਭਾਵੇਂ ਨਖੇੜ ਕੇ ਨਹੀਂ ਦੇਖੇ ਜਾ ਸਕਦੇ ਸਨ, ਪਰ ਚੀਥੜਿਆਂ ਨਾਲ ਢਕੀ ਹੋਈ ਭੀੜ ਸਾਫ ਨਜ਼ਰ ਆਉਂਦੀ ਸੀ। ਇਹ ਭੀੜ ਉਨ੍ਹਾਂ ਬਦਨਸੀਬ, ਥੱਕੇ ਟੁੱਟੇ ਅਤੇ ਕੁਚਲੇ ਹੋਏ ਆਦਮੀਆਂ ਦੀ ਸੀ ਜਿਨ੍ਹਾਂ ਤੇ ਜ਼ਿਦਗੀ ਬੋਝ ਬਣ ਚੁਕੀ ਸੀ। ਇਹ ਆਦਮੀ, ਸੁਕੀਆਂ ਸੜੀਆਂ ਜਨਾਨੀਆਂ ਅਤੇ ਭੁੱਖੇ ਨੰਗੇ ਬਾਲਾਂ ਸਮੇਤ ਵਿਦੇਸ਼ਾਂ ਨੂੰ ਨਿਕਲ ਤੁਰੇ ਸਨ ਜਿੱਥੇ ਸ਼ਾਇਦ ਉਨ੍ਹਾਂ ਨੂੰ ਉਮੀਦ ਸੀ ਕਿ ਉਹ ਭੁੱਖੇ ਨਹੀਂ ਮਰਨਗੇ।

ਇਹਨਾਂ ਆਦਮੀਆਂ ਦੀ ਅਜਾਈ ਮਿਹਨਤ ਅਤੇ ਬੇਕਾਰ ਉਪਰਾਲਿਆਂ ਦਾ ਪੀਅਰੇ ਨੂੰ ਖਿਆਲ ਆਇਆ। ਹਰ ਸਵੇਰ ਸ਼ੁਰੂ ਕੀਤੀ ਅਸਫਲ ਜਦੋ ਜ਼ਹਿਦ ਦਾ ਅਤੇ ਇਹਨਾਂ ਬਦਬਖਤਾਂ ਦੇ ਮਾਰੇ ਹੋਏ ਹੰਭਲਿਆ ਦਾ ਵੀ ਉਹਨੂੰ ਅਹਿਸਾਸ ਹੋਇਆ। ਇਹ ਲੋਕ ਹੁਣ ਨਵੇਂ ਸਿਰਿਉਂ ਜੀਵਨ ਦਾ ਮੁੱਢ ਬੰਨ੍ਹਣ ਲਈ ਫੇਰ ਉਪਰਾਲੇ ਕਰਨਗੇ। ਕਿੱਥੇ ਅਤੇ ਕਿੱਦਾਂ ਕਰਨਗੇ, ਇਸ ਗੱਲ ਦਾ ਇਨ੍ਹਾਂ ਨੂੰ ਕੋਈ ਇਲਮ ਨਹੀਂ ਸੀ। ਜਿਉਂ ਹੀ ਪੀਅਰੇ ਨੂੰ ਇਸ ਸਾਰੀ ਬਕਬਖਤੀ ਦੀ ਭਿਆਨਕ ਹੋਂਦ ਦਾ ਧਿਆਨ ਆਇਆ ਤਾਂ ਉਹ ਭਾਵੁਕ ਮਨ ਨਾਲ ਚੀਕ ਮਾਰਕੇ ਇਹਨਾਂ ਸਭ ਲੋਕਾਂ ਨੂੰ ਕਹਿਣਾ ਚਾਹੁੰਦਾ ਸੀ, "ਆਪਣੇ ਬੀਵੀ ਬੱਚਿਆਂ ਸਮੇਤ ਸਮੁੰਦਰ ਵਿਚ ਛਾਲ ਮਾਰਕੇ ਇਸ ਦੁਖਾਂਤ ਦਾ ਅੰਤ ਕਰ ਦਿਉ।" ਤਰਸ ਕਾਰਨ ਡਾਕਟਰ ਦੇ ਦਿਲ ਨੂੰ ਏਨੇ ਡੋਬੂ ਪਏ ਕਿ ਓਹ ਹੋਰ ਸਹਿਣ ਨਾ ਕਰ ਸਕਿਆ ਅਤੇ ਉਥੋਂ ਚਲਾ ਗਿਆ।

ਉਹਦਾ ਪਿਤਾ, ਉਹਦੀ ਮਾਂ, ਉਹਦਾ ਭਰਾ ਅਤੇ ਰੋਜ਼ਮਿਲੀ ਪਹਿਲਾਂ ਹੀ ਉਹਦੀ ਕੋਠੜੀ ਵਿਚ ਇੰਤਜ਼ਾਰ ਕਰ ਰਹੇ ਸਨ।

"ਏਨੀ ਛੇਤੀ?" ਪੀਅਰੇ ਨੇ ਆਖਿਆ। ਸ਼੍ਰੀਮਤੀ ਰੋਲੈਂਡ ਨੇ ਉਤਰ ਦਿੱਤਾ:

"ਹਾਂ, ਅਸੀਂ ਸੋਚਿਆ ਕਿ ਤੇਰੇ ਕੋਲ ਬੈਠਣ ਦਾ ਅਤੇ ਤੈਨੂੰ ਮਿਲਣ ਦਾ ਕੁਝ ਸਮਾਂ ਤਾਂ ਮਿਲ ਜਾਵੇ।"

ਪੀਅਰੇ ਨੇ ਮਾਂ ਵੱਲ ਤੱਕਿਆ। ਉਹ ਕਾਲੇ ਕਪੜਿਆਂ ਵਿੱਚ ਸੀ ਜਿਵੇਂ ਸੋਗ ਤੇ ਆਈ ਹੋਵੇ। ਅਚਾਨਕ ਹੀ ਉਹਦੀ ਨਜ਼ਰ ਮਾ ਦੇ ਵਾਲਾਂ ਤੇ ਪਈ ਜਿਹੜੇ ਮਹੀਨਾ ਪਹਿਲਾਂ ਭੂਰੇ ਸਨ ਪਰ ਹੁਣ ਬਿਲਕੁਲ ਚਿੱਟੇ ਹੋ ਗਏ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੌਂਹ ਜਣਿਆਂ ਨੂੰ ਆਪਣੀ ਤੰਗ ਕੋਠੜੀ ਵਿੱਚ ਬਿਠਾਉਣਾ ਉਹਦੇ ਲਈ ਮੁਸ਼ਕਲ ਹੋ ਗਿਆ। ਇਸ ਕਰਕੇ ਉਹ ਆਪ ਆਪਣੀ ਸੌਣ ਵਾਲੀ ਸੀਟ ਤੇ ਬੈਠ ਗਿਆ। ਖੁਲ੍ਹੇ ਬੂਹੇ ਵਿਚੀਂ ਉਨ੍ਹਾਂ ਨੇ ਏਡੀ ਭੀੜ ਦੇਖੀ ਜਿੰਨੀ ਛੁੱਟੀ ਵਾਲੇ ਦਿਨ ਬਜ਼ਾਰਾਂ ਵਿੱਚ ਹੁੰਦੀ ਹੈ। ਜਾਣ ਵਾਲੇ ਮੁਸਾਫਰਾਂ ਦੇ ਦੋਸਤਾਂ ਮਿੱਤਰਾਂ ਨੇ ਅਤੇ ਦਰਸ਼ਕਾ ਦੀ ਫੌਜ ਨੇ ਜਹਾਜ਼ ਤੇ ਧਾਵਾ ਬੋਲਿਆ ਹੋਇਆ ਸੀ। ਬਰਾਂਡਿਆਂ ਵਿੱਚ, ਹਾਲ ਕਮਰੇ ਵਿੱਚ, ਗੱਲ ਕੀ ਹਰ ਥਾਂਹ ਉਹ ਤੁਰੇ ਫਿਰਦੇ ਸਨ। ਕੁਝ ਲੋਕ ਕੱਛੂ ਵਾਂਗ ਧੌਣ ਕਢ ਕੇ ਪੀਅਰੇ ਦੇ ਕਮਰੇ ਵਿੱਚ, ਝਾਤੀ ਮਾਰਦੇ ਤੇ ਪਿਛਿਤੋਂ ਝਟ ਆਵਾਜ਼ ਆਉਂਦੀ ਸੀ, "ਇਹ ਤਾਂ ਡਾਕਟਰ ਦਾ ਕਮਰਾ ਹੈ।"

ਪੀਅਰੇ ਨੇ ਬੂਹਾ ਬੰਦ ਕਰ ਦਿੱਤਾ। ਪਰ ਜਦੋਂ ਆਪਣੇ ਘਰ ਵਾਲਿਆ ਨਾਲ ਉਹਨੇ ਅਪਣੇ ਆਪ ਨੂੰ ਬੰਦ ਕਮਰੇ ਵਿੱਚ ਮਹਿਸੂਸ ਕੀਤਾ ਤਾਂ ਉਹਦਾ ਦਿਲ ਕੀਤਾ ਕਿ ਦਰਵਾਜ਼ਾ ਮੁੜਕੇ ਖੋਲ੍ਹ ਦੇਵੇ ਕਿਉਂਕਿ ਉਨ੍ਹਾਂ ਦੀ ਚੁੱਪ ਅਤੇ ਅੰਦਰੂਨੀ ਦੁਵਿਧਾ ਬੰਦ ਕਮਰੇ ਵਿਚ ਹੋਰ ਵੱਧ ਗਈ ਸੀ।

ਆਖਰ ਰੋਜ਼ਮਿੱਲੀ ਨੇ ਬੋਲਣ ਦਾ ਹੌਸਲਾ ਕੀਤਾ:

"ਇਨ੍ਹਾਂ ਬਾਰੀਆਂ ਵਿੱਚੋਂ ਬੜੀ ਘੱਟ ਹਵਾ ਆਉਂਦੀ ਹੈ।"

"ਇਹ ਤਾਂ ਭਾਫ ਅਤੇ ਪਾਣੀ ਲੰਘਣ ਵਾਸਤੇ ਛੇਦ ਹਨ।" ਪੀਅਰੇ ਨੇ ਜਵਾਬ ਦਿੱਤਾ।

ਫੇਰ ਉਹਨੇ ਇੱਕ ਮੋਟੇ ਜਿਹੇ ਸ਼ੀਸ਼ੇ ਵੱਲ ਸੰਕੇਤ ਕੀਤਾ ਜਿਹਦੇ ਉਤੇ ਜ਼ਬਰਦਸਤ ਝਟਕਿਆਂ ਦਾ ਵੀ ਕੋਈ ਅਸਰ ਨਹੀਂ ਸੀ ਹੋ ਸਕਦਾ। ਸ਼ੀਸ਼ਾ ਬੰਦ ਕਰਨ ਦਾ ਤਰੀਕਾ ਵੀ ਉਹਨੇ ਸਮਝਾਇਆ।

ਹੁਣ ਰੋਲੈਂਡ ਨੇ ਸਵਾਲ ਕੀਤਾ:

"ਤੂੰ ਆਪਣੀਆਂ ਦਵਾਈਆਂ ਵੀ ਏਥੇ ਹੀ ਰੱਖੀਆਂ ਹੋਈਆਂ ਹਨ?"

ਡਾਕਟਰ ਨੇ ਇੱਕ ਦਰਾਜ਼ ਖੋਲ੍ਹਿਆ ਜਿਹਦੇ ਵਿੱਚ ਸ਼ੀਸ਼ੀਆਂ ਦੀਆਂ ਕਤਾਰਾਂ ਲਗੀਆਂ ਹੋਈਆਂ ਸਨ। ਸ਼ੀਸ਼ੀਆਂ ਉਪਰ ਲਾਤੀਨੀ ਭਾਸ਼ਾ ਵਿੱਚ ਲੇਬਲ ਚਿਪਕੇ ਹੋਏ ਸਨ। ਉਹਨੇ ਇੱਕ ਸ਼ੀਸ਼ੀ ਚੁੱਕੀ ਅਤੇ ਇਹਦੀ ਮਿਲਾਵਟ ਵਾਲੀਆਂ ਚੀਜ਼ਾਂ ਦੇ ਗੁਣ ਦੱਸੇ। ਇਸੇ ਤਰ੍ਹਾਂ ਦੂਜੀ ਤੇ ਫੇਰ ਤੀਜੀ ਦਾ। ਹੋਰ ਕਈ ਦਵਾਈਆਂ ਦੀਆਂ ਸਵਸਥ ਕਰਨ ਵਾਲੀਆਂ ਖਾਸੀਅਤਾਂ ਦੀ ਵੀ ਉਹਨੇ ਵਿਆਖਿਆ ਕੀਤੀ ਜਿਹਤੀ ਸਭ ਨੇ ਬੜੇ ਧਿਆਨ ਨਾਲ ਸੁਣੀ।

ਰੋਲੈਂਡ ਨੇ ਸਿਰ ਹਿਲਾਉਂਦਿਆਂ ਕਿਹਾ: "ਕਿਉਂ, ਹੈ ਰੋਚਕ ਕਿ ਨਹੀਂ?" ਸਹਿਜੇ ਜਿਹੇ ਦਰਵਾਜ਼ਾ ਖੜਕਿਆ। "ਆ ਜਾਉ ਅੰਦਰ।" ਪੀਅਰੇ ਉੱਚੀ ਬੋਲਿਆ। ਕਪਤਾਨ ਬੋਜੀਰ ਅੰਦਰ ਵੜਿਆ। ਹੱਥ ਅੱਗੇ ਕਰਦਿਆਂ ਉਹਨੇ ਆਖਿਆ:

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਮੈਂ ਜਾਣ ਬੁਝ ਕੇ ਦੇਰ ਨਾਲ ਆਇਆ ਹਾਂ ਕਿ ਮੇਰੀ ਹਾਜ਼ਰੀ ਕਾਰਣ ਪਰਵਾਰ ਵਿੱਚ ਰੁਖਸਤ ਵੇਲੇ ਕੋਈ ਵਿਘਨ ਨਾ ਪਵੇ।"

ਉਹਨੂੰ ਵੀ ਸੌਣ ਵਾਲੀ ਸੀਟ ਤੇ ਹੀ ਬੈਠਣਾ ਪਿਆ। ਇਕ ਵਾਰੀ ਫੇਰ ਚੁਪ ਵਰਤ ਗਈ।

ਅਚਾਨਕ ਹੀ ਕਪਤਾਨ ਬੋਜੀਰ ਨੇ ਕੰਨ ਚੁਕੇ। ਪਾਰਟੀਸ਼ਨ ਵਿਚ ਕੋਈ ਹੁਕਮ ਉਹਦੇ ਕੰਨੀ ਪਿਆ ਉਹ ਕਹਿਣ ਲੱਗਾ :

"ਜੇਕਰ ਅਸੀ ਕਿਸ਼ਤੀ ਫੜ ਕੇ ਖੁਲ੍ਹੇ ਸਮੁੰਦਰ ਤੇ ਪੀਅਰੇ ਨੂੰ ਅਲਵਿਦਾ ਕਹਿਣੀ ਹੈ ਤਾਂ ਸਾਡੇ ਜਾਣ ਦਾ ਸਮਾਂ ਹੋ ਗਿਆ ਹੈ।"

ਰੋਲੈਂਡ ਨੇ ਉਚੇਚੇ ਤੌਰ ਤੇ ਇਹ ਯੋਜਨਾ ਬਣਾਈ ਸੀ। ਇੰਜ ਕਰਨ ਨਾਲ ਉਹ ਹੁਣ 'ਲੋਰੇਨ' ਜਹਾਜ਼ ਦੇ ਮੁਸਾਫਰਾਂ ਨੂੰ ਵੀ ਪਰਭਾਵਤ ਕਰਨਾ ਚਾਹੁੰਦਾ ਸੀ। ਕਾਹਲੀ ਨਾਲ ਉਠਦਿਆਂ ਉਹ ਕਹਿਣ ਲੱਗਾ :

"ਚਲੋ: ਚਲੀਏ, ਅੱਛਾ ਬਲਿਆ, ਰੱਬ ਰਾਖਾ।"

ਉਹਨੇ ਪੀਅਰੇ ਨੂੰ ਚੁੰਮਿਆ ਅਤੇ ਫੇਰ ਦਰਵਾਜ਼ਾ ਖੋਲ੍ਹਿਆ।

ਸ਼੍ਰੀਮਤੀ ਰੋਲੈਂਡ ਨੇ ਕੋਈ ਹਿਲਜੁਲ ਨਾ ਕੀਤੀ। ਉਹਨੇ ਅੱਖਾ ਨੀਵੀਆਂ ਕੀਤੀਆਂ ਹੋਈਆਂ ਸਨ ਤੇ ਰੰਗ ਉਹਦਾ ਪੀਲਾ ਫਿਰਿਆ ਹੋਇਆ ਸੀ। ਉਹਦੇ ਪਤੀ ਨੇ ਉਹਦੇ ਮੋਢੇ ਨੂੰ ਛੁਹਿਆ :

"ਆ ਚਲੀਏ, ਹੁਣ ਅਸੀਂ ਇਕ ਪਲ ਵੀ ਏਥੇ ਦੇਰ ਨਹੀ ਕਰ ਸਕਦੇ।"

ਉਹ ਉਠੀ ਤੇ ਆਪਣੇ ਪੁੱਤਰ ਵੱਲ ਉਹਨੇ ਇਕ ਕਦਮ ਪੁਟਿਆ। ਮੋਮ ਵਰਗਾ ਚਿੱਟਾ ਫਿਰਿਆ ਚਿਹਰਾ ਉਹਨੇ ਪੀਅਰੇ ਵੱਲ ਕੀਤਾ ਤੇ ਪੁੱਤਰ ਨੇ ਬਿਨਾ ਕੁਝ ਬੋਲਿਆ ਉਹਦੇ ਮੂੰਹ ਤੇ ਦੋ ਚੁੰਮਣ ਦਿਤੇ। ਇਸ ਪਿਛੋਂ ਉਹਨੇ ਰੋਜ਼ਮਿੱਲੀ ਨਾਲ ਹੱਥ ਮਿਲਾਇਆ ਅਤੇ ਆਪਣੇ ਭਰਾ ਪਾਸੋਂ ਪੁਛਿਆ :

"ਸ਼ਾਦੀ ਕਦੋਂ ਹੋਵੇਗੀ ?"

"ਪੱਕਾ ਪਤਾ ਕੋਈ ਨਹੀਂ। ਪਰ ਅਸੀਂ ਇਸ ਤਰ੍ਹਾਂ ਤਾਰੀਖ ਮੁਕਰਰ ਕਰਾਂਗੇ ਕਿ ਤੇਰੇ ਕਿਸੇ ਫੇਰੇ ਨਾਲ ਮੇਲ ਖਾ ਸਕੇ।"

ਅਖੀਰ ਉਹ ਸਾਰੇ ਕੋਠੜੀ ਵਿਚੋਂ ਬਾਹਰ ਨਿਕਲੇ ਅਤੇ ਡੈਕ ਉਤੇ ਚਲੇ ਗਏ। ਪਬਲਿਕ ਨਾਲ, ਕੁਲੀਆਂ ਅਤੇ ਮਲਾਹਾਂ ਨਾਲ ਡੈਕ ਮੂੰਹੋ ਮੂਹ ਭਰਿਆ ਹੋਇਆ ਸੀ। ਜਹਾਜ਼ ਦੇ ਵਿਸ਼ਾਲ ਕਾਇਆਂ ਢਿਡ ਵਿੱਚ ਭਾਫ ਸ਼ੂਕ ਰਹੀ ਸੀ ਅਤੇ ਇਹਦੇ ਦਬਾ ਨਾਲ ਜਹਾਜ਼ ਬੇਸਬਰ ਹੋ ਕੇ ਧੜਕ ਰਿਹਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਅਲਵਿਦਾ" ਰੋਲੈਂਡ ਨੇ ਜਲਦੀ ਵਿੱਚ ਆਖਿਆ।

"ਅਲਵਿਦਾ।" ਜਹਾਜ਼ ਤੋਂ ਪਲੇਟਫਾਰਮ ਤਕ ਅਪੜਨ ਵਾਲੀ ਲਕੜੀ ਦੀ ਪੌੜੀ ਦੇ ਸਿਖਰ ਖੜ ਕੇ ਪੀਅਰੇ ਨੇ ਉੱਤਰ ਦਿੱਤਾ।

ਪੀਅਰੇ ਨੇ ਫੇਰ ਸਭ ਨਾਲ ਹੱਥ ਮਿਲਾਏ। ਇਸ ਤੋਂ ਬਾਅਦ ਉਹਦਾ ਸਾਰਾ ਪਰਵਾਰ ਉਥੋਂ ਵਿਦਾ ਹੋ ਗਿਆ।

"ਜਲਦੀ ਬੱਘੀ ਵਿਚ ਬੈਠੋ।" ਰੋਲੈਂਡ ਬੋਲਿਆ।

ਇਹ ਬੱਘੀ ਉਨ੍ਹਾਂ ਦੀ ਉਡੀਕ ਵਿੱਚ ਖੜੀ ਸੀ। ਇਸ ਵਿਚ ਬੈਠ ਕੇ ਉਹ ਬੰਦਰਗਾਹ ਦੇ ਬਾਹਰਲੇ ਪਾਸੇ ਪਹੁੰਚੇ ਜਿਥੇ ਉਨ੍ਹਾਂ ਦਾ ਮਲਾਹ ਪਾਪਾਗ੍ਰਿਸ 'ਪਰਲ' ਕਿਸ਼ਤੀ ਤਿਆਰ ਕਰਕੇ ਉਡੀਕ ਕਰ ਰਿਹਾ ਸੀ।

ਹਵਾ ਦਾ ਹਲਕਾ ਜ਼ਿਹਾ ਬੁੱਲਾ ਵੀ ਨਹੀਂ ਸੀ। ਪਤਝੜ ਦੇ ਇਹ ਉਹ ਦਿਨ ਸਨ ਜਦੋਂ ਸ਼ਾਂਤ ਸਮੁੰਦਰ ਬੜਾ ਠੰਡਾ ਅਤੇ ਲੋਹੇ ਵਰਗਾ ਸਖਤ ਲਗਦਾ ਹੈ।

ਇਕ ਚੱਪੂ ਜੀਨ ਨੇ ਫੜਿਆ। ਦੂਜਾ ਮਲਾਹ ਨੇ ਕਿਸ਼ਤੀ ਵਿਚ ਅੜਾਇਆ ਅਤੇ ਉਹ ਦੋਵੇਂ ਵਾਹੋ ਦਾਹੀ ਕਿਸ਼ਤੀ ਚਲਾਉਣ ਲੱਗੇ। ਛੱਲਾ ਰੋਕਨ ਵਾਲੀਆਂ ਦੀਵਾਰਾਂ ਉਪਰ ਖੂਹੀਆਂ ਅਤੇ ਬਨੇਰਿਆਂ ਉਤੇ ਭੀੜ ਦਾ ਕੋਈ ਅੰਤ ਨਹੀਂ ਸੀ। ਧੱਕੋ-ਮੁੱਕਾ ਹੁੰਦੀ ਤੇ ਰੌਲਾ ਪਾਉਂਦੀ ਇਹ ਭੀੜ 'ਲੋਰੇਨ' ਜਹਾਜ਼ ਦੇ ਟੁਰ ਜਾਣ ਦੀ ਉਡੀਕ ਕਰ ਰਹੀ ਸੀ।

'ਪਰਲ' ਕਿਸ਼ਤੀ ਲੋਕਾਂ ਦੀਆ ਦੋ ਲੰਮੀਆਂ ਕਤਾਰਾਂ ਵਿਚੋਂ ਲੰਘਦੀ ਹੋਈ ਅੱਗੇ ਵਧੀ ਅਤੇ ਛੇਤੀ ਹੀ ਡੌਕ ਤੋਂ ਦੂਰ ਨਿਕਲ ਗਈ। ਦੋਹਾਂ ਜਨਾਨੀਆਂ ਦੇ ਵਿਚਕਾਰ ਬੈਠੇ ਕਪਤਾਨ ਬੋਜ਼ੀਰ ਨੇ ਸਟੇਰਿੰਗ ਫੜਿਆ ਹੋਇਆ ਸੀ। ਉਹ ਆਖਣ ਲੱਗਾ:

"ਦੇਖਦੇ ਰਹਿਣਾ, ਅਸੀਂ ਅੱਗੇ ਚਲ ਕੇ ਜਹਾਜ਼ ਦੇ ਰਸਤੇ ਵਿਚਕਾਰ ਜਾ ਰਹਿਣਾ ਹੈ।"

ਜ਼ੀਨ ਅਤੇ ਮਲਾਹ ਦੋਵੇਂ ਸਾਰੇ ਜ਼ੋਰ ਨਾਲ ਵਾਹੋ-ਦਾਹੀ ਚੱਪੂ ਮਾਰ ਰਹੇ ਸਨ। ਇੱਕ ਦਮ ਰੋਲੈਂਡ ਚੀਕ ਉਠਿਆ; ਔਹ ਦੇਖੋ ਜਹਾਜ਼। ਉਹਨੂੰ ਬੇੜੀਆਂ ਬੰਨੀਆਂ ਜਾ ਰਹੀਆਂ ਹਨ। ਦੋਹਾਂ ਚਿਮਨੀਆਂ ਵਿਚੋਂ ਧੂੰਆਂ ਵੀ ਨਿਕਲ ਰਿਹਾ ਹੈ। ਲਉ ਹੁਣ ਉਹ ਡੌਕ ਤੋਂ ਚਲ ਪਿਆ ਹੈ।"

"ਮੁੰਡਿਓ ਹੱਲਾ ਮਾਰੋ।" ਬੋਜ਼ੀਰ ਨੇ ਆਖਿਆ।

ਸ਼੍ਰੀਮਤੀ ਰੋਲੈਂਡ ਨੇ ਜੇਬ ਵਿਚੋਂ ਰੁਮਾਲ ਕਢਿਆ ਤੇ ਅੱਖਾਂ ਉਤੇ ਰੱਖ ਲਿਆ।

ਰੋਲੈਂਡ ਖੜਾ ਸੀ ਅਤੇ ਉਹਨੇ ਬਾਦਬਾਨ ਨੂੰ ਜੱਫਾ ਮਾਰਿਆ ਹੋਇਆ ਸੀ।

"ਜਹਾਜ਼ ਬੰਦਰਗਾਹ ਤੋ ਬਾਹਰ ਆ ਰਿਹਾ ਹੈ। ਹੁਣ ਰੁਕ ਗਿਆ। ਫੇਰ ਚਲ ਪਿਆ। ਹੁਣ ਦੂਜੀਆਂ ਕਿਸ਼ਤੀਆਂ ਉਸਨੂੰ ਖਿਚ ਰਹੀਆ ਹਨ। ਉਹ ਤੁਰ ਪਿਆ, ਵਾਹ ਵਾਹ। ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋਹਾਂ ਖੂਹੀਆਂ ਵਿਚਕਾਰ ਪਹੁੰਚ ਗਿਆ ਹੈ। ਲੋਕ ਉਹਨੂੰ ਟਾ-ਟਾ ਕਰਦੇ ਸੁਣਾਈ ਦੇਂਦੇ ਨੇ। ਇਕ ਕਿਸ਼ਤੀ ਜਹਾਜ਼ ਨੂੰ ਖਿਚ ਰਹੀ ਹੈ। ਉਹਦਾ ਅਗਲਾ ਹਿੱਸਾ ਹੁਣ ਨਜ਼ਰ ਆਉਣ ਲੱਗ ਪਿਆ ਹੈ। ਔਹ ਦੇਖੋ! ਔਹ ਦੇਖੋ ! ਕਿਆ ਜਹਾਜ਼ ਹੈ! ਦੇਖੋ ਤਾਂ ਸਹੀ! ਹੇ ਭਗਵਾਨ! "

ਰੋਜ਼ਮਿਲੀ ਤੇ ਬੋਜ਼ੀਰ ਦੋਹਾਂ ਨੇ ਪਿਛੇ ਮੁੜਕੇ ਤੱਕਿਆ। ਦੋਹਾਂ ਆਦਮੀਆ ਨੇ ਚੱਪੂ ਮਾਰਨੇ ਬੰਦ ਕਰ ਦਿੱਤੇ। ਕੇਵਲ ਸ਼੍ਰੀਮਤੀ ਰੋਲੈਂਡ ਹੀ ਅਡੋਲ ਬੈਠੀ ਸੀ।

ਵਿਸ਼ਾਲ ਕਾਇਆ ਜਹਾਜ਼ ਹੌਲੀ ਹੌਲੀ ਸ਼ਾਹੀ ਠਾਠ ਨਾਲ ਬੰਦਰਗਾਹ ਤੋਂ ਬਾਹਰ ਆਇਆ। ਕਟਰ ਪਿਲਰ ਵਰਗੀ ਇਕ ਤੱਕੜੀ ਕਿਸ਼ਤੀ ਉਹਨੂੰ ਖਿਚ ਰਹੀ ਸੀ। ਖੂਹੀਆਂ ਉੱਤੇ, ਕੰਢੇ ਅਤੇ ਘਰਾਂ ਦੀਆਂ ਬਾਰੀਆਂ ਵਿਚ ਖਲੋਤੇ ਹਾਵਰ ਦੇ ਸੁਹਣੇ ਨੇਕਦਿਲ ਲੋਕ ਦੇਸ਼-ਭਗਤੀ ਦੇ ਜ਼ਜਬੇ ਨਾਲ ਟੁੰਬੇ ਗਏ ਅਤੇ ਉਹ ਜ਼ੋਰ ਨਾਲ ਚਿਲਾਏ;

"ਲੋਰੇਨ ਅਮਰ ਰਹੇ" ਇਹੋ ਜਿਹੇ ਨਾਹਰਿਆ ਨਾਲ ਉਨ੍ਹਾਂ ਨੇ ਜਹਾਜ਼ ਨੂੰ ਵਿਦਾ-ਇਗੀ ਦਿੱਤੀ। ਇਹ ਜਹਾਜ਼ ਕੀ ਸੀ ਇਸ ਮਹਾਨ ਬੰਦਰਗਾਹ ਦਾ ਬੱਚਾ ਅਤੇ ਸਮੁੰਦਰਾਂ ਦੀ ਸਭ ਤੋਂ ਸੁਹਣੀ ਧੀ ਸੀ।

ਜਿਉਂ ਹੀ ਜਹਾਜ਼ ਦੋਹਾਂ ਦੀਵਾਰਾਂ ਵਿਚਕਾਰਲੇ ਤੰਗ ਰਾਹ ਵਿਚੋਂ ਬਾਹਰ ਖੁਲ੍ਹੇ ਸਮੁੰਦਰ ਤੇ ਆਇਆ ਤਾਂ ਉਹਨੂੰ ਖਿੱਚਣ ਵਾਲੀ ਕਿਸ਼ਤੀ ਛੱਡ ਕੇ ਲਾਂਭੇ ਹੋ ਗਈ। ਇਸ ਤੋਂ ਪਿਛੋਂ ਜਹਾਜ਼ ਅਪਣੇ ਆਪ ਹੀ ਇਕ ਦੈਂਤ ਵਾਗ ਪਾਣੀ ਉਪਰ ਭੱਜਨ ਲੱਗਾ।

"ਔਹ ਆ ਗਿਆ, ਔਹ ਆ ਗਿਆ। ਸਾਡੇ ਵਲ ਸਿੱਧਾ ਹੀ ਆ ਰਿਹਾ ਹੈ" ਰੋਲੈਂਡ ਸ਼ੋਰ ਮਚਾਉਣ ਲੱਗਾ।

ਖੁਸ਼ੀ ਨਾਲ ਬੋਜ਼ੀਰ ਦਾ ਮੂੰਹ ਦਗ ਦਗ ਕਰਨ ਲੱਗਾ ਅਤੇ ਉਹਨੇ ਆਖਿਆ:

"ਕਿਉਂ, ਮੈਂ ਕਿਹਾ ਨਹੀਂ ਸੀ ਕਿ ਅਸੀਂ ਜਹਾਜ਼ ਦੇ ਰਾਹ ਵਿਚ ਹੋਵਾਂਗੇ? ਮੈਨੂੰ ਜਹਾਜ਼ਾਂ ਦੇ ਰਾਹਾਂ ਦਾ ਪੂਰਾ ਪਤਾ ਹੈ।'

ਮਲਕੜੇ ਜਿਹੇ ਜੀਨ ਨੇ ਅਪਣੀ ਮਾ ਦੇ ਕੰਨ ਵਿਚ ਆਖਿਆ;

"ਮਾਂ, ਦੇਖ ਜਹਾਜ਼ ਆ ਰਿਹਾ ਹੈ"

ਸ਼੍ਰੀਮਤੀ ਰੋਲੈਂਡ ਨੇ ਅੱਖਾਂ ਤੋਂ ਰੁਮਾਲ ਹਟਾਇਆ। ਉਹਦੀਆਂ ਅੱਖਾਂ ਅਥਰੂਆਂ ਨਾਲ ਡੌਲੀਆਂ ਹੋ ਗਈਆਂ ਸਨ।

ਸਾਫ ਸੁਥਰੇ ਅਤੇ ਸ਼ਾਂਤ ਮੌਸਮ ਵਿੱਚ. ਬੰਦਰਗਾਹ ਤੋਂ ਬਾਹਰ ਨਿਕਲ ਕੇ ਲੋਰੇਨ ਜਹਾਜ਼ ਤੇਜ਼ੀ ਨਾਲ ਚਲਿਆ ਆ ਰਿਹਾ ਸੀ। ਬੋਜ਼ੀਰ ਨੇ ਦੂਰਬੀਨ ਲਾਈ ਅਤੇ ਜ਼ੋਰ ਨਾਲ ਅਖਾਣ ਲੱਗਾ;

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਜ਼ਰਾ ਧਿਆਨ ਕਰਨਾ । ਮਿਸਟਰ ਪੀਅਰੇ ਜਹਾਜ਼ ਦੀ ਨੋਕ ਤੇ ਇੱਕਲਾ ਹੀ ਖੜਾ ਹੈ ਦੇਖੋ, ਉਹ ਸਾਫ ਨਜ਼ਰ ਆਉਂਦਾ ਪਿਆ ਹੈ ।' ਪਹਾੜ ਜਿਡਾ ਉੱਚਾ ਅਤੇ ਰੇਲ ਗੱਡੀ ਵਾਂਗ ਤੇਜ਼ ਚਲਦਾ ਲੋਰੇਨ ਜਹਾਜ਼ 'ਪਰਲ' ਕਿਸ਼ਤੀ ਦੇ ਬਿਲਕੁਲ ਕੋਲੋਂ ਦੀ ਲੰਘਿਆ । ਹਾਲੋ-ਬੇਹਾਲ ਹੋਈ ਸ਼੍ਰੀਮਤੀ ਰੋਲੈਂਡ ਨੇ ਫਟੇ ਦਿਲ ਨਾਲ ਜਹਾਜ਼ ਵੱਲ ਬਾਹਵਾਂ ਉਲਾਰੀਆਂ ਅਤੇ ਅਪਣੇ ਪੁੱਤਰ ਪੀਅਰੇ ਨੂੰ ਦੇਖਿਆ । ਸੁਨਹਿਰੀ ਟੋਪੀ ਸਿਰ ਉਪਰ ਰੱਖ ਕੇ ਪੀਅਰੇ ਦੋਹਾਂ ਹੱਥਾਂ ਨਾਲ ਮਾਂ ਵੱਲ ਚੁੰਮਣ ਸੁੱਟ ਰਿਹਾ ਸੀ ।

ਪਰ ਉਹ ਦੂਰ ਚਲਾ ਗਿਆ ਅਤੇ ਹੌਲੀ ਹੌਲੀ ਏਨਾਂ ਦੂਰ ਹੋ ਗਿਆ ਕਿ ਵੱਡੇ ਜਹਾਜ਼ ਉਪਰ ਖੜਾ ਉਹ ਇਕ ਛੋਟਾ ਜਿਹਾ ਬਿੰਦੂ ਦਿਸਣ ਲੱਗਾ । ਮਾਂ ਨੇ ਦੂਜਿਆਂ ਨਾਲੋ ਨਿਖੇੜ ਕੇ ਉਹਨੂੰ ਦੇਖਣਾ ਚਾਹਿਆ । ਪਰ ਹੁਣ ਪੀਅਰੇ ਪਛਾਣਿਆ ਨਹੀਂ ਸੀ ਜਾਂਦਾ ।

ਜੀਨ ਨੇ ਮਾਂ ਦਾ ਹੱਥ ਫੜ ਲਿਆ ।

"ਦੇਖਿਆ ਉਹਨੂੰ ਮਾਂ? " ਜੀਨ ਨੇ ਪੁਛਿੱਆ ।

"ਹਾਂ, ਮੈਂ ਦੇਖ ਲਿਆ । ਕਿੰਨਾ ਚੰਗਾ ਮੁੰਡਾ ਹੈ ।'

ਉਨ੍ਹਾਂ ਨੇ ਆਪਣੀ ਕਿਸ਼ਤੀ ਦਾ ਰੁਖ ਸ਼ਹਿਰ ਵਲ ਮੋੜਿਆ ।

ਰੋਲੈਂਡ ਨੇ ਚਾਅ ਨਾਲ ਵਿਸ਼ਵਾਸ਼ ਪੂਰਬਕ ਆਖਿਆ: "ਸਹੁੰ ਰਬ ਦੀ, ਬੜਾ ਤੇਜ਼ ਜਾਂਦਾ ਹੈ ਜਹਾਜ਼ ।"

ਜਹਾਜ਼ ਹੌਲੀ ਹੌਲੀ ਸਮੁੰਦਰ ਵਿਚ ਅਲੋਪ ਹੋ ਰਿਹਾ ਸੀ । ਇੰਜ ਲਗਦਾ ਸੀ ਜਿਵੇਂ ਇਹ ਸਮੁੰਦਰ ਵਿਚ ਢਲਦਾ ਜਾਂਦਾ ਹੋਵੇ । ਸ਼੍ਰੀਮਤੀ ਰੋਲੈਂਡ ਨੇ ਜਹਾਜ਼ ਨੂੰ ਤੱਕਿਆ । ਜਹਾਜ਼ ਦੁਨੀਆਂ ਦੇ ਦੂਜੇ ਸਿਰੇ ਤੇ ਕਿਸੇ ਅਣਜਾਣੇ ਦੇਸ਼ ਨੂੰ ਜਾਣ ਲਈ ਦੁਮੇਲ ਵੱਲ ਭੱਜਾ ਜਾ ਰਿਹਾ ਸੀ । ਉਸ ਜਹਾਜ ਉਪਰ, ਜਿਹਨੂੰ ਕੋਈ ਤਾਕਤ ਹੁਣ ਰੋਕ ਨਹੀਂ ਸੀ ਸਕਦੀ ਤੇ ਜਿਹੜਾ ਛੇਤੀ ਹੀ ਅੱਖੋਂ ਉਹਲੇ ਹੋ ਜਾਵੇਗਾ, ਉਹਦਾ ਪੁੱਤਰ ਸੀ; ਬੇਚਾਰਾ ਅਭਾਗਾ ਮੁੰਡਾ ।ਸ਼੍ਰੀਮਤੀ ਰੋਲੈਂਡ ਨੂੰ ਇੰਜ ਮਹਿਸੂਸ ਹੋਣ ਲੱਗਾ ਜਿਵੇਂ ਉਹਦਾ ਅੱਧਾ ਦਿਲ ਚੀਰ ਕੇ ਪੀਅਰੇ ਆਪਣੇ ਨਾਲ ਲੈ ਗਿਆ ਹੋਵੇ । ਉਹਨੂੰ ਇਹ ਵੀ ਮਹਿਸੂਸ ਹੋਣ ਲੱਗਾ ਜਿਵੇਂ ਉਹਦੇ ਜੀਵਨ ਦਾ ਅੰਤ ਹੋ ਗਿਆ ਹੋਵੇ । ਉਹਨੂੰ ਭੁਲੇਖਾ ਪਿਆ ਜਿਵੇਂ ਉਹ ਅਪਣੇ ਪੁੱਤਰ ਦਾ ਮੂੰਹ ਮੁੜ ਕਦੇ ਨਹੀਂ ਦੇਖ ਸਕੇਗੀ ।

ਉਹਦੇ ਪਤੀ ਨੇ ਉਹਨੂੰ ਸਮਝਾਇਆ :

"ਤੂੰ ਕਿਉਂ ਰੋਂਦੀ ਹੈ? ਮਹੀਨੇ ਤੋਂ ਪਹਿਲਾਂ ਪਹਿਲਾਂ ਉਹ ਮੁੜ ਆਵੇਗਾ । "

ਸ਼੍ਰੀਮਤੀ ਰੋਲੈਂਡ ਨੇ ਹਟਕੋਰਾ ਭਰਿਆ ; " ਮੈਨੂੰ ਕੁਝ ਪਤਾ ਨਹੀਂ । ਮੈਂ ਇਸ ਕਰਕੇ ਰੋਂਦੀ ਹਾਂ ਕਿ ਮੇਰੀ ਤਬੀਅਤ ਠੀਕ ਨਹੀਂ ਹੈ । "

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦੋਂ ਉਹ ਸਾਰੇ ਕੰਢੇ ਤੇ ਵਾਪਸ ਆ ਗਏ ਤਾਂ ਬੋਜ਼ੀਰ ਝੱਟਪਟ ਉਨ੍ਹਾਂ ਨੂੰ ਉਥੇ ਛੱਡ ਕੇ ਕਿਸੇ ਮਿੱਤਰ ਦੇ ਘਰ ਨਾਸ਼ਤੇ ਵਾਸਤੇ ਚਲਾ ਗਿਆ। ਜੀਨ ਅੱਗੇ ਅੱਗੇ ਰੋਜ਼ਮਿੱਲੀ ਨਾਲ ਜਾ ਰਿਹਾ ਸੀ। ਰੋਲੈਂਡ ਨੇ ਆਪਣੀ ਪਤਨੀ ਨੂੰ ਆਖਿਆ :

"ਕਿੰਨੀ ਸਹੁਣੀ ਨੁਹਾਰ ਹੈ ਸਾਡੇ ਜੀਨ ਦੀ।"

"ਹਾਂ," ਮਾਂ ਨੇ ਉੱਤਰ ਦਿੱਤਾ।

ਦੁਵਿਧਾ ਕਾਰਨ ਉਹਨੂੰ ਸਮਝ ਨਹੀਂ ਸੀ ਲਗਦੀ ਕਿ ਉਹ ਕੀ ਕਹਿ ਰਹੀ ਹੈ। ਉਹਨੇ ਆਖਿਆ :

"ਮੈਂ ਬੜੀ ਪ੍ਰਸੰਨ ਹਾਂ ਕਿ ਉਹ ਤੇ ਰੋਜ਼ਮਿੱਲੀ ਇਕ ਹੋ ਰਹੇ ਹਨ।"

ਰੋਲੈਂਡ ਭੰਵਲਭੂਸੇ ਵਿਚ ਪਿਆ ਬੁੱਧੂ ਜਿਹਾ ਲੱਗਣ ਲੱਗਾ।

"ਹੈਂ? ਕੀ ਉਹ ਰੋਜ਼ਮਿੱਲੀ ਨਾਲ ਸ਼ਾਦੀ ਕਰਨ ਲੱਗਾ ?"

"ਹਾਂ, ਅਸੀਂ ਸੋਚਿਆ ਕਿ ਤੇਰੀ ਸਲਾਹ ਅੱਜ ਦੇ ਦਿਨ ਹੀ ਲਵਾਂਗੇ।"

"ਇਹ ਮਾਮਲਾ ਕਾਫ਼ੀ ਦੇਰ ਤੋਂ ਚਲ ਰਿਹਾ ਹੈ ?"

"ਨਹੀ, ਥੋੜ੍ਹੇ ਹੀ ਦਿਨ ਹੋਏ ਹਨ ਗੱਲ ਛਿੜੀ ਨੂੰ। ਤੇਰੀ ਸਲਾਹ ਲੈਣ ਤੋਂ ਪਹਿਲਾਂ ਜੀਨ ਪੱਕੀ ਤਰ੍ਹਾਂ ਜਾਨਣਾ ਚਾਹੁੰਦਾ ਸੀ ਕਿ ਰੋਜ਼ਮਿੱਲੀ ਉਹਨੂੰ ਪਸੰਦ ਵੀ ਕਰਦੀ ਹੈ?"

ਰੋਲੈਂਡ ਨੇ ਆਪਣੇ ਹੱਥ ਮਲੇ।

"ਬਹੁਤ ਵਧੀਆ, ਬਹੁਤ ਖੂਬ। ਇਹਦੇ ਨਾਲੋਂ ਹੋਰ ਕਿਹੜੀ ਚੰਗੀ ਗੱਲ ਹੋ ਸਕਦੀ ਹੈ। ਖੁਲ੍ਹੇ ਦਿਲ ਨਾਲ ਮੈਂ ਇਹਦੀ ਪ੍ਰਵਾਨਗੀ ਦੇਂਦਾ ਹਾਂ।

ਜਦੋਂ ਉਹ ਪਲੇਟਫਾਰਮ ਤੋਂ ਨਿਕਲ ਕੇ ਜੀਨ ਦੇ ਫਲੈਟ ਵੱਲ ਤੁਰੇ ਤਾਂ ਸ਼੍ਰੀਮਤੀ ਰੋਲੈਂਡ ਨੇ ਮੁੜ ਸਮੁੰਦਰ ਵੱਲ ਤਕਿਆ। ਪਰ ਕਾਲੇ ਧੂੰਏ ਦੀ ਛੋਟੀ ਜਿਹੀ ਪੂਛ ਤੋਂ ਬਿਨਾਂ ਉਹਨੂੰ ਕੁਝ ਵੀ ਨਜ਼ਰ ਨਾ ਆਇਆ। ਦੂਰੀ ਕਾਰਨ ਧੂੰਆਂ ਇਕ ਹਾਰ ਜਿਹਾ ਬਣਿਆ ਲੱਗ ਰਿਹਾ ਸੀ।

CC7-06

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-7-C6

GURUKUL KANGRI LIBRARY

Accession 28.3.91

Classified

Cat. on

Tag etc.

Checked

Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar